*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 15, ਅੰਕ-12, ਦਸੰਬਰ 2025 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਮਾਨਵਤਾ ਨੂੰ ਦਰਪੇਸ਼ ਮਸਲੇ ਅਤੇ ਜੀ-20 ਸਿਖ਼ਰ ਸੰਮੇਲਨ ਦਾ ਹੇਜ

ਜੌਹਨਸਬਰਗ ਵਿਚ ਜੀ-20 ਮੁਲਕਾਂ ਦਾ ਦੋ-ਰੋਜ਼ਾ ਸਿਖ਼ਰ ਸੰਮੇਲਨ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਿਰਿਲ ਰਮਾਫੋਸਾ ਵੱਲੋਂ ਸਮਾਪਤੀ ਰਸਮ ਨਾਲ ਖ਼ਤਮ ਹੋ ਗਿਆ। ਮੇਜ਼ਬਾਨ ਰਾਸ਼ਟਰਪਤੀ ਨੇ ਇਸ ਸਮਾਰੋਹ ਨੂੰ ਬਹੁਪੱਖੀ ਪ੍ਰਣਾਲੀ ਦੀ ਜਿੱਤ ਵਜੋਂ ਪੇਸ਼ ਕੀਤਾ ਅਤੇ ਕਿਹਾ ਕਿ "ਅਸੀਂ ਵੱਡੀਆਂ ਚੁਣੌਤੀਆਂ ਦਰਮਿਆਨ ਮਿਲੇ ਅਤੇ ਇਹ ਦਿਖਾਇਆ ਕਿ ਅਸੀਂ ਵੱਡੀਆਂ ਮੁਸ਼ਕਲਾਂ ਦੇ ਸਮੇਂ 'ਚ ਵੀ ਬਿਹਤਰ ਦੁਨੀਆ ਦੀ ਤਲਾਸ਼ ਲਈ ਮਿਲ ਕੇ ਬੈਠ ਸਕਦੇ ਹਾਂ।" ਇਸ ਤੋਂ ਪਹਿਲਾਂ ਉਸ ਨੇ ਟਰੰਪ ਪ੍ਰਸ਼ਾਸਨ ਦੀ ਉਹ ਤਜਵੀਜ਼ ਰੱਦ ਕਰ ਦਿੱਤੀ ਜਿਸ ਵਿਚ ਕਿਹਾ ਗਿਆ ਸੀ ਕਿ ਅਗਲੇ ਸਾਲ ਅਮਰੀਕਾ ਵਿਚ ਹੋਣ ਵਾਲੇ ਸਿਖ਼ਰ ਸੰਮੇਲਨ ਦੇ ਆਯੋਜਨ ਦੇ ਅਧਿਕਾਰ ਅਮਰੀਕੀ ਦੂਤਾਵਾਸ ਅਧਿਕਾਰੀ ਨੂੰ ਸੌਂਪ ਦਿਓ। ਦੱਖਣੀ ਅਫ਼ਰੀਕਾ ਨੇ ਉਹ ਅਧਿਕਾਰ ਰਸਮੀਂ ਤੌਰ 'ਤੇ ਸੰਬੰਧਤ ਅਮਰੀਕੀ ਅਧਿਕਾਰੀ ਨੂੰ ਸੌਂਪਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਚਿੜਕੇ ਟਰੰਪ ਨੇ ਅਗਲੇ ਸਾਲ ਦੱਖਣੀ ਅਫ਼ਰੀਕਾ ਨੂੰ ਜੀ-20 ਸੰਮੇਲਨ ਦਾ ਸੱਦਾ ਨਾ ਦੇਣ ਦਾ ਹੁਕਮ ਸੁਣਾ ਦਿੱਤਾ ਹੈ।

ਟਰੰਪ ਦਾ ਸਾਮਰਾਜੀ ਹੰਕਾਰ ਮੂੰਹ ਚੜ੍ਹ ਬੋਲ ਰਿਹਾ ਹੈ ਅਤੇ ਸਿਖ਼ਰ ਸੰਮੇਲਨ ਉੱਪਰ ਅਮਰੀਕਾ ਦੇ ਬਾਈਕਾਟ ਦਾ ਪ੍ਰਛਾਵਾਂ ਵੀ ਪ੍ਰਤੱਖ ਸੀ। ਟਰੰਪ ਸਰਕਾਰ ਨੇ ਇਹ ਦੋਸ਼ ਲਾਕੇ ਸਿਖ਼ਰ ਸੰਮੇਲਨ ਦਾ ਬਾਈਕਾਟ ਕੀਤਾ ਸੀ ਕਿ ਦੱਖਣੀ ਅਫ਼ਰੀਕਾ ਵਿਚ ਗੋਰੇ ਫਾਰਮਰਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ। ਉਸਦਾ ਮਨੋਰਥ ਨਸਲਵਾਦੀ ਧੱਕੇ, ਵਿਤਕਰੇ ਨੂੰ ਮੁੱਦਾ ਬਣਾਕੇ ਜੀ-20 ਵਿਚ ਹੋ ਰਹੇ ਜੋੜਾਂ-ਤੋੜਾਂ ਵਿਚ ਖ਼ਲਲ ਪਾਉਣਾ ਅਤੇ ਆਪਣੀ ਗ਼ੈਰਹਾਜ਼ਰੀ ਦਾ ਮਹੱਤਵ ਦਰਸਾਉਣਾ ਸੀ। ਐਲਾਨਨਾਮਾ ਅਪਣਾਏ ਜਾਣ ਤੋਂ ਰੋਕਣ ਦੀ ਉਸਦੀ ਕੋਸ਼ਿਸ਼ ਦੇ ਨਾਕਾਮ ਰਹਿਣ ਤੋਂ ਸਪਸ਼ਟ ਹੈ ਕਿ ਅਤਿ-ਮਹਾਸ਼ਕਤੀ ਵਜੋਂ ਦੁਨੀਆ ਉੱਪਰ ਉਸਦੀ ਪਕੜ ਤੇ ਧੌਂਸ ਕਮਜ਼ੋਰ ਪੈ ਰਹੀ ਹੈ ਅਤੇ ਬਹੁਧਰੁਵੀ ਪਾਲਾਬੰਦੀ ਹਕੀਕਤ ਹੈ।

ਜੀ-20 ਨੁਮਾਇੰਦਿਆਂ ਨੇ ਨਾਬਰਾਬਰੀ, ਲਿੰਗ ਵਿਤਕਰੇ, ਆਰਥਕ ਵਿਕਾਸ, ਮਨੁੱਖੀ ਹੱਕਾਂ, ਬੁਨਿਆਦੀ ਆਜ਼ਾਦੀਆਂ ਆਦਿ ਮਹੱਤਵਪੂਰਨ ਸਵਾਲਾਂ ਬਾਰੇ ਚਰਚਾ ਕਰਕੇ ਸਾਂਝਾ ਐਲਾਨਨਾਮਾ ਜਾਰੀ ਕੀਤਾ। ਐਲਾਨਨਾਮਾ ਕਹਿੰਦਾ ਹੈ: ਸਾਰੇ ਸਟੇਟਾਂ ਨੂੰ ਕਿਸੇ ਵੀ ਸਟੇਟ ਦੀ ਖੇਤਰੀ ਅਖੰਡਤਾ ਅਤੇ ਪ੍ਰਭੂਸੱਤਾ ਜਾਂ ਰਾਜਨੀਤਕ ਸੁਤੰਤਰਤਾ ਦੇ ਵਿਰੁੱਧ ਜਾ ਕੇ ਖੇਤਰ ਹਥਿਆਉਣ ਲਈ ਧਮਕੀ ਜਾਂ ਤਾਕਤ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਰਾਸ਼ਟਰਾਂ ਦਰਮਿਆਨ ਦੋਸਤਾਨਾ ਸੰਬੰਧ ਵਿਕਸਤ ਕਰਨੇ ਚਾਹੀਦੇ ਹਨ। ਹਮਲਾਵਰ ਸਟੇਟਾਂ ਨੂੰ ਮੁਜਰਿਮ ਟਿੱਕੇ ਬਗ਼ੈਰ ਅਜਿਹੇ ਗੋਲ-ਮੋਲ ਸਾਂਝੇ ਬਿਆਨ ਕੋਈ ਮਾਇਨੇ ਨਹੀਂ ਰੱਖਦੇ। ਦੁਨੀਆ ਵਿਚ ਜੰਗਾਂ ਦਾ ਮੁੱਖ ਕਾਰਨ ਦੁਨੀਆ ਉੱਪਰ ਕਬਜ਼ੇ ਅਤੇ ਚੌਧਰ ਲਈ ਅੰਤਰ-ਸਾਮਰਾਜੀ ਕੁੱਤਾ-ਭੇੜ ਹੈ। ਅਮਰੀਕਾ ਸਮੇਤ ਪੱਛਮੀ ਅਤੇ ਹੋਰ ਸਾਮਰਾਜੀ ਹਕੂਮਤਾਂ ਦਾ ਹੋਰ ਮੁਲਕਾਂ ਦੀ ਸੁਤੰਤਰਤਾ ਅਤੇ ਪ੍ਰਭੂਸੱਤਾ ਨੂੰ ਧਾੜਵੀ ਹਮਲਿਆਂ ਨਾਲ ਲਤਾੜਨ ਦਾ ਖ਼ੂਨੀ ਚਿਹਰਾ ਜੱਗ-ਜ਼ਾਹਰ ਹੈ। ਇਹ ਖ਼ੁਦ ਹੀ ਜੰਗਾਂ ਭੜਕਾਉਂਦੇ ਅਤੇ ਖ਼ੁਦ ਹੀ ਸ਼ਾਂਤੀ ਦਾ ਦੰਭ ਰਚਦੇ ਹਨ। ਗਾਜ਼ਾ 'ਸ਼ਾਂਤੀ ਯੋਜਨਾ', ਜਿਸ ਉੱਪਰ ਹੁਣ ਯੂ.ਐੱਨ. ਸੁਰੱਖਿਆ ਕੌਂਸਲ ਨੇ ਵੀ ਮੋਹਰ ਲਾ ਦਿੱਤੀ ਹੈ, ਤੋਂ ਬਾਅਦ ਹੁਣ ਟਰੰਪ ਵੱਲੋਂ ਪੂਤਿਨ ਨਾਲ ਲੈ-ਦੇ ਕਰਕੇ ਯੂਕਰੇਨ ਲਈ 28 ਨੁਕਾਤੀ ਸ਼ਾਂਤੀ ਯੋਜਨਾ ਲਿਆਉਣ ਦੀਆਂ ਕੰਨਸੋਆਂ ਹਨ।

ਐਲਾਨਨਾਮਾ ਨਸਲ, ਲਿੰਗ, ਭਾਸ਼ਾ ਅਤੇ ਧਰਮ ਦਾ ਫ਼ਰਕ ਨਾ ਕਰਕੇ ਮਨੁੱਖੀ ਹੱਕਾਂ ਅਤੇ ਬੁਨਿਆਦੀ ਆਜ਼ਾਦੀਆਂ ਨੂੰ ਉਤਸ਼ਾਹਤ ਕਰਨ ਦੀ ਗੱਲ ਕਰਦਾ ਹੈ। ਟਰੰਪ ਅਤੇ ਮੋਦੀ




ਵਰਗੇ ਫਾਸ਼ਿਸਟਾਂ ਦੀ ਅਗਵਾਈ ਵਾਲੇ ਸਟੇਟ ਹੀ ਅਜਿਹੇ ਐਲਾਨਨਾਮਿਆਂ ਉੱਪਰ ਸਹੀ ਪਾਉਣ ਵਾਲੀਆਂ ਤਾਕਤਾਂ ਹਨ ਅਤੇ ਉਨ੍ਹਾਂ ਦੀ ਰਾਜਨੀਤੀ ਤੇ ਪ੍ਰਸ਼ਾਸਨ ਹੀ ਨਸਲੀ, ਲਿੰਗਕ, ਭਾਸ਼ਾਈ ਤੇ ਧਾਰਮਿਕ ਘੱਟਗਿਣਤੀਆਂ ਵਿਰੁੱਧ ਅੰਨ੍ਹੀ ਨਫ਼ਰਤ ਅਤੇ ਜਬਰ ਦਾ ਮੂਲ਼ ਸਰੋਤ ਹਨ। ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਦਿਨ ਹੀ ਪੈਰਿਸ ਪੌਣਪਾਣੀ ਸਮਝੌਤੇ ਤੋਂ ਬਾਹਰ ਨਿਕਲਣ ਦਾ ਐਲਾਨ ਕਰ ਦਿੱਤਾ ਸੀ ਅਤੇ ਲਿੰਗਭੇਦ, ਨਸਲਵਾਦ ਤੇ ਸਮਲਿੰਗੀ ਵਿਰੋਧ ਨਾਲ ਲੜਨ ਲਈ ਬਣਾਈਆਂ ਕਈ ਨੀਤੀਆਂ ਰੱਦ ਕਰ ਦਿੱਤੀਆਂ ਸਨ। ਫਿਰ ਨਸੀਹਤਾਂ ਕਿਸ ਨੂੰ?

ਐਲਾਨਨਾਮਾ ਇਕਜੁੱਟਤਾ, ਬਰਾਬਰੀ ਅਤੇ ਟਿਕਾਊਪਣ ਨੂੰ ਸਮਾਵੇਸ਼ੀ ਆਰਥਕ ਵਾਧੇ ਦੇ ਕੁੰਜੀਵਤ ਥੰਮ ਮੰਨਦਾ ਹੈ। ਪਰ ਇਸ ਬੁਨਿਆਦੀ ਸਵਾਲ ਬਾਰੇ ਚੁੱਪ ਹੈ ਕਿ ਇਨ੍ਹਾਂ ਸਾਰੀਆਂ ਬੁਰਾਈਆਂ ਦੀ ਜੜ੍ਹ ਤਾਂ ਸਰਮਾਏਦਾਰੀ ਪ੍ਰਬੰਧ ਹੈ ਜਿਸ ਨੂੰ ਖ਼ਤਮ ਕੀਤੇ ਬਗ਼ੈਰ ਬਰਾਬਰੀ ਅਤੇ ਸਾਰਿਆਂ ਲਈ ਵਿਕਾਸ ਕਿਵੇਂ ਸੰਭਵ ਹੈ। ਇਸੇ ਤਰ੍ਹਾਂ, ਪੌਣਪਾਣੀ ਨੂੰ ਬਚਾਉਣ ਲਈ ਐਕਸ਼ਨ ਅਤੇ ਆਫ਼ਤਾਂ ਨਾਲ ਨਜਿੱਠਣ ਲਈ ਪ੍ਰਸ਼ਾਸਨਿਕ ਲਚਕ ਅਤੇ ਹੁੰਗਾਰੇ ਵਿਚ ਵੀ ਮੁੱਖ ਅੜਿੱਕਾ ਕਾਰਪੋਰੇਟ ਹਿਤ ਹੀ ਹੈ। ਕਰਜ਼ਾਈ ਹੋਣ ਕਾਰਨ ਵਿਕਾਸਸ਼ੀਲ ਮੁਲਕਾਂ ਵੱਲੋਂ ਬੁਨਿਆਦੀ ਢਾਂਚੇ ਵਿਚ ਲੋੜੀਂਦਾ ਪੂੰਜੀ-ਨਿਵੇਸ਼ ਨਾ ਕਰ ਸਕਣਾ ਵੀ ਕੌੜੀ ਹਕੀਕਤ ਹੈ। ਪਰ ਸਵਾਲ ਇਹ ਹੈ ਕਿ ਇਸ ਲਈ ਜ਼ਿੰਮੇਵਾਰ ਵੀ ਤਾਂ ਸਾਮਰਾਜੀ ਧਾੜਵੀ ਨੀਤੀਆਂ ਅਤੇ ਸੰਸਾਰ ਬੈਂਕ-ਆਈਐੱਮਐਫ-ਡਬਲਯੂਟੀਓ ਦਾ ਮਕੜ-ਜਾਲ ਹੈ।

ਇਹ ਸਿਖ਼ਰ ਵਾਰਤਾਵਾਂ ਸਾਮਰਾਜੀਆਂ ਤਾਕਤਾਂ ਦੀ ਰਾਹਨੁਮਾਈ 'ਚ ਆਪਣੇ ਝਗੜਿਆਂ ਅਤੇ ਵਿਰੋਧਾਂ ਦੇ ਹੱਲ ਲੱਭਣ ਲਈ ਕੀਤੀਆਂ ਜਾਂਦੀਆਂ ਹਨ। ਜੋ ਇਹ ਭਰਮ ਵੀ ਸਿਰਜਦੀਆਂ ਹਨ ਕਿ ਦੁਨੀਆ ਦੀਆਂ ਵੱਡੀਆਂ ਤਾਕਤਾਂ ਮਨੁੱਖਤਾ ਨੂੰ ਦਰਪੇਸ਼ ਮਸਲਿਆਂ ਬਾਰੇ ਬਹੁਤ ਫ਼ਿਕਰਮੰਦ ਹਨ। ਸਾਮਰਾਜੀਆਂ ਲਈ ਇਹ ਚਰਚਾਵਾਂ ਅਤਿ ਮਹੱਤਵਪੂਰਨ ਹਨ। ਉਹ ਸੰਸਾਰ ਤਾਕਤਾਂ ਦੇ ਹਾਸਲ ਤੋਲ ਵਿਚ ਆਪਣੇ ਹਿਤਾਂ ਨੂੰ ਵੱਧ ਤੋਂ ਵੱਧ ਸੁਰੱਖਿਅਤ ਕਰਨ ਲਈ ਜੋੜ-ਤੋੜ ਕਰਦੇ ਹਨ। ਦੁਨੀਆ ਦੇ ਲੋਕਾਂ ਲਈ ਅਜਿਹੇ ਸੰਮੇਲਨ ਕੋਈ ਮਾਇਨੇ ਨਹੀਂ ਰੱਖਦੇ। ਆਪਣੀ ਸਾਮਰਾਜੀ, ਲੋਟੂ ਖ਼ਸਲਤ ਕਾਰਨ ਇਹ ਸੰਮੇਲਨ ਮਾਨਵਤਾ ਨੂੰ ਦਰਪੇਸ਼ ਅਸਲ ਸਰੋਕਾਰਾਂ ਦੇ ਮੂਲ ਕਾਰਨਾਂ ਨੂੰ ਮੁਖ਼ਾਤਬ ਨਹੀਂ ਹੋ ਸਕਦੇ। ਵੱਧ ਤੋਂ ਵੱਧ ਉਹ ਵਕਤੀ ਦਬਾਵਾਂ ਹੇਠ ਕੁਝ ਮੁੱਦਿਆਂ ਨੂੰ ਦਿਖਾਵੇ ਲਈ ਚਰਚਾ ਵਿਚ ਜ਼ਰੂਰ ਲਿਆਉਂਦੇ ਹਨ। ਜਿਵੇਂ ਪੌਣਪਾਣੀ ਵਿਚ ਬਦਲਾਅ, ਨਾ ਕਿ ਇਸਦੇ ਮੂਲ ਕਾਰਨ। ਇਨ੍ਹਾਂ ਹਕੂਮਤਾਂ ਦਾ ਝੂਠਾ ਹੇਜ ਸਭ ਦੇ ਸਾਹਮਣੇ ਹੈ। ਇਹ ਸਾਰੇ ਪੌਣਪਾਣੀ ਦੇ ਕੁਦਰਤੀ ਤਵਾਜ਼ਨ ਨੂੰ ਵਿਗਾੜਨ ਬਾਰੇ ਚਿੰਤਾ ਦਿਖਾਉਂਦੇ ਹਨ ਪਰ ਨਾਲ ਹੀ ਕੁਲ ਦੁਨੀਆ ਉੱਪਰ ਉਹੀ ਕੁਦਰਤ ਵਿਰੋਧੀ ਨੀਤੀਆਂ ਥੋਪਦੇ ਰਹਿਣ ਲਈ ਬਜ਼ਿੱਦ ਹਨ ਜਿਨ੍ਹਾਂ ਕਾਰਨ ਪੌਣਪਾਣੀ ਦੇ ਵਿਨਾਸ਼ ਦੀ ਮੌਜੂਦਾ ਨੌਬਤ ਆਈ।

ਬੁਨਿਆਦੀ ਮਸਲਿਆਂ ਦਾ ਹੱਲ ਸਰਮਾਏਦਾਰੀ ਪ੍ਰਬੰਧ ਦੀ ਥਾਂ 'ਤੇ ਕੁਦਰਤ-ਪੱਖੀ, ਮਾਨਵਤਾ ਹਿਤੈਸ਼ੀ ਨਵਾਂ ਸਮਾਜ ਸਿਰਜਣਾ ਨਾਲ ਹੀ ਸੰਭਵ ਹੈ। ਪਰ ਅੱਜ ਜਦੋਂ ਸਰਮਾਏਦਾਰੀ ਪੂਰੀ ਦੁਨੀਆ ਉੱਪਰ ਮਜ਼ਬੂਤ ਜਕੜ ਬਣਾਈ ਰੱਖਣ 'ਚ ਕਾਮਯਾਬ ਹੈ, ਤਾਂ ਇਨ੍ਹਾਂ ਮੁੱਦਿਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ ਵਿਆਪਕ ਲਾਮਬੰਦੀ ਰਾਹੀਂ ਜਨਤਕ ਦਬਾਅ ਪਾਉਣਾ ਮਹੱਤਵਪੂਰਨ ਹੈ ਤਾਂ ਜੋ ਹਕੂਮਤਾਂ ਇਨ੍ਹਾਂ ਮਸਲਿਆਂ ਦੇ ਹੱਲ ਲਈ ਕੋਈ ਠੋਸ ਚੁੱਕਣ ਲਈ ਮਜਬੂਰ ਹੋਣ। **-ਸੰਪਾਦਕੀ ਬੋਰਡ**




ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ

- Auto Insurance
- Home Insurance
- Life Insurance
- Critical illness
- Disability Insurance
- Car Loans
- Business Insurance

SAVE UPTO 30%

- ਕਾਰ ਇੰਸ਼ੋਰੈਂਸ
- ਹੋਮ ਇੰਸ਼ੋਰੈਂਸ
- ਲਾਈਫ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਡਿਸਅਬਿਲਿਟੀ ਇੰਸ਼ੋਰੈਂਸ
- ਕਾਰ ਲੋਨ
- ਬਿਜਨਸ ਇੰਸ਼ੋਰੈਂਸ

Call us for FREE Insurance Quote

Paramjit Plaha
403 554.4444
paramjit@paramjit.ca
paramjit.ca
210 - 2323 32 Ave NE
Calgary AB T2E 6Z3









# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

(ਦੇਖੋ ਸਫ਼ਾ 39 'ਤੇ)

15 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈੱਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |


NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st Location : 124-4774 Westwinds Drive NE Calgary, Alberta
Email : westwinds@careine.ca
2nd Location : 2110-4250 109 Ave NE, Calgary, AB (The Port Plaza)
3rd Location : 45-250 Carrington Blvd NW Calgary, AB, T3P OC7
Phone : 403-605-6300 | Fax : 403-536-4057
Email : calgary@careinc.ca

SHAAN CONSTRUCTION LTD.

25+ years of experience

Call for a Free Estimate
MALKIT SWAICH
778.889.9526



• General Contracting
• Quality Custom Homes
• Quality Framing
• 2-5-10 Year Warranty

2-5-10 Year Warranty

Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILITY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :
• Built Garage
• Garage Door Opener & Install
• New Garage Door
• Repair Old Garage Door
• Roofing, Fence, Deck
• New Houses Framing
• Old House Extension & any other add on construction Work

www.hmphome.com

HMP Custom Cabinets Ltd.

Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary



Harpinder Sidhu INSURANCE EXPERT

Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur (Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



TOP CHOICE
INSURANCE AGENCY INC

RAVINDERJIT BASRA
INSURANCE BROKER

416-845-6232
info@topchoiceinsurance.ca
topchoiceinsurance.ca

Hiring new and experienced insurance agents



Unit 6 - 11675 Mcvean Dr, Brampton, ON, L6P 4N5



Westwinds PHARMACY

ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ


Open 7 Days A Week

New Hours Mon To Fri 9am to 9 pm and 10 am to 6 pm Weekends

Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Apinder Aujla
BSc.Pharm



Satvachan Lal
B.Sc.Pharm

#1150, 4818 Westwindus Drive NE. Calgary

403-293-9360



For Honest and Best Results Please Call :
Cell. (403)-680-1895
Fax. (403)-457-1216
Email : taranmand@shaw.ca

MLS MULTIPLE LISTING SERVICE® REALTOR®
REAL ESTATE BOARD




Taranjit "T. J." Mand
Real Estate Associate

Max Value Reality Ltd.







SAVANNA
Market Dental

Dr. Amerjot Kler | Dr. Kam Sahota | Dr. Aman Cheema

202/204 9036 St NE
Calgary, Alberta T3J 2E3
403-590-4888
www.savannamarketdental.com



Reliance /Legal Group LLP
FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling Commercial and Residential Land Development Condominium Projects
WILLS & ESTATE
CRIMINAL LAW

SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਕਾਰ ਧਮਾਕੇ ਦੇ ਸ਼ੋਰ ਹੇਠ ਦੱਬੇ ਜਾ ਰਹੇ ਅਸਲ ਖ਼ਤਰੇ



ਬੂਟਾ ਸਿੰਘ
ਮਹਿਮੂਦਪੁਰ
94634-74342

*[ਭਾਰਤ ਦੇ ਮੀਡੀਆ ਅੰਦਰ ਇਸ ਸਮੇਂ ਬਿਹਾਰ ਚੋਣਾਂ ਵਿਚ ਭਾਜਪਾ ਦੀ ਜਿੱਤ ਅਤੇ ਦਿੱਲੀ ਵਿਚ ਕਥਿਤ ਆਤਮਘਾਤੀ ਕਾਰ ਧਮਾਕੇ ਨਾਲ ਉਜਾਗਰ ਹੋਏ 'ਦਹਿਸ਼ਤਗਰਦ ਖ਼ਤਰੇ' ਦਾ ਸ਼ੋਰ ਹੈ। ਜਦਕਿ ਭਾਜਪਾ ਦੀ ਘੱਟਗਿਣਤੀਆਂ ਵਿਰੋਧੀ, ਪਾਟਕ-ਪਾਊ, ਦਬਾਊ ਨੀਤੀ ਨਾਲ ਭਾਰਤੀ ਸਟੇਟ ਆਪਣੇ ਮੁਸਲਿਮ ਨਾਗਰਿਕਾਂ ਲਈ ਕਿਸ ਤਰ੍ਹਾਂ ਦੇ ਖ਼ਤਰੇ ਪੈਦਾ ਕਰ ਰਿਹਾ ਹੈ, ਉਸ ਅਸਲ ਖ਼ਤਰੇ ਬਾਰੇ ਮੀਡੀਆ ਚੁੱਪ ਹੈ। ਇਨ੍ਹਾਂ ਸਵਾਲਾਂ ਅਤੇ ਸਰੋਕਾਰਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ]*

ਭਾਜਪਾ ਦੀ ਅਗਵਾਈ ਹੇਠ ਕੌਮੀ-ਜਮਹੂਰੀ ਗੱਠਜੋੜ ਨੇ 243 ਵਿੱਚੋਂ 202 ਸੀਟਾਂ ਜਿੱਤਕੇ ਵਸੋਂ ਦੇ ਲਿਹਾਜ ਨਾਲ ਮੁਲਕ ਦੇ ਦੂਜੇ ਸਭ ਤੋਂ ਵੱਡੇ ਰਾਜ ਬਿਹਾਰ ਦੀ ਸੱਤਾ ਉੱਪਰ ਆਪਣੀ ਜਕੜ ਹੋਰ ਮਜ਼ਬੂਤ ਬਣਾ ਲਈ ਹੈ। ਹਾਲੀਆ ਚੋਣਾਂ ਵਿਚ ਕਾਂਗਰਸ ਤੇ ਰਾਸ਼ਟਰੀ ਜਨਤਾ ਦਲ ਦਾ ਸਫ਼ਾਇਆ ਹੋ ਜਾਣ ਅਤੇ ਹੋਰ ਗੱਠਜੋੜ ਭਾਈਵਾਲ ਪਾਰਟੀਆਂ ਨੂੰ ਵੀ ਕੋਈ ਖ਼ਾਸ ਕਾਮਯਾਬੀ ਨਾ ਮਿਲਣ ਕਾਰਨ 'ਮਹਾਗੱਠਜੋੜ' ਸਦਮੇ ਵਿਚ ਹੈ। 'ਮੁੱਖਧਾਰਾ' ਕਹਾਉਣ ਵਾਲਾ ਗੋਦੀ ਮੀਡੀਆ ਚੋਣ ਵਿਸ਼ਲੇਸ਼ਣਾਂ ਦੇ ਨਾਂ ਹੇਠ ਭਾਜਪਾ ਦੀ ਜਿੱਤ ਦੇ ਜਸ਼ਨ ਮਨਾ ਰਿਹਾ ਹੈ ਅਤੇ ਮੋਦੀ ਨੂੰ ਭਾਰਤ ਦੇ ਅਜਿਹੇ 'ਵਿਕਾਸ ਮਹਾਪੁਰਸ਼' ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਜਿਸ ਨੂੰ ਹੁਣ ਕੋਈ ਵੀ ਹਰਾ ਨਹੀਂ ਸਕਦਾ। ਬਹੁਤ ਹੀ ਚਲਾਕੀ ਨਾਲ ਉਸ ਮਹਾਠੱਗੀ, ਰਾਜਨੀਤਕ ਧੋਖਾਧੜੀ ਅਤੇ ਹੇਰਾਫੇਰੀ ਉੱਪਰ ਪਰਦਾ ਪਾ ਦਿੱਤਾ ਗਿਆ ਹੈ ਜਿਸਦੇ ਸਹਾਰੇ ਇਹ ਚੋਣ ਜਿੱਤੀ ਗਈ ਹੈ। ਐੱਸਆਈਆਰ (ਵੋਟਰ ਸੂਚੀ ਦੀ ਡੂੰਘੀ ਸੁਧਾਈ) ਰਾਹੀਂ ਵੋਟਾਂ ਡਿਲੀਟ ਕਰਨ ਤੋਂ ਲੈ ਕੇ ਚੋਣਾਂ ਤੋਂ ਐਨ ਪਹਿਲਾਂ ਐਲਾਨੀਆਂ ਲੋਕ-ਲੁਭਾਊ ਸਕੀਮਾਂ ਤੱਕ ਹਰ ਚੀਜ਼ ਸਵਾਲਾਂ ਦੇ ਘੇਰੇ 'ਚ ਹੈ।

ਇਸ ਮਹਾਠੱਗੀ ਤੋਂ ਧਿਆਨ ਹਟਾਉਣ ਲਈ ਗੋਦੀ ਮੀਡੀਆ ਨੂੰ ਦਿੱਲੀ ਕਾਰ ਧਮਾਕੇ ਦਾ ਮੁੱਦਾ ਮਿਲ ਗਿਆ। ਇਸ ਕਾਂਡ ਵਿਚ ਬੇਕਸੂਰ ਲੋਕਾਂ ਦਾ ਮਾਰੇ ਜਾਣਾ ਬੇਹੱਦ ਦੁਖਦਾਈ ਹੈ। ਚਿੱਠੀ ਸਿੰਘਪੁਰਾ ਕਾਂਡ ਤੋਂ ਲੈ ਕੇ ਪਹਿਲਗਾਮ ਤੱਕ, ਭਾਜਪਾ ਦੇ ਰਾਜ ਵਿਚ ਹੋਇਆ ਹਰ ਕਥਿਤ ਦਹਿਸ਼ਤਗਰਦ ਕਾਂਡ ਸ਼ੱਕੀ ਹੈ। ਚੋਣਾਂ ਸਮੇਂ ਹੀ ਅਜਿਹੇ ਕਾਂਡ ਕਿਉਂ ਵਾਪਰਦੇ ਹਨ, ਕਥਿਤ ਜਾਂਚ ਏਜੰਸੀਆਂ ਇਸ ਪਹਿਲੂ ਤੋਂ ਕਦੇ ਜਾਂਚ ਨਹੀਂ ਕਰਦੀਆਂ ਅਤੇ ਨਾ ਕਦੇ ਕਰਨਗੀਆਂ ਕਿਉਂਕਿ ਸ਼ੱਕ ਦੀ ਸੂਈ ਸਿੱਧੀ ਉਨ੍ਹਾਂ ਦੇ ਸੱਤਾਧਾਰੀ ਬੌਸਾਂ ਉੱਪਰ ਜਾ ਟਿਕਦੀ ਹੈ। ਆਰਐੱਸਐੱਸ-ਭਾਜਪਾ ਅਤੇ ਗੋਦੀ ਮੀਡੀਆ ਦੇ ਮੁਸਲਿਮ ਵਿਰੋਧੀ ਬਿਰਤਾਂਤ ਨੂੰ ਅਜਿਹੇ ਕਾਂਡ ਬੇਹੱਦ ਰਾਸ ਆਉਂਦੇ ਹਨ। ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਗੋਦੀ ਨਿਊਜ਼ ਚੈਨਲ ਮੀਡੀਆ ਟਰਾਇਲ ਰਾਹੀਂ ਮੁਸਲਮਾਨਾਂ ਨੂੰ ਦੋਸ਼ੀ ਕਰਾਰ ਦੇਣਾ ਸ਼ੁਰੂ ਕਰ ਦਿੰਦੇ ਹਨ।

ਅੱਜ ਭਗਵਾ ਹਕੂਮਤ ਹੇਠ ਜੋ ਕੁਝ ਭਾਰਤ ਵਿਚ ਵਾਪਰ ਰਿਹਾ ਹੈ, ਉਸ ਦਰਮਿਆਨ ਕੁਝ ਕੁ ਸੰਜੀਦਾ ਮੀਡੀਆ ਹਿੱਸੇ ਹੀ ਉਨ੍ਹਾਂ ਖ਼ਤਰਿਆਂ ਬਾਰੇ ਲੋਕਾਂ ਨੂੰ ਚੁਕੰਨੇ ਕਰ ਰਹੇ ਹਨ ਜੋ ਮੋਦੀ-ਅਮਿਤਸ਼ਾਹ ਦੀ ਅਗਵਾਈ ਹੇਠ ਮੁਲਕ ਉੱਪਰ ਆਰਐੱਸਐੱਸ-ਭਾਜਪਾ ਦੀ ਮਜ਼ਬੂਤ ਹੁੰਦੇ ਜਾਣ ਨਾਲ ਸਪਸ਼ਟ ਉਭਰਦੇ ਦੇਖੇ ਜਾ ਸਕਦੇ ਹਨ। ਭਗਵਾ ਹਕੂਮਤ ਹੇਠ ਦਨਦਨਾ ਰਹੇ ਹਿੰਦੂਤਵ ਫਾਸ਼ੀਵਾਦ ਬਾਰੇ ਪਹਿਲਾਂ ਹੀ ਬਹੁਤ ਕੁਝ ਲਿਖਿਆ ਹੋਣ ਦੇ ਬਾਵਜੂਦ ਇੱਥੇ ਕੁਝ ਕੁ ਤਾਜ਼ਾ ਘਟਨਾਵਾਂ ਉੱਪਰ ਸੰਖੇਪ ਝਾਤ ਮਾਰਨੀ ਜ਼ਰੂਰੀ ਹੈ ਜੋ ਜ਼ਮੀਨੀਂ ਪੱਧਰ 'ਤੇ ਖ਼ਾਸ ਕਰਕੇ ਮੁਸਲਮਾਨ ਫਿਰਕੇ ਵਿਰੁੱਧ ਬਣ ਰਹੇ ਬੇਹੱਦ ਚਿੰਤਾਜਨਕ ਹਾਲਾਤਾਂ ਦੀ ਵੰਨਗੀ ਪੇਸ਼ ਕਰਦੀਆਂ ਹਨ।

• ਬਿਹਾਰ ਚੋਣਾਂ 'ਚ ਭਾਜਪਾ ਦੀ ਜਿੱਤ ਦਾ ਐਲਾਨ ਹੁੰਦੇ ਸਾਰ ਅਸਾਮ ਵਿਚ ਭਾਜਪਾ ਸਰਕਾਰ ਦੇ ਕੈਬਨਿਟ ਮੰਤਰੀ ਅਸ਼ੋਕ ਸਿੰਘਲ ਨੇ ਫੁੱਲਗੋਭੀ ਦੇ ਖੇਤਾਂ ਦੀ ਤਸਵੀਰ ਸਾਂਝੀ ਕਰਦਿਆਂ ਉਸਨੂੰ ਕੈਪਸ਼ਨ ਦਿੱਤੀ: 'ਬਿਹਾਰ ਨੇ ਗੋਭੀ ਦੀ ਖੇਤੀ ਨੂੰ ਮਨਜ਼ੂਰੀ ਦਿੱਤੀ'।

'ਗੋਭੀ ਦੀ ਖੇਤੀ' ਕੀ ਹੈ? ਇਸਦਾ ਮਤਲਬ ਅਕਤੂਬਰ-ਨਵੰਬਰ 1989 'ਚ ਬਿਹਾਰ ਦੇ ਭਾਗਲਪੁਰ ਵਿਚ ਹੋਇਆ ਕਤਲੇਆਮ ਹੈ। ਸਿਰ ਤੋਂ ਪੈਰਾਂ ਤੱਕ ਮੁਸਲਿਮ ਵਿਰੋਧੀ ਨਫ਼ਰਤ ਨਾਲ ਗੜੁੱਚ ਭਗਵਾ ਆਗੂ ਕਤਲੇਆਮ ਦੀ ਜੈ-ਜੈਕਾਰ 'ਗੋਭੀ ਦੀ ਖੇਤੀ' ਵਜੋਂ ਕਰਦੇ ਦੇਖੇ ਜਾ ਸਕਦੇ ਹਨ। ਰਾਮ-ਜਨਮ ਭੂਮੀ ਅੰਦੋਲਨ ਦੇ ਮਾਹੌਲ ਵਿਚ ਕੀਤੇ ਗਏ ਉਸ ਕਤਲੇਆਮ ਵਿਚ ਸੈਂਕੜੇ ਮੁਸਲਮਾਨਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਵਿਸ਼ਵ ਹਿੰਦੂ ਪਰਿਸ਼ਦ (ਵੀ.ਐੱਚ.ਪੀ.) ਵੱਲੋਂ ਰਾਮ ਜਨਮਭੂਮੀ ਅੰਦੋਲਨ ਜ਼ਰੀਏ ਹਿੰਦੂ ਫਿਰਕੇ ਦਾ ਭਗਵਾਕਰਨ ਕੀਤਾ ਗਿਆ। ਗਿਣੀ-ਮਿੱਥੀ ਸਾਜ਼ਿਸ਼ ਤਹਿਤ ਸੈਂਕੜੇ ਹਿੰਦੂ ਵਿਦਿਆਰਥੀਆਂ ਨੂੰ ਕਤਲ ਕਰਕੇ ਦਫ਼ਨਾਏ ਜਾਣ ਦੀਆਂ ਝੂਠੀਆਂ ਅਫ਼ਵਾਹਾਂ ਫੈਲਾਕੇ ਮੁਸਲਮਾਨ-ਵਿਰੋਧੀ ਨਫ਼ਰਤ ਅਤੇ ਬੇਵਿਸ਼ਵਾਸੀ ਦਾ ਮਾਹੌਲ ਬਣਾਇਆ ਗਿਆ। ਭਾਗਲਪੁਰ ਵਿਚ ਦੋ ਮਹੀਨੇ ਤੋਂ ਵੱਧ ਸਮਾਂ ਚੱਲੀ ਹਿੰਸਾ ਦੇ ਨਤੀਜੇ ਵਜੋਂ ਤਕਰੀਬਨ 1,070 ਲੋਕ ਮਾਰੇ ਗਏ ਅਤੇ 524 ਜ਼ਖ਼ਮੀ ਹੋਏ। 195 ਪਿੰਡਾਂ ਵਿਚ 11,500 ਘਰ ਤਬਾਹ ਹੋ ਗਏ, ਜਿਸ ਨਾਲ 48,000 ਲੋਕ ਬੇਘਰ ਹੋ ਗਏ। ਇਸ ਤੋਂ ਇਲਾਵਾ 68 ਮਸਜਿਦਾਂ ਅਤੇ 20 ਮਜ਼ਾਰ ਵੀ ਤਬਾਹ ਕਰ ਦਿੱਤੇ ਗਏ। ਮਾਰੇ ਗਏ ਜ਼ਿਆਦਾਤਰ (93% ਦੇ ਕਰੀਬ) ਮੁਸਲਮਾਨ ਸਨ। ਇੱਥੇ ਲੋਗੇਨ ਕਤਲੇਆਮ ਵਿਚ 116 ਮੁਸਲਮਾਨਾਂ ਨੂੰ ਕਤਲ ਕਰਕੇ ਸਬੂਤ ਮਿਟਾਉਣ ਲਈ ਲਾਸ਼ਾਂ ਖੇਤ ਵਿਚ ਦੱਬ ਕੇ ਉੱਪਰ ਗੋਭੀ ਦੇ ਪੌਦੇ ਲਗਾ ਦਿੱਤੇ ਗਏ ਸਨ। ਉਸੇ ਨੂੰ ਭਾਜਪਾ ਆਗੂ 'ਗੋਭੀ ਦੀ ਖੇਤੀ' ਵਜੋਂ ਪ੍ਰਚਾਰਕੇ ਮੁਸਲਮਾਨ ਭਾਈਚਾਰੇ ਨੂੰ ਇਹ ਅਹਿਸਾਸ ਕਰਾਉਂਦੇ ਹਨ ਕਿ ਪੂਰੇ ਮੁਲਕ ਉੱਪਰ ਸੱਤਾਧਾਰੀ ਹੋਣ ਕਾਰਨ ਹੁਣ ਤਾਂ ਅਸੀਂ ਤੁਹਾਡੇ ਨਾਲ ਕੁਝ ਵੀ ਕਰ ਸਕਦੇ ਹਾਂ।



ਭਾਗਲਪੁਰ ਰੇਸ਼ਮ ਉਦਯੋਗ ਦਾ ਮਸ਼ਹੂਰ ਕੇਂਦਰ ਸੀ ਜਿਸਦਾ ਧੁਰਾ ਮੁਸਲਮਾਨ ਕਿਰਤੀ ਸਨ। ਹਿੰਦੂਤਵ ਫਿਰਕਾਪ੍ਰਸਤਾਂ ਦਾ ਖ਼ਾਸ ਨਿਸ਼ਾਨਾ ਮੁਸਲਮਾਨ ਭਾਈਚਾਰੇ ਨੂੰ ਆਰਥਕ ਤੌਰ 'ਤੇ ਸੱਟ ਮਾਰਨਾ ਵੀ ਹੈ। ਮੁਸਲਮਾਨਾਂ ਵਿਰੋਧੀ ਹਿੰਸਾ ਵਿਚ 600 ਪਾਵਰ ਲੂਮ ਅਤੇ 1,700 ਹੱਥਖੱਡੀਆਂ ਸਾੜ ਦਿੱਤੀਆਂ ਗਈਆਂ, ਜਿਸ ਕਾਰਨ ਇਸ ਕਾਰੋਬਾਰ ਵਿਚ ਲੱਗੇ ਲੋਕਾਂ ਦੀਆਂ ਰੋਜ਼ੀ-ਰੋਟੀ ਖ਼ਤਮ ਹੋ ਗਈ। ਕਥਿਤ ਦੰਗੇ ਉਨ੍ਹਾਂ ਲਈ ਜਾਨਾਂ ਦੇ ਖ਼ੌਅ ਦੇ ਨਾਲ-ਨਾਲ ਭਾਰੀ ਆਰਥਕ ਤਬਾਹੀ ਵੀ ਲੈ ਕੇ ਆਏ। ਬਿਹਾਰ ਜਿੱਤ ਦੀ ਵਿਆਖਿਆ ਇਕ ਘਿਣਾਉਣੇ ਕਤਲੇਆਮ ਦੇ ਹਵਾਲੇ ਨਾਲ ਕਰਨ ਤੋਂ ਭਾਜਪਾ ਲੀਡਰਸ਼ਿੱਪ ਦੀ ਫਿਰਕੂ ਜ਼ਹਿਰ ਨਾਲ ਡੰਗੀ ਮਾਨਸਿਕਤਾ ਸਾਫ਼ ਸਮਝੀ ਜਾ ਸਕਦੀ ਹੈ। ਫਿਰਕੂ ਸਦਭਾਵਨਾ ਦੇ ਪ੍ਰਤੀਕ ਜਮਹੂਰੀ ਕਾਰਕੁਨਾਂ ਨੂੰ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਨ ਵਾਲੀਆਂ ਕਥਿਤ ਸੁਰੱਖਿਆ ਏਜੰਸੀਆਂ ਅਤੇ ਨਿਆਂ ਪ੍ਰਣਾਲੀ ਨੂੰ ਇਹ ਫਿਰਕੂ ਜ਼ਹਿਰ ਨਜ਼ਰ ਨਹੀਂ ਆਉਂਦੀ।

• ਯੂਪੀ ਦੀ ਸੱਤਾ ਉੱਪਰ ਕਾਬਜ਼ ਮਹੰਤ ਅਦਿੱਤਿਆਨਾਥ ਸਰਕਾਰ ਨੇ ਅਖ਼ਲਾਕ ਲਿੰਚਿੰਗ ਕਾਂਡ ਦੇ ਦੋਸ਼ੀਆਂ ਵਿਰੁੱਧ ਦਰਜ ਸਾਰੇ ਮੁਕੱਦਮੇ ਵਾਪਸ ਲੈ ਕੇ ਹਜੂਮੀ ਹਿੰਸਾ ਨੂੰ ਭਾਜਪਾ ਦੀ ਰਾਜਸੀ ਤੇ ਰਾਜਕੀ ਪੁਸ਼ਤਪਨਾਹੀ ਦੀ ਇਕ ਹੋਰ ਮਿਸਾਲ ਪੇਸ਼ ਕੀਤੀ ਹੈ। ਇਸ ਤੋਂ ਪਹਿਲਾਂ ਵੀ ਹਿੰਦੂਤਵੀ ਦਹਿਸ਼ਤੀ ਗਰੋਹਾਂ, ਹਜੂਮੀ ਕਤਲਾਂ ਤੇ ਹਿੰਸਾ ਨੂੰ ਅੰਜਾਮ ਦੇਣ ਵਾਲਿਆਂ ਅਤੇ ਬਲਾਤਕਾਰੀਆਂ ਦੀਆਂ ਸਜ਼ਾਵਾਂ ਮਾਫ਼ ਕਰਨ, ਜੇਲ੍ਹਾਂ ਵਿੱਚੋਂ ਬਾਹਰ ਆਉਣ 'ਤੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨ ਅਤੇ ਸਟਾਰ ਚਿਹਰਿਆਂ ਵਜੋਂ ਉਭਾਰਨ ਦਾ ਘਿਣਾਉਣਾ ਸਿਲਸਿਲਾ ਹੈ।

ਇਹ ਕੇਸ ਗੌਤਮ ਬੁੱਧ ਨਗਰ ਦੀ ਸੈਸ਼ਨ ਕੋਰਟ ਚੱਲ ਰਿਹਾ ਹੈ। ਆਊਟਲੁਕ ਰਸਾਲੇ ਨੇ ਰਿਪੋਰਟ ਦਿੱਤੀ ਹੈ ਕਿ ਸਰਕਾਰ ਨੇ ਸੈਸ਼ਨ ਕੋਰਟ ਵਿਚ ਦੋਸ਼ੀਆਂ ਦੇ ਵਿਰੁੱਧ ਸਾਰੇ ਦੋਸ਼ ਵਾਪਸ ਲੈਣ ਲਈ ਅਰਜ਼ੀ ਦਿੱਤੀ ਹੈ। ਰਿਪੋਰਟ ਮੁਤਾਬਕ, ਇਹ ਵਾਪਸੀ ਅਰਜ਼ੀ 15 ਅਕਤੂਬਰ ਨੂੰ ਗੌਤਮ ਬੁੱਧ ਨਗਰ ਦੇ ਸਹਾਇਕ ਜ਼ਿਲ੍ਹਾ ਸਰਕਾਰੀ ਵਕੀਲ ਵੱਲੋਂ ਦਾਇਰ ਕੀਤੀ ਗਈ, ਜਿਸਨੇ ਰਾਜ ਸਰਕਾਰ ਦੇ ਹੁਕਮਾਂ (26 ਅਗਸਤ ਦੀ ਚਿੱਠੀ) 'ਤੇ ਇਹ ਕਾਰਵਾਈ ਕੀਤੀ ਹੈ। ਅਰਜ਼ੀ ਵਿਚ ਕਿਹਾ ਗਿਆ ਹੈ ਕਿ ਰਾਜਪਾਲ ਨੇ ਮੁਕੱਦਮਾ ਵਾਪਸ ਲੈਣ ਲਈ ਲਿਖਤੀ ਮਨਜ਼ੂਰੀ ਦੇ ਦਿੱਤੀ ਹੈ।

28 ਸਤੰਬਰ 2015 ਨੂੰ ਦਾਦਰੀ ਦੇ ਬਿਸਾੜਾ ਪਿੰਡ ਵਿਚ ਮੰਦਰ ਦੇ ਲਾਊਡਸਪੀਕਰ ਤੋਂ ਪੁਜਾਰੀ ਵੱਲੋਂ ਇਹ ਅਨਾਊਂਸਮੈਂਟ ਕੀਤੀ ਗਈ ਸੀ ਕਿ ਮੁਹੰਮਦ ਅਖ਼ਲਾਕ ਨੇ ਗਊ ਹੱਤਿਆ ਕਰਕੇ ਉਸਦਾ ਮਾਸ ਆਪਣੇ ਫਰਿਜ਼ ਵਿਚ ਰੱਖਿਆ ਹੋਇਆ ਹੈ। ਭੀੜ ਇਕੱਠੀ ਹੋ ਗਈ। ਅਖ਼ਲਾਕ ਅਤੇ ਉਸਦੇ ਪੁੱਤਰ ਦਾਨਿਸ਼ ਨੂੰ ਘਰ 'ਚੋਂ ਧੂਹ ਕੇ ਬਾਹਰ ਕੱਢ ਲਿਆ ਅਤੇ ਬੇਰਹਿਮੀ ਨਾਲ ਲਹੂ-ਲੁਹਾਣ ਕਰਕੇ ਮਰਨ ਲਈ ਸੁੱਟ ਦਿੱਤਾ ਗਿਆ। ਅਖ਼ਲਾਕ ਦੀ ਮੌਤ ਹੋ ਗਈ। ਗੰਭੀਰ ਰੂਪ 'ਚ ਜ਼ਖ਼ਮੀ ਉਸਦੇ ਪੁੱਤਰ ਦੀ ਜਾਨ ਬਚ ਗਈ ਪਰ ਉਹ ਉਦੋਂ ਤੋਂ ਹੀ ਹਿੰਦੂਤਵੀ ਦਹਿਸ਼ਤ ਦੇ ਸਾਏ ਹੇਠ ਜੀਅ ਰਿਹਾ ਹੈ।

ਦੇਸ਼-ਬਦੇਸ਼ ਵਿਚ ਇਸ ਹਜੂਮੀ ਕਤਲ ਦਾ ਜ਼ੋਰਦਾਰ ਵਿਰੋਧ ਹੋਇਆ। ਪੂਰੇ ਮੁਲਕ ਵਿਚ 'ਨਾਟ ਇਨ ਮਾਈ ਨੇਮ' (ਮੇਰੇ ਨਾਮ 'ਤੇ ਨਹੀਂ) ਵਿਰੋਧ ਪ੍ਰਦਰਸ਼ਨ ਹੋਏ, ਜਿਨ੍ਹਾਂ ਵਿਚ ਵਧ ਰਹੀ ਹਿੰਦੂਤਵੀ ਹਜੂਮੀ ਹਿੰਸਾ ਦੀ ਨਿੰਦਾ ਕੀਤੀ ਗਈ। ਇਸ ਦਬਾਅ ਹੇਠ ਸਰਕਾਰ ਨੂੰ ਕਤਲ ਅਤੇ ਭਾਈਚਾਰਿਆਂ ਦਰਮਿਆਨ ਵੈਰ-ਭਾਵਨਾ ਭੜਕਾਉਣ ਵਰਗੀਆਂ ਸੰਗੀਨ ਧਾਰਾਵਾਂ ਲਗਾਕੇ ਕੇਸ ਦਰਜ ਕਰਨੇ ਪਏ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਵੀ ਕਰਨਾ ਪਿਆ। ਬਾਅਦ ਵਿਚ ਭਗਵਾ ਹਕੂਮਤ ਵਾਲੇ ਰਾਜਾਂ ਵਿਚ ਗਊ-ਰੱਖਿਆ ਦੇ ਨਾਂ 'ਤੇ ਚੌਕਸੀ ਮੁਹਿੰਮ, ਹਜੂਮੀ ਹਿੰਸਾ ਅਤੇ ਮੁਸਲਮਾਨਾਂ ਵਿਰੁੱਧ ਫਿਰਕੂ ਦੁਸ਼ਮਣੀ ਆਮ ਬਣਾ ਦਿੱਤੀ ਗਈ। ਦੇਸ਼-ਬਦੇਸ਼ ਵਿਚ ਚਰਚਿਤ ਕੇਸ ਹੋਣ ਦੇ ਬਾਵਜੂਦ, ਆਦਿਤਿਆਨਾਥ ਵੱਲੋਂ ਸੱਤਾ ਵਿਚ ਆ ਕੇ ਦੋਸ਼ੀਆਂ ਨੂੰ ਬਚਾਉਣ ਲਈ ਪੂਰਾ ਤਾਣ ਲਾ ਦਿੱਤਾ ਗਿਆ। ਸਥਾਨਕ ਬੀਜੇਪੀ ਆਗੂ ਸੰਜੈ ਰਾਣਾ ਦੇ ਛੋਕਰੇ ਵਿਸ਼ਾਲ ਰਾਣਾ ਸਮੇਤ ਕਤਲ ਦੇ ਦੋਸ਼ੀ 18 ਵਿਅਕਤੀਆਂ ਨੂੰ ਸਤੰਬਰ 2017 ਤੱਕ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਅਖ਼ਲਾਕ ਦਾ ਪਰਿਵਾਰ ਦਹਿਸ਼ਤਜ਼ਦਾ ਹੋਕੇ ਉੱਥੋਂ ਚਲਾ ਗਿਆ। ਆਖਿਰਕਾਰ, ਹੁਣ ਅਦਿੱਤਿਆਨਾਥ ਸਰਕਾਰ ਨੇ ਕੇਸ ਨੂੰ ਬੰਦ ਕਰ ਦਿੱਤਾ ਹੈ। ਬਹਾਨਾ ਇਹ ਬਣਾਇਆ ਹੈ ਕਿ 'ਨਾਕਾਫ਼ੀ ਸਬੂਤ' ਸਨ, 'ਪਰਿਵਾਰ ਨੇ ਬਿਆਨ ਬਦਲੇ, ਉਹ ਦੁਸ਼ਮਣੀ ਨਹੀਂ ਰੱਖਣਾ ਚਾਹੁੰਦੇ'। ਸੰਦੇਸ਼ ਸਪਸ਼ਟ ਹੈ: ਹਜੂਮੀ ਕਤਲਾਂ ਸੰਬੰਧੀ ਅਦਾਲਤਾਂ ਕੋਈ ਨਿਆਂ ਨਹੀਂ ਦੇ ਸਕਦੀਆਂ।

• 10 ਨਵੰਬਰ ਨੂੰ ਦਿੱਲੀ ਵਿਚ ਹੋਏ 'ਕਾਰ ਧਮਾਕਾ ਕਾਂਡ' ਦੀ ਜਾਂਚ ਅਜੇ ਸ਼ੁਰੂ ਵੀ ਨਹੀਂ ਸੀ ਹੋਈ ਕਿ 'ਮੁੱਖਧਾਰਾ' ਵੱਲੋਂ ਬਣੀ-ਬਣਾਈ ਮਾਨਸਿਕਤਾ ਦੇ ਆਧਾਰ 'ਤੇ ਪੂਰੇ ਮੁਸਲਮਾਨ ਭਾਈਚਾਰੇ ਵਿਰੁੱਧ ਜ਼ਹਿਰੀਲੀ ਮੁਹਿੰਮ ਵਿੱਢ ਦਿੱਤੀ ਗਈ। ਇਸ ਮੁਹਿੰਮ ਨੇ ਹਰ ਥਾਂ ਹੀ ਕਸ਼ਮੀਰੀਆਂ ਅਤੇ ਮੁਸਲਮਾਨਾਂ ਨੂੰ ਸ਼ੱਕ ਦੇ ਘੇਰੇ 'ਚ ਲਿਆਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਜਾਂਚ ਏਜੰਸੀਆਂ ਵੱਲੋਂ ਘਟਨਾ ਦੇ ਤੱਥ ਇਕੱਠੇ ਕਰਨ ਤੋਂ ਪਹਿਲਾਂ ਹੀ ਦੋਸ਼ੀ ਠਹਿਰਾਉਣ ਦੀ ਫਿਰਕੂ ਪ੍ਰਵਿਰਤੀ ਨੇ ਸਿਰ ਚੁੱਕ ਲਿਆ ਜੋ ਹੁਣ ਲਗਭਗ ਆਮ ਬਣ ਚੁੱਕੀ ਹੈ। ਕਾਰ ਧਮਾਕਾ ਹੋਣ ਤੋਂ ਕੁਝ ਮਿੰਟਾਂ ਦੇ ਅੰਦਰ ਹੀ, ਜਦੋਂ ਅਜੇ ਜਾਂਚ ਏਜੰਸੀਆਂ ਵੱਲੋਂ ਪੁਸ਼ਟੀ ਕਰਦੀ ਕੋਈ ਅਧਿਕਾਰਕ ਜਾਣਕਾਰੀ ਵੀ ਜਾਰੀ ਨਹੀਂ ਸੀ ਕੀਤੀ ਗਈ, ਟੈਲੀਵਿਜ਼ਨ ਪੈਨਲਾਂ ਨੇ 'ਇਸਲਾਮਿਕ ਗਰੁੱਪਾਂ' ਬਾਰੇ ਅਟਕਲਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ, ਗੁੰਮਨਾਮ ਸੋਸ਼ਲ ਮੀਡੀਆ ਖ਼ਾਤਿਆਂ ਨੇ ਮੁਸਲਿਮ ਨਾਮ ਫੈਲਾਉਣੇ ਸ਼ੁਰੂ ਕਰ ਦਿੱਤੇ ਅਤੇ ਨਿਊਜ਼ ਚੈਨਲਾਂ ਨੇ ਆਪੇ ਬਣੇ ਤਬਸਰਾਕਾਰਾਂ ਨੂੰ ਨਿਊਜ਼ ਰੂਮਾਂ ਵਿਚ ਸੱਦਕੇ ਇਹ ਬਿਰਤਾਂਤ ਚਲਾਉਣਾ ਸ਼ੁਰੂ ਕਰ ਦਿੱਤਾ ਕਿ ਇਹ ਘਟਨਾ ਮੁਸਲਿਮ ਦਹਿਸ਼ਤਵਾਦ ਦੇ 'ਜਾਣੇ-ਪਛਾਣੇ ਪੈਟਰਨ' ਨੂੰ ਦਰਸਾਉਂਦੀ ਹੈ ਅਤੇ 'ਚਿੱਟ-ਕਾਲਰੀਆ ਦਹਿਸ਼ਤੀ ਮੌਡਿਊਲ' ਵਧੇਰੇ ਖ਼ਤਰਨਾਕ ਸਾਜ਼ਿਸ਼ ਹੈ।

ਲਗਭਗ ਇਸੇ ਹੀ ਸਮੇਂ ਯੂ.ਪੀ. ਦੇ ਗਾਜ਼ੀਆਬਾਦ ਵਿਚ ਬਜਰੰਗ ਦਲ ਨਾਲ ਜੁੜੇ ਰਾਮ ਨਾਂ ਦੇ ਵਿਅਕਤੀ ਦੇ ਘਰੋਂ ਬਹੁਤ ਵੱਡੀ ਮਾਤਰਾ ਵਿਚ ਹਥਿਆਰ ਅਤੇ ਵਿਸਫੋਟਕ ਸਮੱਗਰੀ ਫੜੀ ਗਈ। ਗੋਦੀ ਮੀਡੀਆ ਨੇ ਉਹ ਖ਼ਬਰ ਹੀ ਦਬਾ ਦਿੱਤੀ। ਗੋਦੀ ਮੀਡੀਆ ਤਾਂ ਸਰਕਾਰੀ ਬਿਰਤਾਂਤ ਦਾ ਧੂਤੂ ਹੈ ਹੀ, ਮਿਆਰੀ ਰਿਪੋਰਟਿੰਗ ਲਈ ਮਸ਼ਹੂਰ ਮੁੱਖ ਅੰਗਰੇਜ਼ੀ ਅਖ਼ਬਾਰ ਵੀ ਤੱਥਾਂ ਦੀ ਤਹਿ ਵਿਚ ਜਾਏ ਬਿਨਾਂ ਹੀ ਸਰਕਾਰੀ ਪ੍ਰੈੱਸ ਨੋਟਾਂ ਨੂੰ ਪਹਿਲੇ ਪੰਨੇ ਦੀਆਂ ਖ਼ਬਰਾਂ ਦੇ ਰੂਪ ਵਿਚ ਧੜਾਧੜ ਛਾਪ ਰਹੇ ਹਨ। 'ਮੁੱਖਧਾਰਾ' ਮੀਡੀਆ ਇਸ ਸਭ ਤੋਂ ਮਹੱਤਵਪੂਰਨ ਸਵਾਲ ਬਾਰੇ ਖ਼ਾਮੋਸ਼ ਹੈ ਕਿ ਮੋਦੀ-ਸ਼ਾਹ ਹਕੂਮਤ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਕੇ ਕਥਿਤ ਦਹਿਸ਼ਤਵਾਦ ਦੀ ਕਮਰ ਤੋੜ ਦਿੱਤੀ ਹੈ ਤਾਂ ਫਿਰ ਪੜ੍ਹੇ-ਲਿਖੇ ਕਸ਼ਮੀਰੀ ਨੌਜਵਾਨ ਆਪਣੀਆਂ ਜਾਨਾਂ 'ਤੇ ਖੇਡਕੇ ਫ਼ਿਦਾਇਨ ਕਿਉਂ ਬਣਦੇ ਹਨ? ਮੋਦੀ ਹਕੂਮਤ ਦੀ ਭਾਸ਼ਾ ਦੱਸਦੀ ਹੈ ਕਿ ਇਹ ਕਾਰ ਧਮਾਕੇ ਦੇ ਬਹਾਨੇ ਕਸ਼ਮੀਰੀ ਲੋਕਾਂ ਉੱਪਰ ਜਬਰ-ਜ਼ੁਲਮ ਹੋਰ ਤਿੱਖਾ ਕਰਨ ਦੇ ਰਾਹ ਪੈ ਤੁਰੀ ਹੈ। ਘਾਟੀ ਵਿਚ 650 ਤੋਂ ਵੱਧ ਕਸ਼ਮੀਰੀਆਂ ਨੂੰ ਹਿਰਾਸਤ ਵਿਚ ਲੈਣ ਦੀਆਂ ਰਿਪੋਰਟਾਂ ਹਨ।

ਇਹ ਬਿਰਤਾਂਤ ਕਥਿਤ ਮੁੱਖਧਾਰਾ ਸਿਆਸਤ ਵੱਲੋਂ ਬਣਾਏ ਫਿਰਕੂ ਰਾਸ਼ਟਰਵਾਦੀ ਮਾਹੌਲ, ਖ਼ਾਸ ਕਰਕੇ ਪਿਛਲੇ ਇਕ ਦਹਾਕੇ ਵਿਚ ਕੀਤੀ ਫਿਰਕੂ ਪਾਲਾਬੰਦੀ ਦੀ ਉਪਜ ਹੈ ਜਿਸ ਵਿਚ ਭਾਰਤ ਦੇ ਮੁਸਲਮਾਨਾਂ 'ਤੇ ਨਾ ਸਿਰਫ਼ ਉਹ ਜੁਰਮ ਮੜ੍ਹੇ ਗਏ ਜੋ ਉਨ੍ਹਾਂ ਨੇ ਕਦੇ ਕੀਤੇ ਹੀ ਨਹੀਂ, ਸਗੋਂ ਉਨ੍ਹਾਂ ਨੂੰ ਜਾਂਚ ਤੋਂ ਬਿਨਾਂ ਹੀ ਦੋਸ਼ੀ ਐਲਾਨ ਦਿੱਤਾ ਜਾਂਦਾ ਹੈ। ਇਹ ਖ਼ਾਸ ਮਾਹੌਲ ਹੈ ਜਿੱਥੇ ਭਰੋਸੇ ਦਾ ਫਿਰਕੂਕਰਨ ਕਰ ਦਿੱਤਾ ਗਿਆ ਹੈ ਅਤੇ ਆਪਣੇ ਆਪ ਹੀ ਸ਼ੱਕ ਦੀ ਸੂਈ ਮੁਸਲਮਾਨ ਭਾਈਚਾਰੇ ਉੱਪਰ ਜਾ ਟਿਕਦੀ ਹੈ। ਹਜੂਮੀ ਹਿੰਸਾ/ਕਤਲਾਂ, ਰਾਜਕੀ ਪੁਸ਼ਤਪਨਾਹੀ ਨਾਲ ਬਣਾਏ ਚੌਕਸੀ ਗਰੋਹਾਂ ਦੇ ਹਮਲਿਆਂ ਅਤੇ ਪਹਿਲਾਂ ਤੋਂ ਹੀ ਮੁਸਲਮਾਨਾਂ ਨੂੰ ਦੋਸ਼ੀ ਮੰਨ ਲੈਣ ਨੇ ਮੁਲਕ ਦੇ ਲੋਕਾਂ ਦੀ ਸੋਚ ਨਵੇਂ ਸਾਂਚੇ ਵਿਚ ਢਾਲ਼ ਦਿੱਤੀ ਹੈ। ਦਿੱਲੀ ਕਾਰ ਧਮਾਕੇ ਕਾਂਡ ਨਾਲ ਤਾਂ ਸਿਰਫ਼ ਇਹ ਉਜਾਗਰ ਹੋਇਆ ਕਿ ਇਹ ਸ਼ੱਕ 'ਰਾਸ਼ਟਰੀ' ਮਾਨਸਿਕਤਾ ਵਿਚ ਕਿੰਨਾ ਡੂੰਘਾ ਧਸ ਚੁੱਕਾ ਹੈ। ਇਸ ਕਾਂਡ ਤੋਂ ਬਾਅਦ ਮੁਸਲਮਾਨਾਂ ਨੂੰ ਫਸਾਉਣ ਲਈ ਜਿਸ ਤੇਜ਼ੀ ਨਾਲ ਕਾਰਵਾਈ ਹੋਈ, ਉਹ ਵੱਡੀ ਸਮੱਸਿਆ ਦਾ ਲੱਛਣ ਹੈ। ਦੋਸ਼ ਮੜਨ ਦਾ ਬਾਕਾਇਦਾ ਤੰਤਰ ਵਿਕਸਤ ਕਰ ਲਿਆ ਗਿਆ ਹੈ ਜਿਸ ਵਿਚ ਕੁਝ ਭਾਈਚਾਰਿਆਂ ਨੂੰ ਜਨਤਕ ਖ਼ੌਫ਼ ਪੈਦਾ ਲਈ ਸੌਖੇ ਸਾਧਨ ਵਜੋਂ ਵਰਤਿਆ ਜਾਂਦਾ ਹੈ। ਇਸ ਪ੍ਰਕਿਰਿਆ ਲਈ ਨਾ ਤਾਂ ਸਬੂਤਾਂ ਦੀ ਲੋੜ ਹੁੰਦੀ ਹੈ, ਨਾ ਜਾਂਚ ਦੀ ਸਮਾਂ-ਸੀਮਾ ਦੀ, ਨਾ ਹੀ ਸੰਜਮ ਦੀ। ਬਸ ਇਕ ਮੁਸਲਿਮ ਨਾਮ, ਕੋਈ ਅਫ਼ਵਾਹ, ਕੋਈ ਵੱਟਸਐਪ ਮੈਸੇਜ ਹੀ ਪੂਰੇ ਭਾਈਚਾਰੇ ਨੂੰ ਦੋਸ਼ੀ ਮੰਨਣ ਲਈ ਕਾਫ਼ੀ ਹੈ।

ਇਹ ਮਾਹੌਲ ਅਚਾਨਕ ਨਹੀਂ ਬਣਿਆ ਸਗੋਂ ਸਿਲਸਿਲੇਵਾਰ ਫਿਰਕੂ ਬਿਰਤਾਂਤ, ਚੌਕਸੀ ਗਰੋਹਾਂ ਦੀ ਲਗਾਤਾਰ ਹਿੰਸਾ ਅਤੇ ਹਜੂਮੀ ਕਤਲਾਂ ਨਾਲ ਬਣਾਇਆ ਗਿਆ ਹੈ। ਹਜੂਮੀ ਹਿੰਸਾ ਸਮਾਜਿਕ ਕੰਟਰੋਲ ਦਾ ਫਾਸ਼ੀਵਾਦੀ ਤਰੀਕਾ ਹੈ। ਬੇਸ਼ੁਮਾਰ ਘਟਨਾਵਾਂ ਹਨ ਜਦੋਂ ਗਊ-ਵੰਸ਼ੀ ਪਸ਼ੂਆਂ ਦੀ ਢੋਆ-ਢੁਆਈ ਤੋਂ ਲੈ ਕੇ ਨਿੱਜੀ ਝਗੜਿਆਂ ਦੇ ਮਾਮਲਿਆਂ ਨੂੰ ਮੁਸਲਮਾਨ ਭਾਈਚਾਰੇ ਵਿਰੁੱਧ ਨਫ਼ਰਤ ਅਤੇ ਹਿੰਸਾ ਫੈਲਾਉਣ ਦੇ ਹਥਿਆਰ ਬਣਾਇਆ ਗਿਆ। ਜਦੋਂ ਅਜਿਹਾ ਸੱਭਿਆਚਾਰ ਪਰਪੱਕ ਹੋ ਜਾਂਦਾ ਹੈ ਤਾਂ ਇਹ ਲਾਜ਼ਮੀ ਤੌਰ 'ਤੇ ਦੇਸ਼ ਪੱਧਰ ਦੀਆਂ ਘਟਨਾਵਾਂ ਵਿਚ ਵੀ ਰਿਸਣ ਲੱਗਦਾ ਹੈ। ਦਿੱਲੀ ਕਾਰ ਧਮਾਕੇ ਦਾ ਨਤੀਜਾ ਦਰਸਾਉਂਦਾ ਹੈ ਕਿ ਕਿਵੇਂ ਜਨਤਕ ਸ਼ੱਕ ਹੁਣ ਪਹਿਲਾਂ ਤੋਂ ਹੀ ਤੈਅ ਹੋ ਚੁੱਕਾ ਹੈ। ਹੁਣ ਜੁਰਮ-ਸੀਨ ਦੀ ਸ਼ੁਰੂਆਤ ਫੋਰੈਂਸਿਕ ਜਾਂਚ ਨਾਲ ਨਹੀਂ, ਬਲਕਿ ਫਿਰਕੂ ਅਟਕਲਬਾਜ਼ੀ ਨਾਲ ਹੁੰਦੀ ਹੈ। ਅਜਿਹੇ ਦਰਜਨਾਂ ਕੇਸ ਹਨ ਜਿਨ੍ਹਾਂ ਵਿਚ ਪੁਲਿਸ/ਜਾਂਚ ਏਜੰਸੀਆਂ ਨੇ ਮੁਸਲਮਾਨਾਂ ਨੂੰ ਦਹਿਸ਼ਤਗਰਦ ਦਾ ਠੱਪਾ ਲਾ ਕੇ ਦਹਿਸ਼ਤਗਰਦ ਵਾਰਦਾਤਾਂ ਦੇ ਝੂਠੇ ਕੇਸਾਂ ਵਿਚ 10-15 ਜਾਂ ਇਸ ਤੋਂ ਵੀ ਵੱਧ ਸਮਾਂ ਜੇਲ੍ਹਾਂ ਵਿਚ ਸਾੜਿਆ ਅਤੇ ਅਦਾਲਤਾਂ ਵਿਚ ਉਹ ਸਾਰੇ ਬੇਕਸੂਰ ਸਾਬਤ ਹੋਏ।

• ਇਹ ਪਿਛਲੇ ਸਮੇਂ ਤੋਂ ਕਸ਼ਮੀਰੀ ਲੋਕਾਂ ਪ੍ਰਤੀ ਭਗਵੇ ਪ੍ਰਚਾਰਤੰਤਰ ਅਤੇ ਗੋਦੀ ਮੀਡੀਆ ਵੱਲੋਂ ਫੈਲਾਈ ਨਫ਼ਰਤ ਦਾ ਨਤੀਜਾ ਹੈ ਕਿ ਦਿੱਲੀ ਵਿਚ ਕਾਰ ਧਮਾਕਾ ਹੋਣ ਤੋਂ ਬਾਅਦ ਕਸ਼ਮੀਰੀਆਂ ਪ੍ਰਤੀ ਸ਼ੱਕ ਅਤੇ ਬੇਵਿਸ਼ਵਾਸੀ ਮੁੜ ਸ਼ੁਰੂ ਹੋ ਗਈ। ਕਿਉਂਕਿ ਕਥਿਤ ਜਾਂਚ ਅਨੁਸਾਰ ਡਾ. ਉਮਰ ਨਬੀ 'ਚਿੱਟ-ਕਾਲਰੀਆ ਦਹਿਸ਼ਤੀ ਮੌਡਿਊਲ' ਦਾ ਹਿੱਸਾ ਸੀ, ਇਸ ਲਈ ਪੂਰੇ ਭਾਰਤ ਵਿਚ ਕੰਮ ਕਰ ਰਹੇ ਕਸ਼ਮੀਰੀ ਡਾਕਟਰਾਂ ਨੂੰ ਸ਼ੱਕੀ, ਦਹਿਸ਼ਤਗਰਦੀ ਦੇ ਹਮਾਇਤੀ ਮੰਨ ਲਿਆ ਗਿਆ ਹੈ। ਉੱਤਰੀ ਭਾਰਤ ਵਿਚ ਦਿੱਲੀ ਕੌਮੀ ਰਾਜਧਾਨੀ ਖੇਤਰ, ਉਤਰਾਖੰਡ ਅਤੇ ਕੁਝ ਹੋਰ ਰਾਜਾਂ ਵਿਚ ਜੋ ਕਸ਼ਮੀਰੀ ਵਿਦਿਆਰਥੀ ਪੜ੍ਹ ਰਹੇ ਹਨ, ਉਨ੍ਹਾਂ ਨੂੰ ਮੁੜ ਉਸੇ ਤਰ੍ਹਾਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਵੇਂ ਪਹਿਲਗਾਮ ਕਾਂਡ ਸਮੇਂ ਵਾਪਰਿਆ ਸੀ। ਦਿੱਲੀ ਯੂਨੀਵਰਸਿਟੀ ਅਤੇ ਹੋਰ ਵਿਦਿਅਕ ਸੰਸਥਾਵਾਂ ਵਿਚ ਕਸ਼ਮੀਰੀ ਮੁੰਡੇ-ਕੁੜੀਆਂ ਨੂੰ ਉਨ੍ਹਾਂ ਦੇ ਨਾਲ ਪੜ੍ਹਦੇ ਵਿਦਿਆਰਥੀਆਂ ਵੱਲੋਂ ਵਿਅੰਗ ਕੱਸਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ, ਦੁਕਾਨਦਾਰਾਂ ਵੱਲੋਂ ਸਮਾਨ ਦੇਣ ਤੋਂ ਨਾਂਹ ਕਰਨ ਦੀਆਂ ਰਿਪੋਰਟਾਂ ਆ ਰਹੀਆਂ ਹਨ। ਬਹੁਤ ਸਾਰੇ ਕਸ਼ਮੀਰੀ ਮੁੰਡੇ-ਕੁੜੀਆਂ ਆਪਣੀ ਪਛਾਣ ਲੁਕੋਕੇ ਦਿਨ ਕੱਟਣ ਲਈ ਮਜਬੂਰ ਹਨ ਜਾਂ ਇਮਤਿਹਾਨ ਅਤੇ ਪੜ੍ਹਾਈ ਛੱਡਕੇ ਘਰਾਂ ਨੂੰ ਚਲੇ ਗਏ ਹਨ। ਪੁਲਿਸ ਹਰ ਕਸ਼ਮੀਰੀ

ਨੌਜਵਾਨ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀ ਹੈ। ਜੰਮੂ ਐਂਡ ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ ਨੇ ਦੱਸਿਆ ਹੈ ਕਿ ਦੇਹਰਾਦੂਨ (ਉਤਰਾਖੰਡ) ਵਿਚ ਪੁਲਿਸ ਵੱਲੋਂ 1700 ਕਸ਼ਮੀਰੀ ਵਿਦਿਆਰਥੀਆਂ ਉੱਪਰ ਮੁਜਰਿਮਾਂ ਵਾਂਗ ਨਜ਼ਰ ਰੱਖੀ ਜਾ ਰਹੀ ਹੈ ਅਤੇ ਹੁਣ ਫਿਰ ਉਨ੍ਹਾਂ ਦੇ ਪਿਛੋਕੜ ਦੀ ਛਾਣਬੀਣ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਹਰਿਆਣੇ ਤੋਂ ਵੀ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ। ਕਸ਼ਮੀਰੀਆਂ ਅਤੇ ਮੁਸਲਮਾਨਾਂ ਨੂੰ ਆਪਣੀ ਵਫ਼ਾਦਾਰੀ ਵਾਰ-ਵਾਰ ਸਾਬਤ ਕਰਨੀ ਪੈ ਰਹੀ ਹੈ।

• ਦਿੱਲੀ ਕਾਰ ਧਮਾਕਾ ਕਾਂਡ ਦੇ ਕਥਿਤ ਦੋਸ਼ੀ ਡਾ. ਉਮਰ ਨਬੀ ਦਾ ਕਸ਼ਮੀਰ ਵਿਚਲਾ ਪਰਿਵਾਰਕ ਘਰ ਪੁਲਿਸ ਵੱਲੋਂ ਮਲਬੇ ਦਾ ਢੇਰ ਬਣਾ ਦਿੱਤਾ ਗਿਆ। ਕਸ਼ਮੀਰ ਵਿਚ 'ਬੁਲਡੋਜ਼ਰ ਨਿਆਂ' ਦੇ ਤਹਿਤ ਪਹਿਲਾਂ ਵੀ ਕਈ ਕਥਿਤ ਦਹਿ ?ਸਤਗਰਦਾਂ ਦੇ ਘਰ ਤੋੜੇ ਜਾ ਚੁੱਕੇ ਹਨ। ਉੱਧਰ ਅਸਾਮ ਦੀ ਭਾਜਪਾ ਸਰਕਾਰ ਨੇ 'ਗ਼ੈਰਕਾਨੂੰਨੀ ਅਬਾਦਕਾਰਾਂ' ਨੂੰ ਉਜਾੜਨ ਦੀ ਮੁਹਿੰਮ ਮੁੜ ਵਿੱਢ ਲਈ ਹੈ। ਗੋਲਪਾਰਾ ਜ਼ਿਲ੍ਹੇ ਵਿਚ ਰਿਜ਼ਰਵ ਜੰਗਲ ਦੇ ਨਾਂ ਹੇਠ ਬੰਗਲਾਦੇਸ਼ੀ ਮੁਸਲਮਾਨਾਂ ਦੇ 588 ਘਰ ਤੋੜ ਦਿੱਤੇ ਗਏ। ਮੁੱਖ ਮੰਤਰੀ ਨੇ ਬਹੁਤ ਹੀ ਹਕਾਰਤ ਨਾਲ ਐਲਾਨ ਕੀਤਾ ਹੈ ਕਿ ਜਦੋਂ ਤੱਕ ਉਹ ਸੱਤਾ 'ਚ ਹੈ, 'ਗ਼ੈਰਕਾਨੂੰਨੀ ਮੀਆਂ' (ਸੰਘੀਆਂ ਵੱਲੋਂ ਮੁਸਲਮਾਨਾਂ ਲਈ ਅਪਮਾਨਜਨਕ ਸ਼ਬਦ) ਨੂੰ ਚੈਨ ਨਾਲ ਨਹੀਂ ਜੀਣ ਦੇਵੇਗਾ। ਪਿਛਲੇ ਸਾਲ ਸੁਪਰੀਮ ਕੋਰਟ ਦੇ 'ਬੁਲਡੋਜ਼ਰ ਕਾਰਵਾਈ' ਨਾ ਕਰਨ ਦੇ ਹੁਕਮਾਂ ਦੇ ਬਾਵਜੂਦ ਸਿਰਫ਼ ਬੰਗਲਾਦੇਸ਼ੀ ਮੁਸਲਮਾਨਾਂ ਦੇ ਘਰ ਤੋੜੇ ਗਏ। ਅਸਾਮ ਵਿਚ ਭਾਜਪਾ ਨੇ ਸੱਤਾ 'ਚ ਆ ਕੇ 2016-2024 ਦਰਮਿਆਨ 10620 ਪਰਿਵਾਰਾਂ ਨੂੰ ਉਜਾੜਿਆ ਹੈ। ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਵਸੇ ਸ਼ਰਣਾਰਥੀਆਂ ਦੇ ਘਰ ਗ਼ੈਰਕਾਨੂੰਨੀ ਘੁਸਪੈਠੀਏ ਦਾ ਠੱਪਾ ਲਾ ਕੇ ਤੋੜੇ ਜਾਂਦੇ ਹਨ ਅਤੇ ਕਸ਼ਮੀਰੀ ਤੇ ਹੋਰ ਮੁਸਲਮਾਨਾਂ ਦੇ ਦਹਿਸ਼ਤਗਰਦ ਤੇ ਦੰਗਈ ਹੋਣ ਦਾ ਠੱਪਾ ਲਾ ਕੇ।

'ਕਾਨੂੰਨ ਦਾ ਰਾਜ', 'ਸੰਵਿਧਾਨ ਨੂੰ ਮੰਨਣ' ਦੀਆਂ ਨਸੀਹਤਾਂ ਦੇਣ ਵਾਲੀ 'ਮੁੱਖਧਾਰਾ' ਦਾ ਕੋਈ ਵੀ ਹਿੱਸਾ ਇਹ ਸਵਾਲ ਨਹੀਂ ਕਰ ਰਿਹਾ ਕਿ ਅਦਾਲਤੀ ਪ੍ਰਕਿਰਿਆ ਅਪਣਾਏ ਤੋਂ ਬਿਨਾਂ ਹੀ ਪੁਲਿਸ ਵੱਲੋਂ ਕਿਸੇ ਦਾ ਘਰ ਢਾਹੁਣਾ ਕਾਨੂੰਨ ਦਾ ਰਾਜ ਕਿਵੇਂ ਹੈ? ਕਿਸੇ 'ਦੋਸ਼ੀ' ਦੇ ਜੁਰਮ ਦੀ ਸਮੂਹਿਕ ਸਜ਼ਾ ਉਸਦੇ ਪਰਿਵਾਰ ਨੂੰ ਦੇਣਾ ਅਤੇ ਕਹਿਰ ਦੀ ਸਰਦੀ ਵਿਚ ਪਰਿਵਾਰ ਨੂੰ ਘਰੋਂ ਬੇਘਰ ਕਰ ਦੇਣਾ ਕਿਸ ਕਾਨੂੰਨ ਦੇ ਤਹਿਤ ਹੈ?

• ਹਿੰਦੂਤਵ ਤਾਕਤਾਂ ਹਮੇਸ਼ਾ ਕਿਸੇ ਨਾ ਕਿਸੇ ਬਹਾਨੇ ਦੀ ਤਾਕ 'ਚ ਰਹਿੰਦੀਆਂ ਹਨ ਜਿਸ ਨੂੰ ਆਧਾਰ ਬਣਾਕੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਜੰਮੂ ਵਿਚ ਯੁਵਾ ਰਾਜਪੂਤ ਸਭਾ ਅਤੇ ਕਈ ਹਿੰਦੂ ਗਰੁੱਪਾਂ ਨੇ ਹਸਪਤਾਲ ਵਿਚ ਮੁਸਲਮਾਨ ਡਾਕਟਰਾਂ ਦੀ ਵਧੇਰੇ ਗਿਣਤੀ ਨੂੰ ਮੁੱਦਾ ਬਣਾ ਲਿਆ ਹੈ। ਯੁਵਾ ਰਾਜਪੂਤ ਸਭਾ ਦੇ ਮੈਂਬਰਾਂ ਵੱਲੋਂ ਸ੍ਰੀ ਮਾਤਾ ਵੈਸ਼ਣੋ ਦੇਵੀ ਸ਼ਰਾਇਨ ਬੋਰਡ ਹਸਪਤਾਲ ਵਿਚ ਮੁਸਲਿਮ ਡਾਕਟਰਾਂ ਦੀ ਨਿਯੁਕਤੀ ਦਾ ਵਿਰੋਧ ਕਰਨ ਲਈ ਮੁਜ਼ਾਹਰੇ ਕੀਤੇ ਗਏ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਹ ਹਿੰਦੂ ਤੀਰਥਯਾਤਰੀਆਂ ਦੇ ਪੈਸੇ ਨਾਲ ਚੱਲਣ ਵਾਲੀ ਸੰਸਥਾ ਹੈ ਅਤੇ ਇੱਥੇ ਭਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ "ਹਿੰਦੂਆਂ ਦੀ ਭਰਤੀ ਨੂੰ ਤਰਜੀਹ ਦੇਣੀ ਚਾਹੀਦੀ ਹੈ "ਅਤੇ ਹਿੰਦੂ ਮੈਡੀਕਲ ਤੇ ਸਹਾਇਕ ਕਰਮਚਾਰੀਆਂ ਦੀ ਨਿਯੁਕਤੀ ਕਰਨੀ ਚਾਹੀਦੀ ਹੈ। ਜਦੋਂ ਇਹ ਪਤਾ ਲੱਗਿਆ ਕਿ ਨਵੇਂ ਸਥਾਪਤ ਸ੍ਰੀ ਮਾਤਾ ਵੈਸ਼ਣੋ ਦੇਵੀ ਇੰਸਟੀਚਿਊਟ ਆਫ਼ ਮੈਡੀਕਲ ਐਕਸੀਲੈਂਸ (SMVDIME) ਵਿਚ ਐਮਬੀਬੀਐਸ ਦੇ ਪਹਿਲੇ ਬੈਚ (2025-26) ਵਿਚ ਦਾਖ਼ਲਾ ਲੈਣ ਵਾਲੇ 50 ਵਿੱਚੋਂ 42 ਵਿਦਿਆਰਥੀ ਮੁਸਲਿਮ ਭਾਈਚਾਰੇ ਤੋਂ ਸਨ ਤਾਂ ਇਸ ਨੂੰ ਮੁੱਦਾ ਬਣਾ ਲਿਆ ਗਿਆ। ਵਿਸ਼ਵ ਹਿੰਦੂ ਪਰਿਸ਼ਦ (ਵੀਐਚਪੀ) ਅਤੇ ਰਾਸ਼ਟਰੀ ਬਜਰੰਗ ਦਲ ਸਮੇਤ ਕਈ ਹਿੰਦੂਤਵ ਸੰਸਥਾਵਾਂ ਨੇ ਇਸ ਦਾਖ਼ਲੇ ਨੂੰ "ਧਾਰਮਿਕ ਤੌਰ 'ਤੇ ਅਸਾਵਾਂ" ਕਹਿੰਦੇ ਹੋਏ ਹਿੰਦੂ ਵਿਦਿਆਰਥੀਆਂ ਲਈ ਰਿਜ਼ਰਵੇਸ਼ਨ ਜਾਂ ਤਰਜੀਹ ਦੀ ਮੰਗ ਕੀਤੀ। ਰਾਸ਼ਟਰੀ ਬਜਰੰਗ ਦਲ ਜੰਮੂ ਦੇ ਪ੍ਰਧਾਨ ਨੇ ਦਾਅਵਾ ਕੀਤਾ ਕਿ ਹਿੰਦੂਆਂ ਨੂੰ ਸੱਤ ਅਤੇ ਸਿੱਖ ਨੂੰ ਇਕ ਜਦਕਿ ਮੁਸਲਮਾਨਾਂ ਨੂੰ 42 ਐਮਬੀਬੀਐਸ ਸੀਟਾਂ ਮਿਲਣੀਆਂ "ਵਿਤਕਰੇਪੂਰਨ" ਹੈ।

1 ਨਵੰਬਰ ਨੂੰ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੂੰ ਭੇਜੀ ਚਿੱਠੀ ਵਿਚ ਵਿਸ਼ਵ ਹਿੰਦੂ ਪਰਿਸ਼ਦ ਦੇ ਜਨਰਲ ਸਕੱਤਰ ਨੇ ਕਿਹਾ ਕਿ ਵਧੇਰੇ ਮੁਸਲਿਮ ਵਿਦਿਆਰਥੀਆਂ ਦੀ ਚੋਣ ਨਾਲ "ਧਾਰਮਿਕ ਅਸੰਤੁਲਨ" ਪੈਦਾ ਹੋ ਗਿਆ ਹੈ। ਪ੍ਰਸ਼ਾਸਨ ਅਤੇ ਸ਼ਰਾਇਨ ਬੋਰਡ ਨੂੰ "ਭਗਤਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੰਸਥਾ ਦੀ ਵਚਨਬੱਧਤਾ ਅਤੇ ਪਛਾਣ ਕਮਜ਼ੋਰ ਨਾ ਪਏ।" ਉਸਨੇ ਇਹ ਵੀ ਕਿਹਾ ਕਿ ਸ਼ਰਾਇਨ ਬੋਰਡ ਨਾਲ ਜੁੜੀਆਂ ਬੋਰਡ ਆਪਣੀ ਭਰਤੀ ਅਤੇ ਦਾਖਲਾ ਨੀਤੀਆਂ ਦੀ ਸਮੀਖਿਆ ਕਰੇ ਅਤੇ "ਸੰਸਥਾ ਦੀ ਪਵਿੱਤਰਤਾ ਬਰਕਰਾਰ ਰੱਖਣ ਲਈ ਹਿੰਦੂ ਅਧਿਆਪਕਾਂ ਅਤੇ ਕਰਮਚਾਰੀਆਂ ਦੀ ਨਿਯੁਕਤੀ ਯਕੀਨੀ ਬਣਾਈ ਜਾਵੇ।" ਯਾਦ ਰਹੇ ਕਿ ਮੈਡੀਕਲ ਇੰਸਟੀਚਿਊਟ ਅਤੇ ਸ਼ਰਾਇਨ ਬੋਰਡ ਹਸਪਤਾਲ ਵਿਚ ਦਾਖ਼ਲਾ ਅਤੇ ਕਰਮਚਾਰੀਆਂ ਦੀ ਭਰਤੀ ਪੂਰੀ ਤਰ੍ਹਾਂ ਨੀਟ ਮੈਰਿਟ ਅਤੇ ਜੰਮੂ-ਕਸ਼ਮੀਰ ਦੇ ਡੋਮੀਸਾਈਲ ਨਿਯਮਾਂ ਅਨੁਸਾਰ ਹੁੰਦੀ ਹੈ, ਜਿਸ ਵਿਚ ਧਾਰਮਿਕ ਆਧਾਰ 'ਤੇ ਵਿਚਾਰ ਕਰਨ ਦਾ ਕੋਈ ਵਿਵਸਥਾ ਨਹੀਂ ਹੈ। ਪਰ ਹਿੰਦੂਤਵਵਾਦੀਆਂ ਨੂੰ ਇਹ ਨੀਤੀ ਮਨਜ਼ੂਰ ਨਹੀਂ ਹੈ ਅਤੇ ਉਹ ਮੌਜੂਦਾ ਨੀਤੀ ਨੂੰ ਬਦਲਾਉਣ ਲਈ ਬਜ਼ਿੱਦ ਹਨ।

ਇਹ ਫਾਸ਼ੀਵਾਦੀ ਰਾਜ ਦੀ ਆਏ ਦਿਨ ਉੱਘੜ ਰਹੀ ਹਕੀਕਤ ਹੈ ਅਤੇ ਆਰਐੱਸਐੱਸ-ਭਾਜਪਾ 'ਸਭ ਤੋਂ ਵੱਡਾ ਲੋਕਤੰਤਰ' ਦਾ ਮੁਖੌਟਾ ਪਾ ਕੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਅੰਜਾਮ ਦੇ ਰਹੀ ਹੈ। ਅਵਾਮ ਚੋਣਾਂ, ਢੌਂਗੀ ਲੋਕਤੰਤਰ, ਲੋਕ-ਲੁਭਾਊ ਵਾਅਦਿਆਂ/ਸਕੀਮਾਂ ਦੇ ਨਸ਼ੇ 'ਚ ਡੁੱਬਿਆ ਹੋਇਆ। ਕਾਰਪੋਰੇਟ ਅਤੇ ਹਿੰਦੂਤਵ ਦਾ ਗੱਠਜੋੜ ਮੁਲਕ ਨੂੰ ਨੋਚ-ਨੋਚ ਖਾ ਰਿਹਾ ਹੈ। ਜਦੋਂ ਅਵਾਮ ਅੱਖਾਂ ਖੋਹਲਕੇ ਇਸ ਹਕੀਕਤ ਨੂੰ ਬੁੱਝੇਗਾ, ਓਦੋਂ ਬਹੁਤ ਦੇਰ ਹੋ ਚੁੱਕੀ ਹੋਵੇਗੀ।

---

# ਬੈਕ-ਟੂ-ਵਰਕ ਬਨਾਮ ਹੜਤਾਲ ਦਾ ਹੱਕ



ਹਰੀਪਾਲ
403-714-4816

ਹੜਤਾਲ ਕਰਨਾ ਮਜ਼ਦੂਰਾਂ ਦਾ ਕਾਨੂੰਨੀ ਹੱਕ ਹੈ। ਮਜ਼ਦੂਰ ਹੜਤਾਲ ਕਰਨਾ ਨਹੀਂ ਚਾਹੁੰਦੇ, ਮਜ਼ਦੂਰਾਂ ਲਈ ਹੜਤਾਲ ਕੋਈ ਸ਼ੁਗਲ ਦੀ ਗੱਲ ਨਹੀਂ, ਮਜ਼ਦੂਰਾਂ ਨੂੰ ਪਤਾ ਹੈ ਕਿ ਹੜਤਾਲ ਹੋਣ ਨਾਲ ਘਰਾਂ ਦੇ ਚੁੱਲੇ ਵੀ ਗਰਮ ਨਹੀਂ ਹੁੰਦੇ। ਪਰ ਕਈ ਵਾਰ ਹੜਤਾਲ ਕਰਨੀ ਪੈਂਦੀ ਹੈ ਜਦ ਮਜ਼ਦੂਰਾਂ ਦੀ ਕੋਈ ਵੀ ਗੱਲ ਸੁਣੀ ਨਹੀਂ ਜਾਂਦੀ। ਜਦ ਮਜ਼ਦੂਰ ਹੜਤਾਲ ਕਰਦੇ ਹਨ ਤਾਂ ਬੜਾ ਰੌਲਾ ਪੈ ਜਾਂਦਾ ਹੈ ਕਿ ਇਸ ਨਾਲ ਮੁਲਕ ਦੀ ਤਰੱਕੀ ਖੜ ਜਾਏਗੀ ਪ੍ਰੋਡਕਸ਼ਨ ਘਟ ਜਾਏਗੀ ਤੇ ਮੁਲਕ ਦੀ ਹਕੂਮਤ ਜਾਂ ਮੁਲਕ ਦਾ ਬਜਟ ਘਾਟੇ ਵਿੱਚ ਚਲਿਆ ਜਾਏਗਾ ਪਰ ਇਹਨਾਂ ਸਰਕਾਰਾਂ ਕੋਲ ਹੜਤਾਲਾਂ ਨੂੰ ਖਤਮ ਕਰਨ ਦਾ ਜਾਂ ਸਥਾਪਤੀ ਦੀ ਚੌਧਰ ਦਾ ਇੱਕ ਬੜਾ ਤਕੜਾ ਕਾਨੂੰਨ ਹੈ। ਜਿਸ ਨੂੰ ਬੈਕ ਟੂ ਵਰਕ ਕਨੂੰਨ ਕਿਹਾ ਜਾਂਦਾ ਹੈ। ਇਹ ਸਪੈਸ਼ਲ ਕਾਨੂੰਨ ਜਿਹੜਾ ਕਿ ਫੈਡਰਲ ਅਤੇ ਸਬਾਈ ਸਰਕਾਰਾਂ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਸਰਕਾਰਾਂ ਕਿਸੇ ਵੀ ਹੜਤਾਲ ਨੂੰ ਖਤਮ ਕਰਕੇ ਜਬਰਦਸਤੀ ਕੋਈ ਵੀ ਕੋਂਟਰੈਕਟ ਲਾਗੂ ਕਰ ਸਕਦੀਆਂ ਹਨ, ਬੈਕ ਟੂ ਵਰਕ ਕਨੂਨ ਕਨੇਡਾ ਵਿੱਚ 1950 ਤੋਂ ਬਾਅਦ 30 ਵਾਰ ਵਰਤਿਆ ਜਾ ਚੁੱਕਾ ਹੈ। ਅਗਸਤ 2024 ਵਿੱਚ ਰੇਲਵੇ ਵਰਕਰਾਂ ਦੀਆਂ ਦੋਹਾਂ ਯੂਨੀਅਨਾਂ ਨੂੰ ਬੈਕ ਟੂ ਵਰਕ ਕੀਤਾ ਗਿਆ। ਯੂਨੀਅਨਾਂ ਨੇ ਕੋਰਟ ਦਾ ਸਹਾਰਾ ਲਿਆ ਪਰ ਫੈਡਰਲ ਸਰਕਾਰ ਦੀ ਦਖਲ-ਅੰਦਾਜ਼ੀ ਕਰਕੇ ਇਹ ਲਾ ਸੂਟ ਵਿਚਾਲੇ ਹੀ ਰੋਕ ਦੇ ਉੱਤੇ ਗਈ। ਅਗਸਤ 2025 ਵਿੱਚ ਏਅਰ ਕਨੇਡਾ ਦੇ ਫਲਾਈਟ ਅਟੈਂਡਡੈਂਟ ਵਰਕਰਾਂ ਨੂੰ ਬੈਕ ਟੂ ਵਰਕ ਕੀਤਾ ਗਿਆ 1977 ਵਿੱਚ ਬੀਸੀ ਵਿੱਚ ਜਿਹੜਾ ਕਿ ਹੜਤਾਲਾਂ ਦਾ ਸਾਲ ਸੀ ਕਿੰਨੀਆਂ ਹੀ ਯੂਨੀਅਨਾਂ ਨੂੰ ਬੈਕ ਟੂ ਵਰਕ ਕੀਤਾ ਗਿਆ। ਜਿਸ ਤਰ੍ਹਾਂ ਕੈਨੇਡਾ ਵਿੱਚ ਕਰੀਬ ਅਮੀਰ ਦਾ ਪਹਾੜਾ ਵੱਧ ਰਿਹਾ ਹੈ। ਹੇਠਲਾ ਮੱਧਵਰਕ ਜੋ ਕਿ ਕਾਮਿਆਂ ਨੂੰ ਰੀਪ੍ਰਜ਼ੈਂਟ ਕਰਦਾ, ਉਸ ਹੇਠਲੇ ਮਧ ਵਰਗ ਦੀ ਆਮਦਨ ਦੇਖ ਕੇ ਪਤਾ ਲੱਗਦਾ ਹੈ ਕਿ ਹੜਤਾਲਾਂ ਨੂੰ ਰੋਕਣਾ ਬਹੁਤ ਮੁਸ਼ਕਿਲ ਹੈ।

ਮੱਧਵਰਕ ਦੀ ਇਨਕਮ ਦਾ ਪੰਜ ਸਾਲਾਂ ਦਾ **ਚਾਰਟ** :-

**2020 --26,2002**
**2021----26500**
**2022----27750**
**2023-----30000**
**2024-----31200**

2020 ਤੋਂ ਲੈ ਕੇ 2024 ਤੱਕ ਹੇਠਲੇ ਮੱਧਵਰਗ ਦੀ ਇਨਕਮ ਸਿਰਫ 5000 ਡਾਲਰ ਹੀ ਵਧੀ ਹੈ। ਕੀ ਪਿਛਲੇ ਪੰਜ ਸਾਲਾਂ ਵਿੱਚ ਘਰੇਲੂ ਖਰਚ ਵੀ 5000 ਵਧਿਆ ਹੈ? ਘਰੇਲੂ ਖਰਚ ਤਾਂ 100% ਤੋਂ ਵੀ ਉਤੇ ਚਲਿਆ ਗਿਆ ਹੈ। ਫਿਰ ਲੋਕ ਕੀ ਕਰਨ ਲੋਕ ਆਪਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਕਿਹਦੇ ਕੋਲ ਜਾਣ ਜਿਹੜੇ ਲੋਕ ਮੁਲਾਜ਼ਮ ਨੇ ਉਹਨਾਂ ਨੂੰ ਤਾਂ ਫਿਰ ਹੜਤਾਲ ਕਰਨੀ ਹੀ ਪੈਂਦੀ ਹੈ।

ਅਨਬਲਟਾ ਦੇ ਟੀਚਰ ਹੜਤਾਲ ਤੇ ਸਨ। ਅਲਬਰਟਾ ਦੇ ਟੀਚਰਾਂ ਦੀ ਜੇਕਰ ਆਪਾਂ ਤਨਖਾਹ ਬੀਸੀ ਸਸਕੈਚਵਨ ਤੇ ਮੈਨੀਟੋਬਾ ਨਾਲ਼ ਕੰਪੇਅਰ ਕਰੀਏ ਫਿਰ ਆਪਾਂ ਨੂੰ ਪਤਾ ਲੱਗਦਾ ਹੈ ਕਿ ਇਹਨਾਂ ਦੀ ਤਨਖਾਹ ਦੂਜੇ ਸੂਬਿਆਂ ਦੇ ਮੁਕਾਬਲੇ ਕਿੰਨੀ ਘੱਟ ਹੈ। ਅਧਿਆਪਕਾਂ ਦੀ ਘੱਟੋ ਘੱਟ ਤਨਖਾਹ :-

**ਬ੍ਰਿਟਿਸ਼ ਕੋਲੰਬੀਆਂ** ---67131
**ਸਸਕੈਚਵਨ**---------71665
**ਮੈਨੀਟੋਬਾ**-----------72758
**ਅਲਬਰਟਾ**-----------65136

ਤਿੰਨ ਸਤੰਬਰ 2025 ਤੋਂ ਅਲਬਰਟਾ ਦੇ ਟੀਚਰ ਹੜਤਾਲ ਤੇ ਸਨ, ਸਰਕਾਰ ਨੇ ਗੱਲਬਾਤ ਤਾਂ ਕੀ ਕਰਨੀ ਸੀ ਸਗੋਂ ਸਰਕਾਰ ਨੇ ਕਾਨੂੰਨ ਪਾਸ ਕਰਕੇ 29 ਅਕਤੂਬਰ 2025 ਨੂੰ ਅਲਬਰਟਾ ਦੇ ਟੀਚਰਾਂ ਨੂੰ ਬੈਕ ਟੂ ਵਰਕ ਕਰ ਦਿੱਤਾ ਹੈ। ਜਾਨੀ ਉਹਨਾਂ ਨੂੰ ਵਾਪਸ ਕੰਮ ਤੇ ਭੇਜ ਦਿੱਤਾ ਹੈ। ਤੇ ਨਾਲ ਇਹ ਵੀ ਕਿਹਾ ਗਿਆ ਹੈ ਕਿ ਜਿਹੜਾ ਟੀਚਰ ਜਾਣ ਬੁਝ ਕੇ ਕੰਮ ਤੇ ਨਹੀਂ ਜਾਊਗਾ ਉਸ ਨੂੰ 500 ਡਾਲਰ ਜੁਰਮਾਨਾ ਕੀਤਾ ਜਾਊਗਾ ਅਤੇ ਜੇਕਰ ਯੂਨੀਅਨ ਇਸ ਕਨੂੰਨ ਦੀ ਕੁਤਾਹੀ ਕਰੂਗੀ ਤਾਂ ਉਸਨੂੰ ਇੱਕ ਮਿਲੀਅਨ ਜ਼ੁਰਮਾਨਾ ਕੀਤਾ ਜਾਵੇਗਾ। ਇਸ ਤੋਂ ਵੱਡੀ ਡਿਕਟੇਟਰਸ਼ਿਪ ਹੋਰ ਕੀ ਹੋ ਸਕਦੀ ਹੈ। ਅਲਬਰਟਾ ਫੈਡਰੇਸ਼ਨ ਆਫ ਲੇਬਰ ਦੇ ਪ੍ਰਧਾਨ ਜਿਲਗਵਨ ਨੇ ਇੱਕ ਪ੍ਰੈਸ ਕਾਨਫਰਸ ਕਰਕੇ ਇਸ ਬਿੱਲ ਦਾ ਵਿਰੋਧ ਕਰਦੇ ਹੋਏ ਕਿਹਾ ਹੈ ਕਿ ਸ਼ਾਇਦ ਅਸੀਂ ਅਲਬਰਟਾ ਵਿੱਚ ਆਮ ਹੜਤਾਲ ਦੀ ਤਿਆਰੀ ਸ਼ੁਰੂ ਕਰੀਏ। ਅਲਬਰਟਾ ਦੀਆਂ ਹੋਰ ਯੂਨੀਅਨ ਨੇ ਵੀ ਜਿਲਵਗਨ ਦੇ ਫੈਸਲੇ ਦਾ ਸਵਾਗਤ ਕੀਤਾ ਸੀ। ਆਪਣੇ ਅਧਿਆਪਕਾਂ ਦੀ ਮੱਦਦ ਤੇ ਅਲਬਰਟਾ ਦੇ ਵਿਦਿਆਰਥੀ ਵੀ ਸੜਕਾਂ ਤੇ ਆ ਗਏ ਸਨ। ਉਹ ਵੀ ਲਗਾਤਾਰ ਅਧਿਆਪਕਾਂ ਦੇ ਨਾਲ ਮੁਜਾਰੇ ਕਰ ਰਹੇ ਹਨ। ਅਲਬਰਟਾ ਦੇ ਅਧਿਆਪਕਾਂ ਦੀਆਂ ਮੰਗਾਂ ਸਨ ਵਧੀਆ ਤਨਖਾਹ, ਵਧੀਆ ਕੰਮ ਕਰਨ ਦੀਆਂ ਹਾਲਤਾਂ ਅਤੇ ਕਲਾਸ ਸਾਈਜ਼ ਦਾ ਛੋਟੇ ਹੋਣਾ। ਹੁਣ ਦੇ ਸਮੇਂ ਅਲਬਰਟਾ ਦੇ ਬਹੁਤੇ ਸਕੂਲਾਂ ਵਿੱਚ ਕਲਾਸ ਸਾਈਜ 40 ਤੋਂ ਲੈ ਕੇ 60 ਬੱਚੇ ਇੱਕ ਕਲਾਸ ਵਿੱਚ ਹਨ, ਜਰਾ ਗੈਸ ਕਰੋ ਕਿ ਕੀ ਇੱਕ ਅਧਿਆਪਕ ਇੱਕ ਘੰਟੇ ਦੇ ਪੀਰੀਅਡ ਵਿੱਚ 60 ਬੱਚਿਆਂ ਨੂੰ ਅਟੈਂਡ ਕਰ ਸਕਦਾ ਹੈ? ਜੇਕਰ ਕਲਾਸ ਸਾਈਜ 20 ਤੋਂ 25 ਸਟੂਡੈਂਟਸ ਦਾ ਹੋਵੇ ਤਾਂ ਅਧਿਆਪਕ ਬੱਚਿਆਂ ਵੱਲ ਚੰਗੀ ਤਰ੍ਹਾਂ ਧਿਆਨ ਦੇ ਸਕਦਾ ਹੈ। ਇਸ ਨਾਲ ਪੜ੍ਹਾਈ ਦਾ ਸਟੈਂਡਰਡ ਵੀ ਉੱਚਾ ਹੋ ਸਕਦਾ ਹੈ। ਅਲਬਰਟਾ ਦਾ ਐਜੂਕੇਸ਼ਨ ਸਿਸਟਮ ਬੁਰੀ ਤਰ੍ਹਾਂ ਅੰਡਰ ਫੰਡਡ ਹੈ। ਅਲਬਰਟਾ ਵਿੱਚ ਇੱਕ ਅੰਡਰ ਗ੍ਰੈਜੂਏਟ ਸਟੂਡੈਂਟ ਤੇ ਖਰਚਾ 13494 ਡਾਲਰ ਹੈ ਜਿਹੜਾ ਕਿ ਕੈਨੇਡਾ ਦੇ ਸਾਰੇ ਸੂਬਿਆਂ ਤੋਂ ਘੱਟ ਹੈ। ਦੂਜੀ ਗੱਲ ਪ੍ਰਾਈਵੇਟ ਸਕੂਲਾਂ ਦੇ



ਵਿਦਿਆਰਥੀਆਂ ਤੇ ਪਰ ਸਟੂਡੈਂਟ ਖਰਚਾ ਸਾਰੇ ਸੂਬਿਆਂ ਨਾਲੋਂ ਵੱਧ ਹੈ। ਇਸ ਹੜਤਾਲ ਦੀ ਅਨਾਉਂਸਮੈਂਟ ਤੋਂ ਬਾਅਦ ਕੈਲਗਰੀ ਤੇ ਐਡਮਿਟਿਮ ਵਿੱਚ ਬਹੁਤ ਵੱਡੀਆਂ ਰੈਲੀਆਂ ਕੀਤੀਆਂ ਗਈਆਂ। ਸਭ ਤੋਂ ਵੱਡੀ ਰੈਲੀ ਪੰਜ ਅਕਤੂਬਰ 2025 ਨੂੰ ਅਲਬਰਟਾ ਅਸੈਂਬਲੀ ਹਾਲ ਦੇ ਸਾਹਮਣੇ ਹੋਈ, ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। ਬੈਕ ਟੂ ਵਰਕ ਉਹ ਕਾਨੂੰਨ ਹੈ ਜਿਸ ਨੂੰ ਸਰਕਾਰ ਕਿਸੇ ਵੀ ਸਮੇਂ ਹੜਤਾਲ ਨੂੰ ਤੋੜਨ ਲਈ ਵਰਤ ਸਕਦੀ ਹੈ। ਇਸ ਕਾਨੂੰਨ ਦੇ ਤਹਿਤ ਕਾਮਿਆਂ ਨੂੰ ਜ਼ਬਰਦਸਤੀ ਕੰਮ ਤੇ ਜਾਣ ਲਈ ਕਿਹਾ ਜਾਂਦਾ ਹੈ ਤੇ ਵਰਕ ਐਗਰੀਮੈਂਟ ਉਹਨਾਂ ਤੇ ਥੋਪਿਆ ਜਾਂਦਾ ਹੈ, ਚਾਹੇ ਇਸ ਲਈ ਉਹ ਸਹਿਮਤ ਹੋਣ ਜਾਂ ਨਾ ਹੋਣ। ਇਸ ਕਨੂੰਨ ਦੇ ਤਹਿਤ ਮਜ਼ਦੂਰਾਂ ਨੂੰ ਆਪ ਦੀਆਂ ਮੰਗਾਂ ਰੱਖਣ ਲਈ ਕਿਹਾ ਜਾਂਦਾ ਹੈ, ਪਰ ਅਸਲ ਫੈਸਲਾ ਸਰਕਾਰ ਦੇ ਨਿਯੁਕਤ ਕੀਤੇ ਸਾਲਸ ਵੱਲੋਂ ਕੀਤਾ ਜਾਂਦਾ ਹੈ ਜਿਹੜਾ ਕਿ ਦੋਹਾਂ ਧਿਰਾਂ ਨੂੰ ਮੰਨਣਾ ਪੈਂਦਾ ਹੈ। ਇਸ ਕਾਨੂੰਨ ਤਹਿਤ ਜੇਕਰ ਮਜ਼ਦੂਰ ਯੂਨੀਅਨਾਂ ਸਾਲਸ ਦੇ ਫੈਸਲੇ ਨੂੰ ਨਹੀਂ ਮੰਨਦੀਆਂ ਤਾਂ ਉਹਨਾਂ ਨੂੰ ਬਹੁਤ ਵੱਡੇ ਵੱਡੇ ਜੁਰਮਾਨੇ ਵੀ ਭਰਨੇ ਪੈ ਸਕਦੇ ਹਨ। ਸਰਕਾਰਾਂ ਆਮ ਤੌਰ ਤੇ ਇਹ ਕਾਨੂੰਨ ਜਰੂਰੀ ਸੇਵਾਵਾਂ, ਸਿਹਤ, ਟਰਾਂਸਪੋਰਟ ਸਿਸਟਮ ਨੂੰ ਚੱਲਦਾ ਰੱਖਣ ਲਈ ਵਰਤਦੀਆਂ ਹਨ ਇਹ ਕਾਨੂੰਨ ਉਦੋਂ ਵੀ ਵਰਤਿਆ ਜਾਂਦਾ ਹੈ ਜਦ ਹੜਤਾਲ ਦਾ ਮੁਲਕ ਦੀ ਆਰਥਿਕਤਾ ਤੇ ਵੱਡਾ ਪ੍ਰਭਾਵ ਪੈਂਦਾ ਹੈ, ਜਦੋਂ ਗੱਲਬਾਤ ਦਾ ਸਿਸਟਮ ਫੇਲ ਜਾਂਦਾ ਹੈ। ਗੱਲਬਾਤ ਤਾਂ ਹੀ ਕਾਮਯਾਬ ਹੋ ਸਕਦੀ ਹੈ ਜੇਕਰ ਮਾਲਕਾਂ ਵਿੱਚ ਥੋੜੀ ਬਹੁਤ ਇਮਾਨਦਾਰੀ ਹੋਵੇ, ਪਰ ਨਫੇ ਦੀ ਰਾਜਨੀਤੀ ਵਿੱਚ ਇਮਾਨਦਾਰੀ ਕੋਈ ਮਾਨੇ ਨਹੀਂ ਰੱਖਦੀ।

**ਕਨੈਡਾ ਦੀਆਂ ਮੇਜਰ ਹੜਤਾਲਾਂ** :--

1919, ਵਿਨੀਪੈਗ ਜਰਨਲ ਹੜਤਾਲ ਹੋਈ, ਜਿਹੜੀ ਕਿ ਗ੍ਰਿਫਤਾਰੀਆਂ ਅਤੇ ਹਿੰਸਾ ਨਾਲ ਖਤਮ ਹੋਈ।

1945, ਵਿੰਡਸਰ ਅੰਟਾਰੀਓ ਵਿੱਚ ਫੋਡ ਵਰਕਰਾਂ ਦੀ ਸਟਰਾਈਕ ਹੋਈ ਜਿਸ ਵਿੱਚ ਯੂਨੀਅਨ ਨੂੰ ਜਿੱਤ ਹਾਸਲ ਹੋਈ ਜਿਹੜੀ ਕੇ ਯੂਨੀਅਨ ਨੂੰ ਮਾਨਤਾ ਦਿਵਾਉਣ ਅਤੇ ਕਲੈਕਟਿਵ ਐਗਰੀਮੈਂਟ ਦੀਆਂ ਮੰਗਾਂ ਮਣਵਾਉਣ ਨਾਲ਼ ਖ਼ਤਮ ਹੋਈ।

1975, ਕਨੇਡਾ ਦੇ ਪੋਸਟ ਵਰਕਰਾਂ ਦੀ ਹੜਤਾਲ ਹੋਈ ਜਿਹੜੀ ਕਿ ਛੇ ਹਫਤੇ ਚੱਲੀ।

1976, ਕਨੇਡਾ ਵਿੱਚ ਜਰਨਲ ਸਟਰਾਈਕ ਹੋਈ ਜਿਹੜੀ ਕਿ ਲਗਭੱਗ ਸਾਲ ਭਰ ਚੱਲੀ, ਜਿਸ ਵਿੱਚ ਯੂਨੀਅਨਾਂ ਨੂੰ ਬੈਕ ਟੂ ਵਰਕ ਕੀਤਾ ਗਿਆ।

1981 ਕੈਨੇਡਾ ਦੇ ਪੋਸਟ ਵਰਕਰਾਂ ਦੀ ਸਟਰਾਈਕ ਹੋਈ ਜਿਹੜੀ ਕਿ 17 ਹਫਤੇ ਚੱਲੀ ਅਖੀਰ ਵਿੱਚ ਯੂਨੀਅਨ ਦੀਆਂ ਮੰਗਾਂ ਆ ਕੇ ਸਰਕਾਰ ਨੇ ਗੋਡੇ ਟੇਕੇ।

2004, ਪਬਲਿਕ ਸਰਵਿਸ ਵਰਕਰ ਦੀ ਹੜਤਾਲ ਹੋਈ।

2025, 1 ਲੱਖ 55,000 ਫੈਡਰਲ ਵਰਕਰਾਂ ਨੇ ਹੜਤਾਲ ਕੀਤੀ ਜਿਹੜੀ ਕਿ ਦੋ ਹਫਤੇ ਚੱਲੀ।

2025 ਦੀ ਅਲਬਰਟਾ ਦੀ ਟੀਚਰ ਸਟਰਾਈਕ ਦਾ ਵੇਰਵਾ ਉੱਪਰ ਦਿੱਤਾ ਜਾ ਚੁੱਕਾ ਹੈ।

ਇਸ ਸਮੇਂ ਵੀ ਕਾਰਪੋਰੇਟ ਮੁਨਾਫ਼ੇ ਕੇ ਸ਼ਿਖਰਾ ਛੂ ਰਹੇ ਹਨ ਅਤੇ ਆਮ ਵਰਕਰਾਂ ਦੀਆਂ ਤਨਖਾਹਾਂ ਇਨਫਲੇਸ਼ਨ ਦੇ ਹਿਸਾਬ ਨਾਲ ਨਹੀਂ ਵਧੀਆਂ, ਇਸ ਕਰਕੇ ਸਾਰੇ ਹੀ ਮਹਿਕਮਿਆ ਵਿੱਚ ਬਹੁਤ ਬੇਚੈਨੀ ਹੈ। ਇਹ ਸਤਰਾਂ ਲਿਖਦੇ ਲਿਖਦੇ ਹੀ ਹੈਲਥ ਕੇਅਰ ਵਰਕਰ ਹੜਤਾਲ ਤੇ ਚਲੇ ਗਏ ਸਨ ਪਰ ਗੌਰਮਿੰਟ ਨੂੰ ਇੱਕ ਘੰਟੇ ਦੇ ਵਿੱਚ ਵਿੱਚ ਹੀ ਉਹਨਾਂ ਦੀਆਂ ਮੰਗਾਂ ਮੰਨਣੀਆਂ ਪਈਆਂ। ਐਮਐਲਏ ਜਾਂ ਐਮਪੀ ਜਾਂ ਸਿਟੀ ਦੇ ਕੌਂਸਲਰ ਜਦੋਂ ਮਰਜ਼ੀ ਆਪਦੀਆਂ ਤਨਖਾਹਾਂ ਆਪ ਹੀ ਵਧਾ ਸਕਦੇ ਹਨ ਤੇ ਉਸ ਸਮੇਂ ਰਾਜ ਕਰ ਰਹੀ ਪਾਰਟੀ ਅਤੇ ਵਿਰੋਧੀ ਪਾਰਟੀਆਂ ਬਿਲਕੁਲ ਇੱਕ ਦੂਜੇ ਦਾ ਵਿਰੋਧ ਨਹੀਂ ਕਰਦੀਆਂ। ਜਾਣੀ ਕਿ ਚੁਣੇ ਹੋਏ ਲੋਕ ਜਿਹੜੇ ਰਾਜ ਕਰਦੇ ਹਨ ਜਾਂ ਵਿਰੋਧੀ ਪਾਰਟੀਆਂ ਵਿੱਚ ਹਨ ਆਪ ਦੀ ਤਨਖਾਹ ਤਾਂ ਜਦੋਂ ਮਰਜੀ ਵਧਾ ਸਕਦੇ ਹਨ ਪਰ ਮਜ਼ਦੂਰਾਂ ਨੂੰ ਆਪਦੀਆਂ ਤਨਖਾਹਾਂ ਵਧਾਉਣ ਲਈ ਹਮੇਸ਼ਾ ਹੀ ਹੜਤਾਲ ਦਾ ਸਹਾਰਾ ਲੈਣਾ ਪੈਂਦਾ ਹੈ। 2003 ਵਿੱਚ ਜਦ ਕੈਲਗਰੀ ਵਿੱਚ ਬੱਸਾਂ ਦੀ ਹੜਤਾਲ ਹੋਈ ਸੀ ਤਾਂ ਤਾਂ ਸਿਟੀ ਆਫ ਕੈਲਗਰੀ ਨੇ ਲੋਕਾਂ ਨੂੰ ਟੈਕਸੀ ਵੋਚਰ ਵੰਡ ਦਿੱਤੇ ਸਨ ਤਾਂ ਕਿ ਲੋਕ ਰੌਲਾ ਨਾ ਪਾਉਣ, ਹੁਣ ਅਲਬਰਟਾ ਵਿੱਚ ਟੀਚਰਾਂ ਦੀ ਹੜਤਾਲ ਵੇਲੇ ਲੋਕਾਂ ਨੂੰ 30 ਡਾਲਰ ਪ੍ਰਤੀ ਸਟੂਡੈਂਟ ਪਰ ਡੇ ਦੇ ਦਿੱਤੇ ਗਏ। ਸਰਕਾਰ ਕੋਲ ਹੜਤਾਲਾਂ ਨੂੰ ਖਤਮ ਕਰਾਉਣ ਲਈ ਬੈਕ ਟੂ ਵਰਕ ਦਾ ਇੱਕ ਇਹੋ ਜਿਹਾ ਡੰਡਾ ਹੈ ਜਿਹੜਾ ਕਿ ਮਜ਼ਦੂਰਾਂ ਦੇ ਹੜਤਾਲ ਦੇ ਹੱਕ ਨੂੰ ਵੀ ਖੋਹ ਲੈਂਦਾ ਹੈ, ਇਹ ਡੰਡਾ ਸਿਰਫ ਮਜ਼ਦੂਰਾਂ ਲਈ ਹੈ ਮਾਲਕਾਂ ਲਈ ਨਹੀਂ। ਜਦੋਂ ਵੀ ਕਾਰਪਰੇਟ ਮੁਨਾਫੇ ਵੱਧਦੇ ਹਨ ਆਮ ਲੋਕਾਂ ਦਾ ਘਾਣ ਹੁੰਦਾ ਹੈ ਕਿਉਂਕਿ ਉਹ ਆਮ ਲੋਕ ਹੀ ਹਨ ਜੋ ਕਿ ਕਾਰਪੋਰੇਸ਼ਨਾਂ ਦੀ ਲੁੱਟ ਦਾ ਸ਼ਿਕਾਰ ਹੁੰਦੇ ਹਨ। ਸਰਕਾਰਾਂ ਦੇ ਖਰਚੇ ਵੀ ਆਮ ਲੋਕਾਂ ਦੇ ਟੈਕਸ ਦੇ ਪੈਸਿਆਂ ਨਾਲ ਚਲਦੇ ਹਨ ਕਿਉਂਕਿ ਕਾਰਪੋਰੇਸ਼ਨਾਂ ਨੂੰ ਤਾਂ ਟੈਕਸ ਬਚਾਉਣ ਲਈ ਬਹੁਤ ਸਾਰੀਆਂ ਚੋਰ ਮੋਰੀਆਂ ਪਹਿਲਾਂ ਹੀ ਰੱਖ ਦਿੱਤੀਆਂ ਜਾਂਦੀਆਂ ਹਨ। ਇਸ ਸਮੇਂ ਅਲਬਰਟਾ ਵਿੱਚ ਘੱਟੋ ਘੱਟ ਉਜਰਤ ਸਾਰੇ ਸੂਬਿਆਂ ਨਾਲੋਂ ਘੱਟ ਹੈ, ਕੀ 17 ਡਾਲਰ ਘੰਟੇ ਦੇ ਲੈ ਕੇ ਕੀ ਕੋਈ ਘਰ ਚਲਾ ਸਕਦਾ ਹੈ? ਗੱਲ ਘੱਟੋ ਘੱਟ ਉਜਰਤ ਦੀ ਨਹੀਂ ਹੋਣੀ ਚਾਹੀਦੀ ਗੱਲ ਲਿਵਿੰਗ ਵੇਜ਼ ਦੀ ਹੋਣੀ ਚਾਹੀਦੀ ਹੈ ਜਿਹੜੀ ਕਿ ਅਲਬਰਟਾ ਵਿੱਚ ਇਸ ਸਮੇਂ 26 ਡਾਲ ਘੰਟੇ ਦੀ ਬਣਦੀ ਹੈ। ਹੁਣ ਜਦੋਂ ਲੋਕਾਂ ਨੇ ਘੱਟੋ ਘੱਟ ਉਜਰਤ ਵਧਾਉਣ ਦੀ ਮੰਗ ਕਰਨੀ ਹੈ ਤਾਂ ਫਿਰ ਸਰਕਾਰ ਵੱਲੋਂ ਹੀ ਰੌਲਾ ਪਵੇਗਾ ਇਸ ਨਾਲ ਇਨਫਲੇਸ਼ਨ ਵਧਦੀ ਹੈ ਮਹਿੰਗਾਈ ਵਧਦੀ ਹੈ ਪਰ ਜਦ ਅਮੀਰ ਧੱਜੀਆਂ ਉਡਾਉਂਦੇ ਹਨ ਪੈਸੇ ਦੀਆਂ ਕੀ ਉਸ ਟਾਈਮ ਕੋਈ ਮੰਗਿਆਈ ਨਹੀਂ ਵਧਦੀ? ਰੋਜ਼ ਮਰਹਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਲੋਕ ਇਨੀ ਬੁਰੀ ਤਰ੍ਹਾਂ ਬਿਜ਼ੀ ਕਰ ਦਿੱਤੇ ਗਏ ਹਨ ਉਹਨਾਂ ਕੋਲ ਇਹ ਸੋਚਣ ਦਾ ਟਾਈਮ ਹੀ ਨਹੀਂ ਕਿ ਸਾਡੇ ਹੱਕਾਂ ਦੀ ਰੋਟੀ ਕੌਣ ਖਾ ਰਿਹਾ ਹੈ। ਇਹ ਸਰਕਾਰਾਂ ਲੋਕਾਂ ਦਾ ਇਮਤਿਹਾਨ ਲੈ ਰਹੀਆਂ ਹਨ ਇਹ ਲੋਕਾਂ ਦੀ ਸਹਿਣ ਸ਼ਕਤੀ ਪਰਖ ਰਹੀਆਂ ਹਨ ਅਲਬਰਟਾ ਵਿੱਚ ਹੁਣ ਇੱਕ ਨਵਾਂ ਕਾਨੂੰਨ ਬਣ ਰਿਹਾ ਹੈ ਜਿਸ ਨਾਲ ਡਾਕਟਰ ਪ੍ਰਾਈਵੇਟ ਪ੍ਰੈਕਟਿਸ ਵੀ ਕਰ ਸਕਣਗੇ, ਯਾਨੀ ਕਿ ਜਿਹੜੀ ਸਰਜਰੀ ਦੀ ਵੇਟ ਅੱਗੇ ਇੱਕ ਸਾਲ ਦੀ ਸੀ ਉਹ ਢਾਈ ਤਿੰਨ ਸਾਲ ਤੱਕ ਚਲੀ ਜਾਵੇਗੀ। ਜੇਕਰ ਅਸੀਂ ਆਪਦੀਆਂ ਆਉਣ ਵਾਲੀਆਂ ਪੀੜੀਆਂ ਲਈ ਕੁਝ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਹੁਣੇ ਹੀ ਸੋਚਣਾ ਪਵੇਗਾ ਨਹੀਂ ਤਾਂ ਹਾਲਾਤ ਬਦ ਤੋਂ ਬਦਤਰ ਹੁੰਦੇ ਜਾਣਗੇ। ਜਦੋਂ ਤੱਕ ਕਾਮਿਆਂ ਦੀਆਂ ਤਨਖਾਹਾਂ ਇਨਫਲੇਸ਼ਨ ਦੇ ਹਿਸਾਬ ਨਾਲ ਨਹੀਂ ਵਧਣਗੀਆਂ ਲੋਕਾਂ ਦੀ ਜ਼ਿੰਦਗੀ ਔਖੀ ਹੀ ਹੁੰਦੀ ਜਾਵੇਗੀ।

ਸਰੋਕਾਰਾਂ ਦੀ ਆਵਾਜ਼ ਦੇ ਸੰਪਾਦਕੀ ਬੋਰਡ ਦੇ ਮੈਂਬਰ ਹਰੀਪਾਲ ਦੀ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਨੇ ਬੋਰਡ ਦੀ ਮੈਂਬਰੀ ਛੱਡ ਦਿੱਤਾ ਹੈ ਪਰ ਉਹ ਆਪਣੇ ਵਿਚਾਰ ਹਮੇਸ਼ਾ ਦਿੰਦੇ ਰਹਿਣਗੇ।
- ਸੰਪਾਦਕ

## ਕੈਨੇਡਾ ਫ਼ੈਡਰਲ ਸਰਕਾਰ ਦਾ 2025 ਬਜਟ

# ਪਬਲਿਕ ਖਰਚਿਆਂ ਵਿੱਚ ਸੰਕੋਚ ਪਰ ਅਰਬਾਂ ਡਾਲਰ ਦੇ ਫੌਜੀ ਖਰਚੇ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਘੱਟ ਗਿਣਤੀ ਸਰਕਾਰ ਦਾ ਪਹਿਲਾ ਬਜਟ, ਭਰੋਸੇ ਦਾ ਵੋਟ ਲੈਕੇ ਪਾਸ ਹੋ ਗਿਆ। ਗ੍ਰੀਨ ਪਾਰਟੀ ਨੇ ਸਮਰਥਨ ਨਾਲ ਪਾਸ ਹੋਏ ਇਸ ਬਜ਼ਟ ਨਾਲ ਫ਼ੈਡਰਲ ਚੋਣਾਂ ਦੁਬਾਰਾ ਹੋਣ ਦੀ ਸੰਭਾਵਨਾ ਟਲ੍ਹ ਗਈ ਹੈ। ਬਜਟ ਮਤਾ 170 ਦੇ ਮੁਕਾਬਲੇ 168 ਸੰਸਦ ਮੈਂਬਰਾਂ ਦੀਆਂ ਵੋਟਾਂ ਨਾਲ ਪਾਸ ਹੋਇਆ। ਐਨ.ਡੀ.ਪੀ ਪਾਰਟੀ ਦੇ ਦੋ ਸੰਸਦ ਮੈਂਬਰਾਂ ਅਤੇ ਕੰਜ਼ਰਵੇਟਿਵ ਪਾਰਟੀ ਦੇ ਦੋ ਸੰਸਦ ਮੈਂਬਰਾਂ ਨੇ ਵੋਟਿੰਗ ਤੋਂ ਬਾਹਰ ਹੀ ਰਹੇ। ਇਹ ਬਜਟ ਆਉਣ ਵਾਲੇ ਸਾਲਾਂ ਲਈ ਕੈਨੇਡੀਅਨ ਲੋਕਾਂ ਦੇ ਭਵਿੱਖ ਨੂੰ ਨਿਰਧਾਰਿਤ ਕਰੇਗਾ। ਸੰਨ 2025 ਲਈ ਕੈਨੇਡੀਅਨ ਫੈਡਰਲ ਬਜਟ, ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਵੱਖ-ਵੱਖ ਸਮਾਜਿਕ ਅਤੇ ਵਾਤਾਵਰਣ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਦੇ ਉਦੇਸ਼ ਨਾਲ ਆਰਥਿਕ ਰਣਨੀਤੀਆਂ, ਵਿੱਤੀ ਨੀਤੀਆਂ ਅਤੇ ਪਹਿਲ-ਕਦਮੀਆਂ ਦੀ ਰੂਪ ਰੇਖਾ ਤਿਆਰ ਕਰਦਾ ਹੈ। ਇਸ ਵਿੱਚ ਲਚਕੀਲੇਪਣ, ਪ੍ਰਭੁਸੱਤਾ ਅਤੇ ਨਵੀਨਤਾ ਉਪਰ ਕੇਂਦ੍ਰਤ ਇੱਕ ਪੀੜ੍ਹੀ ਲਈ ਨਿਵੇਸ਼ ਰਣਨੀਤੀ 'ਤੇ ਜ਼ੋਰ ਦਿੱਤਾ ਗਿਆ ਹੈ।ਬਜ਼ਟ ਦੀ ਮਾਹਿਰਾਂ ਵੱਲੋਂ ਨੁਕਤਾਚੀਨੀ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅੱਜ ਕੈਨੇਡਾ ਅੰਦਰ ਬਹੁਗਿਣਤੀ ਲੋਕ ਆਪਣਾ ਮਕਾਨ-ਕਿਰਾਇਆ ਅਦਾ ਕਰਨ ਅਤੇ ਆਪਣੀ ਦੋ ਡੰਗ ਦੇ ਭੋਜਣ ਲਈ ਸੰਘਰਸ਼ ਕਰ ਰਹੇ ਹਨ ਅਤੇ ਲੋਕ ਸਰਕਾਰ ਦੇ ਬਜਟ 2025 ਵਿੱਚ ਰਾਹਤ ਦੀ ਭਾਲ ਕਰ ਰਹੇ ਸਨ। ਸੁਰੱਖਿਆ ਡਾਲਰਾਂ ਵਿੱਚ ਅਰਬਾਂ ਡਾਲਰ ਦਾ ਪ੍ਰਬੰਧ ਕਰਨ ਦੇ ਚੱਕਰ ਵਿੱਚ, ਫੈਡਰਲ ਸਰਕਾਰ ਨੇ ਲੋਕ ਖਰਚਿਆਂ ਵਿੱਚ ਸੰਕੋਚ ਕਰਕੇ, ਲੋਕਾਂ ਨੂੰ ਪ੍ਰਾਈਵੇਟ ਸੈਕਟਰ ਦੇ ਰਹਿਮ ਤੇ ਵਧੇਰੇ ਛੱਡ ਦਿੱਤਾ ਹੈ। ਇਹ ਬਜ਼ਟ ਉਨ੍ਹਾਂ ਦੀਆਂ ਉਮੀਦਾਂ ਤੇ ਪੂਰਾ ਨਹੀਂ ਉਤਰਿਆ।

ਜੀਉਣ ਹਾਲਤਾਂ ਦੀ ਉੱਚ ਲਾਗਤ ਅਤੇ ਵੱਧ ਰਹੀ ਬੇਰੁਜ਼ਗਾਰੀ ਦਬਾਅ ਵਾਲੇ ਮੁੱਦੇ, ਕੈਨੇਡਾ ਨੂੰ ਦਰਪੇਸ਼ ਮੌਜੂਦਾ ਆਰਥਿਕ ਚੁਣੌਤੀਆਂ ਹਨ। ਗਲੋਬਲ ਆਰਥਿਕ ਵਿਕਾਸ ਦੀ ਗਤੀ ਹੌਲੀ ਹੋ ਰਹੀ ਹੈ, 2025-2026 ਲਈ ਅਸਲ ਜੀ.ਡੀ.ਪੀ ਵਿਕਾਸ ਦਰ 1.6% ਹੋਣ ਦਾ ਅਨੁਮਾਨ ਹੈ। ਕੈਨੇਡੀਅਨ ਲੋਕਾਂ ਲਈ ਖਰਚਿਆਂ ਨੂੰ ਘਟਾ ਕੇ ਬਜਟ 2025 ਸਰਕਾਰੀ ਕੰਮਾਂ 'ਤੇ ਘੱਟ ਖਰਚ ਕਰੇਗਾ। ਇਸ ਲਈ ਸਰਕਾਰ ਦੇਸ਼ ਦੀ ਆਰਥਿਕਤਾ ਨੂੰ ਵਧਾਉਣ ਅਤੇ ਜ਼ਰੂਰੀ ਪ੍ਰੋਗਰਾਮਾਂ ਦੀ ਰਾਖੀ ਕਰਨ ਲਈ ਵਧੇਰੇ ਨਿਵੇਸ਼ ਕਰ ਸਕਦੀ ਹੈ ਜੋ ਜ਼ਿੰਦਗੀ ਨੂੰ ਵਧੇਰੇ ਕਿਫਾਇਤੀ ਬਣਾਉਂਦੇ ਹਨ। ਬਜਟ 2025 ਅਗਲੇ ਪੰਜ ਸਾਲਾਂ ਵਿੱਚ ਫ਼ੈਡਰਲ ਖਰਚਿਆਂ ਨੂੰ 60 ਬਿਲੀਅਨ ਡਾਲਰ ਤੱਕ ਘਟਾਉਣ ਦੀ ਯੋਜਨਾ ਦੀ ਪੁਸ਼ਟੀ ਕਰਦਾ ਹੈ, ਜਿਸ ਨਾਲ ਜਨਤਕ ਸੇਵਾ ਵਿੱਚ ਅੰਦਾਜ਼ਨ 40,000 ਅਹੁਦਿਆਂ ਨੂੰ ਖਤਮ ਕੀਤਾ ਜਾ ਸਕਦਾ ਹੈ, ਜੋ ਕਿ ਕੁੱਲ ਕਰਮਚਾਰੀਆਂ ਦਾ ਲਗਭਗ 10 ਪ੍ਰਤੀਸ਼ਤ ਹੈ। ਇਸ ਬਜ਼ਟ ਦੇ ਪ੍ਰਤੀ ਨੁਕਤਾਚੀਨੀ ਵੀ ਕੀਤੀ ਜਾ ਰਹੀ ਹੈ ਕਿ ਅਜਿਹੇ ਸਮੇਂ ਜਦੋਂ ਗਰੀਬੀ ਵਧ ਰਹੀ ਹੈ ਅਤੇ ਅਮੀਰਾਂ ਅਤੇ ਸਾਡੇ ਬਾਕੀ ਲੋਕਾਂ ਵਿਚਕਾਰ ਪਾੜਾ ਵਧ ਰਿਹਾ ਹੈ, ਸਰਕਾਰ ਨੇ ਇੱਕ ਅਜਿਹਾ ਬਜਟ ਪੇਸ਼ ਕਰਨ ਦਾ ਮੌਕਾ ਗੁਆ ਦਿੱਤਾ ਜੋ ਸਾਰੇ ਕੈਨੇਡੀਅਨ ਲੋਕਾਂ ਦੇ ਹਿਤ ਵਿੱਚ ਤਰੱਕੀ ਕਰਦਾ ਹੋਵੇ।

ਇਸ ਬਜ਼ਟ ਰਾਹੀਂ ਮੁੱਖ ਨਿਵੇਸ਼ ਕੀਤੇ ਜਾਣਗੇ ਜਿਨ੍ਹਾਂ ਵਿੱਚ ਬੁਨਿਆਦੀ ਢਾਂਚੇ, ਰਿਹਾਇਸ਼ ਅਤੇ ਰੱਖਿਆ ਲਈ ਪੰਜ ਸਾਲਾਂ ਵਿੱਚ 280 ਬਿਲੀਅਨ ਡਾਲਰ ਸ਼ਾਮਲ ਹਨ।ਰੱਖਿਆ ਖਰਚਿਆਂ ਵਿੱਚ ਅਰਬਾਂ ਰੁਪਏ ਦਾ ਵਾਧਾ ਕਰਨ ਦਾ ਫੈਸਲਾ ਲਿਆ ਗਿਆ ਹੈ।ਬਜਟ 2025 ਵਿੱਚ ਪੰਜ ਸਾਲਾਂ ਵਿੱਚ ਰੱਖਿਆ ਲਈ 81.8 ਬਿਲੀਅਨ ਡਾਲਰ ਰੱਖੇ ਗਏ ਹਨ, ਜਿਸ ਵਿੱਚੋਂ ਲਗਭਗ 72 ਬਿਲੀਅਨ ਡਾਲਰ ਨਵੀਂ ਰਾਸ਼ੀ ਹੈ। ਬਜਟ ਵਿੱਚ 81.8 ਬਿਲੀਅਨ ਡਾਲਰ ਦੇ ਰੱਖਿਆ ਨਿਵੇਸ਼ ਨੂੰ ਦੇਸ਼ ਦੀ ਪ੍ਰਭੁਸੱਤਾ ਦੇ 'ਬਲੂਪ੍ਰਿੰਟ' ਵਜੋਂ ਦੱਸਿਆ ਗਿਆ ਹੈ। ਇਹ ਕੈਨੇਡੀਅਨ ਆਰਮਡ ਫੋਰਸਿਜ਼ ਦੇ ਮੈਂਬਰਾਂ ਦੀ ਭਰਤੀ ਅਤੇ ਬਰਕਰਾਰ ਰੱਖਣ ਲਈ ਪੰਜ ਸਾਲਾਂ ਵਿੱਚ 20 ਬਿਲੀਅਨ ਡਾਲਰ ਤੋਂ ਵੱਧ ਦਾ ਵੇਰਵਾ ਦਿੰਦਾ ਹੈ ਅਤੇ ਸੀ.ਏ.ਐਫ ਸਮਰੱਥਾ ਨੂੰ ਕਾਇਮ ਰੱਖਣ ਅਤੇ ਰੱਖਿਆ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਨ ਲਈ, ਉਸੇ ਸਮੇਂ ਦੌਰਾਨ ਹੋਰ 19 ਬਿਲੀਅਨ ਡਾਲਰ ਦਾ ਵੇਰਵਾ ਦਿੰਦਾ ਹੈ।

ਕੈਨੇਡੀਅਨਾਂ ਵਿੱਚ ਵੱਡੀ ਗਿਣਤੀ ਵਿੱਚ ਮਜ਼ਦੂਰ ਮੱਧ ਵਰਗ ਸ਼ਾਮਲ ਹੈ, ਇਸ ਲਈ ਸਰਕਾਰ ਨੇ ਮਜ਼ਦੂਰ ਜਮਾਤ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਦੀ ਹਾਮੀ ਭਰੀ ਹੈ। ਸਭ ਤੋਂ ਘੱਟ ਨਿੱਜੀ ਆਮਦਨ ਟੈਕਸ ਦਰ ਨੂੰ 15% ਤੋਂ ਘਟਾ ਕੇ 14% ਕਰਨਾ, ਜਿਸ ਨਾਲ ਲਗਭਗ 22 ਮਿਲੀਅਨ ਕੈਨੇਡੀਅਨਾਂ ਨੂੰ ਲਾਭ ਹੋਵੇਗਾ, $57,400 ਤੋਂ ਘੱਟ ਕਮਾਈ ਕਰਨ ਵਾਲਿਆਂ ਲਈ ਮਹੱਤਵਪੂਰਨ ਰਾਹਤ ਮਿਲ ਸਕਦੀ ਹੈ। ਇਸ ਬਜ਼ਟ ਰਾਹੀਂ ਪਹਿਲੀ ਵਾਰ ਘਰ-ਖਰੀਦਦਾਰਾਂ ਦੀ ਜੀ.ਐਸ.ਟੀ. ਛੋਟ ਦੇਣ ਲਈ ਇੱਕ ਮਿਲੀਅਨ ਡਾਲਰ ਤੱਕ ਦੇ ਨਵੇਂ ਘਰਾਂ 'ਤੇ ਜੀ.ਐਸ.ਟੀ. ਨੂੰ ਖਤਮ ਕੀਤਾ ਗਿਆ ਹੈ। ਇਸ ਨਾਲ ਨੌਜਵਾਨ ਪਰਿਵਾਰਾਂ ਅਤੇ ਰਿਹਾਇਸ਼ੀ ਬਾਜ਼ਾਰ ਵਿੱਚ ਦਾਖਲ ਹੋਣ ਵਾਲੇ ਵਿਅਕਤੀਆਂ ਲਈ ਖਰਚਿਆਂ ਨੂੰ ਘੱਟ ਕੀਤਾ ਜੇਵੇਗਾ। ਕਿਫਾਇਤੀ ਹਾਊਸਿੰਗ ਇਨੀਸ਼ੀਏਟਿਵਜ਼ ਰਾਹੀਂ, ਕਿਫਾਇਤੀ ਰਿਹਾਇਸ਼ੀ ਸਪਲਾਈ ਨੂੰ ਵਧਾਉਣ ਲਈ 'ਬਿਲਡ ਕੈਨੇਡਾ ਹੋਮਜ਼' ਦੀ ਸ਼ੁਰੂਆਤ, ਘੱਟ ਆਮਦਨੀ ਵਾਲੇ ਪਰਿਵਾਰਾਂ ਲਈ ਕੋ-ਓਪ ਹਾਊਸਿੰਗ ਅਤੇ ਪਰਿਵਰਤਨਸ਼ੀਲ ਰਿਹਾਇਸ਼ 'ਤੇ ਧਿਆਨ ਕੇਂਦ੍ਰਤ ਕਰਨਾ ਹੈ। 'ਨੈਸ਼ਨਲ ਸਕੂਲ ਫੂਡ ਪ੍ਰੋਗਰਾਮ' ਦੀ ਸ਼ੁਰੂਆਤ ਕੀਤੀ ਜਾਵੇਗੀ ਜੋ ਸਥਾਈ ਫੰਡਿੰਗ ਸਾਲਾਨਾ 400,000 ਬੱਚਿਆਂ ਲਈ ਭੋਜਨ ਨੂੰ ਯਕੀਨੀ ਬਣਾਉਂਦੀ ਹੈ, ਜਿਸ ਨਾਲ ਦੋ ਬੱਚਿਆਂ ਵਾਲੇ ਪਰਿਵਾਰਾਂ ਨੂੰ ਪ੍ਰਤੀ ਸਾਲ $800 ਦੀ ਬਚਤ ਹੁੰਦੀ ਹੈ। ਇਸ ਬਜ਼ਟ ਰਾਹੀਂ, ਖਪਤਕਾਰਾਂ ਦੀ ਕਾਰਬਨ ਕੀਮਤ ਨੂੰ ਰੱਦ ਕਰਨ ਨਾਲ ਗੈਸ ਦੀਆਂ ਕੀਮਤਾਂ ਘਟਦੀਆਂ ਹਨ, ਨਾਲ ਹੀ ਐਟਲਾਂਟਿਕ ਕੈਨੇਡਾ ਵਿੱਚ ਟੋਲ ਅਤੇ ਕਿਸ਼ਤੀ ਦੇ ਕਿਰਾਏ ਘਟਦੇ ਹਨ। ਇਸ ਬਜ਼ਟ ਰਾਹੀਂ, ਆਟੋਮੈਟਿਕ ਫੈਡਰਲ ਲਾਭ ਦੀ ਪਲਾਨਿੰਗ ਹੈ ਜੋਕਿ ਘੱਟ-ਆਮਦਨੀ ਵਾਲੇ ਕੈਨੇਡੀਅਨਾਂ ਵਾਸਤੇ GST/HST ਕਰੈਡਿਟ ਅਤੇ ਕੈਨੇਡਾ ਚਾਈਲਡ ਬੈਨੀਫਿਟ ਵਰਗੇ ਲਾਭਾਂ ਤੱਕ ਪਹੁੰਚ ਨੂੰ ਸਰਲ ਬਣਾਉਂਦਾ ਹੈ। 'ਹੋਮ ਐਕਸੈਸਬਿਲਟੀ ਟੈਕਸ ਕ੍ਰੈਡਿਟ' ਰਾਹੀਂ ਘਰ ਦੀਆਂ ਸੋਧਾਂ ਨੂੰ ਵਧੇਰੇ ਕਿਫਾਇਤੀ ਬਣਾ ਕੇ ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਨੂੰ ਲਾਭ ਮਿਲੇਗਾ। ਤੇਜ਼ ਰਫਤਾਰ ਰੇਲ ਦਾ ਨਿਰਮਾਣ ਕੀਤਾ ਜਾਵੇਗਾ, ਜਿਸ ਰਾਹੀਂ ਇਹ ਬਜ਼ਟ, ਕਿਊਬਿਕ ਸਿਟੀ ਤੋਂ ਟੋਰਾਂਟੋ ਕੋਰੀਡੋਰ ਵਿੱਚ ਮੱਧ-ਵਰਗ ਦੇ ਯਾਤਰੀਆਂ ਲਈ ਆਵਾਜਾਈ ਦੇ ਵਿਕਲਪਾਂ ਵਿੱਚ ਸੁਧਾਰ ਕਰਦਾ ਹੈ। ਸੱਭਿਆਚਾਰਕ ਤਜ਼ਰਬਿਆਂ ਰਾਹੀਂ ਕੈਨੇਡੀਅਨਾਂ ਨੂੰ ਜੋੜਿਆ ਜਾਵੇਗਾ, ਇਹ ਸਕੀਮ ਤਿਉਹਾਰਾਂ ਅਤੇ ਸੱਭਿਆਚਾਰਕ ਸਮਾਗਮਾਂ ਵਾਸਤੇ ਫੰਡ ਸਹਾਇਤਾ ਕਮਿਊਨਿਟੀ ਦੀ ਪਛਾਣ ਨੂੰ ਮਜ਼ਬੂਤ ਕਰਦੀ ਹੈ ਅਤੇ ਮੱਧ-ਵਰਗੀ ਪਰਿਵਾਰਾਂ ਨੂੰ ਲਾਭ ਪਹੁੰਚਾਉਂਦੀ ਹੈ।

ਇਹ ਬਜਟ ਮਜ਼ਦੂਰ ਜਮਾਤ ਨੂੰ ਇਸ ਤਰ੍ਹਾਂ ਦੇ ਲਾਭ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਵੇਂ ਕਿ ਸਿਖਲਾਈ ਅਤੇ ਰੁਜ਼ਗਾਰ ਪਹਿਲਕਦਮੀਆਂ ਕਰਨ ਨਾਲ 'ਰੈੱਡ ਸੀਲ ਟਰੇਡਜ਼' ਵਿੱਚ ਯੂਨੀਅਨ-ਅਧਾਰਤ ਅਪ੍ਰੈਂਟਿਸਸ਼ਿਪ ਸਿਖਲਾਈ ਦਾ ਵਿਸਥਾਰ ਅਤੇ ਕੈਨੇਡਾ ਸਮਰ ਜੌਬਸ ਅਤੇ ਸਟੂਡੈਂਟ ਵਰਕ ਪਲੇਸਮੈਂਟ ਪ੍ਰੋਗਰਾਮ ਵਰਗੇ ਨੌਜਵਾਨਾਂ ਦੇ ਰੁਜ਼ਗਾਰ ਪ੍ਰੋਗਰਾਮਾਂ ਲਈ ਫੰਡਿੰਗ ਕੀਤੀ ਜਾਵੇਗੀ। 'ਪਰਸਨਲ ਸਪੋਰਟ ਵਰਕਰਜ਼ ਟੈਕਸ' ਪੀ.ਐਸ.ਡਬਲਿਊ ਕਾਮਿਆਂ ਲਈ ਟੈਕਸ ਕ੍ਰੈਡਿਟ ਰਾਹੀਂ, ਮੁੱਖ ਤੌਰ 'ਤੇ ਔਰਤਾਂ ਅਤੇ ਨਸਲੀ ਵਿਤਕਰੇ ਨਾਲ ਪ੍ਰਭਾਵਿਤ ਕੌਮਾਂ ਦੇ ਕਾਮਿਆਂ ਨੂੰ ਲਾਭ ਪਹੁੰਚਾਉਂਦਾ ਹੈ। ਪੀ.ਐਸ.ਡਬਲਿਊ ਕਾਮਿਆਂ ਨੂੰ ਹੋਣ ਵਾਲੇ ਲਾਭਾਂ ਵਿੱਚ ਸ਼ਾਮਲ ਹਨ, ਉਨ੍ਹਾਂ ਦੀ ਆਮਦਨ ਲਈ 5% ਦਾ ਵਾਪਸੀਯੋਗ ਟੈਕਸ ਕਰੈਡਿਟ ਸਾਲਾਨਾ $1,100 ਤੱਕ ਦਿੱਤਾ ਗਿਆ ਹੈ ਜੋਕਿ 2026 ਤੋਂ 2030 ਟੈਕਸ ਸਾਲਾਂ ਲਈ ਹੈ। ਬ੍ਰਿਟਿਸ਼ ਕੋਲੰਬੀਆ, ਨਿਊਫਾਊਂਡਲੈਂਡ ਅਤੇ ਲੈਬਰਾਡੋਰ ਅਤੇ ਉੱਤਰ-ਪੱਛਮੀ ਖੇਤਰਾਂ ਵਿੱਚ ਦੁਵੱਲੇ ਸਮਝੌਤਿਆਂ 'ਤੇ ਦਸਤਖਤ ਕੀਤੇ ਜਾਣ ਦੇ ਨਾਲ, ਪੀ. ਐਸ. ਡਬਲਿਊ ਕਰਮਚਾਰੀਆਂ ਲਈ ਤਨਖਾਹ ਵਧਾਉਣ ਲਈ ਪੰਜ ਸਾਲਾਂ ਵਿੱਚ 1.7 ਬਿਲੀਅਨ ਡਾਲਰ ਅਲਾਟ ਕੀਤੇ ਗਏ ਹਨ। ਕੰਮ-ਸਥਾਨ ਦੇ ਵਾਤਾਵਰਣ ਅਤੇ ਸਰੋਤਾਂ ਵਿੱਚ ਸੁਧਾਰ ਕਰਨ ਲਈ ਸਿਹਤ-ਸੰਭਾਲ ਬੁਨਿਆਦੀ ਢਾਂਚੇ, ਲੰਬੀ-ਮਿਆਦ ਦੀਆਂ ਸੰਭਾਲ ਸਹੂਲਤਾਂ ਅਤੇ ਘਰੇਲੂ ਸਿਹਤ ਸੰਭਾਲ ਸਥਾਪਨਾ ਵਿੱਚ ਨਿਵੇਸ਼ ਦਾ ਪ੍ਰਬੰਧ ਕੀਤਾ ਗਿਆ ਹੈ। ਸਿਹਤ-ਸੰਭਾਲ ਅਤੇ ਲੰਬੀ ਮਿਆਦ ਦੀਆਂ ਸੰਭਾਲ ਸੁਵਿਧਾਵਾਂ ਵਾਸਤੇ ਫ਼ੰਡ ਸਹਾਇਤਾ ਨਿੱਜੀ ਸਹਾਇਤਾ ਕਾਮਿਆਂ ਵਾਸਤੇ ਵਧੇਰੇ ਨੌਕਰੀ ਦੇ ਮੌਕੇ ਪੈਦਾ ਕਰਦੀ ਹੈ।




ਇਹ ਬਜ਼ਟ ਰੁਜ਼ਗਾਰ ਬੀਮਾ (ਈ. ਆਈ.) ਵਿੱਚ ਵਾਧਾ ਕਰਕੇ, ਆਰਥਿਕ ਡਾਵਾਂਡੋਲਤਾ ਦੁਆਰਾ ਪ੍ਰਭਾਵਤ ਕਾਮਿਆਂ ਲਈ ਆਮਦਨੀ ਸਹਾਇਤਾ ਨੂੰ ਵਧਾਉਣ ਲਈ ਅਸਥਾਈ ਉਪਾਅ ਹੈ। 'ਵਰਕਫੋਰਸ ਅਲਾਇੰਸ' ਬਣਾਕੇ, ਹੁਨਰ ਵਿਕਾਸ ਅਤੇ ਸਥਾਨਕ ਨੌਕਰੀ ਦੇ ਬਾਜ਼ਾਰਾਂ ਵਿੱਚ ਨਿਵੇਸ਼ ਕੀਤਾ ਜਾਵੇਗਾ, ਜਿਸ ਵਿੱਚ ਡਿਜੀਟਲ ਨੌਕਰੀਆਂ ਅਤੇ ਸਿਖਲਾਈ ਪਲੇਟਫਾਰਮ ਸ਼ਾਮਲ ਹਨ। ਕਾਮਿਆਂ ਦੀ ਸੁਰੱਖਿਆ ਲਈ, ਖ਼ਾਸਕਰ ਟਰਕਿੰਗ ਵਰਗੇ ਉਦਯੋਗਾਂ ਵਿੱਚ ਤਨਖਾਹ ਦੀ ਚੋਰੀ ਅਤੇ ਕਰਮਚਾਰੀਆਂ ਦੇ ਗਲਤ ਵਰਗੀਕਰਣ ਨੂੰ ਹੱਲ ਕਰਨ ਦੇ ਉਪਾਅ ਕੀਤੇ ਜਾਣਗੇ। ਵਿਦੇਸ਼ੀ ਪ੍ਰਮਾਣ ਪੱਤਰ ਦੀ ਮਾਨਤਾ ਵਿੱਚ ਸੁਧਾਰ ਕੀਤਾ ਜਾਵੇਗਾ ਜਿਸ ਰਾਹੀਂ, ਅੰਤਰਰਾਸ਼ਟਰੀ ਪੱਧਰ 'ਤੇ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਲਈ ਪ੍ਰਮਾਣ ਪੱਤਰਾਂ ਦੀ ਮਾਨਤਾ ਨੂੰ ਸੁਚਾਰੂ ਬਣਾਉਣ ਲਈ ਫੰਡਿੰਗ, ਨਵੇਂ ਆਉਣ ਵਾਲਿਆਂ ਅਤੇ ਨਸਲੀ ਵਿਅਕਤੀਆਂ ਨੂੰ ਲਾਭ ਪਹੁੰਚੇਗੀ। ਫਸਟ ਨੇਸ਼ਨਜ਼ ਬੁਨਿਆਦੀ ਢਾਂਚੇ ਦੇ ਵਿੱਤ ਨੂੰ ਮਜ਼ਬੂਤ ਕਰਨ ਲਈ, ਭੰਡਾਰਾਂ 'ਤੇ ਪਾਣੀ ਅਤੇ ਗੰਦੇ ਪਾਣੀ ਦੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼, ਸਵਦੇਸ਼ੀ ਕਾਮਿਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਸ਼ਾਮਿਲ ਹੈ। 'ਯੂਥ ਕਲਾਈਮੇਟ ਕੋਰ' ਦੀ ਵਿਉਂਤਬੰਦੀ ਰਾਹੀਂ, ਨੌਜਵਾਨ ਕੈਨੇਡੀਅਨਾਂ ਲਈ ਅਦਾਇਗੀ ਗ੍ਰੀਨ ਹੁਨਰ ਸਿਖਲਾਈ ਅਤੇ ਨੌਕਰੀ ਦੀ ਪਲੇਸਮੈਂਟ ਕੀਤੀ ਜਾਵੇਗੀ। 'ਕੈਨੇਡੀਅਨ ਐਨਰਜੀ ਰੈਗੂਲੇਟਰ ਐਕਟ' ਵਿੱਚ ਵਿਧਾਨਕ ਸੋਧਾਂ ਕਰਕੇ, ਊਰਜਾ ਅਤੇ ਨਿਰਮਾਣ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ। ਕੈਨੇਡਾ ਦੇ 'ਬਾਇਓਸਕਿਓਰਿਟੀ ਓਵਰਸਾਈਟ ਫਰੇਮਵਰਕ' ਦਾ ਆਧੁਨਿਕੀਕਰਨ ਕੀਤਾ ਜਾਵੇਗਾ ਜੋਕਿ ਸਿਹਤ ਅਤੇ ਖੋਜ ਖੇਤਰਾਂ ਵਿੱਚ ਕਰਮਚਾਰੀਆਂ ਨੂੰ ਬਾਇਓਸਕਿਓਰਿਟੀ ਦੇ ਖ਼ਤਰੇ ਤੋਂ ਬਚਾਉਂਦਾ ਹੈ। ਇਨ੍ਹਾਂ ਸਾਰੇ ਉਪਾਵਾਂ ਦਾ ਉਦੇਸ਼ ਸਮੂਹਿਕ ਤੌਰ 'ਤੇ ਵਿੱਤੀ ਸਥਿਰਤਾ, ਸੇਵਾਵਾਂ ਤੱਕ ਪਹੁੰਚ, ਰਿਹਾਇਸ਼ ਦੀ ਸਮਰੱਥਾ ਅਤੇ ਮੱਧ-ਵਰਗ ਅਤੇ ਮਜ਼ਦੂਰ ਵਰਗ ਦੇ ਕੈਨੇਡੀਅਨਾਂ ਲਈ ਨੌਕਰੀ ਦੇ ਮੌਕਿਆਂ ਵਿੱਚ ਸੁਧਾਰ ਕਰਨਾ ਹੈ।

ਇਹ ਬਜਟ ਸੀਨੀਅਰ ਸਿਟੀਜ਼ਨਾਂ ਨੂੰ ਲਾਭ ਦੇਣ ਦਾ ਦਾਅਵਾ ਕਰਦਾ ਹੈ ਕਿ ਮੱਧ ਵਰਗ ਨੂੰ ਟੈਕਸ ਰਾਹਤ ਅਤੇ ਅਸਥਾਈ ਟੌਪ-ਅੱਪ ਟੈਕਸ ਕ੍ਰੈਡਿਟ ਬਜ਼ੁਰਗਾਂ ਲਈ ਵਿੱਤੀ ਰਾਹਤ ਪ੍ਰਦਾਨ ਕਰਨਾ ਸ਼ਾਮਲ ਹੈ। ਇਹ ਵਧੀ ਹੋਈ ਵਿੱਤੀ ਸਹਾਇਤਾ ਸਿਹਤ ਸੰਭਾਲ ਬੁਨਿਆਦੀ ਢਾਂਚੇ, ਲੰਬੇ ਸਮੇਂ ਦੀ ਦੇਖਭਾਲ ਦੀਆਂ ਸਹੂਲਤਾਂ ਅਤੇ ਘਰੇਲੂ ਸਿਹਤ ਸੰਭਾਲ ਅਦਾਰਿਆਂ ਵਿੱਚ ਨਿਵੇਸ਼ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕਰਦਾ ਹੈ। ਸਿਹਤ ਸੰਭਾਲ ਪੇਸ਼ੇਵਰਾਂ ਲਈ ਵਿਦੇਸ਼ੀ ਪ੍ਰਮਾਣ ਪੱਤਰਾਂ ਦੀ ਤੇਜ਼ੀ ਨਾਲ ਮਾਨਤਾ ਸੇਵਾ ਦੀ ਉਪਲਬਧਤਾ ਨੂੰ ਵਧਾਉਂਦੀ ਹੈ। ਸੁਧਾਰੀਆਂ ਵੀ.ਆਈ.ਏ ਰੇਲ ਸੇਵਾਵਾਂ ਅਤੇ ਤੇਜ਼ ਰਫਤਾਰ ਰੇਲ ਵਿਕਾਸ ਬਜ਼ੁਰਗਾਂ ਲਈ ਯਾਤਰਾ ਦੇ ਵਿਕਲਪਾਂ ਨੂੰ ਵਧਾਉਂਦੇ ਹਨ। ਇਹ ਬਜ਼ਟ, 'ਰੀਨਿਊਡ ਕੈਨੇਡਾ ਸਟ੍ਰਾਂਗ ਪਾਸ' ਯਾਤਰਾ ਅਤੇ ਸੱਭਿਆਚਾਰਕ ਤਜ਼ਰਬਿਆਂ 'ਤੇ ਛੋਟਾਂ ਦੀ ਪੇਸ਼ਕਸ਼ ਕਰਦਾ ਹੈ। ਵੈਟਰਨਜ਼ ਅਫੇਅਰਜ਼ ਕੈਨੇਡਾ ਦਾ ਅਪਾਹਜਤਾ ਲਾਭ ਪ੍ਰੋਗਰਾਮ ਦਾ ਆਧੁਨਿਕੀਕਰਨ ਸੀਨੀਅਰ ਵੈਟਰਨਜ਼ ਲਈ ਸਮੇਂ ਸਿਰ ਸਹਾਇਤਾ ਨੂੰ ਯਕੀਨੀ ਬਣਾਉਂਦਾ ਹੈ। ਫਾਰਮਾਕੇਅਰ ਪ੍ਰੋਗਰਾਮਾਂ ਵਾਸਤੇ ਨਿਰੰਤਰ ਸਹਾਇਤਾ ਬਜ਼ੁਰਗਾਂ ਵਾਸਤੇ ਦਵਾਈ ਦੇ ਖ਼ਰਚਿਆਂ ਨੂੰ ਘਟਾਉਂਦੀ ਹੈ। 'ਕੈਨੇਡਾ ਡਿਸਏਬਿਲਟੀ ਬੈਨੀਫਿਟ' ਅਪੰਗਤਾ ਵਾਲੇ ਘੱਟ-ਆਮਦਨੀ ਵਿਅਕਤੀ ਵਿਸ਼ੇਸ਼ਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਾਉਂਦਾ ਹੈ। 'ਆਟੋਮੈਟਿਕ ਫੈਡਰਲ ਬੈਨੀਫਿਟਸ GST/HST ਕਰੈਡਿਟ ਅਤੇ ਕੈਨੇਡਾ ਚਾਈਲਡ ਬੈਨੀਫਿਟ ਤੱਕ ਪਹੁੰਚ ਨੂੰ ਸਰਲ ਬਣਾਉਂਦੇ ਹਨ। ਯੂਨੀਅਨ-ਅਧਾਰਤ ਅਪ੍ਰੈਂਟਿਸਸ਼ਿਪ ਸਿਖਲਾਈ ਅਤੇ ਨੌਜਵਾਨ ਰੁਜ਼ਗਾਰ ਪਹਿਲਕਦਮੀਆਂ ਅਪਾਹਜ ਵਿਅਕਤੀਆਂ ਲਈ ਕੈਰੀਅਰ ਦੇ ਵਿਕਾਸ ਵਿੱਚ ਸਹਾਇਤਾ ਕਰਦੀ ਹੈ। ਵਿਦੇਸ਼ੀ ਪ੍ਰਮਾਣ ਪੱਤਰ ਮਾਨਤਾ ਐਕਸ਼ਨ ਫੰਡ ਅਪਾਹਜ ਅੰਤਰਰਾਸ਼ਟਰੀ ਪੱਧਰ 'ਤੇ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਨੂੰ ਰੁਜ਼ਗਾਰ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕਰਦਾ ਹੈ। ਇਨ੍ਹਾਂ ਉਪਾਵਾਂ ਦਾ ਉਦੇਸ਼ ਬਜ਼ੁਰਗ ਨਾਗਰਿਕਾਂ ਅਤੇ ਡਿਸਇਬੇਲਟੀ ਵਾਲੇ ਵਿਅਕਤੀਆਂ ਲਈ ਵਿੱਤੀ ਸੁਰੱਖਿਆ, ਰਿਹਾਇਸ਼ ਪਹੁੰਚ, ਸਿਹਤ ਸੰਭਾਲ ਪਹੁੰਚ ਅਤੇ ਸਮਾਜਿਕ ਸ਼ਮੂਲੀਅਤ ਵਿੱਚ ਸੁਧਾਰ ਕਰਨਾ ਹੈ, ਇਹ ਯਕੀਨੀ ਬਣਾਉਣਾ ਹੈ ਕਿ ਉਹ ਸਨਮਾਨ ਅਤੇ ਸੁਤੰਤਰਤਾ ਨਾਲ ਰਹਿ ਸਕਣ। ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਸਮਰਥਨ ਕਰਨ ਲਈ ਵਿੱਤੀ ਰਾਹਤ ਦੇ ਨਾਲ-ਨਾਲ ਦੇਖਭਾਲ ਕਰਨ ਅਤੇ ਸਿਹਤ ਸੰਭਾਲ ਪ੍ਰਣਾਲੀ ਵਿੱਚ ਉਨ੍ਹਾਂ ਦੇ ਯੋਗਦਾਨ ਵਿੱਚ ਨਿੱਜੀ ਸਹਾਇਤਾ ਕਰਮਚਾਰੀਆਂ ਦੀ ਮਹੱਤਵਪੂਰਣ ਭੂਮਿਕਾ ਹੋਵੇਗੀ। ਪਰਸਨਲ ਸਪੋਰਟ ਵਰਕਰਜ਼ ਟੈਕਸ ਕ੍ਰੈਡਿਟ ਦੇਖਭਾਲ ਕਰਨ ਵਾਲਿਆਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ, ਜਿਸ ਨਾਲ ਅਸਿੱਧੇ ਤੌਰ 'ਤੇ ਬਜ਼ੁਰਗਾਂ ਨੂੰ ਲਾਭ ਹੁੰਦਾ ਹੈ।

ਕੈਨੇਡਾ ਦੀ ਰਿਹਾਇਸ਼ੀ ਸਪਲਾਈ ਅਤੇ ਸਿਹਤ ਸੰਭਾਲ ਪ੍ਰਣਾਲੀ 'ਤੇ ਦਬਾਅ ਮਹਿਸੂਸ ਕਰਦੇ ਹੋਏ, ਇਮੀਗ੍ਰੇਸ਼ਨ ਪ੍ਰਣਾਲੀ 'ਤੇ ਸਰਕਾਰ ਦਾ "ਕੰਟਰੋਲ ਵਾਪਸ ਲੈਣ" ਦੇ ਰੂਪ ਵਿੱਚ, ਬਜਟ 2025 ਇਮੀਗ੍ਰੇਸ਼ਨ ਟੀਚਿਆਂ ਨੂੰ ਘਟਾਉਣ ਦਾ ਵਾਅਦਾ ਕਰਦਾ ਹੈ। ਨਵੀਂ ਯੋਜਨਾ ਵਿੱਚ ਨਵੇਂ ਟੈਂਪਰੇਰੀ ਵਸਨੀਕ ਐਂਟਰੀ ਦੇ ਟੀਚੇ ਨੂੰ 2025 ਵਿੱਚ 673,650 ਤੋਂ ਘਟਾ ਕੇ 2026 ਵਿੱਚ 385,000 ਕਰਨ ਦਾ ਪ੍ਰਸਤਾਵ ਹੈ। 2026-28 ਇਮੀਗ੍ਰੇਸ਼ਨ ਪੱਧਰ ਦੀ ਯੋਜਨਾ ਸਥਾਈ ਨਿਵਾਸੀ ਐਂਟਰੀ ਦੇ ਟੀਚੇ ਨੂੰ 380,000 ਪ੍ਰਤੀ ਸਾਲ ਰੱਖੇਗੀ, ਜੋ ਕਿ 2025 ਵਿੱਚ 395,000 ਤੋਂ ਘੱਟ ਹੈ।ਸਰਕਾਰ 2026 ਅਤੇ 2027 ਵਿੱਚ 33,000 ਵਰਕ ਪਰਮਿਟ ਧਾਰਕਾਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਵਿੱਚ ਤਬਦੀਲ ਕਰਨ ਵਿੱਚ ਤੇਜ਼ੀ ਲਿਆਉਣ ਲਈ ਪ੍ਰਸਤਾਵ ਵੀ ਰੱਖ ਰਹੀ ਹੈ। ਅੰਤਰਰਾਸ਼ਟਰੀ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਲਈ ਇੱਕ ਰਣਨੀਤੀ ਵੀ ਸ਼ੁਰੂ ਕਰੇਗਾ, ਜਿਸ ਵਿੱਚ ਇੱਕ ਹਜ਼ਾਰ ਤੋਂ ਵੱਧ ਉੱਚ ਯੋਗਤਾ ਪ੍ਰਾਪਤ ਅੰਤਰਰਾਸ਼ਟਰੀ ਖੋਜਕਰਤਾਵਾਂ ਨੂੰ ਕੈਨੇਡਾ ਵਿੱਚ ਭਰਤੀ ਕਰਨ ਦੀ ਇੱਕ ਵਾਰ ਦੀ ਪਹਿਲ ਵੀ ਸ਼ਾਮਲ ਹੈ।

ਇਸ ਬਜਟ ਦੀ ਨੁਕਤਾਚੀਨੀ ਕਰਨ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਜ਼ਟ ਬਹੁਤ ਸਾਰੇ ਅਹਿਮ ਮੁੱਦਿਆਂ 'ਤੇ ਚੁੱਪੀ ਧਾਰਦਾ ਹੈ, ਜਿਵੇਂਕਿ ਲੋਕਾਂ ਵਿੱਚ ਵਧ ਰਹੇ ਆਮਦਨੀ ਦੇ ਪਾੜੇ ਅਤੇ ਸਿਹਤ ਸੰਭਾਲ ਬਾਰੇ। ਇਹ ਬਜਟ ਨੀਤੀ, ਮੱਧਮ ਅਤੇ ਉੱਚ ਆਮਦਨ ਟੈਕਸ ਵਿੱਚ ਕਟੌਤੀ ਕੈਨੇਡਾ ਵਿੱਚ ਆਮਦਨੀ ਦੇ ਪਾੜੇ ਨੂੰ ਹੋਰ ਵਿਗਾੜੇਗੀ, ਆਮਦਨੀ ਸਪੈਕਟ੍ਰਮ ਦੇ ਮੱਧ ਅਤੇ ਉਪਰਲੇ ਹਿੱਸਿਆਂ ਵਿੱਚ ਆਮਦਨ-ਟੈਕਸ ਭਰਨ ਵਾਲਿਆਂ ਨੂੰ ਵਾਧੂ $400 ਭੇਜੇਗੀ ਅਤੇ ਭੋਜਨ ਅਤੇ ਪਰ ਕਿਰਾਏ ਨੂੰ ਬਰਦਾਸ਼ਤ ਕਰਨ ਲਈ ਸੰਘਰਸ਼ ਕਰ ਰਹੇ ਪਰਿਵਾਰਾਂ ਨੂੰ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ।ਬਹੁਤੇ ਮਾਹਿਰਾਂ ਦਾ ਕਹਿਣਾ ਹੈ ਕਿ ਸਿਹਤ ਸੰਭਾਲ ਸਹੂਲਤਾਂ ਬਾਰੇ ਵੀ ਸਰਕਾਰ ਕੋਈ ਚੰਗਾ ਕਦਮ ਚੁੱਕਣ ਵਿੱਚ ਅਸਫ਼ਲ ਰਹੀ ਹੈ। ਸਮਾਜਿਕ ਬੁਨਿਆਦੀ ਢਾਂਚੇ ਨੂੰ ਪਹਿਲ ਦੇਣ ਦੀ ਬਜਾਏ, ਇਸ ਬਜ਼ਟ ਦਾ ਧਿਆਨ, ਬੁਨਿਆਦੀ ਢਾਂਚੇ 'ਤੇ ਕੇਂਦ੍ਰਤ ਪੂੰਜੀ ਦੇ ਰੂਪ ਵਿੱਚ ਹੈ।ਆਮ ਤੌਰ 'ਤੇ, ਸਿਹਤ ਸੰਭਾਲ ਵਿੱਚ ਚੁਣੌਤੀ ਸਟਾਫ ਦੀ ਹੈ, ਨਾ ਕਿ ਇਮਾਰਤਾਂ ਦੀ ਘਾਟ। ਐਮਰਜੈਂਸੀ ਵਿਭਾਗ ਦੇ ਮਰੀਜ਼ਾਂ ਲਈ ਲੰਬੀਆਂ ਇੰਤਜ਼ਾਰ ਲਾਇਨਾਂ ਦੀ ਸਮੱਸਿਆ ਦੇ ਮੁੱਖ ਕਾਰਨਾਂ ਵਿੱਚੋਂ ਇੱਕ, ਨਰਸਾਂ ਅਤੇ ਨਿੱਜੀ ਸਹਾਇਤਾ ਕਰਮਚਾਰੀਆਂ ਲਈ ਲੋੜੀਂਦੀ ਤਨਖਾਹ ਦੀ ਬਜ਼ਟ ਕਮੀ ਹੈ। ਇੱਕ ਵੱਡਾ ਐਮਰਜੈਂਸੀ ਕਮਰਾ ਸਮੱਸਿਆ ਨੂੰ ਸਹੀ ਹੱਲ ਨਹੀਂ ਕਰਦਾ ਹੈ, ਹਾਲਾਂਕਿ ਇਹ ਪੂੰਜੀ ਦੇ ਤੌਰ 'ਤੇ ਗਿਣਿਆ ਜਾਂਦਾ ਹੈ। ਦੇਸ਼ ਦੇ ਪਰੋਵਿੰਸ ਅਤੇ ਖੇਤਰ, ਸੰਭਾਵਤ ਤੌਰ 'ਤੇ ਇਸ ਸਿਹਤ ਬੁਨਿਆਦੀ ਢਾਂਚੇ ਦੀ ਵਰਤੋਂ ਕਰ ਸਕਦੇ ਹਨ। ਬਜ਼ਟ ਦੇ ਤਿੰਨ ਸਾਲਾਂ ਵਿੱਚ ਇਸਦੀ ਕੀਮਤ 5 ਬਿਲੀਅਨ ਡਾਲਰ ਹੋਵੇਗੀ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਨੂੰ ਇਸ ਦੇ ਬਰਾਬਰ ਪੂੰਜੀ ਖਰਚਨੀ ਪਵੇਗੀ। ਸਟਾਫ ਤੋਂ ਬਿਨਾਂ, ਹਸਪਤਾਲ ਦੀਆਂ ਵੱਡੀਆਂ ਇਮਾਰਤਾਂ ਲੋਕਾਂ ਲਈ ਕਿਸੇ ਕੰਮ ਦੀਆਂ ਨਹੀਂ ਹਨ। ਇਸ ਬਜਟ ਵਿੱਚ ਲੰਮੇ ਸਮੇਂ ਦੀ ਸਿਹਤ-ਸੰਭਾਲ ਵੀ ਪੂਰੀ ਤਰ੍ਹਾਂ ਗਾਇਬ ਹੈ। ਲੰਬੇ ਸਮੇਂ ਦੀ ਸਿਹਤ-ਸੰਭਾਲ ਲਈ ਨਵੇਂ ਕਮਰੇ ਨਿਸ਼ਚਤ ਤੌਰ 'ਤੇ ਇੱਕ ਮੁੱਦਾ ਹੈ, ਪਰ ਉਨ੍ਹਾਂ ਕਮਰਿਆਂ ਵਿੱਚ ਸਟਾਫ ਵੀ ਭਰਤੀ ਕਰਨਾ ਪੈਂਦਾ ਹੈ। ਪੂੰਜੀ 'ਤੇ ਵਿਸ਼ੇਸ਼ ਜ਼ੋਰ ਦੇ ਕੇ ਸਕੀਮਾਂ ਤਿਆਰ ਕਰਨ ਵਾਲਾ ਤਰੀਕਾ ਬਹੁਤੀਆਂ ਮੁਸ਼ਕਲਾਂ ਦਾ ਹੱਲ ਨਹੀਂ ਕਰ ਸਕਦਾ। ਸੁਰੱਖਿਆ ਡਾਲਰਾਂ ਵਿੱਚ ਅਰਬਾਂ ਡਾਲਰ ਦਾ ਪ੍ਰਬੰਧ ਕਰਣ ਦੇ ਚੱਕਰ ਵਿੱਚ, ਸਰਕਾਰ ਨੇ ਲੋਕ ਖਰਚਿਆਂ ਵਿੱਚ ਸੰਕੋਚ ਕਰਕੇ, ਟੈਕਸਾਂ ਵਿੱਚ ਕਟੌਤੀ ਕਰਕੇ ਅਤੇ ਲੋਕਾਂ ਨੂੰ ਪ੍ਰਾਈਵੇਟ ਸੈਕਟਰ ਦੇ ਰਹਿਮ ਤੇ ਵਧੇਰੇ ਛੱਡ ਦਿੱਤਾ ਹੈ। ਇਹ ਇੱਕ ਅਜਿਹੀ ਪਹੁੰਚ ਹੈ ਜੋ ਪਹਿਲਾਂ ਵੀ ਸਾਬਿਤ ਕਰ ਚੁੱਕੀ ਹੈ ਕਿ ਇਸ ਤਰ੍ਹਾਂ ਦੇਸ਼ ਵਿੱਚ ਵਧੇਰੇ ਅਸਮਾਨਤਾ, ਸੀਮਤ ਮੌਕੇ ਅਤੇ ਖੁਸ਼ਹਾਲੀ ਵਿੱਚ ਕਮੀ ਆਉਂਦੀ ਹੈ।

# ‘ਫ਼ਲੀਟ ਐਗਜ਼ੈਕਟਿਵ ਸਮਿਟ ਟੋਰਾਂਟੋ-2025’ ਵਿੱਚ ਟਰੱਕਿੰਗ ਇੰਡਸਟਰੀ ਤੇ ਡਰਾਈਵਰਾਂ ਦੀਆਂ ਮੁਸ਼ਕਲਾਂ ਬਾਰੇ ਹੋਇਆ ਗੰਭੀਰ ਵਿਚਾਰ-ਵਟਾਂਦਰਾ










ਬਰੈਂਪਟਨ, (ਡਾ. ਝੰਡ) : ਲੰਘੇ ਮੰਗਲਵਾਰ 25 ਨਵੰਬਰ ਨੂੰ ‘ਲਾਇਨ-ਹੈੱਡ ਗੌਲ਼ਫ ਕਲੱਬ ਐਂਡ ਕਾਨਫ਼ਰੰਸ ਸੈਂਟਰ’ ਵਿਖੇ ‘ਫ਼ਲੀਟ ਐੱਗਜ਼ੈੱਕਟਿਵ ਸੰਮਿਟ ਟੋਰਾਂਟੋ-2025’ ਆਯੋਜਿਤ ਕੀਤਾ ਗਿਆ। ਇਸ ਵਿੱਚ ਟਰੱਕਿੰਗ ਅਤੇ ਇਨਸ਼ੋਅਰੈਨਸ ਇੰਡਸਟਰੀ ਨਾਲ ਸਬੰਧਿਤ ਕੰਪਨੀਆਂ ਦੇ ਲੱਗਭੱਗ 200 ਉੱਚ-ਅਧਿਕਾਰੀਆਂ ਨੇ ਭਾਗ ਲਿਆ। ਇਸ ਇੱਕ-ਦਿਨਾਂ ਸੰਮਿਟ ਵਿੱਚ ਟਰੱਕਿੰਗ ਇੰਡਸਟਰੀ ਅਤੇ ਡਰਾਈਵਰਾਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਵੱਖ-ਵੱਖ ਪੈਨਲਾਂ ਵਿਚ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ।

ਸਵੇਰੇ 8.30 ਵਜੇ ਆਰੰਭ ਹੋਈ ਇਸ ਕਾਨਫ਼ਰੰਸ ਵਿੱਚ ‘ਮਾਸਟਰ ਆਫ਼ ਸੈਰੀਮਨੀਜ਼’ ਜੇਕ ਧੀਰ ਵੱਲੋਂ ਕਹੇ ਗਏ ਮੁੱਢਲੇ ਸੁਆਗਤੀ ਸ਼ਬਦਾਂਤੋਂ ਬਾਅਦ ‘ਰਾਇਲ ਬੈਂਕ ਆਫ਼ ਕੈਨੇਡਾ’ ਦੇ ਸੀਨੀਅਰ ਇਕੌਨੋਮਿਸਟ ਕਲੇਅਰ ਫੈਨ ਵੱਲੋਂ ‘ਇਕਨਾਮਿਕ ਟਰੈਂਡਜ਼ ਐਂਡ ਟਰੱਕਿੰਗ’ ਵਿਸ਼ੇ’ ‘ਤੇ ਮੁੱਖ-ਭਾਸ਼ਨ ਦਿੱਤਾ ਗਿਆ। ਉਪਰੰਤ, ‘ਹੰਟਰ ਐਕਸਪਰੈੱਸ ਲਿਮਿਟਿਡ’ ਦੇ ਚੀਫ਼ ਫ਼ਾਈਨੈਂਸ਼ੀਅਲ ਅਫ਼ਸਰ, ਦਵਿੰਦਰ ਨਿੱਜਰ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਾਏ ਗਏ ਵੱਖ-ਵੱਖ ਟੈਰਿਫ਼ਾਂ ਦਾ ਟਰੱਕਿੰਗ ਇੰਡਸਟਰੀ ਉੱਪਰ ਪਏ ਮਾੜੇ ਪ੍ਰਭਾਵ ਬਾਰੇ ਅਸਰਦਾਰ ਕੁੰਜੀਵੱਤ-ਭਾਸ਼ਨ ‘ਟਰੰਪ ਇੰਪੈਕਟ ਆਨ ਟਰੱਕਿੰਗ’ ਦਿੱਤਾ ਅਤੇ ਇਸਦੇ ਨਾਲ ਹੀ ‘ਟਰੱਕਲੋਡ ਕੈਰੀਅਰਜ਼ ਐਸੋਸਿਏਸ਼ਨ’ ਦੇ ਵਾਈਸ-ਪ੍ਰੈਜ਼ੀਡੈਂਟ ਡੇਵਿਡ ਹੈੱਲਰ ਵੱਲੋਂ ‘ਯੂ.ਐੱਸ.ਏ. ਕੰਪਲਾਇੰਸ ਐਂਡ ਰੈਗੂਲੇਟਰੀ ਅੱਪਡੇਟਸ’ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ।

ਇਸ ਤੋਂ ਬਾਅਦ ‘ਪੈਨਲ-ਡਿਸਕਸ਼ਨਾਂ’ ਦਾ ਦੌਰ ਸ਼ੁਰੂ ਹੋ ਗਿਆ। ‘ਬੀਆਂਡ ਕੰਪਲਾਇੰਸ: ਬਿਲਡਿੰਗ ਏ ਕਲਚਰ ਆਫ਼ ਸੇਫ਼ਟੀ ਇਨ ਫ਼ਲੀਟ ਆਪਰੇਸ਼ਨਜ਼’ ਵਿਸ਼ੇ ਉੱਪਰ ਪਹਿਲੇ ਸੈਸ਼ਨ ਦੇ ਪੈਨਲ-ਮਾਡਰੇਟਰ ਸਕਾਟ ਕੌਬਰ ਵੱਲੋਂ ਆਪਣੇ ਪੈਨਲਿਸਟਾਂ ਬਰੈਡਨ ਮੁਇਰ, ਜਿਔਫ਼ਰੀ ਜੌਸਫ਼, ਰੌਨ ਹੈਨਸਨ, ਮਿਲ ਪੈਰੇਆਲਟ ਅਤੇ ਰੌਬਟਰ ਜੇ. ਮੈਕਡੌਗਲ ਨਾਲ ਟਰੱਕਿੰਗ ਵਿੱਚ ਸੁਰੱਖਿਆ ਬਾਰੇ ਬਹੁਤ ਵਧੀਆ ਗੱਲਬਾਤ ਆਯੋਜਿਤ ਕੀਤੀ ਗਈ, ਜਿਸ ਵਿੱਚ ਟਰੱਕ ਡਰਾਈਵਰਾਂ ਦੀ ਸੁਰੱਖਿਆ ਦਾ ਵਿਸ਼ਾ ਮੁੱਖ ਤੌਰ ‘ਤੇ ਉੱਭਰ ਕੇ ਆਇਆ। ਸਾਰੇ ਹੀ ਪੈਨਲਿਸਟਾਂ ਦਾ ਸਰਬਸੰਮਤੀ ਨਾਲ ਵਿਚਾਰ ਸੀ ਕਿ ਐਕਸੀਡੈਂਟਾਂ ਵਿੱਚ ਅਚਾਨਕ ਜਾਨ ਦੇਣ ਵਾਲੇ ਅਤੇ ਜ਼ਖ਼ਮੀ ਹੋਣ ਵਾਲੇ ਡਰਾਈਵਰਾਂ ਦੇ ਪਰਿਵਾਰਾਂ ਨੂੰ ਕੰਪਨੀਆਂ ਵੱਲੋਂ ਬਣਦੇ ਯੋਗ ਮੁਆਵਜ਼ੇ ਦਾ ਭੁਗਤਾਨ ਜਲਦੀ ਤੋਂ ਜਲਦੀ ਹੋਣਾ ਚਾਹੀਦਾ ਹੈ।

ਦੁਪਹਿਰ ਦੇ ਖਾਣੇ ਦੀ ਬਰੇਕ ਤੋਂ ਬਾਅਦ ਦੂਸਰੇ ਸੈਸ਼ਨ ‘ਟੱਫ਼ ਕਨਵਰਸੇਸ਼ਨਜ਼: ਸੇਫ਼ਟੀ, ਐਂਪਲਾਇਮੈਂਟ ਲਾਅ, ਐਂਡ ਅਕਾਊਂਟੇਬਿਲਿਟੀ’ ਵਿੱਚ ਪੈਨਲ ਦੇ ਮਾਡਰੇਟਰ ਬਿਲ ਰੌਬਿਨਸਨ ਵੱਲੋਂ ਆਪਣੇ ਪੈਨਨਲਿਸਟਾਂ ਵਿਭੋਰ ਗੁਪਤਾ, ਮਾਈਕ ਮਿਲੀਅਨ, ਰਿਕ ਮੌਰਗਨ, ਮਾਈਕ ਪਰੌਸੇ, ਰਾਜਨ ਚੈਲੇਥ ਅਤੇ ਗੌਰਡਨ ਹੈਰਨ ਨਾਲ ਰਚਾਏ ਗਏ ਸੰਵਾਦ ਵਿੱਚ ਟਰੱਕਿੰਗ ਵਿੱਚ ਸੁਰੱਖਿਆ ਤੇ ਰੋਜ਼ਗਾਰ ਨਾਲ ਸਬੰਧਿਤ ਕਾਨੂੰਨਾਂ ਅਤੇ ਉਨ੍ਹਾਂ ਦੀ ਜੁਆਬਦੇਹੀ ਬਾਰੇ ਦਿਲਚਸਪ ਵਿਚਾਰ ਸਾਹਮਣੇ ਆਏ, ਜਿਨ੍ਹਾਂ ਵਿੱਚ ਡਰਾਈਵਰਾਂ ਦੀ ਸੁਰੱਖਿਆ ਸੱਭ ਤੋਂ ਅਹਿਮ ਸੀ।

ਅਗਲੇ ਦੋ ਪੈਨਲ-ਸੰਵਾਦ ‘ਮੈਨੇਜਿੰਜ ਥਰੂ ਲੋਅ ਮਾਰਜਿਨਜ਼’ ਅਤੇ ‘ਫ਼ਲੀਟ ਰਿਲਆਇਬਿਲਿਟੀ ਥਰੂ ਪ੍ਰੀਡਿਕਟਿਵ ਐਂਡ ਪ੍ਰੀਵੈਂਟਿਵ ਮੇਨਟੀਨੈਂਸ’ ਵਿਸ਼ਿਆਂ ਉੱਪਰ ਆਧਾਰਿਤ ਸਨ। ਇਨ੍ਹਾਂ ਵਿੱਚ ਭਾਗ ਲੈਣ ਵਾਲੇ ਪੈਨਲਾਂ ਦੇ ਮੈਂਬਰਾਂ ਵੱਲੋਂ ਵੀ ਇਨ੍ਹਾਂ ਦੋਹਾਂ ਵਿਸ਼ਿਆਂ ‘ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਦੋਹਾਂ ਪੈਨਲ-ਸੰਵਾਦਾਂ ਤੋਂ ਬਾਅਦ ਕਾਨਫ਼ਰੰਸ ਦੇ ਗੈੱਸਟ-ਸਪੀਕਰ ‘ਨੈਸ਼ਨਲ ਕਾਰਪੋਰੇਟ ਅੰਡਰਰਾਈਟਿੰਗ’ ਦੇ ਡਾਇਰੈੱਕਟਰ ਸੁਖਜੀਤ ਧਾਲੀਵਾਲ ਵੱਲੋਂ ਟਰੱਕਾਂ ਦੀ ਇਨਸ਼ੋਅਰੈਂਸ ਬਾਰੇ ਵਿਸਥਾਰ-ਪੂਰਵਕ ਪ੍ਰੈਜ਼ੈਂਟੇਸ਼ਨ ਦਿੱਤੀ ਗਈ। ਟਰੱਕਿੰਗ ਵਿੱਚ ‘ਰਿਸਕ ਕੰਟਰੋਲ ਐਂਡ ਇਵੈਲਿਊਏਸ਼ਨ’ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਟਰੱਕਿੰਗ ਦੇ ਖ਼ੇਤਰ ਵਿੱਚ ‘ਰਿਸਕ’ ਤਾਂ ਹਮੇਸ਼ਾ ਹੀ ਬਣਿਆ ਰਹਿੰਦਾ ਹੈ ਅਤੇ ਟਰੱਕਾਂ ਦੇ ਐਕਸੀਡੈਂਟ ਹੋਣ ਦੀ ਸਥਿਤੀ ਵਿੱਚ ਇਸ ਦਾ ਸਹੀ ਮੁਲਾਂਕਣ ਹੋਣਾ ਬੜਾ ਜ਼ਰੂਰੀ ਹੈ। ਤਾਂ ਹੀ ਸਬੰਧਿਤ ਇਨਸ਼ੋਅਰੈਂਸ ਕੰਪਨੀ ਵੱਲੋਂ ਉਸ ਦੇ ਮੁਆਵਜ਼ੇ ਦਾ ਭੁਗਤਾਨ ਜਲਦੀ ਹੋ ਸਕਦਾ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਵੱਲੋਂ ‘ਬਿਲਟ-ਇਨ ਰਿਸਕ ਕੰਟਰੋਲ ਸੁਪੋਰਟ ਸਿਸਟਮ’ ਦੀ ਵਕਾਲਤ ਕੀਤੀ ਗਈ। ਉਨ੍ਹਾਂ ਹੋਰ ਕਿਹਾ ਕਿ ਡਰਾਈਵਰਾਂ ਦੇ ਵਿਹਾਰ ਅਤੇ ਰਵੱਈਏ ਨੂੰ ਸਹੀ ਤਰ੍ਹਾਂ ਸਮਝਣ ਨਾਲ ਟਰੱਕਿੰਗ ਕੰਪਨੀਆਂ ਵੱਲੋਂ ਕੀਤੇ ਜਾਣ ਵਾਲੇ ਖ਼ਰਚਿਆਂ ਵਿੱਚ 10% ਤੱਕ ਬੱਚਤ ਕੀਤੀ ਜਾ ਸਕਦੀ ਹੈ।

ਸੰਮਿਟ ਦੇ ਆਖ਼ਰੀ ਸੈਸ਼ਨ ‘ਫ਼ਲੀਟ ਆਪਰੇਸ਼ਨਲ ਚੈਲਿੰਜਿਜ਼’ ਵਿੱਚ ਟਰੱਕਿੰਗ ਇੰਸਟਰੀ ਨੂੰ ਦਰਪੇਸ਼ ਚੁਣੌਤੀਆਂ ਬਾਰੇ ਭਰਪੂਰ ਗੱਲਬਾਤ ਹੋਈ। ਪੈਨਲ ਦੇ ਮਾਡਰੇਟਰ ਮਾਰਕ ਮੈਕੈਂਡਰੀ ਵੱਲੋਂ ਆਪਣੇ ਪੈਨਲਿਸਟਾਂ ਨਾਲ ਬਹਿਸ ਦੌਰਾਨ ਟਰੱਕਿੰਗ ਬਾਰੇ ਕਈ ‘ਮਹੱਤਵਪੂਰਨ ਚੁਣੌਤੀਆਂ’ ਸਰੋਤਿਆਂ ਦੇ ਸਾਹਮਣੇ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਟਰੱਕਿੰਗ ਕੰਪਨੀਆਂ ਵਿੱਚ ‘ਪ੍ਰੋਫ਼ੈਸ਼ਨਲੀ-ਟਰੇਂਡ’ ਡਰਾਈਵਰਾਂ ਦੀ ਘਾਟ, ਡਰਾਈਵਰਾਂ ਵਿੱਚ ਅੰਗਰੇਜ਼ੀ ਬੋਲਣ ਦੀ ਮੁਹਾਰਤ ਨਾ ਹੋਣ ਕਰਕੇ ਅਮਰੀਕਾ ਨੂੰ ਜਾਣ ਵਾਲੇ ਡਰਾਈਵਰਾਂ ਦੇ ਡਰਾਈਵਿੰਗ ਲਾਇਸੈਂਸ ਰੱਦ ਹੋਣ, ‘ਸ਼ਿੱਪਿੰਗ’ ਦੀਆਂ ਮੁਸ਼ਕਲਾਂ, ‘ਬਰੋਕਰਾਂ’ ਵੱਲੋਂ ਕੰਪਨੀਆਂ ਨੂੰ ਲੋਡਜ਼ ਦੇ ਪੈਸੇ ਘੱਟ ਦੇਣ ਅਤੇ ਕਈ ਕੇਸਾਂ ਵਿੱਚ ਡਰਾਈਵਰਾਂ ਦੀਆਂ ਤਨਖ਼ਾਹਾਂ ਮਾਰੇ ਜਾਣਾ, ਆਦਿ ਪ੍ਰਮੁੱਖ ਸਨ। ਪੈਨਲਿਸਟਾਂ ਦਾ ਵਿਚਾਰ ਸੀ ਕਿ ਡਰਾਈਵਰਾਂ ਨੂੰ ਘੱਟੋ-ਘੱਟ ਤਨਖ਼ਾਹਾਂ ‘ਮਿਨੀਮਮ ਵੇਜਜ਼’ ਉੱਪਰ ਨਹੀਂ, ਸਗੋਂ ਉਨ੍ਹਾਂ ਦੀ ਲਿਆਕਤ, ਤਜਰਬੇ, ਰਵੱਈਏ ਅਤੇ ਚੰਗੇ ਵਿਹਾਰ ਅਨੁਸਾਰ ਉਚੇਰੀਆਂ ਤਨਖ਼ਾਹਾਂ ਦੇਣੀਆਂ ਚਾਹੀਦੀਆਂ ਹਨ।

ਸੰਮਿਟ ਦੇ ਅਖ਼ੀਰ ਵਿੱਚ ਇਸ ਦੇ ਆਯੋਜਿਤ ਕਰਨ ਵਾਲੇ ਆਯੋਜਕਾਂ ਨਵੀਨ ਨਵ ਅਤੇ ਹਰਮਨਜੀਤ ਝੰਡ ਵੱਲੋਂ ਇਸ ਵਿੱਚ ਸ਼ਾਮਲ ਹੋਣ ਵਾਲੇ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਵੱਲੋਂ ਇਸ ਈਵੈਂਟ ਦੇ ਸਪਾਂਸਰਾਂ ਦਾ ਵਿਸ਼ੇਸ਼ ਤੌਰ ‘ਤੇ ਧੰਨਵਾਦ ਕੀਤਾ ਗਿਆ, ਜਿਸ ਦੀ ਬਦੌਲਤ ਇਹ ਸੰਮਿਟ ਸਫ਼ਲਤਾ-ਪੂਰਵਕ ਸੰਪੰਨ ਹੋਇਆ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਅਗਲਾ ਫ਼ਲੀਟ ਐੱਗਜ਼ੈੱਕਟਿਵ ਸੰਮਿਟ ਟੋਰਾਂਟੋ-2026’ 24 ਨਵੰਬਰ 2026 ਨੂੰ ਕਰਨ ਦਾ ਵੀ ਐਲਾਨ ਕੀਤਾ ਗਿਆ।

SIDHU GLOBAL IMMIGRATION INC.
SERVICES
• Family/Spousal Sponsorship • Parents/Grand Parents
• Super Visa • Visitor Visa • Study Visa/Work Permits
• Express entry (Federal & Provincial)
• Provincial Nominee Applications
• Citizenship, PR Card, Passport & OCI Forms
VISA
+1 (403) 860-1957
sidhugursharan152@gmail.com | 71 Saddle Land Way NE Calgary AB T3J 5J3
Gursharan Singh Sidhu, RCIC
Membership No. R523973

Mandeep Gill
Realtor®
403-408-9333
Calgary, AB
Gillhomesyyc@yahoo.com
eXp REALTY

SPRINGTOWN PAINTING INC.
• RESIDENTIAL • COMMERCIAL • INDUSTRIAL
• Spray Painting • Office Painting
• Dryfall Painting • Drywall Painting
Free Estimate Available 7 Days
212 Bonnieglen Farm blvd, Caledon, ON L7C3Y3
Soecialized in Custom Homes
Bhagwant Aulakh (BOB)
Dir: 416-671-4000
springtownpaintinginc.1@gmail.com

# ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ - ਮਜ਼ਲੂਮਾਂ ਅਤੇ ਮਨੁੱਖੀ ਹੱਕਾਂ ਦੀ ਰੱਖੀ ਲਈ




1. ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਵਿੱਚ ਤਿਲਕ ਜੰਞੂ ਅਤੇ ਹਿੰਦੂ ਧਰਮ ਦੀ ਰੱਖਿਆ ਵਾਲੀ ਕੋਈ ਵਿਸ਼ੇਸ਼ ਗੱਲ ਨਹੀਂ ਹੈ। ਕਿਉਂਕਿ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਮਜ਼ਲੂਮਾਂ ਅਤੇ ਮਨੁੱਖੀ ਹੱਕਾਂ ਦੀ ਰੱਖਿਆ ਲਈ ਸ਼ਹਾਦਤ ਦਿੱਤੀ ਸੀ। ਉਦੋਂ ਵੀ ਬੇਸ਼ੱਕ ਹਿੰਦੂ ਬਹਗਿਣਤੀ ਵਿੱਚ ਸਨ, ਪਰ ਏਥੇ ਹੋਰ ਮੱਤਾਂ ਵਾਲੇ ਲੋਕ ਵੀ ਰਹਿੰਦੇ ਸਨ, ਜਿਵੇਂ ਬੁੱਧ, ਜੈਨ ਆਦਿ ਅਤੇ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਆਪਣਾ ਸਿੱਖ ਧਰਮ ਵੀ ਤਾਂ ਔਰੰਗਜ਼ੇਬ ਦੇ ਇਸਲਾਮਕ ਰਾਸ਼ਟਰ ਬਣਾਉਣ ਵਾਲੇ ਹੁਕਮ ਤੋਂ ਬਾਹਰ ਨਹੀਂ ਸੀ। ਇਸ ਲਈ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਮਜ਼ਲੂਮਾਂ ਦੇ ਮਨੁੱਖੀ ਹਿੱਤਾਂ ਲਈ ਹੋਈ ਹੈ। ਉਹਨਾਂ ਮਜ਼ਲੂਮਾਂ ਵਿੱਚ ਬੇਸ਼ੱਕ ਬਹੁਗਿਣਤੀ ਹਿੰਦੂਆਂ ਦੀ ਹੀ ਸੀ, ਪਰ ਗੁਰੂ ਸਾਹਿਬ ਦਾ ਮਨੋਰਥ ਸਿਰਫ਼ ਹਿੰਦੂ ਧਰਮ ਨੂੰ ਬਚਾਉਣਾ ਨਹੀਂ ਸੀ। ਧਰਮ ਕਦੇ ਵੀ ਮਜ਼ਲੂਮ ਅਤੇ ਜ਼ਾਲਮ ਨਹੀਂ ਹੁੰਦਾ। ਤਾਂ ਹੀ ਤਾਂ ਸਿੱਖ ਧਰਮ ਦੇ ਰਹਿਬਰ ਗੁਰੂ ਤੇਗ ਬਹਾਦੁਰ ਸਾਹਿਬ ਜੀ ਸਮੇਂ ਦੀ ਜ਼ਾਲਮ ਹਕੂਮਤ ਦੇ ਅੱਗੇ ਡਟਕੇ ਖਲੋ ਗਏ ਸਨ। ਮੁੱਕਦੀ ਗੱਲ ਕਿ ਹਿੰਦੂ ਧਰਮ ਅਤੇ ਤਿਲਕ ਜੰਞੂ ਦੀ ਰਾਖੀ ਕਹਿਣ ਨਾਲ ਉਸ ਮਹਾਨ ਸ਼ਹਾਦਤ ਦਾ ਅਸਲ ਮਨੋਰਥ ਅਤੇ ਸੰਕਲਪ ਹੀ ਬਦਲ ਜਾਂਦਾ ਹੈ। ਮੌਜੂਦਾ ਦੌਰ ਵਿੱਚ ਜਦੋਂ ਕਿ ਹਿੰਦੂਆਂ ਦਾ ਕਥਿਤ ਰਹਿਬਰ ਬਿੱਪਰਵਾਦ ਬਹੁਤ ਹੀ ਤਾਕਤਵਰ ਹੋ ਗਿਆ ਹੈ। ਉਹ ਮਜ਼ਲੂਮਾਂ ਅਤੇ ਮਨੁੱਖੀ ਹੱਕਾਂ ਖ਼ਾਤਰ ਹੋਈ ਸ਼ਹਾਦਤ ਨੂੰ ਤਿਲਕ ਜੰਞੂ ਅਤੇ ਹਿੰਦੂ ਧਰਮ ਦੀ ਰਾਖੀ ਦਾ ਨਾਂ ਦੇਕੇ ਅੱਜ ਹਿੰਦੂ ਰਾਸ਼ਟਰਵਾਦ ਦੀ ਨਜਾਇਜ਼ ਉਸਾਰੀ ਕਰਕੇ ਸਿੱਖ ਧਰਮ ਨੂੰ ਹੀ ਜ਼ਜ਼ਬ ਕਰਨ ਦਾ ਯਤਨ ਕਰ ਰਿਹਾ ਹੈ।

**- ਸੁਰਿੰਦਰ ਕੌਰ ਨਿਹਾਲ**

2. ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਸਿੱਖਾਂ ਨੇ ਕਿਵੇਂ ਯਾਦ ਕੀਤਾ? ਇਹੋ ਇਕ ਸਵਾਲ ਬਣ ਗਿਆ ਹੈ। ਸਿੱਖਾਂ ਨੇ ਅਪਣੇ ਗੌਰਵਮਈ ਇਤਿਹਾਸ ਦੀਆਂ ਧੱਜੀਆਂ ਉਡਾ ਦਿੱਤੀਆਂ, ਜਥੇਦਾਰ ਗੜ੍ਹਗਜ ਨੇ ਦੱਸਿਆ ਕਿ ਬਚਿਤ੍ਰ ਨਾਟਕ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਨੇ ਤਿਲਕ ਤੇ ਜਨੇਊ ਦੀ ਰੱਖਿਆ ਲਈ ਸ਼ਹਾਦਤ ਦੇ ਦਿੱਤੀ, ਇਹ ਨਹੀਂ ਦੱਸਿਆ ਤਿਲਕ ਜਨੇਊ ਦਾ ਮੁੱਦਾ ਸੀ ਕਿੱਥੇ? ਤਿਲਕ ਜਨੇਊ ਵਾਲੇ ਤਾਂ ਮੁਗਲ ਸਲਤਨਤ ਦੇ ਨਵਰਤਨ ਸਨ। ਬ੍ਰਾਹਮਣ ਸਲਾਹਕਾਰ, ਰਾਜਪੂਤ ਸੈਨਾਪਤੀ ਤੇ ਵੈਸ਼ ਖਜ਼ਾਨਾ ਮੰਤਰੀ, ਜੇਕਰ ਫਿਰ ਭੀ ਅਜਿਹਾ ਹੋਇਆ ਤਾਂ ਕੀ ਇਹ ਕੇਵਲ ਸੱਤਾ ਦੀ ਮਲਾਈ ਚਟ ਰਹੇ ਸਨ? ਜਦੋਂਕਿ ਮੁਗਲ ਸਲਤਨਤ ਵਿੱਚ ਬਹੁਤੇ ਰਜਵਾੜੇ ਹਿੰਦੂ ਸਨ, ਪਰ ਸ਼ਹਾਦਤ ਲਈ ਗੁਰੂ ਤੇਗ ਬਹਾਦਰ! ਸ਼ਾਇਦ ਉਹ ਇਤਨੇ ਅਣਜਾਣ ਸਨ ਕਿ ਉਹ ਚਲ ਪਏ ਸ਼ਹੀਦ ਹੋਣ, ਆਪਣੇ ਬੇਟੇ ਗੋਬਿੰਦ ਰਾਏ ਦੇ ਕਹਿਣ ’ਤੇ ਕਿ ਤੁਹਾਡੇ ਤੋਂ ਵੱਧ ਹੋਰ ਕੋਈ ਨਹੀਂ। ਕੀ ਕਮਾਲ ਦੀ ਵਿਆਖਿਆ ਹੈ ਉਸ ਗੁਰੂ ਬਾਰੇ ਜੋ ਛੋਟੇ ਹੁੰਦਿਆਂ ਤੋਂ ਹੀ? ਤੇਗ ਦਾ ਧਨੀ ਸੀ, ਜੋ ਗੁਰੂ ਪ੍ਰਗਟ ਹੋਣ ਲਈ ਵੀ ਤਿਆਰ ਨਹੀਂ ਸਨ, ਸੰਗਤਾਂ ਨੇ ਹੀ ਜਿੰਨਾਂ ਨੂੰ ਉਜਾਗਰ ਕੀਤਾ, ਪਰ ਉਸ ਸੰਗਤ ’ਤੇ ਭੀ ਸਿੱਖਾਂ ਨੇ ਸਵਾਲ ਖੜ੍ਹਾ ਕਰ ਦਿੱਤਾ? ਨਤੀਜਾ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੇ ਇਸੇ ਨੂੰ ਆਧਾਰ ਬਣਾ ਰਾਜਨੀਤੀ ਚਮਕਾ ਲਈ। ਸ਼ਾਇਦ ਗੁਰੂ ਨਾਨਕ ਨੇ ਇਸੇ ਨੂੰ ਕਿਹਾ ਹੋਵੇ ‘ਨਾਨਕ ਅਕਲੀ ਬਾਹਰੇ’ ਉਹਨਾਂ ਦਾ ਅਜਿਹਾ ਹੀ ਹਾਲ ਹੋਣਾ ਤਹਿ ਹੈ। ਮੈਂ ਤਾਂ ਪੁੱਛਦਾ ਹਾਂ ਕੀ ਔਰੰਗਜ਼ੇਬ ਨੇ ਗੁਰੂ ਹਰਿਕਿਸ਼ਨ ਸਾਹਿਬ ਦੇ ਸੰਸਕਾਰ ਲਈ ਥਾਂ ਨਹੀਂ ਦਿੱਤੀ ਸੀ? ਕੀ ਉਹ ਜ਼ਾਲਮਾਨਾ ਕੰਮ ਸੀ ਤੇ ਕੋਈ ਹੋਰ ਕਿਹੜਾ ਜ਼ੁਲਮ ਕੀਤਾ? ਵਿਚਾਰ ਤਾਂ ਇਹ ਹੋਣਾ ਚਾਹੀਦਾ ਸੀ ਜਿਸ ਗੁਰੂ ਨੇ ਅਸਾਮ ਤੇ ਹਿੰਦੋਸਤਾਨ ਵਿੱਚ ਸੰਧੀ ਕਰਵਾ ਦਿੱਤੀ ਹੋਵੇ, ਢਾਕਾ ਤੱਕ ਹਿੰਦੋਸਤਾਨ ਬਣਾ ਦਿੱਤਾ ਹੋਵੇ, ਉਸ ਗੁਰੂ ਨਾਲ? ਅਜਿਹਾ ਕਿਉਂ ਵਾਪਰਿਆ? ਬਸ ਕਿਉਂਕਿ ਆਰਐਸਐਸ ਅਜਿਹਾ ਚਾਹੁੰਦੀ ਹੈ, ਕਿਸੇ ਨੇ ਹਿੰਮਤ ਹੀ ਨਹੀਂ ਕੀਤੀ, ਜਦੋਂ ਮੁੱਦਾ ਚੁੱਕਿਆ ਤਾਂ ਇਕ ਹੋਰ ਕਹਾਣੀ ਘੜ ਲਈ ਕਿ ਮਜ਼ਲੂਮ ਦੀ ਰੱਖਿਆ ਕੀਤੀ, ਕੋਈ ਪੁੱਛੇ ਮਜ਼ਲੂਮ ਕੌਣ ਸੀ? ਸ਼ੋਸ਼ਿਤਾਂ ਦਾ ਸ਼ੋਸ਼ਣ ਸਲਤਨਤ ਨਹੀਂ ਕਰ ਰਹੀ ਸੀ ਉਹ ਤਾਂ ਪ੍ਰਸ਼ਾਸਨ ਉਤੇ ਕਾਬਜ਼ ਸ਼ਾਸਿਤ ਹਿੰਦੂ ਉੱਚ ਵਰਗ ਹੀ ਕਰ ਰਿਹਾ ਸੀ। ਫੇਰ ਉਹ ਕਿਵੇਂ ਬਰਦਾਸ਼ਤ ਕਰਦਾ ਕਿ ਉਹਨਾਂ ਨੂੰ ਬਰਾਬਰ ਦਾ ਹੱਕ ਮਿਲੇ? ਸਾਬਕਾ ਮੁੱਖ ਨਿਆਂਧੀਸ ਚੰਦਰਚੂੜ ਨੇ ਸੱਚ ਹੀ ਦੱਸਿਆ ਕਿ ਬਾਬਰੀ ਮਸਜਿਦ ਕੋਈ ਮੰਦਿਰ ਢਾਹ ਕੇ ਨਹੀਂ ਬਣੀ, ਉਸਨੂੰ ਤਾਂ ਇਲਹਾਮ ਹੋਇਆ ਤੇ ਉਸਨੇ ਫੈਸਲਾ ਕਰ ਦਿੱਤਾ, ਜਦੋਂ ਕਿ ਮੁਗਲਾਂ ਨੇ ਮੰਦਿਰਾਂ ਨਾਲ ਮਸਜਿਦਾਂ ਬਣਾਉਣ ਦਾ ਉਪਰਾਲਾ ਕੀਤਾ ਤਾਂਕਿ ਆਪਸ ਦਾ ਭਾਈਚਾਰਾ ਬਣਿਆ ਰਹੇ। ਅਫਸੋਸ ਉਨ੍ਹਾਂ ਨੂੰ ਅਜਿਹਾ ਪੇਸ਼ ਕਰ ਮੁਸਲਿਮਾਂ ਨੂੰ ਨਿਸ਼ਾਨੇ ’ਤੇ ਲੈ ਕੇ ਦੇਸ਼ ਵਿੱਚ ਹਿੰਦੂ ਮੁਸਲਿਮ ਰਾਜਨੀਤੀ ਦੀ ਬਿਸਾਤ ਵਿਛਾ ਦਿੱਤੀ ਜਦੋਂਕਿ ਸਿੱਖ ਗੁਰੂਆਂ ਨੇ ਹਿੰਦੂ ਮੁਸਲਿਮ ਵਿਚਕਾਰ ਕੜੀ ਦਾ ਕੰਮ ਕੀਤਾ, ਪਰ ਇਸ ਸ਼ਹਾਦਤ ਦੀ ਯਾਦ ਨੇ ਕੀ ਕੀਤਾ? ਫੈਸਲਾ ਤੁਹਾਡੇ ਤੇ ਛੱਡ ਰਿਹਾ ਹਾਂ। ਸਿੱਖਾਂ ਨੇ ਇਤਨਾ ਖਰਚ ਕੀਤਾ ਪਰ ਕਿਸੇ ਸਵਾਲ ਦਾ ਜਵਾਬ ਨਹੀਂ ਮਿਲਿਆ? ਇਕ ਜਥੇਦਾਰ ਕਹਿੰਦਾ ਫਲਾਂ ਨੇ ਬਾਣੀ ਪੜ੍ਹਨ ਸਮੇਂ ਸਿਰ ਨਹੀਂ ਢਕਿਆ, ਦੂਜਾ ਸਾਬਕਾ ਜਥੇਦਾਰ ਕਹਿੰਦਾ ਉਥੇ ਕਿਹੜਾ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ, ਇਹ ਦੋਵੇਂ ਆਪਸ ਵਿੱਚ ਹੀ ਭਿੜ ਗਏ, ਕੀ ਖੱਟਿਆ? ਮਣਾਂ ਮੂੰਹੇ ਫੁੱਲ ਵਾਰ ਦਿੱਤੇ, ਗੁਰੂ ਹਰਿ ਰਾਇ ਸਾਹਿਬ ਕੋਲੋਂ ਛੋਟੇ ਹੁੰਦਿਆਂ ਇਕ ਫੁੱਲ ਟੁੱਟਾ ਸੀ ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਇਹ ਕਹਿ ਦਿੱਤਾ ਸੀ ਕਿ ਬਸਤਰਾਂ ਦੀ ਸੰਭਾਲ ਚਾਹੀਦੀ ਹੈ। ਜਾਗੋ ਜਾਗੋ ਸੁੱਤਿਓ!

3. ਹਿੰਦੂ ਕੇਵਲ ਬ੍ਰਾਹਮਣ, ਰਾਜਪੂਤ ਤੇ ਖੱਤਰੀ ਬਾਣੀਏ ਹੀ ਸਨ ਉਹ ਹੀ ਮੰਦਿਰਾਂ ਦੇ ਸੰਚਾਲਕ, ਤਿਲਕ ਤੇ ਜਨੇਊ ਦੇ ਧਾਰਨੀ ਸਨ, ਬਾਕੀ ਤਾਂ ਸ਼ੋਸ਼ਿਤ ਤਾਂ ਸ਼ੂਦਰ ਸਨ, ਗੁਰੂ ਸਾਹਿਬਾਨ ਨੇ ਉਹਨਾਂ ਦੀ ਬਾਂਹ ਫੜੀ ਤੇ ਸਨਮਾਨਿਤ ਜੀਵਨ ਜਿਉਣ ਦੀ ਆਸ ਜਗਾਈ, ਉਨ੍ਹਾਂ ਉਤੇ ਜ਼ੁਲਮ ਮੁਗਲ ਨਹੀਂ ਸਗੋਂ। ਇਹੋ ਹਿੰਦੂ ਸ਼ਾਸਿਤ ਵਰਗ ਹੀ ਕਰ ਰਿਹਾ ਸੀ, ਤਾਂਕਿ ਉਹ ਕਦੇ ਉਹਨਾਂ ਦੇ ਬਰਾਬਰ ਖਲੋ ਹੀ ਨਾ ਸਕਣ। ਜਿਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਇਹ ਸਾਰੇ ਉਹਨਾਂ ਦੇ ਖਿਲਾਫ ਹੀ ਨਹੀਂ ਹੋਏ, ਬਲਕਿ ਅਨੰਦਗੜ੍ਹ ਉਤੇ ਹਮਲਾ ਵੀ ਕਰ ਦਿੱਤਾ।

**-ਦਇਆ ਸਿੰਘ**

SWIFTWRENCH AUTO & DIESEL REPAIR

SWIFTWRENCH AUTO & DIESEL REPAIR

Your Car, Our Care

Mobile Mechanic Services - We Come to You!

SIMRAN GILL
825-760-6111

Red Seal Certified Reliable On-Time

swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding

- Oil Changes - Gas & Diesel
- Brake Service & Replacement
- Battery Testing & Installation
- Check Engine Light Diagnosis
- Fluid Top-UPS & Inspections
- Fleet & Commercial Maintenance
- Pre-Purchase Inspections
- Suspension Repairs

Advice from someone you trust.

Sun Life

Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA · RRSP · Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies. © Sun Life Assurance Company of Canada, 2023.



Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਹਰਪ੍ਰੀਤ ਕੌਰ 'ਚ ਜਾਨ ਹੈ, ਉਹ ਕੁਰਬਾਨ ਹੋਣਾ ਲੋਚਦੀ ਹੈ






ਉਹ ਆਮ ਨਹੀਂ ਹੈ... ਖ਼ਾਸ ਵੀ ਨਹੀਂ ਹੈ..ਉਹ ਸਿਰਫ ਹਰਪ੍ਰੀਤ ਐ..ਤੇ ਹਰਪ੍ਰੀਤ ਹੋਣਾ ਸੌਖਾ ਨਹੀਂ ਐ..ਹਰਪ੍ਰੀਤ ਦੇ ਨਾਮ ਦਾ ਅਰਥ ਤਾਂ ਇਹ ਬਣਦੈ ਕਿ ਉਹ ਹਰ ਇੱਕ ਦੀ ਪ੍ਰੀਤ ਬਣੇ..ਤੇ ਹਰ ਇੱਕ ਉਹਦੀ ਪ੍ਰੀਤ ਬਣੇ..ਪਰ ਏਥੇ ਮੁਕੰਮਲ ਜਹਾਨ ਸੌਖਿਆਂ ਕਿੱਥੇ ਮਿਲਦੈ..ਹਰਪ੍ਰੀਤ ਉਹ ਜਹਾਨ ਰੰਗਮੰਚ ਚੋਂ ਲੱਭ ਰਹੀ ਹੈ..ਉਹ ਲੱਭ ਲਵੇਗੀ..ਉਸ ਲਗਭਗ ਲੱਭ ਲਿਆ ਹੈ..ਉਹ ਇੱਕ ਦਿਨ ਰੰਗਮੰਚ ਦੇ ਕੋਠੇ ਚੜ੍ਹ ਦਹਾੜ ਮਾਰੇਗੀ.. ਪ੍ਰੌਗਰੈਸਿਵ ਕਲਾ ਮੰਚ ਉਸ ਦਿਨ ਲਈ ਪੌੜੀ ਬਣਨ ਲਈ ਤਿਆਰ ਹੈ...ਹਰਪ੍ਰੀਤ ਤਿਆਰ ਹੋ ਰਹੀ ਹੈ!

ਉਸ ਨੂੰ ਕੀ ਨਹੀਂ ਆਉਂਦਾ!..ਨੱਚਣਾ ਜਾਣਦੀ ਐ...ਹੱਸਣਾ ਜਾਣਦੀ ਐ..ਜਚਣਾ ਜਾਣਦੀ ਐ..ਪਲਕ ਝਪਕਦੇ ਈ ਅੱਖਾਂ ਭਰਨੀਆਂ ਜਾਣਦੀ ਐ..ਪੜ੍ਹਨਾ ਜਾਣਦੀ ਐ..ਪੜ੍ਹਾਉਣਾ ਜਾਣਦੀ ਐ (ਅਧਿਆਪਕ ਹੈ)..ਬਸ ਸਹਿਜ ਹੋਣਾ ਸਿੱਖ ਰਹੀ ਐ...ਮੈਂ ਤਿੰਨ ਸਾਲ ਤੋਂ ਏਸ ਵਿਸ਼ੇ 'ਚ ਉਹਦਾ ਅਧਿਆਪਕ ਹਾਂ..ਮੇਰਾ ਵਿਦਿਆਰਥੀ ਲਾਇਕ ਹੈ ਪਰ ਉਸਤਾਦ ਨੂੰ ਰੁੱਝਿਆ ਰੱਖਣਾ ਚਾਹੁੰਦਾ ਹੈ...ਹੋਰ ਸੁਧਾਰ ਲਈ!..ਉਹ ਹਰ ਰੋਜ਼ ਪੁੱਛੇਗੀ; ਹੁਣ ਠੀਕ ਹੋ ਗਿਆ..ਫਿਰ ਮੇਰੇ ਜਵਾਬ ਦੀ ਉਡੀਕ ਕੀਤੇ ਬਿਨਾਂ ਆਪੇ ਬੋਲੇਗੀ, ਮਤਲਬ ਓ ਕੇ ਜਿਹਾ ਐ!..ਮੈਂ ਸਿਰਫ ਮੁਸਕਰਾਉਂਦਾ ਹਾਂ..ਜਾਂ ਕਦੇ ਏਨਾ ਕਹਿ ਕੇ ਉਸ ਨੂੰ ਬਾਰੀਕ ਘੇਰਾ ਪਾਉਂਦਾ ਹਾਂ, ਮੈਨੂੰ ਸੈਂਤੀ ਸਾਲ ਹੋ ਗਏ ਅਦਾਕਾਰੀ ਕਰਦਿਆਂ, ਬਿਹਤਰ ਤੋਂ ਬਿਹਤਰੀਨ ਕਰਨ ਦੀ ਕੋਸ਼ਿਸ਼ ਜਾਰੀ ਐ..ਤੂੰ ਬਹੁਤ ਵਧੀਆ ਕਰ ਰਹੀ ਐਂ..ਪਰ ਹੋਰ ਵਧੀਆ ਵੀ ਕਰ ਲਵੇਗੀ!

ਇਹ ਕੋਈ "ਦਿਲ ਕੋ ਬਹਿਲਾਨੇ ਕੇ ਲੀਏ" ਕਿਸਮ ਦਾ ਠੁੰਮ੍ਹਣਾ ਨਹੀਂ ਐ..ਹਰਪ੍ਰੀਤ ਸੱਚਮੁਚ ਅਦਾਕਾਰੀ ਦੀਆਂ ਸੰਭਾਵਨਾਵਾਂ ਦਾ ਹੁੱਡੂਜ਼ ਪਹਾੜ ਐ..ਉਹ ਜਦ ਦਹਿਕਦੀ ਐ ਤਾਂ ਵੀ, ਜਦ ਮਹਿਕਦੀ ਐ ਤਾਂ ਵੀ..ਜਦ ਦਹਾੜਦੀ ਐ ਤਾਂ ਵੀ..ਜਦ ਸੰਵਾਰਦੀ ਐ ਤਾਂ ਵੀ..ਦਰਸ਼ਕਾਂ ਦਾ ਮੂੰਹ ਫੜ ਆਪਣੇ ਵੱਲ ਘੁਮਾ ਲੈਣ ਦੀ ਸਮਰੱਥਾ ਰੱਖਦੀ ਐ....ਮੈਂ ਉਸ ਨੂੰ ਸਹਿਜ ਅਦਾਕਾਰੀ ਦੀ ਗਿਰੀ ਚਬਾਉਣ ਵੱਲ ਤੋਰਦਾ ਹਾਂ..ਉਹ ਕਦੇ ਵਿੱਚ ਵਿਚਾਲੇ ਫਸ ਜਾਂਦੀ ਹੈ..ਏਸ ਫਸਣ ਫਸੌਣ ਦੀ ਤੱਕੜੀ ਤੋਂ ਬਾਹਰ ਬਹਿ ਕੇ ਤੋਲ ਤੁਕਾਂਤ ਸਹੀ ਕਰਨਾ ਹੀ ਤਾਂ ਦਰਸ਼ਕ ਦੀ ਬੇਯਕੀਨੀ ਨੂੰ ਯਕੀਨ ਵਿੱਚ ਬਦਲਣ ਦੀ ਘੁੰਡੀ ਐ...ਮੈਂ ਆਪਣੇ ਹਰ ਅਦਾਕਾਰ ਨੂੰ ਇਹ ਗਿਰੀ ਖਾਣ ਲਈ ਕਹਿੰਦਾ ਹਾਂ..ਹਰਪ੍ਰੀਤ ਇਹ ਗਿਰੀ ਚਿੱਥ ਰਹੀ ਹੈ..ਛਿੱਲੜ ਸਮੇਤ!

ਹਰਪ੍ਰੀਤ ਕੌਰ ਪੰਨੂ ਪੂਰਾ ਨਾਮ ਰੰਗਮੰਚ ਦੇ ਨਾਮ 'ਤੇ ਉਹਨੂੰ ਚਾਅ ਚੜ੍ਹ ਜਾਂਦੈ ਵਿਆਹ ਵਰਗਾ ਚਾਅ..ਕੈਨੇਡਾ ਦੀ ਜ਼ਿੰਦਗੀ ਸੌਖੀ ਨਹੀਂ, ਉਸ ਨੇ ਰਿਹਰਸਲ ਲਈ ਵਕਤ ਕਿਵੇਂ ਕੱਢਣਾ। ਬੱਚਿਆਂ ਦੇ ਰੁਝੇਵਿਆਂ 'ਚੋਂ, ਪਰਿਵਾਰਕ ਮਸਰੂਫ਼ੀਅਤ 'ਚੋਂ..ਇਹ ਸਿਰਫ ਹਰਪ੍ਰੀਤ ਜਾਣਦੀ ਆ, ਅਸੀਂ ਸਿਰਫ ਮਹਿਸੂਸ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ...ਪਰ ਜਦ ਆ ਗਈ ਤਾਂ ਧੁਰ ਅੰਦਰ ਤੱਕ ਕਿਰਦਾਰ ਨੂੰ ਸਮਝਣ ਤੇ ਨਿਭਾਉਣ 'ਚ ਜੁਟ ਜਾਂਦੀ ਐ..ਐਲ ਐਮ ਆਈ ਏ 'ਚ ਉਹ ਜਦ ਘਰੋੜ ਕੇ "ਐਲ ਐਮ ਆਈਆਂ" ਦੀ ਵਿਸ਼ੇਸ਼ ਧੁਨ ਉਸਾਰਦੀ ਸੀ ਤਾਂ ਦਰਸ਼ਕ ਦੇ ਮੱਥੇ ਦਸਤਕ ਹੁੰਦੀ ਸੀ ਕਿ ਅਸੀਂ ਅਸਲ ਵਿੱਚ ਕਹਿ ਕੀ ਰਹੇ ਹਾਂ!


ਏਸ ਵਾਰ ਵੀ ਅਸੀਂ ਕੁਝ ਬਹੁਤ ਵੱਖਰਾ ਕਹਿਣ ਜਾ ਰਹੇ ਹਾਂ..ਤੇ ਇਸ ਕਹਿਣ ਕਹਾਉਣ ਵਿੱਚ ਜਿਹੜਾ ਰਾਗ ਹਰਪ੍ਰੀਤ ਨੇ ਛੇੜਨਾ ਹੈ, ਤੁਸੀਂ ਹੈਰਾਨ ਹੋ ਜਾਵੋਗੇ ਉਹ ਇੱਕ ਇੱਕ ਸੰਵਾਦ ਨੂੰ ਪੈਮਾਨੇ 'ਚ ਟਿਕਾਅ ਰਹੀ ਐ..ਤੁਹਾਨੂੰ ਸੰਵਾਦ ਸੰਵਾਦ ਨਹੀਂ ਲੱਗਣਗੇ, ਕਿਸੇ ਪੁਰਾਤਨ ਸੱਭਿਅਤਾ ਦੀ ਰਹਿੰਦ ਖੂੰਹਦ 'ਚੋਂ ਚੁਗੀਆਂ ਹੱਡੀਆਂ ਦੇ ਭੁਰਨ ਤੇ ਖਹਿਣ ਦਾ ਸੰਗੀਤ ਜਾਪਣਗੇ। ਹਰਪ੍ਰੀਤ ਰੰਗਮੰਚ ਤੋਂ ਕੁਰਬਾਨ ਹੋਣਾ ਲੋਚਦੀ ਹੈ। ਅਸੀਂ ਸਭ ਤੇਰੇ ਨਾਲ ਹਾਂ ਹਰਪ੍ਰੀਤ, ਤੇਰੇ ਸੱਜੇ ਖੱਬੇ ਤੇਰੀ ਧਿਰ ਬਣ ਕੇ ਤੈਨੂੰ ਹਰ ਖ਼ੁਸ਼ੀ ਮਿਲੇ, ਤੂੰ ਰੰਗਮੰਚ ਦੀ ਜਾਨ ਏਂ..ਇਹ ਜਾਨ ਸਲਾਮਤ ਰਹੇ...ਤੇਰਾ ਇਹ ਵੀਰ ਤੇਰੇ ਨਾਲ ਐ..ਅੱਜ ਵੀ, ਅਗਲੇ ਸਾਲ ਵੀ..ਉਸ ਤੋਂ ਅਗਲੇ ਸਾਲ ਵੀ...ਸੌ ਸਾਲ ਦਾ ਅੰਕੜਾ ਪਾਰ ਕਰਨ ਤੱਕ ਤੈਨੂੰ ਇਮਤਿਹਾਨ 'ਚ ਪਾਉਂਦਾ ਰਹਾਂਗਾ, ਤੂੰ ਮੈਰਿਟ 'ਚ ਆਉਂਦੀ ਰਹੇਂਗੀ!..

**ਤੇਰਾ ਨਿਰਦੇਸ਼ਕ ਵੀਰ**
**ਸਾਹਿਬ ਸਿੰਘ**


Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom



ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com

Universal Health
It's all about "U"
PHARMACY
Compounding & Home Health Care


Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar B.Comm. CPA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ
ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ
ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

# ਕਿਰਤ ਕਾਨੂੰਨਾਂ ਦੀ ਭੰਨਤੋੜ ਮਜ਼ਦੂਰਾਂ ਦੇ ਹੱਕਾਂ ਤੇ ਛਾਪਾ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



ਸੰਸਦ ਦੇ ਬੀਤੇ ਸਾਲ ਦੇ ਮੌਨਸੂਨ ਸੈਸ਼ਨ ਵਿੱਚ ਮੋਦੀ ਸਰਕਾਰ ਵੱਲੋਂ ਕਿਰਤ ਸੰਬੰਧੀ ਤਿੰਨ ਬਿੱਲ ਲਿਆਂਦੇ ਗਏ ਅਤੇ ਪੂੰਜੀਵਾਦੀ ਸੰਸਦੀ ਰਵਾਇਤਾਂ ਦੀਆਂ ਧੱਜੀਆਂ ਉਡਾ ਕੇ ਕਾਹਲੀ ਕਾਹਲੀ ਵਿੱਚ ਸੰਸਦ ਦੇ ਦੋਨਾਂ ਸਦਨਾਂ ਤੋਂ ਇਹਨਾਂ ਨੂੰ ਪਾਸ ਕਰਵਾ ਲਿਆ ਗਿਆ। ਮਾਨਯੋਗ ਰਾਸ਼ਟਰਪਤੀ ਦੇ ਦਸਤਖ਼ਤ ਕਰਨ ਦੀ ਕਵਾਇਤ ਪੂਰੀ ਹੋਣ ਤੋਂ ਪਿੱਛੋਂ ਹੁਣ ਇਹ ਸਨਅਤ ਸਬੰਧ ਕੋਡ, 2020 ਅਤੇ ਸਮਾਜਿਕ ਸੁਰੱਖਿਆ ਕੋਡ ਹੁਣ ਕਾਨੂੰਨ ਬਣ ਚੁੱਕੇ ਹਨ। ਜਿਕਰਯੋਗ ਗੱਲ ਹੈ ਕਿ ਉਜਰਤ ਕੋਡ, 2019 ਉਸ ਤੋਂ ਪਹਿਲੇ ਸਾਲ ਹੀ ਕਨੂੰਨ ਬਣ ਚੁੱਕਿਆ ਹੈ। ਮੋਦੀ ਸਰਕਾਰ ਨੇ ਅਪ੍ਰੈਲ 2021 ਵਿਚ ਇਨ੍ਹਾਂ ਚਾਰੋਂ ਕਿਰਤ ਕੋਡਾਂ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਹੋਇਆ ਹੈ। ਮੋਦੀ ਦੀ ਫਾਸ਼ੀਵਾਦੀ ਸਰਕਾਰ ਵੱਲੋਂ ਇਨ੍ਹਾਂ ਚਾਰੋ ਕਿਰਤ ਕੋਡਾਂ ਦੇ ਨਾਲ ਉਦਾਰਕਰਨ-ਨਿਜੀਕਰਨ ਦੀਆਂ ਪੂੰਜੀਪ੍ਰਸਤ ਨੀਤੀਆਂ ਦੇ ਤਹਿਤ ਜਾਰੀ ਕਿਰਤ ਸੁਧਾਰਾਂ ਦੀ ਪ੍ਰਕਿਰਿਆ ਨੂੰ ਇਕ ਮੁਕਾਮ ਤੇ ਪਹੁੰਚਾ ਦਿੱਤਾ ਗਿਆ ਹੈ। ਇਹਨਾਂ ਕਿਰਤ ਕੋਡਾਂ ਦੇ ਲਾਗੂ ਹੋਣ ਨਾਲ 44 ਕਿਰਤ ਕਾਨੂੰਨਾਂ ਦੀ ਹੋਂਦ ਖਤਮ ਹੋ ਜਾਵੇਗੀ ਅਤੇ ਮਜ਼ਦੂਰ ਅੱਜ ਤੋਂ ਸੌ ਸਾਲ ਪੁਰਾਣੀ ਅਧਿਕਾਰ ਵਿਹੂਣੀ ਹਲਾਤ ਵਿੱਚ ਧੱਕ ਦਿੱਤੇ ਜਾਣਗੇ।

ਆਓ ਆਪਾਂ ਇਨ੍ਹਾਂ ਚਾਰ ਕਿਰਤ ਕੋਡਾਂ ਦੀਆਂ ਘੋਰ ਮਜ਼ਦੂਰ ਵਿਰੋਧੀ ਮੁੱਖ ਵਿਵਸਥਾਵਾਂ ਤੇ ਚਰਚਾ ਕਰੀਏ। ਪਹਿਲਾਂ ਕਿਰਤ ਕੋਡ--ਸਨਅਤ ਸਬੰਧ ਕੋਡ-2020 ਹੈ। ਇਸ ਦੇ ਲਾਗੂ ਹੋਣ ਨਾਲ ਸਨਅਤੀ ਝਗੜਿਆਂ ਅਧੀਨਿਯਮ 1947, ਟ ?ਡ ਯੂਨੀਅਨ ਅਧਿਨਿਯਮ-1926 ਤੇ ਉਦਯੋਗਿਕ ਰੁਜ਼ਗਾਰ (ਸਥਾਈ ਆਦੇਸ਼) ਅਧਿਨਿਯਮ 1946 ਖਤਮ ਹੋ ਜਾਣਗੇ। ਸਨਅਤੀ ਸਬੰਧ ਕੋਡ-2020 ਦੇ ਤਹਿਤ ਅਜਿਹੀਆਂ ਫੈਕਟਰੀਆਂ ਜਿੱਥੇ ਤਿੰਨ ਸੌ ਤੱਕ ਮਜ਼ਦੂਰ ਕੰਮ ਕਰਦੇ ਹਨ ਉੱਥੇ ਸਰਕਾਰ ਦੀ ਇਜਾਜ਼ਤ ਬਿਨਾਂ ਇਕਤਰਫ਼ਾ ਛਾਂਟੀ-ਤਾਲਾਬੰਦੀ ਦੀ ਖੁੱਲ੍ਹੀ ਛੋਟ ਸਰਮਾਏਦਾਰ ਨੂੰ ਮੁਹਈਆ ਕਰ ਦਿੱਤੀ ਗਈ ਹੈ। ਜਦ ਕਿ ਸਰਮਾਏਦਾਰਾਂ ਨੂੰ ਇਹ ਕਨੂੰਨੀ ਛੋਟ ਇਸ ਤੋਂ ਪਹਿਲਾਂ ਸਿਰਫ਼ ਸੌ ਮਜ਼ਦੂਰਾਂ ਵਾਲੀਆਂ ਫੈਕਟਰੀਆਂ ਤੱਕ ਹੀ ਸੀਮਤ ਸੀ। ਹਾਲਾਂ ਕਿ ਵੱਖ ਵੱਖ ਸੂਬਾ ਸਰਕਾਰਾਂ ਖਾਸ ਕਰਕੇ ਭਾਜਪਾ ਦੀ ਹਕੂਮਤ ਵਾਲੀਆਂ ਸੂਬਾ ਸਰਕਾਰਾਂ ਇਸ ਨੂੰ ਪਹਿਲਾਂ ਤੋਂ ਹੀ ਲਾਗੂ ਕਰ ਰਹੀਆਂ ਸਨ। ਸੂਬਾ ਸਰਕਾਰਾਂ ਦੇ ਪੁਸ਼ਤਪਨਾਹੀ ਹੇਠ ਸਰਮਾਏਦਾਰ ਪਹਿਲਾਂ ਹੀ ਸਥਾਈ ਮਜ਼ਦੂਰਾਂ ਤੋਂ ਛੁਟਕਾਰਾ ਪਾਉਣ, ਅਤੇ ਯੂਨੀਅਨ ਤੋੜਨ ਦੀਆਂ ਕਾਰਵਾਈਆਂ ਵਿੱਚ ਇਸ ਦੀ ਵਰਤੋਂ ਕਰ ਰਹੇ ਸਨ। ਹੁਣ ਕੇਂਦਰੀ ਕਨੂੰਨ ਬਣ ਜਾਣ ਨਾਲ ਇਹ ਸਭ ਵੱਡੇ ਪੈਮਾਨੇ ਤੇ ਅਤੇ ਦੇਸ਼ਵਿਆਪੀ ਪੱਧਰ ਤੇ ਹੋਵੇਗਾ। ਇਸ ਕੋਡ ਦੇ ਤਹਿਤ ਹੁਣ ਸਟੈਂਡਿੰਗ ਆਰਡਰ ਭਾਵ ਰੁਜ਼ਗਾਰ ਦੀਆਂ ਹਾਲਤਾਂ ਨਿਯਮ ਅਤੇ ਸ਼ਰਤਾਂ ਆਦਿ ਨੂੰ ਲਾਗੂ ਕਰਨ ਤੋਂ ਵੀ ਤਿੰਨ ਸੌ ਮਜ਼ਦੂਰਾਂ ਤੱਕ ਵਾਲੀਆਂ ਫੈਕਟਰੀਆਂ ਨੂੰ ਵੀ ਮੁਕਤ ਕੀਤਾ ਗਿਆ ਹੈ। ਸਰਮਾਏਦਾਰਾਂ ਲਈ ਇਹ ਕਾਨੂੰਨੀ ਛੋਟ ਪਹਿਲਾਂ ਸੌ ਮਜ਼ਦੂਰਾਂ ਤੱਕ ਵਾਲੀਆਂ ਫੈਕਟਰੀਆਂ ਤੱਕ ਸੀਮਤ ਸੀ। ਜ਼ਿਕਰਯੋਗ ਹੈ ਕਿ ਅਜਿਹੀਆਂ ਫੈਕਟਰੀਆਂ ਜਿੱਥੇ ਸੌ ਜਾਂ ਉਸ ਤੋਂ ਘੱਟ ਮਜ਼ਦੂਰ ਕੰਮ ਕਰਦੇ ਹਨ, ਦੀ ਗਿਣਤੀ ਦੇਸ਼ ਵਿਚ ਕੰਮ ਕਰਦਿਆਂ ਕੁੱਲ ਫੈਕਟਰੀਆਂ ਦੀ ਤਿੰਨ ਚੌਥਾਈ ਤੋਂ ਵੀ ਵੱਧ ਹੈ। ਕਹਿਣ ਤੋਂ ਭਾਵ ਪਹਿਲਾਂ ਹੀ ਇੱਕ ਚੌਥਾਈ ਤੋਂ ਵੀ ਘੱਟ ਫੈਕਟਰੀਆਂ ਵਿੱਚ ਸਟੈਂਡਿੰਗ ਆਰਡਰ ਲਾਗੂ ਕਰਨ ਦੀ ਜੋ ਸ਼ਰਤ/ਮਜ਼ਬੂਰੀ ਸੀ। ਪਰ ਹੁਣ ਜਦ ਨਵੇਂ ਕਾਨੂੰਨ ਲਾਗੂ ਹੋ ਜਾਣ ਪਿੱਛੋਂ ਇਨ੍ਹਾਂ ਵਿੱਚੋਂ ਜ਼ਿਆਦਾਤਰ ਫੈਕਟਰੀਆਂ ਨੂੰ ਇਸ ਸ਼ਰਤ/ਮਜ਼ਬੂਰੀ ਤੋਂ ਮੁਕਤੀ ਮਿਲ ਜਾਵੇਗੀ। ਮਤਲੱਬ ਕਿ ਕਿਰਤ ਅਦਾਰਿਆਂ ਸਮੇਤ ਸਿਰਫ ਇੱਕ ਦੋ ਫੀਸਦੀ ਫੈਕਟਰੀਆਂ/ਅਦਾਰਿਆਂ ਵਿਚ ਹੀ ਸਟੈਂਡਿੰਗ ਆਰਡਰ ਲਾਗੂ ਕਰਨ ਦੀਆਂ ਪ੍ਰਾਪਤੀਆਂ ਹੀ ਬਾਕੀ ਰਹਿ ਜਾਣਗੀਆਂ। ਇੰਨੇ 'ਵਧੀਆ ਕਾਨੂੰਨ' ਬਣਾਉਣ ਵਾਲੀਆਂ ਸਰਕਾਰਾਂ ਤੋਂ ਸਰਮਾਏਦਾਰ ਭਲਾ ਕਿਉਂ ਨਾ ਖੁਸ਼ ਹੋਣ? ਇਸ ਕਿਰਤ ਕੋਡ ਵਿੱਚ ਫ਼ਿਕਸਡ ਟਰਮ ਇੰਪਲਾਇਮੈਂਟ (ਐਫ ਟੀ ਈ) ਨੂੰ ਵੀ ਦੇਸ਼ ਵਿਆਪੀ ਪੈਮਾਨੇ ਤੇ ਲਾਗੂ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਗਿਆ ਹੈ। ਫ਼ਿਕਸਡ ਟਰਮ ਇੰਪਲਾਇਮੈਂਟ ਦੇ ਤਹਿਤ ਸਥਾਈ/ਪੱਕੀ ਨੌਕਰੀ ਵਾਲੇ ਕਾਮਿਆਂ ਦੀ ਵੀ ਨਿਸਚਿਤ ਅਰਸੇ ਲਈ ਕੱਚੇ/ਅਸਥਾਈ ਨਿਯੁਕਤੀ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਗਈ ਹੈ ਭਾਵ 'ਰੱਖੋ ਅਤੇ ਕੱਢੋ' (ਹਾਇਰ ਐਂਡ ਫਾਇਰ ਜਾਂ ਯੂਜ਼ ਐਂਡ ਥਰੋ) ਦੀ ਸਰਮਾਏਦਾਰਾਂ ਦੀ ਮੂੰਹ ਮੰਗੀ ਮੁਰਾਦ ਪੂਰੀ ਕਰ ਦਿੱਤੀ ਗਈ ਹੈ। ਫ਼ਿਕਸਡ ਟਰਮ ਇੰਪਲਾਇਮੈਂਟ ਦੇ ਤਹਿਤ ਨਿਯੋਜਿਤ ਮਜ਼ਦੂਰ ਨੂੰ ਸੇਵਾ ਅਰਸਾ ਸਮਾਪਤ ਹੋ ਜਾਣ ਤੇ ਕੱਢ ਦਿੱਤੇ ਜਾਣ ਪਿੱਛੋਂ ਸਥਾਈ ਨਿਯੁਕਤੀ, ਕੰਮ ਤੇ ਮੁੜ-ਬਹਾਲੀ ਭਾਵ ਮੁਆਵਜ਼ੇ ਦੀ ਮੰਗ ਦੇ ਨਾਲ ਅਦਾਲਤ ਦਾ ਦਰਵਾਜ਼ਾ ਖੜਕਾਉਣ ਦੇ ਅਧਿਕਾਰ ਵੀ ਨਹੀਂ ਹੋਣਗੇ। ਫ਼ਿਕਸਡ ਟਰਮ ਇੰਪਲਾਇਮੈਂਟ ਭਾਵ ਨਿਸ਼ਚਿਤ ਅਰਸੇ ਦਾ ਰੁਜ਼ਗਾਰ ਸਥਾਈ ਰੁਜ਼ਗਾਰ ਪਾਉਣ ਦੀਆਂ ਉਮੀਦਾਂ ਤੇ ਇਕ ਹਮਲਾ ਹੈ। ਇਸ ਤੋਂ ਇਲਾਵਾ ਸਨਅਤੀ ਕਿਰਤ ਕੋਡ ਵਿੱਚ ਮਜ਼ਦੂਰਾਂ ਦੇ ਟ ?ਡ ਯੂਨੀਅਨ ਅਧਿਕਾਰਾਂ ਤੇ ਵੀ ਭਾਰੀ ਹਮਲਾ ਬੋਲ ਦਿੱਤਾ ਗਿਆ ਹੈ। ਨਵੇਂ ਕਾਨੂੰਨ ਵਿਚ ਸਾਰੇ ਫੈਕਟਰੀ ਅਦਾਰਿਆਂ ਵਿਚ ਹੜਤਾਲ ਤੇ ਜਾਣ ਤੋਂ ਪਹਿਲਾਂ ਚੌਦਾਂ ਦਿਨ ਦਾ ਨੋਟਿਸ ਦੇਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਪਹਿਲਾਂ ਇਹ ਜ਼ਰੂਰਤ ਸਿਰਫ਼ ਜ਼ਰੂਰੀ ਸੇਵਾਵਾਂ ਵਾਲੇ ਅਦਾਰਿਆਂ ਤੱਕ ਹੀ ਸੀਮਤ ਸੀ। ਇੰਨਾ ਹੀ ਨਹੀਂ ਹੁਣ ਲੇਬਰ ਟ੍ਰਿਬਿਊਨਲ ਵਿੱਚ ਕਿਸੇ ਵੀ ਝਗੜੇ ਦੀ ਸੁਣਵਾਈ ਪੂਰੀ ਹੋਣ ਤੇ ਪਿੱਛੋਂ ਅਗਲੇ ਸੱਠ ਦਿਨਾਂ ਵਿੱਚ ਭਾਵ ਦੋ ਮਹੀਨਿਆਂ ਤੱਕ ਹੜਤਾਲ ਕਰਨ ਦੀ ਮਨਾਹੀ ਰਹੇਗੀ। ਪਹਿਲਾਂ ਇਹ ਮਨਾਹੀ ਸਿਰਫ ਸੱਤ ਦਿਨਾਂ ਤੱਕ ਹੀ ਲਾਗੂ ਸੀ। ਇਸ ਤੋਂ ਇਲਾਵਾ ਕਿਰਤ ਵਿਭਾਗ ਵਿੱਚ ਕਿਸੇ ਝਗੜੇ ਤੇ ਜਾਰੀ ਸਮਝੌਤਾ ਵਾਰਤਾ/ਕੌਂਸੀਲੇਸ਼ਨ ਦੇ ਨਾਲ ਵਿਚੋਲਗੀ/ ਅਰਬਿਟਰੇਸ਼ਨ ਨੂੰ ਵੀ ਇਸ ਦਾ ਹਿੱਸਾ ਬਣਾ ਦਿੱਤਾ ਗਿਆ ਹੈ, ਜਿਸ ਦੇ ਫੈਸਲੇ ਮਜ਼ਦੂਰਾਂ ਨੂੰ ਮੰਨਣ ਹੀ ਪੈਣਗੇ। ਅਜਿਹੇ ਕਿਸੇ ਫ਼ੈਸਲੇ ਪਿੱਛੋਂ ਵੀ ਅਗਲੇ ਸੱਠ ਦਿਨਾਂ ਤੱਕ ਹੜਤਾਲ ਕਰਨ ਤੇ ਪਾਬੰਦੀ ਹੋਵੇਗੀ। ਸਿੱਧੀ ਜਿਹੀ ਗੱਲ ਹੈ ਕਿ ਇੰਨੀਆ ਸਖਤ ਵਿਵਸਥਾਵਾਂ ਦੇ ਬਾਅਦ ਮਜ਼ਦੂਰਾਂ ਦੀ ਕਿਸੇ ਵੀ ਹੜਤਾਲ ਨੂੰ ਗੈਰ-ਕਾਨੂੰਨੀ ਐਲਾਨਣਾ ਬੇਹੱਦ ਸੌਖਾ ਹੋ ਜਾਵੇਗਾ। ਇਹ ਕੋਡ ਗੈਰ-ਕਾਨੂੰਨੀ ਐਲਾਨੀਆਂ ਹੜਤਾਲਾਂ ਵਿੱਚ ਸ਼ਾਮਲ ਮਜ਼ਦੂਰਾਂ ਅਤੇ ਫੰਡ ਆਦਿ ਦੇ ਕੇ ਹੜਤਾਲੀ ਮਜ਼ਦੂਰਾਂ ਦੀ ਮਦਦ ਕਰਨ ਵਾਲੇ ਵਿਅਕਤੀਆਂ ਤੇ ਪੰਜਾਹ ਹਜ਼ਾਰ ਰੁਪਏ ਤੂੰ ਲੈ ਕੇ ਦੋ ਲੱਖ ਰੁਪਏ ਤੱਕ ਦਾ ਜੁਰਮਾਨਾ ਲਾਉਣ ਦੀ ਗੱਲ ਕਰਦਾ ਹੈ। ਇਸ ਤੋਂ ਇਲਾਵਾ ਗ਼ੈਰ-ਕਾਨੂੰਨੀ ਐਲਾਨੀਆ ਹੜਤਾਲਾਂ ਵਿਚ ਸ਼ਾਮਲ ਮਜ਼ਦੂਰਾਂ ਨੂੰ ਛੇ ਮਹੀਨੇ ਦੀ ਜੇਲ੍ਹ ਦੀ ਸਜ਼ਾ ਦੀ ਵਿਵਸਥਾ ਵੀ ਕਰਦਾ ਹੈ। ਇਹ ਸਭ ਆਪਣੇ ਹੱਕ ਅਧਿਕਾਰ ਲਈ ਵਾਜਬ ਕਾਨੂੰਨੀ ਹੜਤਾਲ ਦੇ ਵੀ ਸਾਰੇ ਰਸਤੇ ਨੂੰ ਬੰਦ ਕਰਨ ਤੇ ਮਜ਼ਦੂਰ ਅੰਦੋਲਨ ਦੇ ਅਪਰਾਧੀਕਰਨ ਦੀ ਸਾਜ਼ਿਸ਼ ਹੈ। ਮਜ਼ਦੂਰਾਂ ਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਇਸ ਦਾ ਪੁਰਜ਼ੋਰ ਵਿਰੋਧ ਕਰਨਾ ਪੈਣਾ ਹੈ।

ਉਪਰੋਕਤ ਤੋਂ ਇਲਾਵਾ ਕਿਸੇ ਅਦਾਰੇ ਵਿਚ ਇਕੋ ਇਕ ਵਾਰਤਾਕਾਰ ਯੂਨੀਅਨ (ਸਿੰਗਲ ਨੇਗੋਸ਼ਿਏਟਿੰਗ ਯੂਨੀਅਨ) ਦੀ ਮਾਨਤਾ ਹਾਸਲ ਕਰਨ ਲਈ ਇਕਵੰਜਾ ਫ਼ੀਸਦੀ ਮਜ਼ਦੂਰਾਂ ਦੀ ਮੈਂਬਰਸ਼ਿਪ ਦੀ ਹੱਦ ਰੱਖੀ ਗਈ ਹੈ। ਕਿਸੇ ਵੀ ਯੂਨੀਅਨ ਦੇ ਮਾਪਦੰਡ 'ਤੇ ਖਰੇ ਨਾ ਉਤਰਨ ਤੇ ਬਣਾਈ ਜਾਣ ਵਾਲੀ ਵਾਰਤਾਕਾਰ ਪ੍ਰੀਸ਼ਦ (ਨੈਗੌਸ਼ੀਏਟਿੰਗ ਕੌਂਸਲ) ਵਿੱਚ ਵੀ ਸਿਰਫ ਉਨ੍ਹਾਂ ਹੀ ਯੂਨੀਅਨਾਂ ਦੇ ਨੁਮਾਇੰਦੇ ਬੈਠਣਗੇ ਜਿਨ੍ਹਾਂ ਦੇ ਕੋਲ ਅਦਾਰੇ ਦੇ ਘੱਟੋ ਘੱਟ ਵੀਹ ਫੀਸਦੀ ਮਜ਼ਦੂਰਾਂ ਦੀ ਮੈਂਬਰਸ਼ਿਪ ਹੋਵੇਗੀ। ਇਥੇ ਇਹ ਜ਼ਿਕਰਯੋਗ ਹੈ ਕਿ ਪਹਿਲਾਂ ਮੈਂਬਰਾਂ ਦੀ ਇਹ ਸ਼ਰਤ ਦਸ ਫ਼ੀਸਦੀ ਮਜ਼ਦੂਰਾਂ ਦੀ ਸੀ। ਇਸ ਤੋਂ ਇਲਾਵਾ ਇਸ ਕੋਡ ਵਿਚ ਛੋਟੇ ਛੋਟੇ ਤਕਨੀਕੀ ਮਾਮਲਿਆਂ ਨੂੰ ਆਧਾਰ ਬਣਾ ਕੇ ਮਜ਼ਦੂਰਾਂ ਦੀ ਯੂਨੀਅਨ ਦੀ ਰਜਿਸਟ੍ਰੇਸ਼ਨ ਨੂੰ ਖਾਰਜ ਕਰਨ ਦੀ ਵਿਵਸਥਾ ਵੀ ਕੀਤੀ ਗਈ ਹੈ।

ਅੱਜ ਤੋਂ ਸੌ-ਡੇਢ ਸੌ ਸਾਲ ਪਹਿਲਾਂ ਫੈਕਟਰੀ ਵਿੱਚ ਮਜ਼ਦੂਰਾਂ ਵੱਲੋਂ ਆਪਣੀ ਭਿਅੰਕਰ ਲੁੱਟ ਖਸੁੱਟ ਦੇ ਵਿਰੁੱਧ ਹੜਤਾਲ ਕਰਨਾ ਜਾਂ ਯੂਨੀਅਨ ਬਣਾਉਣਾ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦਾ ਸੀ। ਅਜਿਹੇ ਅਪਰਾਧ ਕਰਨ ਵਾਲੇ ਮਜ਼ਦੂਰਾਂ ਦਾ ਭਾਰੀ ਦਮਨ ਕੀਤਾ ਜਾਂਦਾ ਸੀ। ਉਨ੍ਹਾਂ ਤੇ ਭਾਰੀ ਜੁਰਮਾਨੇ ਲੈ ਜਾਂਦੇ ਸਨ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਜਾਂਦਾ ਸੀ। ਹੁਣ ਸਨਅਤੀ ਸਬੰਧ ਕੋਡ 2020 ਦੇ ਜ਼ਰੀਏ ਮੋਦੀ ਸਰਕਾਰ ਮਜ਼ਦੂਰਾਂ ਦੇ ਲਈ ਉਨ੍ਹਾਂ ਹੀ ਪੁਰਾਣੇ 'ਅੱਛੇ ਦਿਨਾਂ' ਦੀ ਵਾਪਸੀ ਹਿਤ ਕਮਰ ਕੱਸ ਚੁੱਕੀ ਹੈ। ਦੂਜਾ ਕਿਰਤ ਕੋਡ ਕਾਰੋਬਾਰੀ ਸੁਰੱਖਿਆ ਸਿਹਤ ਤੇ ਕਾਰਜਦਿਸ਼ਾ ਸਬੰਧੀ ਕੋਡ-2020 ਹੈ ।ਇਸ ਦੇ ਲਾਗੂ ਹੋਣ ਪਿੱਛੋਂ ਫੈਕਟਰੀ ਅਧਿਨਿਯਮ 1948, ਬਾਗਾਨ ਮਜ਼ਦੂਰ ਅਧਿਨਿਯਮ 1951, ਖਾਦਾਨ ਅਧਿਨਿਯਮ 1952, ਸ਼ਰਮਜੀਵੀ ਪੱਤਰਕਾਰ ਅਤੇ ਹੋਰ ਸਮਾਚਾਰ ਪੱਤਰ ਕਰਮਚਾਰੀ (ਸੇਵਾ ਸ਼ਰਤਾਂ ਤੇ ਵਿਵਿਧ ਪ੍ਰਾਵਧਾਨ) ਅਧਿਨਿਯਮ 1955, ਸ਼ਰਮਜੀਵੀ (ਵੇਤਨ ਦਰਾਂ ਦਾ ਨਿਰਧਾਰਨ) ਅਧਿਨਿਯਮ 1958, ਮੋਟਰ ਪ੍ਰੀਵਹਿਨ ਸ਼ਰਮਕ ਅਧਿਨਿਯਮ 1961, ਬੀੜੀ ਤੇ ਸਿਗਾਰ ਸ਼ਰਮਿਕ (ਰੁਜ਼ਗਾਰ ਦੀਆਂ ਸ਼ਰਤਾਂ) ਅਧਿਨਿਯਮ 1966, ਠੇਕਾ ਸ਼ਰਮਿਕ (ਨਿਯਮਨ ਤੇ ਅਨਮੂਲਣ ਅਧਿਨਿਯਮ) 1970, ਸੇਲਜ਼ ਪ੍ਰੋਮੋਸ਼ਨ ਕਰਮਚਾਰੀ (ਸੇਵਾ ਸ਼ਰਤਾਂ) ਅਧਿਨਿਯਮ 1976, ਅੰਤਰ ਰਾਜੀ ਪਰਵਾਸੀ ਸ਼ਰਮਿਕ (ਰੁਜ਼ਗਾਰ ਤੇ ਸੇਵਾ ਸ਼ਰਤਾਂ ਦਾ ਨਿਯਮਨ) ਅਧਿਨਿਯਮ 1979, ਸਿਨੇ ਕਰਮਚਾਰੀ ਅਤੇ ਸਿਨੇਮਾ ਥੀਏਟਰ ਕਰਮਚਾਰੀ ਅਧਿਨਿਯਮ 1981, ਡਾਕ ਸ਼ਰਮਿਕ (ਸੁਰੱਕਸ਼ਾ ਸਿਹਤ ਤੇ ਕਲਿਆਣ) ਅਧਿਨਿਯਮ 1986, ਅਤੇ ਭਵਨ ਨਿਰਮਾਣ ਅਤੇ ਹੋਰ ਨਿਰਮਾਣ ਸ਼ਰਮਿਕ (ਰੁਜ਼ਗਾਰ ਤੇ ਸੇਵਾ ਸ਼ਰਤਾਂ ਦਾ ਨਿਯਮਨ) ਅਧਿਨਿਯਮ 1996 ਖਤਮ ਹੋ ਜਾਣਗੇ। ਕਾਰੋਬਾਰੀ ਸੁਰੱਖਿਆ ਸਿਹਤ ਅਤੇ ਕਾਰਜਦਿਸ਼ਾ ਸਬੰਧੀ ਕੋਡ 2020 ਵਿੱਚ ਹੁਣ ਫੈਕਟਰੀ ਦੀ ਪ੍ਰੀਭਾਸ਼ਾ ਨੂੰ ਬਦਲ ਦਿੱਤਾ ਗਿਆ ਹੈ। ਹੁਣ ਜਿਸ ਅਦਾਰੇ ਵਿੱਚ ਪੈਦਾਵਾਰ ਸਮੇਂ ਬਿਜਲੀ ਦੀ ਵਰਤੋਂ ਹੁੰਦੀ ਹੈ ਉਥੇ ਵੀਹ ਮਜ਼ਦੂਰ ਤੇ ਜਿੱਥੇ ਬਿਜਲੀ ਦੀ ਵਰਤੋਂ ਨਹੀਂ ਹੁੰਦੀ ਉਥੇ ਚਾਲੀ ਮਜ਼ਦੂਰ ਹੋਣ ਤੇ ਹੀ ਉਸਨੂੰ ਫੈਕਟਰੀ ਮੰਨਿਆ ਜਾਵੇਗਾ।

Gill
Truck & Trailer Repair
& Mobile Service
Lube and Truck Wash



Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

BAINS VISION CENTRE



Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਜਦਕਿ ਪਹਿਲਾਂ ਫੈਕਟਰੀ ਦੀ ਪਰਿਭਾਸ਼ਾ ਵਿੱਚ ਮਜ਼ਦੂਰਾਂ ਦੀ ਗਿਣਤੀ ਇਸ ਦੀ ਠੀਕ ਅੱਧੀ ਹੁੰਦੀ ਸੀ। ਇਸ ਤਰ੍ਹਾਂ ਇਹ ਕੋਡ ਸਾਰੀਆਂ ਛੋਟੀਆਂ-ਛੋਟੀਆਂ ਫੈਕਟਰੀਆਂ ਨੂੰ ਫੈਕਟਰੀ ਦੀ ਪ੍ਰੀਭਾਸ਼ਾ ਤੋਂ ਬਾਹਰ ਕਰਕੇ ਉੱਥੇ ਮਜ਼ਦੂਰਾਂ ਦੀ ਭਿਆਨਕ ਲੁੱਟ-ਖਸੁੱਟ ਨੂੰ ਹੱਲਾਸ਼ੇਰੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮਾਰੂਤੀ ਸੁਜ਼ੂਕੀ, ਐਸਕਾਰਟ ਹੌਂਡਾ, ਹੀਰੋ ਵਰਗੀਆਂ ਸਾਰੀਆਂ ਦੇਸੀ ਵਿਦੇਸ਼ੀ ਕੰਪਨੀਆਂ ਆਪਣਾ ਬਹੁਤ ਸਾਰਾ ਕੰਮ ਇਨ੍ਹਾਂ ਛੋਟੀਆਂ ਦਰਮਿਆਨੀਆਂ ਫੈਕਟਰੀਆਂ ਤੋਂ ਆਊਟਸੋਰਸਿੰਗ ਕਰਾਉਂਦੀਆਂ ਹਨ ਅਤੇ ਇੱਥੋਂ ਦੀ ਮਜ਼ਦੂਰਾਂ ਦੀ ਬੇਰਹਿਮ ਲੁੱਟ ਖਸੁੱਟ ਨਾਲ ਬੇਹੱਦ ਜਿਆਦਾ ਮੁਨਾਫ਼ਾ ਕਮਾਉਂਦੀਆਂ ਹਨ। ਉਦਾਰੀਕਰਨ ਦੇ ਪਿਛਲੇ ਕਰੀਬ ਤੀਹ ਸਾਲਾਂ ਵਿੱਚ ਸਨਅਤੀ ਦੁਰਘਟਨਾਵਾਂ ਲਗਾਤਾਰ ਵਧਦੀਆਂ ਗਈਆਂ ਹਨ। ਇਸ ਦਾ ਮੁੱਖ ਕਾਰਨ ਕਿਰਤ ਕਾਨੂੰਨਾਂ ਦੀ ਪਾਲਣਾ ਪ੍ਰਤੀ ਸੁਚੇਤ ਤੌਰ ਤੇ ਉਦਾਸੀਨ ਰੁੱਖ ਅਪਣਾਇਆ ਗਿਆ ਹੈ ਜੋ ਕਿ ਅਪਰਾਧਿਕ ਹੈ। ਮੌਜੂਦਾ ਕਾਰੋਬਾਰੀ ਸਿੱਖਿਆ, ਸਿਹਤ ਅਤੇ ਕਾਰਜ ਦਿਸ਼ਾ ਸਬੰਧੀ ਕੋਡ ਜਿਸ ਦਾ ਮੁੱਖ ਕੰਮ ਕਾਰੋਬਾਰੀ ਸੁਰੱਖਿਆ ਭਾਵ ਸੁਰੱਖਿਆ ਸੇਫਟੀ ਨੂੰ ਯਕੀਨੀ ਬਣਾਉਣਾ ਹੈ, ਵਿਚ ਇਸੇ ਨੇ ਸੁਚੇਤ ਤੌਰ ਤੇ ਮੌਜੂਦ ਉਦਾਸੀਨਤਾ ਨੂੰ ਕਾਨੂੰਨੀ ਜਾਮਾ ਪਹਿਨਾ ਦਿੱਤਾ ਗਿਆ ਹੈ। ਇਸ ਦੇ ਤਹਿਤ ਹੁਣ ਸਿਰਫ਼ ਉਨ੍ਹਾਂ ਫੈਕਟਰੀਆਂ ਨੂੰ ਸੇਫਟੀ ਕਮੇਟੀਆਂ ਦੇ ਦਾਇਰੇ ਵਿੱਚ ਰੱਖਣ ਦੀ ਵਿਵਸਥਾ ਕੀਤੀ ਗਈ ਜਿਥੇ 250 ਜਾਂ ਉਸ ਤੋਂ ਵੱਧ ਮਜ਼ਦੂਰ ਹੋਣ। ਕਿਉਂਕਿ ਪਹਿਲਾਂ ਸੇਫਟੀ ਕਮੇਟੀਆਂ ਸੌ ਜਾਂ ਇਸ ਤੋਂ ਵੱਧ ਮਜ਼ਦੂਰਾਂ ਵਾਲੀਆਂ ਫੈਕਟਰੀਆਂ ਨੂੰ ਆਪਣੀ ਨਿਗਰਾਨੀ ਵਿਚ ਰੱਖਦੀਆਂ ਸਨ। ਨਵਾਂ ਕਨੂੰਨ ਲਾਗੂ ਹੋ ਜਾਣ ਪਿੱਛੋਂ 98-99 ਫ਼ੀਸਦੀ ਸਨਅਤੀ ਇਕਾਈਆਂ ਸੇਫਟੀ ਕਮੇਟੀ ਦੇ ਦਾਇਰੇ ਤੋਂ ਬਾਹਰ ਹੋ ਜਾਣਗੀਆਂ। ਸਪੱਸ਼ਟ ਹੈ ਕਿ ਸਰਮਾਏਦਾਰਾਂ ਦੀ ਸਰਕਾਰਾਂ ਦੀ ਨਿਗ੍ਹਾ ਵਿਚ ਮਜ਼ਦੂਰਾਂ ਦੀ ਜਾਨ ਦੀ ਕੋਈ ਕੀਮਤ ਨਹੀਂ ਹੈ। ਸਨਅਤੀ ਦੁਰਘਟਨਾਵਾਂ ਵਿੱਚ ਮਜ਼ਦੂਰ ਅਪਾਹਜ ਹੋਣ, ਚਾਹੇ ਉਨ੍ਹਾਂ ਦੀ ਜਾਨ ਜਾਵੇ ਇਨ੍ਹਾਂ ਨੂੰ ਕੋਈ ਪਰਿਵਾਰ ਨਹੀਂ।

ਇਨ੍ਹਾਂ ਨੂੰ ਤਾਂ ਸਿਰਫ ਸਰਮਾਏਦਾਰਾਂ ਦੇ ਮੁਨਾਫ਼ੇ ਦਾ ਹੀ ਫ਼ਿਕਰ ਹੈ। ਲਾਕਡਾਊਨ ਨੇ ਆਪਣੇ ਦੇਸ਼ ਦੇ ਅੰਦਰ ਹੀ ਪਰਵਾਸੀ ਹੋ ਚੁੱਕੇ ਮਜ਼ਦੂਰਾਂ ਦੇ ਜੀਵਨ ਦੀਆਂ ਗੈਰਮਨੁੱਖੀ ਹਾਲਤਾਂ ਨੂੰ ਜੱਗ ਜਾਹਰ ਕਰ ਦਿੱਤਾ ਸੀ। ਹਾਲ ਵਿੱਚ ਮੋਦੀ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਬਿਆਨ ਦਿੱਤਾ ਸੀ ਕਿ ਉਸਦੇ ਪਾਸ ਪਰਵਾਸੀ ਮਜ਼ਦੂਰਾਂ ਨਾਲ ਸਬੰਧਤ ਕੋਈ ਅੰਕੜੇ ਨਹੀਂ ਹਨ। ਐਸਾ ਤੱਦ ਜਦ ਕਿ ਕਾਨੂੰਨ ਹੈ ਕਿ ਪੰਜ ਜਾਂ ਇਸ ਤੋਂ ਵੱਧ ਮਜ਼ਦੂਰ ਜਿਸ ਅਦਾਰੇ ਵਿੱਚ ਕੰਮ ਕਰਦੇ ਹੋਣ ਉਨ੍ਹਾਂ ਦੇ ਪਰਵਾਸੀ ਮਜ਼ਦੂਰਾਂ ਦਾ ਰਿਕਾਰਡ ਕਿਰਤ ਵਿਭਾਗ ਰੱਖੇਗਾ। ਹੁਣ ਮੌਜੂਦਾ ਕਾਰੋਬਾਰੀ ਸੁਰੱਖਿਆ ਸਿਹਤ ਅਤੇ ਕਾਰਜ ਦਿਸ਼ਾ ਸਬੰਧੀ ਕੋਡ ਵਿਚ ਸਰਕਾਰ ਨੇ ਇਸ ਨੂੰ ਬਦਲ ਕੇ ਦਸ ਜਾਂ ਇਸ ਤੋਂ ਵੱਧ ਮਜ਼ਦੂਰਾਂ ਵਾਲੇ ਅਦਾਰੇ ਦੇ ਲਈ ਕਰ ਦਿੱਤਾ ਹੈ। ਸੰਦੇਸ਼ ਬਿਲਕੁੱਲ ਸਾਫ ਹੈ ਕਿ ਸਰਕਾਰ ਪਰਵਾਸੀ ਮਜ਼ਦੂਰਾਂ ਦੀ ਅੱਗੇ ਤੋਂ ਵੀ ਕੋਈ ਸੁਧ ਲੈਣ ਵਾਲੀ ਨਹੀਂ ਹੈ। ਇਸ ਤੋਂ ਇਲਾਵਾ ਇਹ ਕੋਡ ਠੇਕਾ ਪ੍ਰਥਾ ਨੂੰ ਹੱਲਾਸ਼ੇਰੀ ਦਿੰਦਾ ਹੈ। ਕੋਰਟ ਵਿਚ ਵਿਵਸਥਾ ਕੀਤੀ ਗਈ ਹੈ ਕਿ ਪੰਜਾਹ ਮਜ਼ਦੂਰਾਂ ਤਕ ਦੀ ਸਪਲਾਈ ਕਰਨ ਵਾਲੇ ਠੇਕੇਦਾਰ ਕੋਡ ਦੇ ਨਿਯਮਾਂ ਤੋਂ ਮੁਕਤ ਰਹਿਣਗੇ, ਜਦ ਕਿ ਪਹਿਲਾਂ ਇਹ ਕਾਨੂੰਨੀ ਛੋਟ ਵੀਹ ਮਜ਼ਦੂਰਾਂ ਤਕ ਦੀ ਸਪਲਾਈ ਕਰਨ ਵਾਲੇ ਠੇਕੇਦਾਰਾਂ ਤੱਕ ਸੀਮਤ ਸੀ। ਇਸ ਦੇ ਤਹਿਤ ਹੁਣ ਰਾਤ ਦੀ ਸ਼ਿਫਟ ਵਿਚ ਮਜ਼ਦੂਰ ਔਰਤਾਂ ਤੋਂ ਕੰਮ ਲੈਣ ਦਾ ਅਧਿਕਾਰ ਵੀ ਸਰਮਾਏਦਾਰਾਂ ਨੂੰ ਦੇ ਦਿੱਤਾ ਗਿਆ ਹੈ। ਬੇਸ਼ਰਮ ਸੰਘੀ ਸਰਕਾਰ ਨੇ ਕਾਨੂੰਨ ਵਿਚ ਤਬਦੀਲੀ ਔਰਤਾਂ ਸਸ਼ਤੀਕਰਨ ਦੇ ਨਾਅਰੇ ਦੇ ਨਾਲ ਕੀਤੀ ਹੈ। ਨਾਲ ਹੀ ਇਹ ਕੋਡ ਨਿਆਂਪਾਲਕਾ ਦੀ ਅਥਾਰਿਟੀ ਨੂੰ ਕਾਰਜਪਾਲਿਕਾ ਦੇ ਸਪੁਰਦ ਕਰਦਾ ਹੈ। ਕੋਡ ਵਿਚ ਵਿਵਸਥਾ ਹੈ ਕਿ ਇਸ ਦੇ ਤਹਿਤ ਕਿਸੇ ਵੀ ਵਿਵਾਦ ਦੀ ਸੁਣਵਾਈ ਦਾ ਅਧਿਕਾਰ ਹਾਈ ਕੋਰਟ ਤੋਂ ਹੇਠਾਂ ਦੀ ਕਿਸੇ ਅਦਾਲਤ ਨੂੰ ਨਹੀਂ ਹੋਵੇਗਾ ਅਤੇ ਇਕ ਪ੍ਰਸ਼ਾਸਨਿਕ ਅਥਾਰਟੀ ਵਿਵਾਦਾਂ ਨੂੰ ਸੁਣਵਾਈ ਕਰੇਗੀ। ਇਸ ਤਰ੍ਹਾਂ ਇਹ ਕੋਡ ਮਜ਼ਦੂਰਾਂ ਨੂੰ ਨਿਆਂਪਾਲਿਕਾ ਤੋਂ ਨਿਆਂ ਦੀਆਂ ਬਚੀਆਂ ਖੁਚੀਆਂ ਉਮੀਦਾਂ ਤੋਂ ਵੀ ਵਾਂਝਿਆਂ ਕਰ ਦਿੰਦਾ ਹੈ। ਚਲਦਾ ਕਿਵੇਂ ਬਦਲੇ ਹਨ ਮੋਦੀ ਸਰਕਾਰ ਨੇ ਪੁਰਾਣੇ ਕਿਰਤ ਕਾਨੂੰਨ? ਨਵੇਂ ਕਿਰਤ ਕਾਨੂੰਨ ਵਿੱਚ ਕਾਰਖਾਨੇ ਦੀ ਪਰਿਭਾਸ਼ਾ ਬਦਲ ਦਿੱਤੀ ਗਈ ਹੈ। ਹੁਣ ਬਿਜਲੀ ਦੀ ਵਰਤੋਂ ਕਰਨ ਵਾਲੀ ਉਸ ਸਨਅਤੀ ਇਕਾਈ ਨੂੰ ਕਾਰਖਾਨਾ ਮੰਨਿਆ ਜਾਵੇਗਾ ਜਿਸ ਚ 20 ਜਾਂ ਉਸ ਤੋਂ ਵੱਧ ਮਜ਼ਦੂਰ ਕੰਮ ਕਰਦੇ ਹੁੰਦੇ ਜਾਂ ਬਿਜਲੀ ਦੀ ਵਰਤੋਂ ਨਾ ਕਰਨ ਵਾਲੀ ਉਸ ਇਕਾਈ ਨੂੰ ਕਰਖਾਨਾ ਕਿਹਾ ਜਾਏਗਾ ਜਿੱਥੇ 40 ਜਾਂ ਉਸ ਤੋਂ ਵਧੇਰੇ ਮਜ਼ਦੂਰ ਕੰਮ ਕਰਦੇ ਹੋਣ। ਪੁਰਾਣਾ ਕਾਰਖਾਨਾ ਕਾਨੂੰਨ-1948 ਵਿੱਚ ਇਹ ਗਿਣਤੀ ਅੱਧੀ ਸੀ ਭਾਵ ਬਿਜਲੀ ਦੀ ਵਰਤੋਂ ਕਰਨ ਵਾਲਿਆਂ ਲਈ 10 ਅਤੇ ਬਿਨਾਂ ਬਿਜਲੀ ਦੀ ਵਰਤੋਂ ਕਰਨ ਵਾਲਿਆਂ ਘੱਟੋ ਘੱਟ 20 ਮਜ਼ਦੂਰ ਕੰਮ ਕਰਦੇ ਸਨ। ਇਸ ਲਈ ਇਸ ਕਨੂੰਨ ਦੇ ਘੇਰੇ ਦੇ ਬਾਹਰਲੇ ਕਾਰਖਾਨਿਆਂ ਦੇ ਮਜ਼ਦੂਰ ਤਾਂ ਇਸ ਕਾਨੂੰਨ ਤਹਿਤ ਕਿਸੇ ਪ੍ਰਕਾਰ ਦਾ ਹੱਕ ਹਾਸਲ ਕਰਨ ਦੀ ਉਮੀਦ ਹੀ ਨਾ ਕਰਨ।

ਕੰਮ ਦੇ ਘੰਟੇ ਹੁਣ 8 ਹੀ ਨਹੀਂ ਗਿਣੇ ਜਾਣਗੇ ਨਵੇਂ ਕਾਨੂੰਨਾਂ ਰਾਹੀਂ ਸਰਕਾਰ ਨੇ ਕੰਮ ਦੇ ਘੰਟਿਆਂ ਸਬੰਧੀ ਨਿਯਮਾਂ ਚ ਵੱਡੀ ਤਬਦੀਲੀ ਕਰ ਦਿੱਤੀ ਹੈ। ਭਾਵੇਂ ਅੱਠ ਘੰਟੇ ਤੋਂ ਵਧੇਰੇ ਕੰਮ ਨੂੰ ਓਵਰ ਟਾਇਮ ਮੰਨਿਆ ਜਾਵੇਗਾ ਪਰ ਓਵਰਟਾਇਮ ਕੰਮ ਦੇ ਘੰਟੇ ਬਾਰੇ ਹਕੂਮਤ ਨੇ ਕਾਨੂੰਨ ਵਿੱਚ ਬਦਲਾਅ ਕਰ ਦਿੱਤਾ ਹੈ। ਪਹਿਲਾਂ ਵਾਲੇ ਕਨੂੰਨ ਚ ਇਹ ਸਪੱਸ਼ਟ ਸੀ ਕਿ ਕਿਸੇ ਵੀ ਹਾਲਤ ਵਿੱਚ (ਓਵਰਟਾਈਮ ਦੇ ਦੋ ਘੰਟੇ ਵਿੱਚ ਮਿਲਾ ਕੇ) ਕੰਮ ਦੇ ਘੰਟੇ 10 ਤੋਂ ਵੱਧ ਨਹੀਂ ਕੀਤੇ ਜਾ ਸਕਣਗੇ। ਆਰਾਮ ਭੋਜਨਾ ਵਗੈਰਾ ਦਾ ਸਮਾਂ ਦੋ ਘੰਟੇ ਹੀ ਜੋੜਿਆ ਜਾ ਸਕਦਾ ਸੀ। ਹੁਣ ਨਵੇਂ ਕਾਨੂੰਨ ਵਿੱਚ ਕੰਮ ਦੇ ਘੰਟੇ ਤੈਅ ਕਰਨ ਦਾ ਅਧਿਕਾਰ ਸਰਕਾਰ ਨੂੰ ਦੇ ਦਿੱਤਾ ਹੈ। ਸਰਕਾਰਾਂ ਨੋਟੀਫਿਕੇਸ਼ਨ ਜਾਰੀ ਕਰਕੇ ਜੋ ਮਰਜ਼ੀ ਜੋ ਮਰਜ਼ੀ ਤਹਿ ਕਰ ਸਕਦੀਆਂ ਹਨ। ਮੌਜੂਦਾ ਮਹਿੰਗਾਈ ਦੇ ਜ਼ਮਾਨੇ ਵਿੱਚ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਓਵਰਟਾਇਮ ਕਰਕੇ ਆਪਣੇ ਘਰ ਦਾ ਗੁਜ਼ਾਰਾ ਚਲਾਉਣਾ ਪੈ ਰਿਹਾ ਹੈ। ਹੱਡ ਭੰਨਵੀਂ ਮਿਹਨਤ ਅਤੇ ਲੰਮੀ ਦਿਹਾੜੀ ਕਾਰਨ ਮਜ਼ਦੂਰਾਂ ਦੀ ਸਿਹਤ ਵਿਗੜ ਰਹੀ ਹੈ। ਇਤਿਹਾਸ ਗਵਾਹ ਹੈ ਕਿ ਮਜ਼ਦੂਰ ਜਮਾਤ ਨੇ 'ਅੱਠ ਘੰਟੇ ਕੰਮ, ਅੱਠ ਘੰਟੇ ਮਨੋਰੰਜਨ' ਅੱਠ ਘੰਟੇ ਆਰਾਮ ਦੇ ਨਾਅਰੇ' ਹੇਠ ਸੰਘਰਸ਼ਾਂ ਰਾਹੀਂ ਅੱਠ ਘੰਟੇ ਕੰਮ ਦੀ ਦਿਹਾੜੀ ਦਾ ਕਾਨੂੰਨੀ ਹੱਕ ਪ੍ਰਾਪਤ ਕੀਤਾ ਸੀ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕੰਮ ਦੇ ਕੁੱਲ ਘੰਟਿਆਂ ਸੰਬੰਧੀ ਤਬਦੀਲੀ ਕਰਕੇ ਕੰਮ ਦੇ ਘੰਟੇ ਸਬੰਧੀ ਮਜ਼ਦੂਰਾਂ ਦੀਆਂ ਇਤਿਹਾਸਕ ਪ੍ਰਾਪਤੀਆਂ ਖੋਹ ਲਈਆਂ ਹਨ। ਮਜ਼ਦੂਰਾਂ ਦੀ ਸੁਰੱਖਿਆ ਸਬੰਧੀ ਸਰਮਾਏਦਾਰਾਂ ਨੂੰ ਹੋਰ ਖੁੱਲ੍ਹ ਦਿੱਤੀ ਗਈ ਹੈ ਕਿਉਂਕਿ ਉਨ੍ਹਾਂ ਦੇ ਮੁਨਾਫ਼ੇ ਦੀ ਲਾਲਸਾ ਦੀ ਕੋਈ ਹੱਦ ਨਹੀਂ। ਸਿੱਟੇ ਵਜੋਂ ਦੇਸ਼ ਭਰ ਦੀਆਂ ਸਨਅਤਾਂ ਵਿਚ ਵੱਡੀ ਗਿਣਤੀ ਤੇ ਰੋਜ਼ਾਨਾ ਹਾਦਸੇ ਵਾਪਰਦੇ ਹਨ। ਸਰਮਾਏਦਾਰ ਕਾਨੂੰਨੀ ਤੌਰ ਤੇ ਸੁਰੱਖਿਆ ਪ੍ਰਬੰਧ ਵਧੀਆ ਨਹੀਂ ਕਰਦੇ। ਪਹਿਲੇ ਕਾਨੂੰਨ ਵਿੱਚ ਅਜਿਹਾ ਪ੍ਰਬੰਧ ਸੀ ਕਿ ਜਿਹੜੇ ਕਾਰਖਾਨਿਆਂ ਵਿੱਚ ਖ਼ਤਰੇ ਵਾਲੇ ਕੰਮ ਹੁੰਦੇ ਸਨ ਜਾਂ ਖਤਰਨਾਕ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਸੀ ਉੱਥੇ ਇਕ ਸੁਰੱਖਿਆ ਕਮੇਟੀ ਦਾ ਗਠਨ ਕੀਤਾ ਜਾਂਦਾ ਸੀ ਜਿਸ ਵਿੱਚ ਮਜ਼ਦੂਰਾਂ ਅਤੇ ਮਾਲਕਾਂ ਦੀ ਬਰਾਬਰ ਗਿਣਤੀ ਹੁੰਦੀ ਸੀ। ਨਵੇਂ ਕਨੂੰਨ ਵਿਚ ਸੁਰੱਖਿਆ ਕਮੇਟੀ ਬਣਾਉਣ ਦੀ ਕੋਈ ਗੱਲ ਕਹੀ ਗਈ ਹੈ। ਹੁਣ ਤਾਂ ਇਮਾਰਤਾਂ ਜਾਂ ਹੋਰ ਉਸਾਰੀ ਦੇ ਕੰਮਾਂ ਦੇ ਅਦਾਰਿਆਂ ਸਬੰਧੀ ਸਿਰਫ ਉਥੇ ਹੀ ਸੁਰੱਖਿਆ ਕਮੇਟੀ ਬਣਾਈ ਜਾਵੇਗੀ ਜਿਥੇ 250 ਜਾਂ ਉਸ ਤੋਂ ਵੱਧ ਮਜ਼ਦੂਰ ਕੰਮ ਕਰਦੇ ਹੋਣਗੇ।ਕਾਨੂੰਨ ਨੂੰ ਚੰਗਾ ਦਿਖਾਉਣ ਲਈ ਪੰਜ ਸੌ ਜਾਂ ਉਸ ਤੋਂ ਵਧੇਰੇ ਗਿਣਤੀ ਵਾਲੇ ਹੋਰ ਕਾਰਖਾਨਿਆਂ ਵਿੱਚ ਵੀ ਸੁਰੱਖਿਆ ਕਮੇਟੀ ਬਣਾਉਣ ਦੀ ਗੱਲ ਜੋੜ ਦਿੱਤੀ ਗਈ ਹੈ। ਸੁਰੱਖਿਆ ਕਮੇਟੀਆਂ ਬਣਾਉਣ ਦੀਆਂ ਇਨ੍ਹਾਂ ਸ਼ਰਤਾਂ ਕਰਕੇ ਦੋ ਤਿੰਨ ਫ਼ੀਸਦੀ ਸਨਅਤੀ ਇਕਾਈਆਂ ਨੂੰ ਛੱਡ ਕੇ ਬਾਕੀ ਸੁਰੱਖਿਆ ਕਮੇਟੀ ਬਣਾਉਣ ਦੇ ਦਾਇਰੇ ਤੋ ਬਾਹਰ ਹੋ ਜਾਣਗੀਆਂ। ਨਵੇਂ ਕਾਨੂੰਨਾਂ ਮੁਤਾਬਕ ਠੇਕਾ ਪ੍ਰਬੰਧ ਨੂੰ ਮਾਨਤਾ ਦੇ ਦਿੱਤੀ ਗਈ ਹੈ ਪੁਰਾਣਾ ਠੇਕਾ ਮਜ਼ਦੂਰੀ (ਕੰਟਰੋਲ ਤੇ ਖਾਤਮਾ) ਕਾਨੂੰਨ – 1970 ਵੀ ਇਸ ਕਨੂੰਨ ਦੇ ਲਾਗੂ ਹੋਣ ਸਾਰ ਖ਼ਤਮ ਹੋ ਜਾਵੇਗਾ। ਠੇਕਾ ਮਜ਼ਦੂਰੀ ਦਾ ਮਸਲਾ ਨਵੇਂ ਕਾਨੂੰਨ ਵਿੱਚ ਦਰਜ ਕੀਤਾ ਗਿਆ ਹੈ। ਹੁਣ ਬਣੇ ਨਵੇਂ ਕਿਰਤ ਕਾਨੂੰਨ ਵਿੱਚ ਠੇਕਾ ਮਜ਼ਦੂਰੀ ਦੇ ਖ਼ਾਤਮੇ ਦੇ ਸੰਕਲਪ ਨੂੰ ਹੀ ਤਿਆਗ ਦਿੱਤਾ ਗਿਆ ਹੈ ਤੇ ਇਸ ਨੂੰ ਸਹੀ ਮੰਨ ਲਿਆ ਗਿਆ ਹੈ। ਨਵੇਂ ਕਾਨੂੰਨ ਅਤੇ ਠੇਕੇਦਾਰਾਂ ਵੱਲੋਂ ਮਜ਼ਦੂਰਾਂ ਦੀ ਗਿਣਤੀ ਸਬੰਧੀ ਕੀਤੀ ਜਾਣ ਵਾਲੀ ਹੇਰਾ ਫੇਰੀ ਦੇ ਸਿੱਟੇ ਵਜੋਂ ਇਥੇ ਉਤੇ ਭਾਰਤੀ ਮਜ਼ਦੂਰਾਂ ਦੀ ਪਹਿਲਾਂ ਤੋਂ ਵੀ ਕਿਤੇ ਵੱਡੀ ਗਿਣਤੀ ਠੇਕਾ ਮਜ਼ਦੂਰਾਂ ਦੀ ਮਾੜੀ ਮੋਟੀ ਮਿਲ ਰਹੇ ਜਾਂ ਮਿਲ ਸਕਦੀਆਂ ਸਹੂਲਤਾਂ ਤੋਂ ਵੀ ਵਾਂਝਾ ਹੋ ਜਾਵੇਗੀ। ਨਵੇਂ ਕਿਰਤ ਕਾਨੂੰਨਾਂ ਰਾਹੀਂ ਪਰਵਾਸੀ ਮਜ਼ਦੂਰਾਂ ਦੇ ਹੱਥਾਂ ਤੇ ਵੀ ਹਮਲਾ ਕੀਤਾ ਗਿਆ ਹੈ। ਪਹਿਲਾਂ ਮੌਜੂਦ ਕਨੂੰਨੀ ਪ੍ਰਬੰਧ ਮੁਤਾਬਕ ਕਿਸੇ ਕਾਰਖਾਨੇ ਵਿੱਚ ਪੰਜ ਹਜਾਰ ਤੋਂ ਵਧੇਰੇ ਮਜ਼ਦੂਰ ਕੰਮ ਕਰਦੇ ਹਨ ਉਨ੍ਹਾਂ ਅਦਾਰਿਆਂ ਦੇ ਪਰਵਾਸੀ ਮਜ਼ਦੂਰਾਂ ਦਾ ਕਿਰਤ ਵਿਭਾਗ ਵਲੋਂ ਰਿਕਾਰਡ ਰੱਖਿਆ ਜਾਵੇਗਾ ਪਰ ਹੁਣ ਇਹ ਗਿਣਤੀ ਘੱਟੋ ਘੱਟ 10 ਕਰ ਦਿੱਤੀ ਗਈ ਹੈ। ਇਹ ਬਹੁਤ ਵੱਡੀ ਤ੍ਰਾਸਦੀ ਹੈ। ਨਵੇਂ ਕਿਰਤ ਕਾਨੂੰਨਾਂ ਰਾਹੀਂ ਔਰਤਾਂ ਦੀ ਅਸੁਰੱਖਿਆ ਵਿੱਚ ਵਾਧਾ ਹੋ ਗਿਆ ਹੈ। ਪਹਿਲਾਂ ਕਿਸੇ ਵੀ ਸਨਅਤੀ ਇਕਾਈ ਵਿਚ ਰਾਤ ਨੂੰ ਔਰਤ ਤੋਂ ਕੰਮ ਨਹੀਂ ਕਰਵਾਇਆ ਜਾ ਸਕਦਾ ਸੀ ਪਰ ਹੁਣ ਕਾਨੂੰਨ ਵਿੱਚ ਤਬਦੀਲੀ ਕਰਕੇ ਸਰਮਾਏਦਾਰਾਂ ਨੂੰ ਖੁੱਲ੍ਹ ਦਿੱਤੀ ਗਈ ਹੈ। ਔਰਤ ਮਜ਼ਦੂਰਾਂ ਦੀ ਸਹਿਮਤੀ ਲੈਣ ਦੀ ਗੱਲ ਭਾਵੇਂ ਕਹੀ ਗਈ ਹੈ ਪਰ ਇਸ ਸਭ ਨੂੰ ਪਤਾ ਕਿ ਅਸਹਿਮਤੀ ਦਾ ਅਰਥ ਰੁਜ਼ਗਾਰ ਤੋਂ ਹੱਥ ਧੋਣਾ ਹੋਵੇਗਾ। ਸਮਾਜਿਕ ਸੁਰੱਖਿਆ ਕੋਡ-2020 ਇਹ ਕਾਨੂੰਨ ਦੇ ਲਾਗੂ ਹੋਣ ਨਾਲ ਹੇਠ ਲਿਖੇ ਨੌਂ ਕਾਨੂੰਨ ਖ਼ਤਮ ਹੋ ਜਾਣਗੇ (1) ਕਰਮਚਾਰੀ ਮੁਆਵਜ਼ਾ ਕਾਨੂੰਨ-1923 (2) ਕਰਮਚਾਰੀ ਰਾਜ ਬੀਮਾ ਕਾਰਪੋਰੇਸ਼ਨ ਕਾਨੂੰਨ-1952 (3) ਕਰਮਚਾਰੀ ਪ੍ਰੋਵੀਡੈਂਟ ਫੰਡ ਤੇ ਫੁਟਕਲ ਪ੍ਰਬੰਧ ਕਨੂੰਨ-1952 (4) ਜਣੇਪਾ ਲਾਭ ਕਾਨੂੰਨ-1961 (5) ਰੁਜ਼ਗਾਰ ਐਕਸਚੇਂਜ (ਖਾਲੀ ਅਸਾਮੀਆਂ ਦੀ ਲਾਜ਼ਮੀ ਸੂਚਨਾ) ਕਾਨੂੰਨ-1959 (6) ਗਰੈਚੁਟੀ ਭੁਗਤਾਨ ਕਾਨੂੰਨ-1972 (7) ਸਿਨੇ ਮਜ਼ਦੂਰ ਭਲਾਈ ਫੰਡ ਕਨੂੰਨ-1981 (8) ਭਵਨ ਤੇ ਹੋਰ ਉਸਾਰੀ ਮਜ਼ਦੂਰ ਭਲਾਈ ਵਿਸ਼ੇਸ਼ ਕਰ ਕਾਨੂੰਨ-1996 (9) ਗੈਰ-ਜਥੇਬੰਦ ਮਜ਼ਦੂਰ ਸਮਾਜਕ ਸੁਰੱਖਿਆ ਕਾਨੂੰਨ-2008 ਈ ਪੀ ਐੱਫ ਅਤੇ ਈ ਐਸ ਆਈ (ਸਿਹਤ ਸਹੂਲਤਾਂ) ਤੇ ਵੀ ਹਮਲਾ ਕੀਤਾ ਗਿਆ ਹੈ। ਪਹਿਲੇ ਕਾਨੂੰਨਾਂ ਮੁਤਾਬਕ ਜਿੰਨੀ ਰਾਸ਼ੀ ਮਜ਼ਦੂਰ ਦੀ ਤਨਖਾਹ ਵਿੱਚੋਂ ਉਸ ਦੇ ਈ ਪੀ ਐਫ ਵਿੱਚ ਜਮ ?ਹਾ ਕਰਵਾਈ ਜਾਂਦੀ ਸੀ ਓਨੀ ਹੀ ਮਾਲਕ ਕੋਲੋਂ ਇਸ ਖਾਤੇ ਜਮ੍ਹਾਂ ਕਰਾਉਣੀ ਪੈਂਦੀ ਸੀ। ਪਹਿਲਾਂ ਇਹ ਦਰ 12 ਫ਼ੀਸਦੀ ਸੀ ਪਰ ਹੁਣ ਮਾਲਕਾਂ ਨੂੰ ਰਾਹਤ ਦਿੰਦੇ ਹੋਏ 10 ਫੀਸਦੀ ਕਰ ਦਿੱਤੀ ਹੈ। ਮਾਲਕ ਤੇ ਮਜ਼ਦੂਰ ਦੀ ਸਹਿਮਤੀ ਨਾਲ ਕੋਈ ਸਨਅਤੀ ਅਦਾਰਾ ਈ ਪੀ ਐਫ ਦੇ ਘੇਰੇ ਤੋਂ ਬਾਹਰ ਵੀ ਰੱਖਿਆ ਜਾ ਸਕਦਾ ਹੈ ਜਦੋਂ ਕਿ ਪਹਿਲਾਂ ਅਜਿਹਾ ਨਹੀਂ ਸੀ ਕੀਤਾ ਜਾ ਸਕਦਾ। ਕੇਂਦਰ ਸਰਕਾਰ ਨੇ ਸਰਮਾਏਦਾਰਾਂ ਵੱਲੋਂ ਈਐਸਆਈ ਸਕੀਮ ਵਿੱਚ ਪਾਏ ਯੋਗਦਾਨ ਨੂੰ 4.75 ਤੋਂ ਘਟਾ ਕੇ 3.25 ਫ਼ੀਸਦੀ ਕਰ ਦਿੱਤਾ ਹੈ ਇਸ ਤਰ੍ਹਾਂ ਡੇਢ ਫ਼ੀਸਦੀ ਘਟਾ ਦਿੱਤਾ ਗਿਆ ਹੈ। ਸਮਾਜਿਕ ਸੁਰੱਖਿਆ ਯੋਜਨਾਵਾਂ ਲਈ ਹੁਣ ਆਧਾਰ ਕਾਰਡ ਲਾਜ਼ਮੀ ਕਰ ਦਿੱਤਾ ਗਿਆ ਹੈ ਜੋ ਮਜ਼ਦੂਰਾਂ ਦੀ ਨਿੱਜਤਾ ਦੇ ਹੱਕ ਤੇ ਹਮਲਾ ਹੈ। ਭਾਵੇਂ ਸੁਪਰੀਮ ਕੋਰਟ ਨੇ ਆਧਾਰ ਕਾਰਡ ਨੂੰ ਗੈਰਸੰਵਿਧਾਨਕ ਤਕ ਵੀ ਕਰਾਰ ਦੇ ਦਿੱਤਾ ਹੈ ਪਰ ਸਰਕਾਰ ਵਲੋਂ ਲਗਾਤਾਰ ਆਧਾਰ ਕਾਰਡ ਨੂੰ ਹਰ ਥਾਂ ਲਾਜਮੀ ਬਣਾਉਂਦੀ ਜਾ ਰਹੀ ਹੈ। ਤਨਖਾਹਾਂ ਬਾਰੇ ਕੋਡ-2019 ਇਹ ਕਾਨੂੰਨ ਪਹਿਲੇ 4 ਪੁਰਾਣੇ ਕਿਰਤ ਕਾਨੂੰਨਾਂ ਦੀ ਥਾਂ ਲਿਆਂਦਾ ਗਿਆ ਹੈ। (1) ਤਨਖਾਹ ਅਦਾਇਗੀ ਕਾਨੂੰਨ-1936 (2) ਘੱਟੋ ਘੱਟ ਤਨਖਾਹ ਕਾਨੂੰਨ-1948 (3) ਬੋਨਸ ਅਦਾਇਗੀ ਕਾਨੂੰਨ-1965 (4) ਬਰਾਬਰ ਮਜ਼ਦੂਰੀ ਕਨੂੰਨ-1976 ਕਾਨੂੰਨ ਵਿੱਚ ਚੰਗੇ ਗੁਜ਼ਾਰੇ ਲਈ ਘੱਟੋ ਘੱਟ ਤਨਖਾਹ ਤੈਅ ਕਰਨ ਦੇ ਕਿਸੇ ਪੈਮਾਨੇ ਦੀ ਗੱਲ ਕੀਤੀ ਹੀ ਨਹੀਂ ਗਈ ਹੈ ਸਗੋਂ ਇਸ ਦਾ ਪੂਰਾ ਅਧਿਕਾਰ ਸਰਕਾਰ ਨੂੰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਵੱਲੋਂ ਪੂਰੇ ਦੇਸ਼ ਲਈ ਤੈਅ ਕੀਤੀ ਘੱਟੋ ਘੱਟ ਤਨਖ਼ਾਹ ਸਿਰਫ 178 ਰੁਪਏ ਹੀ ਹੈ। ਇਸ ਤੋਂ ਇਲਾਵਾ ਮਨਰੇਗਾ ਆਂਗਨਵਾੜੀ ਮਿਡ ਡੇ ਮੀਲ ਆਦਿ ਮਜ਼ਦੂਰਾਂ ਦਾ ਇਸ ਕਾਨੂੰਨ ਵਿੱਚ ਕਿਤੇ ਜ਼ਿਕਰ ਤਕ ਨਹੀਂ ਕੀਤਾ ਗਿਆ।

ਇਨ੍ਹਾਂ ਸਰਕਾਰਾਂ ਮਜ਼ਦੂਰਾਂ ਨੂੰ ਸਰਕਾਰ ਆਪਣੇ ਵੱਲੋਂ ਤੈਅ ਘੱਟੋ ਘੱਟ ਤਨਖ਼ਾਹ ਵੀ ਨਹੀਂ ਦਿੰਦੀਆਂ। ਘੱਟੋ ਘੱਟ ਉਜਰਤ ਕਾਨੂੰਨ 1948 ਵਿੱਚ ਘੱਟੋ ਘੱਟ ਤਨਖ਼ਾਹ ਅਤੇ ਬੋਨਸ ਨਾ ਦੇਣ ਵਾਲੇ ਮਾਲਕਾਂ ਨੂੰ ਛੇ ਮਹੀਨੇ ਦੀ ਕੈਦ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਸੀ। ਬਰਾਬਰ ਤਨਖਾਹ ਕਨੂੰਨ 1976 ਵਿੱਚ ਮਜ਼ਦੂਰਾਂ ਬਾਰੇ ਦਸਤਾਵੇਜ਼ ਨਾ ਬਣਾਉਣ ਅਤੇ ਭਰਤੀ ਵਿੱਚ ਔਰਤਾਂ ਨਾਲ ਵਿਤਕਰੇ ਲਈ ਇਕ ਸਾਲ ਤੱਕ ਦੀ ਸਜ਼ਾ ਹੋ ਸਕਦੀ ਸੀ। ਨਵੇਂ ਕਾਨੂੰਨ ਇਹ ਸਜ਼ਾਵਾਂ ਘਟਾ ਦਿੱਤੀਆਂ ਗਈਆਂ ਹਨ। ਹੁਣ ਮਾਲਕਾਂ ਵਲੋਂ ਪੰਜ ਸਾਲ ਵਿੱਚ ਘੱਟੋ ਤਨਖਾਹ ਨਾ ਦੇਣ ਦਾ ਅਪਰਾਧ ਦੂਜੀ ਵਾਰ ਕਰਨ ਤੇ ਤਿੰਨ ਮਹੀਨੇ ਦੀ ਕੈਦ, ਬੋਨਸ ਨਾ ਲੱਗਦੇ ਤੇ ਇੱਕ ਮਹੀਨੇ ਦੀ ਕੈਦ ਦੀ ਸਜ਼ਾ ਹੀ ਹੋ ਸਕਦੀ ਹੈ। ਇਨ੍ਹਾਂ ਸਾਰੇ ਮਾਮਲਿਆਂ ਚ ਜੁਰਮਾਨਿਆਂ ਨੂੰ ਵਧਾ ਕੇ ਵੀ ਨਿਗੂਣੀ ਰਾਸ਼ੀ ਹੀ ਤੈਅ ਕੀਤੀ ਗਈ ਹੈ। ਕਨੂੰਨਾਂ ਚ ਤਬਦੀਲੀ ਕਰਨ ਪਿੱਛੋਂ ਇੰਸਪੈਕਟਰ ਦੇ ਅਹੁਦੇ ਦੀ ਥਾਂ ਹੁਣ ਇੰਸਪੈਕਟਰ ਕਮ ਫਸਿਲੀਟੇਟਰ ਦਾ ਅਹੁੱਦਾ ਕਾਇਮ ਕੀਤਾ ਜਾਵੇਗਾ। ਇਹ ਅਫ਼ਸਰ ਸਨਅਤੀ ਅਦਾਰਿਆਂ ਦੀ ਜਾਂਚ ਪੜਤਾਲ ਕਰਨ ਲਈ ਮਾਲਕਾਂ ਤੋਂ ਇੰਟਰਨੈੱਟ ਰਾਹੀਂ ਰਿਕਾਰਡ ਮੰਗਵਾ ਸਕੇਗਾ, ਉਨ੍ਹਾਂ ਨੂੰ ਕਿਰਤ ਕਾਨੂੰਨਾਂ ਸਬੰਧੀ ਸਲਾਹ ਦੇਣ ਅਤੇ ਅਗਵਾਈ ਕਰਨ ਦਾ ਕੰਮ ਕਰੇਗਾ। ਹੁਣ ਮਾਲਕਾਂ ਦੀ ਕੋਈ ਮਜਬੂਰੀ ਨਹੀਂ ਰਹੀ ਤੇ ਨਾ ਹੀ ਉਨ੍ਹਾਂ ਦੇ ਚਲਾਨ ਕੱਟੇ ਜਾ ਸਕਦੇ ਹਨ। ਇੰਸਪੈਕਟਰੀ ਰਾਜ ਦੇ ਖ਼ਾਤਮਾ ਦੀ ਦੁਹਾਈ ਪਾ ਕੇ ਮਾਲਕਾਂ ਨੂੰ ਹੁਣ ਇਹ ਵੀ ਖੁੱਲ੍ਹ ਦੇ ਦਿੱਤੀ ਗਈ ਹੈ। ਇਹ ਹਨ ਉਹ ਵੱਡੀਆਂ ਤਬਦੀਲੀਆਂ ਜੋ ਪਹਿਲਾਂ ਮੌਜੂਦ 44 ਕਿਰਤ ਕਾਨੂੰਨਾਂ ਵਿਚ ਕਰ ਦਿੱਤੀਆਂ ਗਈਆਂ ਹਨ ਅਤੇ ਮਜ਼ਦੂਰਾਂ ਦੇ ਹੱਕ ਜੋ ਪਹਿਲਾਂ ਹੀ ਸੀਮਤ ਹਨ ਹੁਣ ਹੋਰ ਘਟਾ ਦਿੱਤੇ ਗਏ ਹਨ।

# ਗੀਤ 'ਬੰਦੇ ਮਾਤਰਮ' 'ਤੇ ਰੱਫੜ !

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੇ ਫੈਸਲਾ ਕੀਤਾ ਹੈ ਕਿ ਸੂਬੇ ਦੇ ਸਾਰੇ ਸਕੂਲਾਂ 'ਚ 'ਬੰਦੇ ਮਾਤਰਮ' ਗਾਉਣਾ ਲਾਜ਼ਮੀ ਹੋਵੇਗਾ। ਬੰਦੇ ਮਾਤਰਮ ਦੇ ਸ਼ਬਦੀ ਅਰਥ 'ਮੈਂ ਤੈਨੂੰ ਪ੍ਰਣਾਮ ਕਰਦਾ ਹਾਂ ਮਾਂ' ਹਨ, ਪਰ ਫਿਰ ਵੀ ਇਹ ਲੰਮੇ ਸਮੇ ਤੋਂ ਹਿੰਦੂਆਂ ਅਤੇ ਮੁਸਲਮਾਨਾਂ 'ਚ ਵਿਵਾਦ ਦਾ ਵੱਡਾ ਮੁੱਦਾ ਬਣਦਾ ਰਿਹਾ ਹੈ। ਹੁਣ ਵੀ ਜੇ ਇਸ ਨੂੰ ਉਤਰ-ਪ੍ਰਦੇਸ਼ ਦੇ ਸਕੂਲਾਂ 'ਚ ਗਾਉਣਾ ਲਾਜ਼ਮੀ ਕੀਤਾ ਜਾਂਦਾ ਹੈ ਤਾਂ ਇਹ ਫਿਰ ਵੀ ਨਵੀਆਂ ਹਾਲਤਾਂ ਅਤੇ ਨਵੇਂ ਸੰਦਰਭ 'ਚ ਵਿਵਾਦ ਦਾ ਮੁੱਦਾ ਬਣ ਸਕਦਾ ਹੈ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਇਸ ਵਾਰ ਇਹ, ਹਿੰਦੂ-ਮੁਸਲਿਮ ਵਿਰੋਧ ਦੇ ਨਾਲ ਨਾਲ ਹਿੰਦੂ-ਸਿੱਖਾਂ 'ਚ ਵੀ ਵਿਰੋਧ ਖੜ੍ਹਾ ਕਰ ਸਕਦਾ ਹੈ।

ਇਹ ਗੀਤ 'ਬੈਨਕਿਮ ਚੰਦਰ ਚੈਟਰਜੀ' ਨੇ 1875 'ਚ ਲਿਖਿਆ ਸੀ ਅਤੇ ਉਸ ਨੇ ਇਸ ਨੂੰ ਆਪਣੇ ਨਾਵਲ 'ਅਨੰਦਮੱਠ' 'ਚ ਛਪਵਾਇਆ ਸੀ। ਇਹ ਉਹ ਗੀਤ ਹੈ ਜੀਹਨੂੰ 1896 'ਚ ਰਬਿੰਦਰ ਨਾਥ ਟਗੋਰ ਨੇ ਕਲਕੱਤਾ ਦੇ ਨੈਸਨਲ ਕਾਂਗਰਸ ਪਾਰਟੀ ਦੇ ਸੈਸ਼ਨ ਦੌਰਾਨ ਗਾਇਆ ਵੀ ਸੀ। ਇਸ ਨੂੰ ਸਿਰਫ ਟੈਗੋਰ ਨੇ ਹੀ ਨਹੀਂ ਗਾਇਆ, ਇਹ ਗੀਤ ਸਮੁੱਚੀ ਭਾਰਤੀ ਕੌਮੀ ਲਹਿਰ 'ਚ ਹੀ ਬਹੁਤ ਗਾਇਆ ਗਿਆ ਸੀ ਅਤੇ ਇਸ ਨੂੰ ਬਰਤਾਨਵੀ ਹਕੂਮਤ ਨੇ ਵੀ ਗੰਭੀਰਤਾ ਨਾਲ ਲਿਆ ਸੀ ਪਰ ਛੇਤੀ ਹੀ ਕੌਮੀ ਲਹਿਰ 'ਚ ਸਰਗਰਮ ਮੁਸਲਿਮ ਧਿਰ ਨੇ ਇਸ ਗੀਤ ਦਾ ਖੁੱਲ੍ਹੇਆਮ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ 1937 ਨੂੰ ਦਸੰਬਰ 26-28 ਫੈਜਾਪੁਰ ਦੀ ਮੀਟਿੰਗ 'ਚ ਨੈਸਨਲ ਕਾਂਗਰਸ ਪਾਰਟੀ ਨੇ, ਇਸ ਗੀਤ ਦਾ ਤੀਜਾ ਪਹਿਰਾ ਗੀਤ 'ਚੋਂ ਕੱਢ ਦਿੱਤਾ ਅਤੇ ਮਤਾ ਪਾਇਆ ਕਿ ਕੌਮੀ ਇਕੱਠਾ 'ਚ ਇਸ ਗੀਤ ਦੇ ਪਹਿਲੇ ਦੋ ਪਹਿਰੇ ਹੀ ਗਾਏ ਜਾਣ ਅਤੇ ਇੰਨਾ ਦੋ ਪਹਿਰਿਆਂ ਨੂੰ ਹੀ ਕੌਮੀ ਗੀਤ ਵਜੋਂ ਪ੍ਰਵਾਨ ਕਰ ਲਿਆ। ਇਸ ਤੋਂ ਪਹਿਲਾ ਜਵਾਹਰ ਲਾਲ ਨਹਿਰੂ ਨੇ ਸੁਭਾਸ਼ ਚੰਦਰ ਬੋਸ ਨੂੰ ਚਿੱਠੀ ਲਿਖ ਕੇ ਸੂਚਿਤ ਕੀਤਾ ਸੀ ਕਿ ਮੁਸਲਿਮ ਭਾਈਚਾਰਾ ਇਸ ਗੀਤ ਤੋਂ ਚਿੜਦਾ ਹੈ! ਮੁਸਲਿਮ ਧਿਰ ਨੂੰ ਇਤਰਾਜ਼ ਸੀ ਕਿ ਇਹ ਗੀਤ 'ਮੂਰਤੀ ਪੂਜਾ' ਅਤੇ ਹਿੰਦੂ ਦੇਵੀਆਂ ਦੁਰਗਾ, ਕਮਲਾ (ਲਕਸ਼ਮੀ) ਅਤੇ ਸਰਸਵਤੀ ਨੂੰ ਵਡਿਆਉਂਦਾ ਹੈ। ਉਨ੍ਹਾਂ ਮੁਤਾਬਕ ਇਹ ਮੁਸਲਿਮ ਧਰਮ ਤੇ ਉਸ ਦੇ ਵਿਸ਼ਵਾਸਾਂ ਨਾਲ ਟਕਰਾਅ 'ਚ ਆਉਂਦਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਮੁਸਲਿਮ ਧਰਮ ਮੁਤਾਬਕ ਰੱਬ ਇਕ ਹੈ ਜਦ ਕਿ ਹਿੰਦੂ ਧਰਮ ਅਤੇ ਇਹ ਗੀਤ, ਤੱਤ ਰੂਪ 'ਚ ਦੇਵੀ-ਦੇਵਤਿਆਂ ਅਤੇ ਅਨੇਕ ਦੈਵੀ (ਰੱਬੀ) ਸ਼ਕਤੀਆਂ ਦੀ ਗੱਲ ਕਰਦਾ ਹੈ। ਵੈਸੇ ਜੇ ਸਿੱਖ ਧਰਮ ਦੀ ਗੱਲ ਕਰੀਏ ਤਾਂ ਮੁਸਲਿਮ ਧਰਮ ਵਾਂਗ, ਹਿੰਦੂ ਧਰਮ ਨਾਲ ਉਸ ਦਾ ਵੀ ਇਹੀ ਵਖਰੇਵਾਂ ਅਤੇ ਟਕਰਾਅ ਹੈ। ਸਿੱਖ ਧਰਮ ਵੀ ਇਕ ਹੀ ਦੈਵੀ ਸ਼ਕਤੀ, ਭਾਵ ੴ (ਇਕ ਰੱਬ) ਨੂੰ ਮੰਨਦਾ ਹੈ ਅਤੇ ਇਹ ਮੂਰਤੀ ਪੂਜਾ ਦਾ ਵੀ ਵਿਰੋਧ ਕਰਦਾ ਹੈ।

ਅਜ਼ਾਦੀ ਤੋਂ ਬਾਅਦ ਇਹ ਚਰਚਾ ਇਕ ਨਵੇਂ ਰੂਪ 'ਚ ਸਾਹਮਣੇ ਆਈ; ਮੁੱਦਾ ਦੇਸ਼ ਦੇ 'ਨੈਸ਼ਨਲ ਐਨਥਮ' ਦਾ ਸੀ ਕਿ ਅਜ਼ਾਦ ਭਾਰਤ ਦਾ ਕੌਮੀ ਐਨਥਮ ਕਿਹੜਾ ਗੀਤ ਹੋਵੇ? ਦੋ ਗੀਤ ਵਿਚਾਰ ਅਧੀਨ ਆਏ; ਪਹਿਲਾ ਸੀ 'ਬੰਦੇ ਮਾਤਰਮ' ਅਤੇ ਦੂਜਾ ਸੀ ਰਬਿੰਦਰ ਨਾਥ ਟੈਗੋਰ ਵੱਲੋਂ 1911 'ਚ ਲਿਖਿਆ ਗੀਤ 'ਜਨ ਗਣ ਮਨ' ਜਿਸਦਾ ਪਹਿਲਾ ਟਾਈਟਲ 'ਭਾਰਤ ਭਾਗ ਵਿਧਾਤਾ' ਸੀ ਅਤੇ ਫਿਰ ਬਦਲ ਕੇ ਜਨ ਗਣ ਮਨ ਕਰ ਦਿੱਤਾ ਗਿਆ ਸੀ। ਕਾਫ਼ੀ ਸੋਚ ਵਿਚਾਰ ਤੋਂ ਬਾਅਦ ਸੰਵਿਧਾਨਕ ਸਭਾ ਨੇ 24 ਜਨਵਰੀ 1950 ਨੂੰ 'ਜਨ ਗਣ ਮਨ' ਨੂੰ ਸੰਵਿਧਾਨਕ ਤੌਰ 'ਤੇ ਦੇਸ਼ ਦੇ 'ਨੈਸ਼ਨਲ ਐਨਥਮ' ਵਜੋਂ ਪ੍ਰਵਾਨ ਕਰ ਲਿਆ ਅਤੇ ਉਸ ਸਮੇਂ ਤੋਂ ਲੈ ਕੇ ਹੁਣ ਤੱਕ, ਸਕੂਲਾਂ ਅਤੇ ਸਰਕਾਰੀ ਫ਼ੰਕਸ਼ਨਾ ਵਗੈਰਾ 'ਚ 'ਜਨ ਗਣ ਮਨ' ਹੀ ਗਾਇਆ ਜਾਂਦਾ ਹੈ ਜਾਂ ਫਿਰ ਇਸ ਦੀ ਧੁਨ ਵਜਾਈ ਜਾਂਦੀ ਹੈ। ਪਰ ਪਿਛਲੇ ਕੁਝ ਸਾਲਾਂ ਤੋਂ ਇਸ ਮੁੱਦੇ 'ਤੇ ਵਿਵਾਦ ਨੇ ਮੁੜ ਤੂਲ ਫੜੀ ਹੈ ਖਾਸ ਕਰਕੇ 2014 ਤੋਂ ਬਾਅਦ ਜਦੋਂ ਦੀ ਭਾਰਤੀ ਜਨਤਾ ਪਾਰਟੀ ਸੱਤਾ 'ਚ ਆਈ ਹੈ।

ਹੁਣ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੇ ਸੂਬੇ ਦੇ ਸਕੂਲਾਂ 'ਚ 'ਬੰਦੇ ਮਾਤਰਮ' ਗਾਉਣ ਦਾ ਫ਼ੈਸਲਾ ਕਰ ਲਿਆ ਹੈ ਜੋ ਕਿ ਉਸ ਦੀ ਹਿੰਦੂਤਵੀ ਸੋਚ 'ਚੋਂ ਨਿਕਲਿਆ ਹੋਇਆ ਫੈਸਲਾ ਈ ਹੈ। ਦੇਸ਼ ਦਾ ਮਾਹੌਲ ਪਹਿਲਾਂ ਈ ਖੁਸ਼ਗਵਾਰ ਨਹੀਂ, ਦੇਸ਼ ਦੇ ਕਈ ਹਿੱਸਿਆਂ 'ਚ ਹਿੰਦੂ-ਮੁਸਲਿਮ ਫਿਰਕੂ ਤਨਾਅ ਚੱਲ ਰਿਹਾ ਹੈ। ਉਤਰ ਪ੍ਰਦੇਸ਼ ਦੇ ਸਕੂਲਾਂ 'ਚ ਹਿੰਦੂਆਂ ਦੇ ਬੱਚਿਆਂ ਤੋਂ ਇਲਾਵਾ, ਵੱਡੀ ਗਿਣਤੀ 'ਚ ਮੁਸਲਮਾਨਾਂ ਅਤੇ ਸਿੱਖਾਂ ਦੇ ਬੱਚੇ ਵੀ ਪੜ੍ਹਦੇ ਹਨ। ਹਿੰਦੂ ਮਿਥਿਹਾਸ, ਹਿੰਦੂ ਵਿਚਾਰਾਂ ਅਤੇ ਇਸ ਦੇ ਅਕੀਦਿਆਂ ਨੂੰ ਧੱਕੇ ਨਾਲ ਬਾਕੀ ਧਰਮਾਂ ਦੇ ਵਿਦਿਆਰਥੀਆਂ ਦੇ ਸਿਰ ਮੜ੍ਹਨਾ ਇਕ ਫਾਸ਼ੀ ਵੰਨਗੀ ਹੈ। ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਦਾ ਇਹ ਕਦਮ ਫਿਰਕੂ ਤਨਾਅ ਨੂੰ ਵਧਾਉਣ ਵਾਲਾ ਤੇ ਪਾਟਕ-ਪਾਊ ਕਦਮ ਹੈ ਅਤੇ ਉਸ ਨੂੰ ਆਪਣਾ ਇਹ ਫੈਸਲਾ ਹਰ ਹਾਲ ਵਾਪਸ ਲੈਣਾ ਚਾਹੀਦਾ ਹੈ।

—ਪਰਮਜੀਤ ਰੋਡੇ
737 274 2370

# ਮਾੜਵੀ ਹਿੜਮਾ ਦਾ ਕਤਲ: ਆਪਣੇ ਹੀ ਨਾਗਰਿਕਾਂ ਦੀਆਂ ਜਾਨਾਂ ਲੈ ਰਿਹਾ ਭਾਰਤੀ ਰਾਜ

**ਬੂਟਾ ਸਿੰਘ ਮਹਿਮੂਦਪੁਰ**





## ਇਕ ਆਮ ਆਦਿਵਾਸੀ ਨੌਜਵਾਨ ਚੋਟੀ ਦਾ ਛਾਪਾਮਾਰ ਕਮਾਂਡਰ ਅਤੇ ਇਨਕਲਾਬੀ ਆਗੂ ਕਿਵੇਂ ਬਣਿਆ, ਉਸ ਵਿਕਾਸ-ਅਮਲ ਬਾਰੇ ਮਾਓਵਾਦੀ ਪਾਰਟੀ ਨੇ ਆਪਣੇ ਬਿਆਨ ਵਿਚ ਲਿਖਿਆ:

ਕਾਮਰੇਡ ਹਿੜਮਾ ਦਾ ਜਨਮ 1974 ਵਿਚ ਛੱਤੀਸਗੜ੍ਹ ਰਾਜ ਦੇ ਸੁਕਮਾ ਜ਼ਿਲ੍ਹੇ ਦੇ ਪੁਵਰਤੀ ਪਿੰਡ ਦੇ ਇਕ ਆਦਿਵਾਸੀ ਪਰਿਵਾਰ ਵਿਚ ਹੋਇਆ ਸੀ। ਉਸਨੇ ਬਚਪਨ ਵਿਚ ਪੰਜਵੀਂ ਜਮਾਤ ਤੱਕ ਪੜ੍ਹਾਈ ਕੀਤੀ। ਉਸ ਖੇਤਰ ਵਿਚ ਇਨਕਲਾਬੀ ਲਹਿਰ ਦਾ ਵਧਾਰਾ-ਪਸਾਰਾ ਹੋਣ ’ਤੇ ਉਹ ਜਥੇਬੰਦੀ ਦੇ ਸੰਪਰਕ ਵਿਚ ਆਇਆ। ਦਸੰਬਰ 1997 ਵਿਚ ਉਹ ਕੁਲਵਕਤੀ ਇਨਕਲਾਬੀ ਵਜੋਂ ਭਰਤੀ ਹੋਇਆ ਅਤੇ 1998 ਦੇ ਅੰਤ ਤੱਕ ਬਾਸਾਗੁੜਾ ਸੁਕਐਡ ਵਿਚ ਕੰਮ ਕੀਤਾ। 1999 ’ਚ ਉਸਨੇ ਗੜ੍ਹਚਿਰੌਲੀ ਵਿਚ ਸੇਵਾਵਾਂ ਦਿੱਤੀਆਂ। ਇਸ ਤੋਂ ਬਾਅਦ, ਉਸਨੇ ਦੰਡਕਾਰਣੀਆ ਹਥਿਆਰ ਨਿਰਮਾਤਾ ਵਿਭਾਗ ਵਿਚ ਇਕ ਸਾਲ ਕੰਮ ਕੀਤਾ। 2001 ਵਿਚ, ਉਹ ਦੱਖਣੀ ਬਸਤਰ ਵਿਚ ਏਰੀਆ ਕਮੇਟੀ ਮੈਂਬਰ ਬਣਿਆ। 2002 ਵਿਚ, ਉਸਨੇ ਉਸੁਰ ਅਤੇ ਕੌਂਟਾ ਵਿਚ ਸਥਾਨਕ ਸੁਕਐਡਾਂ ਦੇ ਕਮਾਂਡਰ ਵਜੋਂ ਕੰਮ ਕੀਤਾ। 2005 ਵਿਚ ਉਹ ਡਿਵੀਜ਼ਨਲ ਕਮੇਟੀ ਮੈਂਬਰ ਬਣਿਆ। ਫਿਰ ਉਸਨੇ ਕੰਪਨੀ ਨੰ. 2 ਵਿਚ ਪਲਟੂਨ ਕਮਾਂਡਰ ਵਜੋਂ ਸੇਵਾ ਨਿਭਾਈ। 2006 ਤੋਂ 2009 ਤੱਕ, ਉਸਨੇ ਕੰਪਨੀ 3 ਦੇ ਕਮਾਂਡਰ ਅਤੇ ਸਕੱਤਰ ਵਜੋਂ ਸੇਵਾ ਨਿਭਾਈ। 2009 ਵਿਚ, ਉਸਨੇ ਬਟਾਲੀਅਨ ਕਮਾਂਡਰ ਦੀ ਜ਼ਿੰਮੇਵਾਰੀ ਸੰਭਾਲੀ। 2011 ਵਿਚ, ਉਸਨੇ ਬਟਾਲੀਅਨ ਪਾਰਟੀ ਕਮੇਟੀ ਸਕੱਤਰ ਦੀ ਜ਼ਿੰਮੇਵਾਰੀ ਸੰਭਾਲੀ। ਉਸੇ ਸਾਲ, ਉਹ ਦੰਡਕਾਰਣੀਆ ਸਪੈਸ਼ਲ ਜ਼ੋਨਲ ਕਮੇਟੀ ਦੇ ਮੈਂਬਰ ਬਣਿਆ। 2020 ਵਿਚ, ਉਹ ਸਕੱਤਰੇਤ ਮੈਂਬਰ ਬਣੇ। ਅਗਸਤ 2024 ਵਿਚ, ਉਸ ਨੂੰ ਦੰਡਕਾਰਣੀਆ ਸਪੈਸ਼ਲ ਜ਼ੋਨਲ ਕਮੇਟੀ ਦੇ ਸਕੱਤਰ ਅਤੇ ਕੇਂਦਰੀ ਕਮੇਟੀ ਦੀ ਜ਼ਿੰਮੇਵਾਰੀ ਦਿੱਤੀ ਗਈ।

ਕਾਮਰੇਡ ਹਿੜਮਾ ਨੇ ਸ਼ੁਰੂ ਤੋਂ ਹੀ ਜਨਤਾ ਵਿਚ ਕੰਮ ਕਰਕੇ ਅਤੇ ਉਨ੍ਹਾਂ ਤੋਂ ਸਿੱਖ ਕੇ ਵਿਕਾਸ ਕੀਤਾ। ਇਨਕਲਾਬੀ ਲਹਿਰ ਨੂੰ ਵਿਕਸਤ ਕਰਨ ਦੀ ਪ੍ਰਕਿਰਿਆ ਵਿਚ, ਉਸਨੇ ਲਹਿਰ ਦੀਆਂ ਜ਼ਰੂਰਤਾਂ ਨਾਲ ਸੰਬੰਧਤ ਬਹੁਤ ਸਾਰੇ ਵਿਸ਼ੇ ਸਿੱਖੇ। ਲਹਿਰ ਨੂੰ ਵਿਕਸਤ ਕਰਨ ਲਈ, ਉਸਨੇ ਮਾਰਕਸਵਾਦੀ ਸਿਧਾਂਤ ਦਾ ਡੂੰਘਾਈ ਨਾਲ ਅਧਿਐਨ ਕੀਤਾ ਅਤੇ ਰਾਜਨੀਤਿਕ ਤੇ ਵਿਚਾਰਧਾਰਕ ਤੌਰ ’ਤੇ ਵਿਕਾਸ ਕੀਤਾ। ਉਸਨੇ ਲੋੜ ਅਨੁਸਾਰ ਕਈ ਸਰਕੂਲਰ ਅਤੇ ਕਿਤਾਬਚੇ ਲਿਖ ਕੇ ਕਾਡਰ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਫ਼ੌਜੀ ਖੇਤਰ ਵਿਚ ਵਿਸ਼ੇਸ਼ ਅਧਿਐਨ ਕੀਤੇ ਅਤੇ ਉਨ੍ਹਾਂ ਨੂੰ ਜ਼ਮੀਨ ’ਤੇ ਲਾਗੂ ਕਰਕੇ ਕਾਫ਼ੀ ਸਫਲਤਾ ਪ੍ਰਾਪਤ ਕੀਤੀ। ਉਸਨੇ ਸ਼ਾਨਦਾਰ ਤਰੀਕਿਆਂ ਨਾਲ ਬਹੁਤ ਸਾਰੀਆਂ ਫ਼ੌਜੀ ਕਾਰਵਾਈਆਂ ਦੀ ਯੋਜਨਾ ਬਣਾਈ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਾਮਯਾਬੀ ਨਾਲ ਅੰਜਾਮ ਦਿੱਤਾ। ਕਾਮਰੇਡ ਹਿੜਮਾ ਦੀ ਅਗਵਾਈ ਹੇਠ, ਬਟਾਲੀਅਨ ਨੇ ਦੱਖਣੀ ਸਬ-ਜ਼ੋਨ ਖੇਤਰ ਵਿਚ ਦੁਸ਼ਮਣ ਰਾਜ ਨੂੰ ਉਖਾੜ ਸੁੱਟਣ ਤੋਂ ਬਾਅਦ, ਜਨਤਾਨਾ ਸਰਕਾਰ ਬਣਾਈ। ਇਹ ਸਰਕਾਰ ਪਿਛਲੇ ਇਕ ਸਾਲ ਤੱਕ ਕੰਮ ਕਰਦੀ ਰਹੀ। ਕਾਮਰੇਡ ਹਿੜਮਾ ਨੇ ਲੋਕਾਂ ਅਤੇ ਵਰਕਰਾਂ ਦਾ ਵਿਸ਼ਵਾਸ ਜਿੱਤਿਆ।

ਲੋਟੂ ਮੀਡੀਆ ਅਤੇ ਸਰਕਾਰੀ ਬੁੱਧੀਜੀਵੀ ਲੰਮੇ ਸਮੇਂ ਤੋਂ ਹਿੜਮਾ ਨੂੰ ਬਤੌਰ ਖਲਨਾਇਕ ਪੇਸ਼ ਕਰਦੇ ਰਹੇ ਹਨ। ਹੁਣ ਵੀ, ਉਸਦੇ ਕਤਲ ਤੋਂ ਬਾਅਦ, ਉਹ ਉਸਦੇ ਖਿ ?ਲਾਫ਼ ਝੂਠਾ ਅਤੇ ਜ਼ਹਿਰੀਲਾ ਪ੍ਰਚਾਰ ਕਰ ਰਹੇ ਹਨ। ਅਜਿਹੇ ਝੂਠੇ ਪ੍ਰਚਾਰ ਦੇ ਬਾਵਜੂਦ, ਲੋਕਾਂ ਵਿਚ ਹਿੜਮਾ ਦੀ ਥਾਂ ਅਟੱਲ ਹੈ। ਭਗਤ ਸਿੰਘ, ਕੋਮਾਰਾਮ ਭੀਮ, ਗੁੰਡਾਧੁਰ, ਗੇਂਦਸਿੰਘ ਅਤੇ ਅਲੂਰੀ ਸੀਤਾਰਾਮਰਾਜੂ ਵਾਂਗ, ਕਾਮਰੇਡ ਹਿੜਮਾ ਦਾ ਨਾਂ ਭਾਰਤ ਦੇ ਇਨਕਲਾਬੀ ਅੰਦੋਲਨ ਵਿਚ ਪ੍ਰਮੁੱਖ ਰਹੇਗਾ। ਹਿੜਮਾ ਨੂੰ ਇਤਿਹਾਸ ਵਿਚ ਨਾ ਸਿਰਫ਼ ਆਦਿਵਾਸੀ ਭਾਈਚਾਰੇ ਦੇ ਆਗੂ ਵਜੋਂ, ਸਗੋਂ ਦੱਬੇ-ਕੁਚਲੇ ਲੋਕਾਂ ਦੇ ਆਗੂ ਵਜੋਂ ਵੀ ਉਕਰਿਆ ਜਾਵੇਗਾ। ਉਸਦਾ ਇਤਿਹਾਸ ਪੜ੍ਹ ਕੇ ਆਉਣ ਵਾਲੀਆਂ ਪੀੜ੍ਹੀਆਂ ਪ੍ਰੇਰਨਾ ਲੈਣਗੀਆਂ।

ਜਦੋਂ ਇਸ ਸਾਲ 21 ਅਪ੍ਰੈਲ ਨੂੰ ਕੇਂਦਰ ਸਰਕਾਰ ਵੱਲੋਂ ਮਾਓਵਾਦੀ ਲੀਡਰਸ਼ਿਪ ਨੂੰ ਖ਼ਤਮ ਕਰਨ ਲਈ 20 ਹਜ਼ਾਰ ਤੋਂ ਵਧੇਰੇ ਨੀਮ-ਫ਼ੌਜੀ ਤਾਕਤਾਂ ਭੇਜਕੇ ਅਤੇ ਉਨ੍ਹਾਂ ਦੀ ਮਦਦ ਲਈ ਡਰੋਨਾਂ, ਹੈਲੀਕਾਪਟਰਾਂ ਨਾਲ ਲੈਸ ਕਈ ਤਰ੍ਹਾਂ ਦੀਆਂ ਵਿਸ਼ੇਸ਼ ਪੁਲਿਸ ਤਾਕਤਾਂ ਅਤੇ ਖ਼ੁਫ਼ੀਆ ਏਜੰਸੀਆਂ ਦਾ ਜਾਲ ਵਿਛਾਕੇ ਛੱਤੀਸਗੜ੍ਹ-ਤੇਲੰਗਾਨਾ ਸਰਹੱਦ ਉੱਪਰ ਕਰੇਗੁੱਟਾ ਪਹਾੜੀਆਂ ਨੂੰ ਘੇਰਾ ਪਾਇਆ ਗਿਆ ਅਤੇ ਤਿੰਨ ਹਫ਼ਤੇ ਤਾਬੜਤੋੜ ਸਰਚ ਓਪਰੇਸ਼ਨ ਚਲਾਇਆ ਗਿਆ, ਓਦੋਂ ਉੱਘੇ ਗਾਂਧੀਵਾਦੀ ਅਤੇ ਲੋਕ-ਹੱਕਾਂ ਦੀ ਬੁਲੰਦ ਆਵਾਜ਼ ਹਿਮਾਂਸ਼ੂ ਕੁਮਾਰ ਨੇ ਲਿਖਿਆ ਕਿ ‘ਜੰਗਲਾਂ ਦਾ ਰਾਖਾ’ ਹਿੜਮਾ ਮਰਨਾ ਨਹੀਂ ਚਾਹੀਦਾ। ਜੇਕਰ ਉਹ ਮਾਰਿਆ ਜਾਂਦਾ ਹੈ ਤਾਂ ਕੇਂਦਰੀ ਭਾਰਤ ਦੇ ਜੰਗਲ ਅਤੇ ਆਦਿਵਾਸੀ ਲੋਕ ਉਸ ਸੁਰੱਖਿਆ ਤੋਂ ਵਾਂਝੇ ਹੋ ਜਾਣਗੇ ਜੋ ਹਿੜਮਾ ਅਤੇ ਉਸਦੇ ਸਾਥੀਆਂ ਦੀ ਉੱਥੇ ਮੌਜੂਦਗੀ ਕਾਰਨ ਉਨ੍ਹਾਂ ਨੂੰ ਮਿਲੀ ਹੋਈ ਹੈ ਜਿਨ੍ਹਾਂ ਦੇ ਸੰਘਰਸ਼ ਨੇ ਭਾਰਤੀ ਹਕੂਮਤ, ਇਸਦੀ ਪੁਲਿਸ-ਫ਼ੌਜ ਅਤੇ ਇਨ੍ਹਾਂ ਦੇ ਮੋਢਿਆਂ ’ਤੇ ਸਵਾਰ ਹੋ ਕੇ ਵਧ ਰਹੇ ਧਾੜਵੀ ਕਾਰਪੋਰੇਟ ਪ੍ਰੋਜੈਕਟਾਂ ਨੂੰ ਰੋਕਿਆ ਹੋਇਆ ਹੈ। ਹਿਮਾਂਸ਼ੂ ਕੁਮਾਰ ਦੀ ਚਿੰਤਾ ਹੁਣ ਭਿਆਨਕ ਹਕੀਕਤ ਬਣਕੇ ਅਤੇ ਜਮਹੂਰੀ ਤੇ ਮਨੁੱਖੀ ਹੱਕਾਂ ਲਈ ਬੇਇੰਤਹਾ ਖ਼ਤਰਾ ਬਣਕੇ ਸਾਡੇ ਲੋਕਾਂ ਨੂੰ ਘੂਰ ਰਹੀ ਹੈ।

ਆਖਿਰਕਾਰ, ਕਈ ਸਾਲ ਸ਼ਿਕਾਰ-ਪਿੱਛਾ ਕਰਨ ਤੋਂ ਬਾਅਦ 18 ਨਵੰਬਰ ਨੂੰ ਭਾਜਪਾ ਸਰਕਾਰ ਵੱਲੋਂ ਮਾਓਵਾਦੀ ਗੁਰੀਲਾ ਕਮਾਂਡਰ ਮਾੜਵੀ ਹਿੜਮਾ ਨੂੰ ਆਂਧਰਾ ਪ੍ਰਦੇਸ਼ ਦੇ ਇਕ ਸ਼ਹਿਰ ਵਿਚੋਂ ਉਸਦੀ ਜੀਵਨ ਸਾਥਣ ਰਾਜੇ ਤੇ ਚਾਰ ਹੋਰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਉਸ ਜ਼ਿਲ੍ਹੇ ਵਿਚ ਮੁਕਾਬਲਾ ਬਣਾ ਕੇ ਮਾਰ ਦਿੱਤਾ ਗਿਆ ਜਿਸ ਦਾ ਨਾਂ ਆਦਿਵਾਸੀ ਨਾਇਕ ਅਲੂਰੀ ਸੀਤਾਰਾਮ ਰਾਜੂ ਦੇ ਨਾਂ ’ਤੇ ਰੱਖਿਆ ਗਿਆ ਹੈ। ਅਲੂਰੀ ਸੀਤਾਰਾਮ ਰਾਜੂ (4 ਜੁਲਾਈ 1897 ਜਾਂ 1898 - 7 ਮਈ 1924) ਨੇ ਭਾਰਤ ਵਿਚ ਅੰਗਰੇਜ਼ ਬਸਤੀਵਾਦੀ ਰਾਜ ਦੇ ਖ਼ਿਲਾਫ਼ ਹਥਿਆਰਬੰਦ ਰੰਪਾ ਬਗਾਵਤ (1922-1924) ਦੀ ਅਗਵਾਈ ਕੀਤੀ ਜਿਸਦਾ ਉਦੇਸ਼ ਭਾਰਤ ਵਿਚ ਅੰਗਰੇਜ਼ ਰਾਜ ਦੇ ਦੱਖਣੀ ਪ੍ਰਸ਼ਾਸਨਿਕ ਸੂਬੇ ਮਦਰਾਸ ਪ੍ਰੈਸੀਡੈਂਸੀ ਦੇ ਪੂਰਬੀ ਘਾਟ ਖੇਤਰ ਤੋਂ ਅੰਗਰੇਜ਼ ਹਕੂਮਤ ਨੂੰ ਉਖਾੜ ਸੁੱਟਣਾ ਸੀ। ਅੰਗਰੇਜ਼ ਹਕੂਮਤ ਵੱਲੋਂ 1882 ’ਚ “ਮਦਰਾਸ ਫਾਰੈਸਟ ਐਕਟ” ਲਾਗੂ ਕਰਕੇ ਆਦਿਵਾਸੀਆਂ ਨੂੰ ਆਪਣੇ ਹੀ ਜੰਗਲਾਂ ਵਿਚ ਜਾਣ ਅਤੇ ਰਵਾਇਤੀ ਖੇਤੀ ‘ਪੋਡੂ’ ਤੋਂ ਵਾਂਝੇ ਕਰ ਦਿੱਤਾ ਗਿਆ ਸੀ। ਇਸ ਨਾਲ ਆਦਿਵਾਸੀਆਂ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਸੀ। ਅਲੂਰੀ ਸੀਤਾਰਾਮ ਨੇ ਉਸ ਜਾਬਰ ਐਕਟ ਵਿਰੁੱਧ ਪੈਦਾ ਹੋਏ ਆਦਿਵਾਸੀ ਰੋਹ ਨੂੰ ਬਗ਼ਾਵਤ ਦਾ ਰੂਪ ਦਿੱਤਾ। ਅਜੋਕੇ ਆਂਧਰ ਪ੍ਰਦੇਸ਼ ਅਤੇ ਓੜੀਸਾ ਦੇ ਸਰਹੱਦੀ ਖੇਤਰਾਂ ਵਿਚ ਅੰਗਰੇਜ਼ ਫ਼ੌਜ ਵਿਰੁੱਧ ਛਾਪਾਮਾਰ ਲੜਾਈ ’ਚ ਆਪਣੀ ਬੀਰਤਾ ਕਾਰਨ ਉਹ ਇਸ ਕਦਰ ਮਕਬੂਲ ਹੋ ਗਿਆ ਕਿ ਸਥਾਨਕ ਲੋਕਾਂ ਨੇ ਉਸ ਨੂੰ “ਮਨਯਮ ਵੀਰੁਡੂ” (ਜੰਗਲ ਦਾ ਬੀਰ) ਦਾ ਖਿਤਾਬ ਦਿੱਤਾ। ਆਪਣੀ ਫ਼ੌਜ ਵਾਸਤੇ ਹਥਿਆਰ ਲੁੱਟਣ ਲਈ ਉਹ ਪੁਲਿਸ ਥਾਣਿਆਂ ’ਤੇ ਹਮਲੇ ਕਰਦਾ। ਹਰ ਹਮਲੇ ਤੋਂ ਬਾਅਦ ਉਹ ਥਾਣੇ ਵਿਚ ਆਪਣੇ ਦਸਖ਼ਤਾਂ ਵਾਲਾ ਰੁੱਕਾ ਛੱਡ ਜਾਂਦਾ; ਜਿਸ ਵਿਚ ਲੁੱਟੇ ਹਥਿਆਰਾਂ ਦਾ ਵੇਰਵਾ ਦਿੱਤਾ ਹੁੰਦਾ ਅਤੇ ਨਾਲ ਹੀ ਇਹ ਚੁਣੌਤੀ ਵੀ ਕਿ ਜੇ ਹਿੰਮਤ ਹੈ ਤਾਂ ਸਾਨੂੰ ਰੋਕ ਕੇ ਦਿਖਾਓ। ਉਸ ਆਦਿਵਾਸੀ ਬਗ਼ਾਵਤ ਨੂੰ ਕੁਚਲਣ ਲਈ ਅੰਗਰੇਜ਼ ਹਕੂਮਤ ਨੂੰ ਲਗਭਗ ਦੋ ਸਾਲ ਪੂਰਬੀ ਘਾਟ ਦੇ ਜੰਗਲਾਂ ਵਿਚ ਵਿਆਪਕ ਤਲਾਸ਼ੀ ਮੁਹਿੰਮ ਚਲਾਉਣੀ ਪਈ ਜਿਸ ਉੱਪਰ 40 ਲੱਖ ਰੁਪਏ ਤੋਂ ਵੱਧ ਖ਼ਰਚ ਆਇਆ। ਆਖਿਰਕਾਰ, 1924 ’ਚ ਉਸਨੂੰ ਚਿਤਾਪੱਲੀ ਜੰਗਲਾਂ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉੱਥੇ ਹੀ ਉਸ ਨੂੰ ਰੁੱਖ ਨਾਲ ਬੰਨ੍ਹ ਕੇ ਗੋਲੀਆਂ ਮਾਰਕੇ ਮਾਰ ਦਿੱਤਾ ਗਿਆ।

ਠੀਕ ਇਕ ਸਦੀ ਬਾਅਦ ਬਿਲਕੁਲ ਉਸੇ ਤਰ੍ਹਾਂ ਦੀ ਛਾਪਾਮਾਰ ਲੜਾਈ ‘ਆਜ਼ਾਦ’ ਭਾਰਤ ਵਿਚ ਮਾੜਵੀ ਹਿੜਮਾ ਅਤੇ ਹੋਰ ਆਦਿਵਾਸੀਆਂ ਨੇ ਲੜੀ। ਆਪਣੇ ਜੰਗਲਾਂ-ਪਹਾੜਾਂ ਅਤੇ ਜੰਗਲ ਉੱਪਰ ਕੁਦਰਤੀ ਹੱਕਾਂ ਨੂੰ ਬਚਾਉਣ ਦੀ ਆਦਿਵਾਸੀਆਂ ਦੀ ਲੜਾਈ ਤਿੰਨ ਸਦੀਆਂ ਤੋਂ ਚੱਲ ਰਹੀ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੁਣ ਹੁਕਮਰਾਨ ਤਾਂ ਦੇਸੀ ਹਨ ਪਰ ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਉਜਾੜਾ ਕਰਕੇ ਕੇਂਦਰੀ ਭਾਰਤ ਦੇ ਜੰਗਲਾਂ-ਪਹਾੜਾਂ ਨੂੰ ਸੁਪਰ ਮੁਨਾਫ਼ਿਆਂ ਲਈ ਕਾਰਪੋਰੇਟ ਸਰਮਾਏਦਾਰੀ ਨੂੰ ਸੌਂਪਣ ਦੀ ਨੀਤੀ ਉਹੀ ਬਦੇਸ਼ੀ, ਅੰਗਰੇਜ਼ ਬਸਤੀਵਾਦੀਆਂ ਵਾਲੀ ਹੈ।

ਹਿੜਮਾ ਪਹਿਲਾ ਆਦਿਵਾਸੀ ਸੀ ਜਿਸਨੂੰ ਮਾਓਵਾਦੀ ਪਾਰਟੀ ਦੀ ਸਿਖ਼ਰਲੀ ਲੀਡਰਸ਼ਿਪ ਵਿਚ ਸ਼ੁਮਾਰ ਕੀਤਾ ਗਿਆ। ਜਦੋਂ ਅਜੇ ਕੋਈ ਆਦਿਵਾਸੀ ਇਨਕਲਾਬੀ ਅਜੇ ਸਿਖ਼ਰਲੀ ਲੀਡਰਸ਼ਿੱਪ ਦੇ ਪੱਧਰ ਤੱਕ ਵਿਕਸਤ ਨਹੀਂ ਸੀ ਹੋਇਆ ਓਦੋਂ ਇਹ ਪ੍ਰਚਾਰਿਆ ਜਾਂਦਾ ਸੀ ਕਿ ਲੀਡਰਸ਼ਿੱਪ ਆਂਧਰਾ ਤੋਂ ਆਏ ਆਗੂਆਂ ਦੇ ਆਪਣੇ ਲਈ ਰਾਖਵੀਂ ਕੀਤੀ ਹੋਈ ਹੈ ਅਤੇ ਆਦਿਵਾਸੀਆਂ ਤੇ ਦਲਿਤਾਂ ਨੂੰ ਅੱਗੇ ਕਰਕੇ ਮਰਵਾਇਆ ਜਾ ਰਿਹਾ ਹੈ। ਜਦੋਂ ਹਿੜਮਾ ਨੂੰ ਕੇਂਦਰੀ ਕਮੇਟੀ ਮੈਂਬਰ ਲੈ ਲਿਆ ਗਿਆ ਤਾਂ ਇਹ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਗਿਆ ਕਿ ਉਸ ਨੂੰ ਆਦਿਵਾਸੀ ਨੌਜਵਾਨਾਂ ਨੂੰ ਭਰਮਾਉਣ ਲਈ ਆਗੂ ਬਣਾਇਆ ਗਿਆ ਹੈ।

ਭਾਜਪਾ ਸਰਕਾਰ ਅਤੇ ਗੋਦੀ ਮੀਡੀਆ ਜਸ਼ਨ ਮਨਾ ਰਹੇ ਹਨ ਕਿ ਛਾਪਾਮਾਰ ਲੜਾਈ ਦੇ ਮਾਹਰ ਹਿੜਮਾ ਦੇ ਮਾਰੇ ਜਾਣ ਨਾਲ ਇਨਕਲਾਬੀ ਟਾਕਰੇ ਦਾ ਲੱਕ ਟੁੱਟ ਗਿਆ ਹੈ। ਛੱਤੀਸਗੜ੍ਹ ਦੇ ਮੁੱਖ ਮੰਤਰੀ ਨੇ ਕਿਹਾ ਕਿ ਹਿੜਮਾ “ਬਸਤਰ ਵਿਚ ਸਾਲਾਂ ਤੋਂ ਖ਼ੂਨ-ਖਰਾਬੇ, ਹਿੰਸਾ ਅਤੇ ਦਹਿਸ਼ਤ ਦਾ ਚਿਹਰਾ” ਸੀ। ਇਹੀ ਬਿਰਤਾਂਤ ਸਮੁੱਚਾ ਭਗਵਾ ਪ੍ਰਚਾਰਤੰਤਰ ਅਤੇ ਗੋਦੀ ਮੀਡੀਆ ਪ੍ਰਚਾਰ ਰਿਹਾ ਹੈ ਜਿਨ੍ਹਾਂ ਦਾ ਡੀਐੱਨਏ ਹੀ ਬ੍ਰਾਹਮਣਵਾਦੀ-ਫਾਸ਼ੀਵਾਦੀ ਹੈ ਅਤੇ ਜਿਨ੍ਹਾਂ ਦੀ ਵਿਚਾਰਧਾਰਾ ਅਤੇ ਇਤਿਹਾਸ ਹੀ ਝੂਠ ਅਤੇ ਅਫ਼ਵਾਹਾਂ ’ਤੇ ਨਿਰਭਰ ਹੈ। ਮਾਓਵਾਦੀਆਂ ਦੇ ਲੜਨ ਦੇ ਤਰੀਕਿਆਂ ਬਾਰੇ ਸਵਾਲ ਅਤੇ ਅਸਹਿਮਤੀਆਂ ਹੋ ਸਕਦੀਆਂ ਹਨ, ਪਰ ਉਨ੍ਹਾਂ ਦੀ ਜੱਦੋਜਹਿਦ ਦੇ ਇਨਕਲਾਬੀ ਉਦੇਸ਼ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੈ। ਇੱਥੋਂ ਤੱਕ ਕਿ ਖ਼ੁਦ ਕੇਂਦਰ ਸਰਕਾਰ ਦੇ ਯੋਜਨਾ ਕਮਿਸ਼ਨ ਵੱਲੋਂ ਵੱਖ-ਵੱਖ ਆਰਥਕ ਮਾਹਰਾਂ, ਸਮਾਜ ਵਿਗਿਆਨੀਆਂ ਤੇ ਹੋਰ ਉੱਘੀਆਂ ਸ਼ਖ਼ਸੀਅਤਾਂ ਨੂੰ ਲੈ ਕੇ ਦੀ ਬਣਾਈ ‘ਬੰਦੋਪਾਧਿਆਏ ਕਮੇਟੀ’ ਨੇ ਵੀ ਆਪਣੀ ਵਿਸਤਾਰੀ ਰਿਪੋਰਟ ‘ਅੱਤਵਾਦ ਪ੍ਰਭਾਵਿਤ ਇਲਾਕਿਆਂ ਵਿਚ ਵਿਕਾਸ ਦੀਆਂ ਚੁਣੌਤੀਆਂ’ (2008) ਵਿਚ ਇਸ ਹਕੀਕਤ ਨੂੰ ਮੰਨਿਆ ਕਿ ਨਕਸਲੀ ਲਹਿਰ ਦੇ ਵਧਾਰੇ-ਪਸਾਰੇ ਦਾ ਕਾਰਨ ਹਾਸ਼ੀਏ ’ਤੇ ਧੱਕੇ, ਨਿਤਾਣੇ ਹਿੱਸਿਆਂ ਨਾਲ ਘੋਰ ਵਿਤਕਰਾ ਅਤੇ ਪ੍ਰਸ਼ਾਸਨ ਤੇ ਲੋਕਾਂ ਦਰਮਿਆਨ ਪਾੜਾ ਹੈ ਅਤੇ ਨਕਸਲੀ ਲਹਿਰ ਨੇ ਇਨ੍ਹਾਂ ਹਿੱਸਿਆਂ ਨੂੰ ਆਪਣੇ ਹੱਕਾਂ ਲਈ ਲੜਨ ਦੀ ਤਾਕਤ ਦਿੱਤੀ ਹੈ। ਇਸ ਸਚਾਈ ਨੂੰ ਦਹਿ-ਹਜ਼ਾਰਾਂ ਦੀ ਤਾਦਾਦ ’ਚ ਨਕਸਲੀ ਲਹਿਰ ਵਿਚ ਸ਼ਾਮਲ ਹੋ ਕੇ ਹਕੂਮਤ ਵਿਰੁੱਧ ਜਾਨ-ਹੂਲਵੀਂ ਲੜਾਈ ਲੜ ਰਹੇ ਆਦਿਵਾਸੀ ਨੌਜਵਾਨਾਂ, ਖ਼ਾਸ ਕਰਕੇ ਨੌਜਵਾਨ ਕੁੜੀਆਂ ਦੇ ਰੂਪ ’ਚ ਦੇਖਿਆ ਜਾ ਸਕਦਾ ਹੈ।

ਭਾਰਤ ਦੇ ਸਮਾਜਿਕ-ਆਰਥਕ ਢਾਂਚੇ ਦੇ ਵਜੂਦ-ਸਮੋਈ ਨਾਬਰਾਬਰੀ, ਅਨਿਆਂ, ਵਿਤਕਰੇ, ਧੱਕੇ ਅਤੇ ਦਾਬੇ ਦੀ ਇਸ ਜੱਗ ਜ਼ਾਹਰ ਹਕੀਕਤ ਉੱਪਰ ਪਰਦਾ ਪਾ ਕੇ ਪਿਛਲੇ ਦਹਾਕਿਆਂ ਤੋਂ ਇਹ ਪ੍ਰਭਾਵ ਸਿਰਜਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਨਕਸਲੀ ਸਵਾਲ ਨਿਰੋਲ ਅਮਨ-ਕਾਨੂੰਨ ਦਾ ਮਸਲਾ ਹੈ। ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ‘ਨਕਸਲਵਾਦ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ’ ਦਾ ਬਿਰਤਾਂਤ ਘੜਿਆ ਗਿਆ ਅਤੇ ‘ਰਾਸ਼ਟਰੀ ਸੁਰੱਖਿਆ’ ਦੀ ਮਿੱਥ ਦੇ ਆਧਾਰ ’ਤੇ ਮਨਮੋਹਣ-ਚਿਦੰਬਰਮ ਸਰਕਾਰ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਅਣਐਲਾਨਿਆ ਯੁੱਧ ਵਿੱਢ ਦਿੱਤਾ ਗਿਆ। ਭਾਜਪਾ ਨੇ ਸੱਤਾ ਵਿਚ ਆ ਕੇ ਫਾਸ਼ੀਵਾਦੀ ਹਮਲਾ ਤੇਜ਼ ਕਰਨ ਲਈ ਇਹ ਕੁਤਰਕ ਪ੍ਰਚਾਰਿਆ ਕਿ ਇਸ ਮਸਲੇ ਨੂੰ ਹੋਰ ਵੀ ਵਧੇਰੇ ਜਾਬਰ ਕਾਨੂੰਨ ਬਣਾਕੇ ਅਤੇ ਵਧੇਰੇ ਕਰੂਰ ਫ਼ੌਜੀ ਤਾਕਤ ਵਰਤਕੇ ਕੁਚਲਣ ਦੀ ਮਜ਼ਬੂਤ ਇੱਛਾ-ਸ਼ਕਤੀ ਵਾਲੀ ਰਾਜਨੀਤਕ ਲੀਡਰਸ਼ਿੱਪ ਦੀ ਜ਼ਰੂਰਤ ਹੈ। ਮੋਦੀ-ਅਮਿਤ ਸ਼ਾਹ ਵਜ਼ਾਰਤ ਨੇ ਲੋਕਾਂ ਵਿਰੁੱਧ ਉਪਰੋਕਤ ਯੁੱਧ ਨੂੰ ਪਹਿਲਾਂ 2017 ’ਚ ‘ਓਪਰੇਸ਼ਨ ਸਮਾਧਾਨ-ਪ੍ਰਹਾਰ’ ਨਾਲ ਜਬਰ ਤੇਜ਼ ਕੀਤਾ ਅਤੇ ਫਿਰ 2024 ’ਚ ‘ਓਪਰੇਸ਼ਨ ਕਗਾਰ’ ਦੇ ਰੂਪ ’ਚ ਹੋਰ ਵੀ ਕਰੂਰ ਬਣਾਇਆ। ਉਨ੍ਹਾਂ ਦਾ ਟੀਚਾ ਐਲਾਨੀਆ ਕਤਲੇਆਮ ਤੇ ਦਹਿਸ਼ਤਗਰਦ ਜਬਰ ਰਾਹੀਂ 31 ਮਾਰਚ 2026 ਤੱਕ ਭਾਰਤ ਨੂੰ ‘ਨਕਸਲਵਾਦ ਮੁਕਤ’ ਬਣਾਉਣ ਦਾ ਹੈ। ਆਲਮੀ ਅਜਾਰੇਦਾਰੀ ਸਰਮਾਏ ਦੀ ਸਭ ਤੋਂ ਬੇਹਯਾ ਸੇਵਾਦਾਰ ਪਿਛਾਖੜੀ ਰਾਜਨੀਤਕ ਧਾਰਾ ਦੀ ਨੁਮਾਇੰਦਾ ਆਰਐੱਸਐੱਸ-ਭਾਜਪਾ ਨੇ ਇਸ ਲੜਾਈ ਦਾ ਵਿਚਾਰਧਾਰਕ ਮੋਰਚਾ ਵੀ ਖੋਲ੍ਹਿਆ ਹੋਇਆ ਹੈ। ਇਸਦੇ ਲਈ ਸਮਾਜਵਾਦ, ਬਰਾਬਰੀ, ਮਾਣ-ਸਨਮਾਨ ਵਾਲੀ ਜ਼ਿੰਦਗੀ ਤੇ ਨਿਆਂ ਦੀ ਗੱਲ ਕਰਨ ਵਾਲੇ ਹਰ ਅਗਾਂਹਵਧੂ ਚਿੰਤਨਸ਼ੀਲ ਦਿਮਾਗ ਨੂੰ ਕੁਚਲਣ ਲਈ ‘ਸ਼ਹਿਰੀ ਨਕਸਲੀ’ ਦਾ ਨਵਾਂ ਦੁਸ਼ਮਣ ਈਜਾਦ ਕਰ ਲਿਆ ਗਿਆ ਹੈ।

ਫਾਸ਼ੀਵਾਦੀ ਸਰਕਾਰ ਦਾ ਸਭ ਤੋਂ ਪਹਿਲਾ ਝੂਠ ਤਾਂ ਇਹ ਹੈ ਕਿ ਹਿੜਮਾ ਅਤੇ ਉਸਦੇ ਸਾਥੀ ‘ਮੁਕਾਬਲੇ’ ’ਚ ਮਾਰੇ ਗਏ। ਬੁਜ਼ਦਿਲ ਫਾਸ਼ੀਵਾਦੀਆਂ ’ਚ ਐਨੀ ਵੀ ਹਿੰਮਤ ਨਹੀਂ ਹੈ ਕਿ ਯੁੱਧ ਦੌਰਾਨ ਬੰਦੀ ਬਣਾਏ ਲੜਾਕਿਆਂ ਨੂੰ ਨਾ ਮਾਰਨ ਬਾਰੇ ਜੈਨੇਵਾ ਸਮਝੌਤੇ ਦੀ ਪਾਲਣਾ ਕਰਨ ਅਤੇ ਦਹਿ-ਹਜ਼ਾਰਾਂ ਸੁਰੱਖਿਆ ਬਲਾਂ ਦੇ ਘੇਰੇ ਵਿਚ ਆ ਕੇ ਜਾਂ ਧੋਖੇ ਨਾਲ ਗ੍ਰਿਫ਼ਤਾਰ ਕੀਤੇ ਮਾਓਵਾਦੀਆਂ ਵਿਰੁੱਧ ਅਦਾਲਤਾਂ ’ਚ ਕਾਨੂੰਨੀ ਪ੍ਰਕਿਰਿਆ ਰਾਹੀਂ ਮੁਕੱਦਮੇ ਚਲਾਕੇ ਉਨ੍ਹਾਂ ਨੂੰ ਮੁਜਰਿਮ ਸਾਬਤ ਕਰ ਸਕਣ। ਸੀਪੀਆਈ (ਐੱਮਐੱਲ) ਦੇ ਪਹਿਲੇ ਜਨਰਲ ਸਕੱਤਰ ਚਾਰੂ ਮਜੂਮਦਾਰ ਤੋਂ ਲੈ ਕੇ ਮਾਓਵਾਦੀ ਆਗੂਆਂ ਆਜ਼ਾਦ, ਕਿਸ਼ਨਜੀ, ਅਤੇ ਪਿਛਲੇ ਮਹੀਨਿਆਂ ਵਿਚ ਮਾਰੇ ਗਏ ਮਾਓਵਾਦੀ ਜਨਰਲ ਸਕੱਤਰ ਬਸਵਾਰਾਜੂ, ਗਜਾਰਲਾ ਰਵੀ, ਰੇਣੂਕਾ, ਅਰੁਣਾ, ਰਾਮਚੰਦਰ ਰੈੱਡੀ, ਕੇ. ਸੱਤਿਆਨਰਾਇਣ ਉਰਫ਼ ਕੋਸਾ ਆਦਿ ਬੇਸ਼ੁਮਾਰ ਨਾਂ ਹਨ ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਬੇਕਿਰਕੀ ਨਾਲ ਮਾਰ ਦਿੱਤਾ ਗਿਆ। ਭਾਰਤੀ ਰਾਜ ਨੇ ‘ਮੁਕਾਬਲਾ’ ਸ਼ਬਦ ਦੇ ਭਾਸ਼ਾਈ ਅਰਥ (ਅਚਾਨਕ ਟੱਕਰ ਹੋਣਾ) ਹੀ ਬਦਲ ਦਿੱਤੇ ਹਨ, ਭਾਰਤ ਵਿਚ ਕਥਿਤ ਮੁਜਰਮ ਨੂੰ ਫੜਕੇ ਜਾਣ-ਬੁੱਝਕੇ ਕਤਲ ਕਰ ਦੇਣ ਦਾ ਨਵਾਂ ਨਾਂ ‘ਮੁਕਾਬਲਾ’ ਹੈ। ਕਸ਼ਮੀਰ, ਪੰਜਾਬ ਤੋਂ ਲੈ ਕੇ ਉਤਰ-ਪੂਰਬ ਅਤੇ ਕੇਂਦਰੀ ਭਾਰਤ ਵਿੱਚੋਂ ਦੀ ਹੁੰਦੇ ਹੋਏ ਧੁਰ ਦੱਖਣੀ ਰਾਜਾਂ ਤੱਕ ਬਣਾਏ ਜਾਂਦੇ ‘ਮੁਕਾਬਲਿਆਂ’ ਦਾ ਸੱਚ ਕੌਣ ਨਹੀਂ ਜਾਣਦਾ। ਇਸੇ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੂੰ ਕਹਿਣਾ ਪਿਆ ਸੀ ਕਿ ਭਾਰਤੀ ਰਾਜ ਨੂੰ ਆਪਣੇ ਹੀ ਬੱਚਿਆਂ ਨੂੰ ਮਾਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਦੂਜਾ ਝੂਠ ਕਾਨੂੰਨ ਦੇ ਰਾਜ ਦਾ ਹੈ। ਭਾਰਤੀ ਸੰਵਿਧਾਨ ਵਿਚ ਜ਼ਿੰਦਗੀ ਦੀ ਸੁਤੰਤਰਤਾ ਦਾ, ਜਿਊਣ ਦਾ ਅਧਿਕਾਰ ਵਿਸ਼ੇਸ਼ ਤੌਰ ’ਤੇ ਦਰਜ ਹੈ। ਇਸ ਵਿਵਸਥਾ ਦੇ ਤਹਿਤ ਕਾਨੂੰਨ ਦੁਆਰਾ ਸਥਾਪਤ ਪ੍ਰਕਿਰਿਆ ਤੋਂ ਇਲਾਵਾ ਕਿਸੇ ਹੋਰ ਤਰੀਕੇ ਨਾਲ ਵਿਅਕਤੀ ਦੀ ਜਾਨ ਲੈਣ ਦਾ ਅਧਿਕਾਰ ਰਾਜ ਨੂੰ ਨਹੀਂ ਹੈ। ਕਾਨੂੰਨ ਦੁਆਰਾ ਸਥਾਪਤ ਪ੍ਰਕਿਰਿਆ ਦਾ ਮਤਲਬ ਹੈ ਮੁਕੰਮਲ ਸਬੂਤਾਂ ਨਾਲ ਮੁਕੱਦਮਾ ਚਲਾਕੇ, ਤਰਕਸੰਗਤ ਸੰਦੇਹ ਲਈ ਕੋਈ ਗੁੰਜਾਇਸ਼ ਨਾ ਛੱਡਦੇ ਹੋਏ ਸਜ਼ਾ ਸੁਣਾਉਣਾ। ਕੀ

ਭਾਰਤੀ ਰਾਜ ਅਤੇ ਸਰਕਾਰਾਂ ਕਾਨੂੰਨ ਦੁਆਰਾ ਸਥਾਪਤ ਪ੍ਰਕਿਰਿਆ ਦਾ ਪਾਲਣ ਕਰ ਰਹੀਆਂ ਹਨ? ਇੱਥੇ ਹਕੂਮਤ ਅਤੇ ਇਸਦੀ ਪੁਲਿਸ/ਫ਼ੌਜ ਲਈ ਨਾ ਸਬੂਤ, ਨਾ ਮੁਕੱਦਮਾ ਅਤੇ ਨਾ ਹੀ ਤਰਕਸੰਗਤ ਸ਼ੱਕ ਦੀ ਗੁੰਜਾਇਸ਼ ਕੋਈ ਮਾਇਨੇ ਰੱਖਦੀ ਹੈ। ਇਹ ਆਪੇ ਹੀ ਜੱਜ ਤੇ ਆਪੇ ਹੀ ਜਲਾਦ ਹਨ ਜੋ ਜਿਸਨੂੰ ਜਦੋਂ ਵੀ ਚਾਹੁਣ ਮੌਤ ਦੀ ਸਜ਼ਾ ਦੇ ਸਕਦੇ ਹਨ। ਜਦੋਂ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ, ਛੱਤੀਸਗੜ੍ਹ ਦੇ ਮੁੱਖ ਮੰਤਰੀ ਤੋਂ ਲੈ ਕੇ ਬਸਤਰ ਦੇ ਆਈ.ਜੀ. ਪੁਲਿਸ ਤੱਕ ਇੱਕੋ ਟੀਚਾ ਦੁਹਰਾ ਰਹੇ ਹਨ ਕਿ ਜਿਹੜੇ ਮਾਓਵਾਦੀ ਆਤਮ-ਸਮਰਪਣ ਨਹੀਂ ਕਰਨਗੇ ਉਨ੍ਹਾਂ ਦਾ ਹਰ ਹਾਲਤ ਵਿਚ 31 ਮਾਰਚ 2026 ਤੱਕ ਸਫ਼ਾਇਆ ਕਰ ਦਿੱਤਾ ਜਾਵੇਗਾ ਤਾਂ ਇਹ ਕਿਸ ਤਰ੍ਹਾਂ ਦਾ ਕਾਨੂੰਨ ਦਾ ਰਾਜ ਹੈ ਜੋ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦਾ ਕਾਨੂੰਨੀ ਰਸਤਾ ਅਖ਼ਤਿਆਰ ਕਰਨ ਦੀ ਬਜਾਏ ਕਤਲੇਆਮ ਦੇ ਟੀਚੇ ਮਿੱਥਕੇ ਚੱਲ ਰਿਹਾ ਹੈ। 'ਕਾਨੂੰਨ ਦਾ ਰਾਜ' ਇਨਾਮਾਂ, ਤਰੱਕੀਆਂ ਤੇ ਸਨਮਾਨਾਂ ਦੀ ਬਕਾਇਦਾ ਨੀਤੀ ਰਾਹੀਂ ਗ਼ੈਰਕਾਨੂੰਨੀ ਕਤਲਾਂ ਦੀ ਖੁੱਲ੍ਹੇਆਮ ਪੁਸ਼ਤਪਨਾਹੀ ਕਰ ਰਿਹਾ ਹੈ। ਇਸੇ ਰਾਜਕੀ ਤੇ ਰਾਜਨੀਤਕ ਪੁਸ਼ਤਪਨਾਹੀ ਦਾ ਨਤੀਜਾ ਹੈ ਕਿ ਬਸਤਰ ਦੇ ਸੀਨੀਅਰ ਪੁਲਿਸ ਅਧਿਕਾਰੀ ਵਾਰ-ਵਾਰ ਐਲਾਨ ਕਰ ਰਹੇ ਸਨ ਕਿ ਜੇਕਰ ਹਿੜਮਾ ਆਤਮ-ਸਮਰਪਣ ਵੀ ਕਰ ਦੇਵੇ ਤਾਂ ਵੀ ਉਸਨੂੰ ਜਿਉਂਦਾ ਨਹੀਂ ਛੱਡਿਆ ਜਾਵੇਗਾ, ਉਸ ਨੂੰ ਮਾਰ ਦਿੱਤਾ ਜਾਵੇਗਾ।

ਆਪਣੇ ਹੀ ਲੋਕਾਂ ਵਿਰੁੱਧ ਯੁੱਧ ਲੜ ਰਹੀ ਭਗਵਾ ਹਕੂਮਤ ਦਾ ਇਸ ਯੁੱਧ ਪਿੱਛਲਾ ਅਸਲ ਮਕਸਦ ਤਾਂ ਇਸ ਫ਼ਰਕ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਜਦੋਂ ਇਕ ਪਾਸੇ 'ਓਪਰੇਸ਼ਨ ਕਗਾਰ' ਨਾਲ ਕਤਲੇਆਮ ਅਤੇ ਤਬਾਹੀ ਮਚਾ ਕੇ ਇਨਕਲਾਬੀਆਂ ਅਤੇ ਆਦਿਵਾਸੀਆਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ ਤਾਂ ਨਾਲ ਹੀ ਦੂਜੇ ਪਾਸੇ ਜੰਗਲਾਂ ਦੀ ਦਹਿ-ਹਜ਼ਾਰਾਂ ਏਕੜ ਜ਼ਮੀਨ ਅਡਾਨੀ, ਲੋਇਡ, ਆਰਸੈਲਰ ਮਿੱਤਲ, ਰੂੰਗਟਾ ਸਟੀਲ ਵਰਗੇ ਕਾਰਪੋਰੇਟ ਕਾਰੋਬਾਰੀਆਂ ਨੂੰ ਸੌਂਪੀ ਜਾ ਰਹੀ ਹੈ। ਆਤਮ-ਸਮਰਪਣ ਕਰਨ ਵਾਲਿਆਂ ਲਈ 'ਲਾਲ-ਗਲੀਚਾ ਨੀਤੀ' ਹੈ ਅਤੇ ਅੜਨ-ਲੜਨ ਵਾਲਿਆਂ ਲਈ ਕਰੂਰ ਕਤਲੇਆਮ। ਪ੍ਰਮੁੱਖ ਮਾਓਵਾਦੀ ਆਗੂ ਸੋਨੂ ਨੂੰ ਮਹਾਰਾਸ਼ਟਰ ਦੇ ਮੁੱਖ ਮੰਤਰੀ ਵੱਲੋਂ ਗੁਲਦਸਤੇ ਭੇਟ ਕਰਨ ਤੋਂ ਲੈ ਕੇ ਲੋਇਡਜ਼ ਕੰਪਨੀ ਵੱਲੋਂ ਆਪਣਾ ਬਰੈਂਡ ਅੰਬੈਸਡਰ ਬਣਾਉਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਜਦੋਂਕਿ ਹਿੜਮਾ ਸਮੇਤ ਆਤਮ-ਸਮਰਪਣ ਨਾ ਕਰਨ ਵਾਲੇ ਤਮਾਮ ਮਾਓਵਾਦੀਆਂ ਨੂੰ ਠੰਡੇ ਦਿਮਾਗ ਨਾਲ ਕਤਲ ਕੀਤਾ ਜਾ ਰਿਹਾ ਹੈ। ਇਹ ਕਥਿਤ ਮੁਕਾਬਲਾ ਇਸ ਤੱਥ ਨਾਲ ਵੀ ਝੂਠਾ ਸਾਬਤ ਹੋ ਜਾਂਦਾ ਹੈ ਕਿ ਜਦੋਂ ਪ੍ਰਮੁੱਖ ਕਮਾਂਡਰ ਹਿੜਮਾ ਨੂੰ ਸਿਰਫ਼ ਪੰਜ ਸਾਥੀਆਂ ਸਮੇਤ ਮਾਰਿਆ ਗਿਆ ਤਾਂ ਉਸਦੀ ਅਗਵਾਈ ਹੇਠਲੀ ਛਾਪਾਮਾਰ ਲੜਾਈ ਦੀ ਮਾਹਰ ਸਭ ਤੋਂ ਮਜ਼ਬੂਤ ਬਟਾਲੀਅਨ ਨੰ. 1 ਆਪਣੇ ਆਗੂ ਨੂੰ ਅਸੁਰੱਖਿਅਤ ਹਾਲਤ 'ਚ ਛੱਡਕੇ ਵੱਖ ਕਿਵੇਂ ਹੋ ਗਈ।

ਤੀਜਾ ਝੂਠ ਇਹ ਹੈ ਕਿ ਮਾਓਵਾਦੀ ਖ਼ੂਨ-ਖਰਾਬੇ ਤੇ ਹਿੰਸਾ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਉਹ ਵਿਕਾਸ ਨਹੀਂ ਹੋਣ ਦਿੰਦੇ; ਕਿ ਸਰਕਾਰ ਉਨ੍ਹਾਂ ਨੂੰ ਖ਼ਤਮ ਕਰਕੇ ਸ਼ਾਂਤੀ ਸਥਾਪਤ ਕਰ ਰਹੀ ਹੈ ਅਤੇ ਆਦਿਵਾਸੀਆਂ ਦਾ ਵਿਕਾਸ ਕਰ ਰਹੀ ਹੈ। ਸਚਾਈ ਇਹ ਹੈ ਕਿ ਸਭ ਤੋਂ ਵੱਧ ਹਿੰਸਕ ਅਤੇ ਆਪਣੇ ਲੋਕਾਂ ਦੇ ਲਹੂ ਦਾ ਤਿਹਾਇਆ ਭਾਰਤੀ ਰਾਜ ਖ਼ੁਦ ਹੈ ਜਿਸਨੇ ਆਦਿਵਾਸੀ ਇਲਾਕਿਆਂ, ਖ਼ਾਸ ਕਰਕੇ ਛੱਤੀਸਗੜ੍ਹ ਅਤੇ ਇਸਦੇ ਨਾਲ ਲੱਗਦੇ ਰਾਜਾਂ ਦੀ ਵਿਸ਼ਾਲ ਜੰਗਲੀ-ਪਹਾੜੀ ਪੱਟੀ ਨੂੰ ਭਿਆਨਕ, ਅੰਤਹੀਣ ਲੜਾਈ ਦੇ ਖੇਤਰ 'ਚ ਬਦਲ ਦਿੱਤਾ ਹੈ। ਸੱਤਾ ਦੀ ਤਾਕਤ ਦੇ ਜ਼ੋਰ ਹਿੰਸਾ ਦਾ ਐਨਾ ਡੂੰਘਾ ਜਾਲ ਵਿਛਾ ਦਿੱਤਾ ਗਿਆ ਹੈ ਕਿ ਆਦਿਵਾਸੀ ਲੋਕਾਂ ਦੇ ਇਕ ਹਿੱਸੇ ਨੂੰ ਡਰਾ-ਵਰਗਲਾ ਅਤੇ ਭਰਮਾਕੇ ਆਪਣੇ ਹੀ ਭਾਈਚਾਰੇ ਦੇ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੀ ਖ਼ੂਨੀ ਖੇਡ ਦਾ ਮੋਹਰਾ ਬਣਾ ਲਿਆ ਗਿਆ ਹੈ। ਸਲਵਾ ਜੁਡਮ ਤੋਂ ਲੈ ਕੇ 'ਓਪਰੇਸ਼ਨ ਕਗਾਰ' ਦੇ ਨਾਂ ਹੇਠ ਦੋ ਦਹਾਕਿਆਂ ਤੋਂ ਚੱਲ ਰਹੇ ਕਤਲੇਆਮ, ਰਾਜਕੀ ਦਹਿਸ਼ਤ ਅਤੇ ਉਜਾੜੇ ਨੇ ਸ਼ਾਂਤਮਈ ਆਦਿਵਾਸੀ ਜ਼ਿੰਦਗੀ ਬੁਰੀ ਤਰ੍ਹਾਂ ਤਬਾਹ ਕਰ ਦਿੱਤੀ ਹੈ। ਸਲਵਾ ਜੁਡਮ ਨਾਂ ਦੇ ਗ਼ੈਰਕਾਨੂੰਨੀ ਗਰੋਹ ਉੱਪਰ ਸੁਪਰੀਮ ਕੋਰਟ ਵੱਲੋਂ ਪਾਬੰਦੀ ਲਾਏ ਜਾਣ ਦੇ ਹੁਕਮ (2011) ਦਾ ਮਜ਼ਾਕ ਉਡਾਕੇ ਹਾਕਮਾਂ ਨੇ ਉਲਟਾ ਉਨ੍ਹਾਂ ਗ਼ੈਰਕਾਨੂੰਨੀ ਤਾਕਤਾਂ ਨੂੰ ਐੱਸਪੀਓ, ਡੀਆਰਜੀ ਵਗੈਰਾ ਦਾ ਕਾਨੂੰਨੀ ਰੂਪ ਦੇ ਲਿਆ। ਸਾਬਕਾ ਨਕਸਲੀਆਂ ਤੇ ਹੋਰ ਅਨਸਰਾਂ ਨੂੰ ਭਰਤੀ ਕਰਕੇ ਬਣਾਈਆਂ ਡੀਆਰਜੀ ਵਰਗੀਆਂ ਤਾਕਤਾਂ ਨੂੰ ਭੇੜੀਆਂ ਦੀ ਤਰ੍ਹਾਂ ਆਪਣੇ ਹੀ ਲੋਕਾਂ ਦਾ ਸ਼ਿਕਾਰ ਕਰਨ ਲਈ ਭੇਜਿਆ ਜਾਂਦਾ ਹੈ ਜੋ ਮਾਰੇ ਗਏ ਕਥਿਤ ਮਾਓਵਾਦੀਆਂ ਦੀਆਂ ਲਾਸ਼ਾਂ ਨੂੰ ਯੁੱਧ ਦੀਆਂ ਟਰਾਫ਼ੀਆਂ ਦੇ ਰੂਪ 'ਚ ਚੁੱਕਕੇ ਜਸ਼ਨ ਮਨਾਉਂਦੇ ਹਨ।

ਇਸਤੋਂ ਅਗਲਾ ਝੂਠ ਇਹ ਹੈ ਕਿ ਇਹ ਸਭ 'ਰਾਸ਼ਟਰੀ ਸੁਰੱਖਿਆ' ਲਈ ਕੀਤਾ ਜਾ ਰਿਹਾ ਹੈ। ਹੁਕਮਰਾਨਾਂ ਲਈ ਕਾਰਪੋਰੇਟ ਕਾਰੋਬਾਰੀ, ਉਨ੍ਹਾਂ ਦਾ ਦਲਾਲ ਰਾਜਨੀਤਕ ਮਾਫ਼ੀਆ ਅਤੇ ਗੋਦੀ ਮੀਡੀਆ ਹੀ 'ਰਾਸ਼ਟਰ' ਹਨ ਅਤੇ ਇਸ ਪ੍ਰੋਜੈਕਟ ਵਿਚ ਲੋਕ ਤੇ ਲੋਕਾਂ ਦੇ ਹਿਤ ਪੂਰੀ ਤਰ੍ਹਾਂ ਮਨਫ਼ੀ ਹਨ। ਜਿਸ ਨੂੰ 'ਵਿਕਾਸ' ਕਿਹਾ ਜਾ ਰਿਹਾ ਹੈ ਉਸਦਾ ਅਸਲ ਮਕਸਦ ਬਦੇਸ਼ੀ ਅਤੇ ਵੱਡੇ ਭਾਰਤੀ ਕਾਰਪੋਰੇਟ ਸਮੂਹਾਂ ਦੇ ਸੁਪਰ ਮੁਨਾਫ਼ੇ ਯਕੀਨੀਂ ਬਣਾਉਣ ਲਈ ਇੱਥੇ ਖਣਨ ਤੇ ਹੋਰ ਪ੍ਰੋਜੈਕਟ ਸ਼ੁਰੂ ਕਰਨਾ ਹੈ। ਜੰਗਲਾਂ-ਪਹਾੜਾਂ ਹੇਠਲੇ ਵਡਮੁੱਲੇ ਕੁਦਰਤੀ ਵਸੀਲਿਆਂ ਉੱਪਰ ਕਬਜ਼ੇ ਲਈ ਇਸ ਧਾੜਵੀ ਕਾਰਪੋਰੇਟ ਹੱਲੇ ਵਿਰੁੱਧ ਆਦਿਵਾਸੀ ਲੋਕਾਂ ਦੀ ਢਾਲ਼ ਬਣੀ ਮਾਓਵਾਦੀ ਲਹਿਰ ਹਿੰਦੂਤਵ+ਕਾਰਪੋਰੇਟ ਗੱਠਜੋੜ ਦੀ ਲੋਕ ਵਿਰੋਧੀ ਸਾਜ਼ਿਸ਼ ਨੂੰ ਅੰਜਾਮ ਦੇਣ ਵਿਚ ਮੁੱਖ ਰੁਕਾਵਟ ਹੈ ਜਿਸ ਨੂੰ ਖ਼ਤਮ ਕਰਨ ਲਈ ਸੰਵਿਧਾਨ ਦੀ ਪੰਜਵੀਂ ਸੂਚੀ, ਪੇਸਾ ਕਾਨੂੰਨ, ਵਾਤਾਵਰਣ ਅਤੇ ਫਾਰੈਸਟ ਐਕਟਾਂ ਸਮੇਤ ਸੰਵਿਧਾਨ, ਕਾਨੂੰਨ ਸਭ ਛਿੱਕੇ ਟੰਗ ਦਿੱਤੇ ਗਏ ਹਨ। ਭਾਰਤੀ ਹਾਕਮਾਂ ਵੱਲੋਂ ਪੇਸ਼ ਕੀਤਾ 'ਵਿਕਾਸ' ਆਦਿਵਾਸੀਆਂ ਨੂੰ ਮਨਜ਼ੂਰ ਨਹੀਂ ਹੈ ਅਤੇ ਆਦਿਵਾਸੀਆਂ ਇਲਾਕਿਆਂ ਵਿਚ ਸੈਂਕੜੇ ਨੀਮ-ਫ਼ੌਜੀ ਕੈਂਪ ਬਣਾਕੇ ਅਤੇ ਸੰਘਣਾ ਫ਼ੌਜੀਕਰਨ ਕਰਕੇ ਕਥਿਤ ਵਿਕਾਸ ਉਨ੍ਹਾਂ ਉੱਪਰ ਥੋਪਿਆ ਜਾ ਰਿਹਾ ਹੈ। ਇਹ ਗੱਲ ਸਹੀ ਹੈ ਕਿ ਮਾਓਵਾਦੀਆਂ ਨੇ ਭਾਰਤੀ ਰਾਜ ਵਿਰੁੱਧ ਹਥਿਆਰ ਚੁੱਕੇ ਹੋਏ ਹਨ ਪਰ ਮਾਓਵਾਦੀ ਟਾਕਰੇ ਤੋਂ ਇਲਾਵਾ ਆਦਿਵਾਸੀ ਖੇਤਰਾਂ ਵਿਚ ਦਰਜਨਾਂ ਅਜਿਹੇ ਸ਼ਾਂਤਮਈ ਜਨਤਕ ਅੰਦੋਲਨ ਹਨ ਜਿਨ੍ਹਾਂ ਨੂੰ ਸੱਤਾ ਦੀ ਕਰੂਰ ਤਾਕਤ ਨਾਲ ਕੁਚਲ ਦਿੱਤਾ ਗਿਆ ਹਾਲਾਂਕਿ ਉਹ ਸਿਰਫ਼ ਉਨ੍ਹਾਂ ਸੰਵਿਧਾਨਕ ਵਿਵਸਥਾਵਾਂ ਨੂੰ ਲਾਗੂ ਕਰਨ ਦੀ ਮੰਗ ਕਰ ਰਹੇ ਸਨ ਜਿਨ੍ਹਾਂ ਦਾ ਉਦੇਸ਼ ਆਦਿਵਾਸੀਆਂ ਦੇ ਹਿਤਾਂ ਦੀ ਸੁਰੱਖਿਆ ਕਰਨਾ ਦੱਸਿਆ ਗਿਆ ਸੀ।

ਗੋਦੀ ਮੀਡੀਆ ਸਮੇਤ ਸਮੁੱਚੀ ਹਕੂਮਤੀ ਮਸ਼ੀਨਰੀ ਵੱਲੋਂ ਇਹ ਝੂਠ ਲਗਾਤਾਰ ਪ੍ਰਚਾਰਿਆ ਜਾ ਰਿਹਾ ਹੈ ਕਿ ਹਿੰਸਕ ਤਬਦੀਲੀ ਦੀ ਰਾਜਨੀਤੀ ਤੋਂ ਤੰਗ ਆ ਕੇ ਆਦਿਵਾਸੀਆਂ ਨੇ ਮਾਓਵਾਦੀਆਂ ਦਾ ਸਾਥ ਦੇਣਾ ਬੰਦ ਕਰ ਦਿੱਤਾ ਹੈ ਅਤੇ ਉਹ ਆਪਣਾ ਭਵਿੱਖ 'ਮੁੱਖਧਾਰਾ' ਵਿਚ ਦੇਖ ਰਹੇ ਹਨ। ਇਹ ਝੂਠ ਹਕੂਮਤੀ ਲਸ਼ਕਰਾਂ ਦੀ ਦਹਿਸ਼ਤ ਤੋੜਕੇ ਹਿੜਮਾ ਅਤੇ ਉਸਦੀ ਜੀਵਨ-ਸਾਥਣ ਰਾਜੇ ਨੂੰ ਅੰਤਮ-ਵਿਦਾਇਗੀ ਦੇਣ ਲਈ ਜੁੜੇ ਆਦਿਵਾਸੀਆਂ ਦੇ ਵਿਸ਼ਾਲ ਹਜੂਮ ਨੇ ਹੀ ਨੰਗਾ ਕਰ ਦਿੱਤਾ। ਆਦਿਵਾਸੀ ਰਾਜਕੀ ਦਹਿਸ਼ਤਗਰਦੀ ਅਤੇ ਕਤਲੇਆਮ ਦੇ ਦਬਾਅ ਹੇਠ ਚੁੱਪ ਹਨ, ਉਹ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਨੂੰ ਕਦੇ ਸਵੀਕਾਰ ਨਹੀਂ ਕਰਨਗੇ ਜੋ 'ਵਿਕਾਸ' ਦੇ ਨਾਂ ਹੇਠ ਜਲ-ਜੰਗਲ-ਜ਼ਮੀਨ ਅਤੇ ਖੇਤੀਬਾੜੀ ਸਮੇਤ ਸਮੁੱਚੇ ਆਰਥਕ ਵਸੀਲੇ ਖੋਹਕੇ ਕਾਰਪੋਰੇਟਾਂ ਦੇ ਹਵਾਲੇ ਕਰਨ ਦਾ ਨਿਹਾਇਤ ਵਿਨਾਸ਼ਕਾਰੀ, ਲੋਕ-ਵਿਰੋਧੀ ਅਤੇ ਮਨੁੱਖੀ ਤਰੱਕੀ ਵਿਰੋਧੀ ਆਰਥਕ ਮਾਡਲ ਹੈ।

ਹਿੜਮਾ ਦੀ ਕਹਾਣੀ ਇਕ ਵਿਅਕਤੀ ਦੀ ਕਹਾਣੀ ਨਹੀਂ ਸਗੋਂ ਲੁੱਟ, ਦਾਬੇ ਅਤੇ ਅਨਿਆਂ ਤੋਂ ਤੰਗ ਆ ਕੇ ਮਾਣ-ਸਨਮਾਨ ਵਾਲੀ ਇਨਸਾਨੀ ਜ਼ਿੰਦਗੀ ਲਈ ਇਨਕਲਾਬੀ ਲੜਾਈ ਵਿਚ ਸ਼ਾਮਲ ਹੋਣ ਵਾਲੀ ਇਕ ਪੂਰੀ ਪੀੜ੍ਹੀ ਦੀ ਕਹਾਣੀ ਹੈ। ਹਥਿਆਰ ਚੁੱਕਕੇ ਮਿਹਨਤਕਸ਼ ਤੇ ਦੱਬੇਕੁਚਲੇ ਅਵਾਮ ਦੀ ਮੁਕਤੀ ਲਈ ਲੜਨਾ ਬਸਵਾ ਰਾਜੂ, ਹਿੜਮਾ ਜਾਂ ਹਜ਼ਾਰਾਂ ਹੋਰ ਮਾਓਵਾਦੀ ਇਨਕਲਾਬੀਆਂ ਦਾ ਸ਼ੌਕ ਨਹੀਂ, ਉਨ੍ਹਾਂ ਦਾ ਬੁਨਿਆਦੀ ਸਮਾਜਿਕ ਤਬਦੀਲੀ ਦਾ ਸੁਪਨਾ ਨੰਗੇ ਅਨਿਆਂ 'ਤੇ ਟਿਕੇ ਕਰੂਰ ਜਾਬਰ-ਲੋਟੂ ਪ੍ਰਬੰਧ ਅਤੇ ਪੌਣੀ ਸਦੀ ਦੇ 'ਆਜ਼ਾਦ' ਭਾਰਤ ਦੀ ਆਮ ਲੋਕਾਂ ਦੀ ਜ਼ਿੰਦਗੀ ਨੂੰ ਜਿਊਣ ਦੇ ਕਾਬਲ ਬਣਾਉਣ ਪੱਖੋਂ ਘਿਣਾਉਣੀ ਨਾਕਾਮੀ 'ਚੋਂ ਉਪਜਿਆ ਹੈ।

ਫਾਸ਼ੀਵਾਦੀ ਆਰਐੱਸਐੱਸ-ਭਾਜਪਾ ਹਕੂਮਤ ਇਹ ਭਰਮ ਪਾਲੀ ਬੈਠੀ ਹੈ ਕਿ ਕਰੂਰ ਫ਼ੌਜੀ ਤਾਕਤ ਦੇ ਜ਼ੋਰ ਹਜ਼ਾਰਾਂ ਇਨਕਲਾਬੀਆਂ ਦਾ ਕਤਲੇਆਮ ਕਰਕੇ ਬਸਤਰ ਵਿੱਚੋਂ ਇਨਕਲਾਬੀ ਲਹਿਰ ਦਾ ਨਾਮੋ-ਨਿਸ਼ਾਨ ਹਮੇਸ਼ਾ ਲਈ ਮਿਟਾ ਦਿੱਤਾ ਜਾਵੇਗਾ। ਆਦਿਵਾਸੀਆਂ ਦਾ ਜਾਬਰਾਂ-ਧਾੜਵੀਆਂ ਵਿਰੁੱਧ ਯੁੱਧਾਂ ਦਾ ਤਿੰਨ ਸਦੀਆਂ ਲੰਮਾ ਸ਼ਾਨਾਮੱਤਾ ਇਤਿਹਾਸ ਹੈ – ਪਹਿਲਾਂ ਅੰਗਰੇਜ਼ ਬਸਤੀਵਾਦੀਆਂ ਵਿਰੁੱਧ, ਮੈਦਾਨੀ ਇਲਾਕਿਆਂ ਦੇ ਧਾੜਵੀਆਂ ਤੇ ਭੋਂਇਪਤੀਆਂ ਵਿਰੁੱਧ ਅਤੇ ਹੁਣ ਭਾਰਤੀ ਹਾਕਮਾਂ ਦੇ 'ਵਿਕਾਸ' ਵਿਰੁੱਧ। ਸਿੱਧੂ-ਕਾਨੂ, ਵੀਰ ਨਰਾਇਣ ਸਿੰਘ, ਬਿਰਸਾ ਮੁੰਡਾ, ਤਿਲਕਾ ਮਾਝੀ, ਰਾਮਜੀ ਗੌਂਡ, ਗੁੰਡਾਧੁਰ, ਅਲੂਰੀ ਸੀਤਾਰਾਮ ਰਾਜੂ, ਕੋਮਾਰਾਮ ਭੀਮ ਵਰਗੇ ਆਦਿਵਾਸੀ ਬਗ਼ਾਵਤਾਂ ਦੇ ਆਗੂਆਂ ਨੂੰ ਮਾਰਨ ਵਾਲੇ ਹਾਕਮਾਂ ਨੇ ਵੀ ਇਹੀ ਭਰਮ ਪਾਲਿਆ ਸੀ। ਪਰ ਇਤਿਹਾਸ ਹਮੇਸ਼ਾ ਹਾਕਮਾਂ ਦੇ ਇਸ ਭਰਮ ਨੂੰ ਗ਼ਲਤ ਸਾਬਤ ਕਰਦਾ ਆਇਆ ਹੈ। ਭਾਰਤੀ ਰਾਜ ਦੀ ਮਾਓਵਾਦੀ ਇਨਕਲਾਬੀਆਂ ਦੀ ਮੌਜੂਦਾ ਪੀੜ੍ਹੀ ਨੂੰ ਕਤਲੇਆਮ ਅਤੇ ਕਰੂਰ ਫ਼ੌਜੀ ਜਬਰ ਨਾਲ ਦਬਾਉਣ ਦੀ ਕਾਮਯਾਬੀ ਆਰਜ਼ੀ ਸਾਬਤ ਹੋਵੇਗੀ। ਜਦੋਂ ਤੱਕ ਲੁੱਟਖਸੁੱਟ ਅਤੇ ਦਾਬਾ ਬਰਕਰਾਰ ਹੈ, ਬਗ਼ਾਵਤਾਂ ਉੱਠਦੀਆਂ ਰਹਿਣਗੀਆਂ ਅਤੇ ਹਿੜਮਾ ਵਰਗੇ ਬਾਗ਼ੀ ਦੱਬੇ-ਕੁਚਲਿਆਂ ਨੂੰ ਜਥੇਬੰਦ ਕਰਕੇ ਜਾਬਰ ਹਕੂਮਤਾਂ ਨਾਲ ਟੱਕਰ ਲੈਂਦੇ ਰਹਿਣਗੇ। ਜਿਸਮਾਨੀ ਤੌਰ 'ਤੇ ਖ਼ਤਮ ਹੋ ਜਾਣ ਦੇ ਬਾਵਜੂਦ ਉਹ ਆਪਣੇ ਲੋਕਾਂ ਵਿਚ ਹਮੇਸ਼ਾ ਲਈ ਨਾਇਕ ਵਜੋਂ ਸਥਾਪਤ ਹੋ ਜਾਂਦੇ ਹਨ।



ਮਨਦੀਪ
(+1 438-924-2052)
mandeepsaddowal@gmail.com

# ਪੀ. ਯੂ. ਵਿਦਿਆਰਥੀ ਸੰਘਰਸ਼ ਦੇ ਸਬਕ

ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਸੰਘਰਸ਼ ਨੇ ਕੇਂਦਰ ਹਕੂਮਤ ਦੇ ਫੁਰਮਾਨਾਂ ਖਿਲਾਫ਼ ਸ਼ਾਨਦਾਰ ਜਿੱਤ ਹਾਸਲ ਕਰ ਲਈ ਹੈ। ਇਹ ਸੰਘਰਸ਼ ਪੰਜਾਬ ਯੂਨੀਵਰਸਿਟੀ (ਪੀਯੂ) ਚੰਡੀਗੜ੍ਹ ਸਬੰਧੀ ਕੇਂਦਰੀ ਵਜ਼ਾਰਤ ਵੱਲੋਂ ਜਾਰੀ ਕੀਤੇ ਗਏ ਇੱਕ ਨੋਟੀਫਿਕੇਸ਼ਨ ਤੋਂ ਸ਼ੁਰੂ ਹੋਇਆ ਸੀ, ਜਿਸ ਤਹਿਤ ਯੂਨੀਵਰਸਿਟੀ ਦੀ ਸਰਵਉੱਚ ਵਿਧਾਨਕ ਇਕਾਈ ਸੈਨੇਟ ਅਤੇ ਕਾਰਜ਼ਕਾਰੀ ਸੰਸਥਾ ਸਿੰਡੀਕੇਟ ਦੀ ਬਣਤਰ ਵਿੱਚ ਵੱਡੇ ਫੇਰਬਦਲ ਕਰਕੇ ਇਸਦੇ ਜਮਹੂਰੀ ਢਾਂਚੇ ਨੂੰ ਤੋੜਕੇ ਕੇਂਦਰੀਕਰਨ ਦੀ ਨੀਤੀ ਲਾਗੂ ਕਰਨ ਦਾ ਯਤਨ ਕੀਤਾ ਗਿਆ ਸੀ। ਪ੍ਰਤੀਨਿਧ ਸ਼ਾਸ਼ਕੀ ਢਾਂਚੇ ਵਿੱਚ ਤਬਦੀਲੀਆਂ ਕਰਕੇ ਜਮਹੂਰੀ ਢੰਗ ਨਾਲ ਚੁਣੇ ਹੋਏ ਪ੍ਰਤੀਨਿਧੀਆਂ ਦੀ ਗਿਣਤੀ ਘਟਾਉਣ (91 ਤੋਂ 31 ਕਰਨ) ਤੇ ਸੈਨੇਟ ਚੋਣਾਂ ਨੂੰ ਅਨਿਸ਼ਚਿਤ ਸਮੇਂ ਲਈ ਲਟਕਾਉਣ ਕਰਕੇ ਵਿਦਿਆਰਥੀ ਰੋਹ ਨੇ ਸੂਬਾ ਸਿਆਸਤ ਵਿੱਚ ਹਲਚਲ ਪੈਦਾ ਕਰ ਦਿੱਤੀ। ਯੂਨੀਵਰਸਿਟੀ ਕੈਂਪਸ ਅੰਦਰ ਵਿਰੋਧ ਪ੍ਰਦਰਸ਼ਨਾਂ ਨੂੰ ਰੋਕਣ ਲਈ ਵਿਦਿਆਰਥੀਆਂ ਤੋਂ ਹਲਫਨਾਮੇ ਲੈਣ ਦੀ ਗੈਰ-ਜਮਹੂਰੀ ਤੇ ਜ਼ਬਰੀ ਮੰਗ ਰਾਹੀਂ ਯੂਨੀਵਰਸਿਟੀ ਦੀ ਅਕਾਦਮਿਕ ਅਜ਼ਾਦੀ ਤੇ ਹਮਲੇ ਦੀ ਨੀਤੀ ਨੇ ਵੀ ਵਿਦਿਆਰਥੀ ਰੋਹ ਨੂੰ ਹੋਰ ਵੱਧ ਤਿੱਖਾ ਕਰ ਦਿੱਤਾ ਸੀ। ਵਿਦਿਆਰਥੀਆਂ ਤੇ ਪੰਜਾਬਪ੍ਰਸਤ ਤਾਕਤਾਂ ਦੇ ਭਾਰੀ ਵਿਰੋਧ ਤੋਂ ਬਾਅਦ ਕੇਂਦਰ ਸਰਕਾਰ ਨੂੰ ਨੋਟੀਫਿਕੇਸ਼ਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ, ਪਰੰਤੂ ਵਿਦਿਆਰਥੀ ਅਤੀਤ 'ਚ ਕੇਂਦਰੀ ਵਜ਼ਾਰਤਾਂ ਵੱਲੋਂ ਪੰਜਾਬ ਨਾਲ ਵਾਰ-ਵਾਰ ਕੀਤੀ ਜਾਣ ਵਾਲੀ ਵਾਅਦਾਖਿਲਾਫੀ ਤੋਂ ਭਲੀਭਾਂਤ ਜਾਣੂ ਸਨ। ਉਹ ਜੁਬਾਨੀ-ਕਲਾਮੀ ਭਰੋਸਿਆਂ ਤੋਂ ਪਰ੍ਹੇ ਪੂਰੇ ਜਜ਼ਬੇ ਤੇ ਸਿਦਕ ਨਾਲ ਸੈਨੇਟ ਚੋਣਾਂ ਦੀ ਠੋਸ ਮਿਤੀ ਐਲਾਨਣ ਅਤੇ ਯੂਨੀਵਰਸਿਟੀ ਦੀ ਖੁਦਮੁਖਤਿਆਰੀ ਲਈ ਸੁਰੱਖਿਆ ਦੀ ਮੰਗ ਨੂੰ ਲੈ ਕੇ ਸੰਘਰਸ਼ ਦੇ ਮੈਦਾਨ ਵਿੱਚ ਡਟੇ ਰਹੇ। ਦਿੱਲੀ ਦਾ ਸ਼ਾਨਾਮੱਤਾ ਕਿਸਾਨ ਸੰਘਰਸ਼ ਇਸ ਵਿਦਿਆਰਥੀ ਸੰਘਰਸ਼ ਦਾ ਪ੍ਰੇਰਨਾ ਸਰੋਤ ਸੀ ਤੇ ਵਿਦਿਆਰਥੀ ਸੰਘਰਸ਼ ਨੇ ਉਸ ਸ਼ਾਨਾਮੱਤੀ ਵਿਰਾਸਤ ਦੀ ਸਪਿਰਟ ਨੂੰ ਕਾਇਮ ਰੱਖਿਆ। ਵਿਦਿਆਰਥੀਆਂ ਨੇ 'ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ' ਨਾਮ ਹੇਠ ਸਾਂਝਾ ਮੋਰਚਾ ਬਣਾਕੇ ਕਿਸਾਨਾਂ ਸਮੇਤ ਸਿਵਲ ਸਮਾਜ ਦੇ ਹੋਰਨਾਂ ਵਰਗਾਂ ਨੂੰ ਕੇਂਦਰ ਸਰਕਾਰ ਦੇ ਗੈਰ-ਜਮਹੂਰੀ ਫੈਸਲੇ ਖਿਲਾਫ ਉੱਠ ਖੜੇ ਹੋਣ ਲਈ ਕਾਮਯਾਬੀ ਨਾਲ ਲਾਮਬੰਦ ਕੀਤਾ। ਵਿਦਿਆਰਥੀ ਲਗਾਤਾਰ ਦਿਨ-ਰਾਤ ਮੋਰਚੇ ਤੇ ਡਟੇ ਰਹੇ ਅਤੇ ਪਿੰਡਾਂ ਵਿੱਚੋਂ ਲੰਗਰ ਤੇ ਹੋਰ ਜਰੂਰੀ ਵਸਤਾਂ ਦਾ ਨਿਰੰਤਰ ਪ੍ਰਬੰਧ ਕੀਤਾ ਜਾਂਦਾ ਰਿਹਾ। ਵਿਦਿਆਰਥੀਆਂ ਤੇ ਪੰਜਾਬ ਦੇ ਲੋਕਾਂ ਨੇ ਇਸ ਨੋਟੀਫਿਕੇਸ਼ਨ ਨੂੰ ਯੂਨੀਵਰਸਿਟੀ ਦੀ ਖੁਦਮੁਖਤਿਆਰੀ,



ਯੂਨੀਵਰਸਿਟੀ ਤੇ ਪੰਜਾਬ ਦੀ ਦਾਅਵੇਦਾਰੀ ਅਤੇ ਅਕਾਦਮਿਕ ਜਮਹੂਰੀਅਤ ਤੇ ਹਮਲਾ ਮੰਨਿਆ। ਪੀਯੂ ਵਿਦਿਆਰਥੀ ਸੰਘਰਸ਼ ਦੇ ਕਈ ਮਹੱਤਵਪੂਰਨ ਵਿਚਾਰਧਾਰਕ ਤੇ ਸਿਆਸੀ ਪਸਾਰ ਹਨ ਜੋ ਪੰਜਾਬ ਦੇ ਸਮਾਜਿਕ-ਸਿਆਸੀ ਤੇ ਸੱਭਿਆਚਾਰਕ ਮਸਲਿਆਂ ਦੇ ਬਿਰਤਾਂਤ ਨੂੰ ਕੇਂਦਰ ਵਿੱਚ ਲਿਆਕੇ ਖੜਾ ਕਰ ਗਏ ਤੇ ਸੂਬੇ ਦੀ ਖੁਦਮੁਖਤਿਆਰੀ ਦੀ ਮੰਗ ਨੂੰ ਮੁੜ-ਸੁਰਜੀਤ ਕਰਨ ਵਿੱਚ ਸਹਾਈ ਹੋਏ।

ਰਾਜਧਾਨੀ ਚੰਡੀਗੜ੍ਹ ਅਤੇ ਪੰਜਾਬ ਯੂਨੀਵਰਸਿਟੀ ਦੇ ਇਤਿਹਾਸਕ ਵਿਰਾਸਤੀ ਦਰਜੇ ਤੇ ਅੱਵਲ ਏਸ਼ੀਆਈ ਯੂਨੀਵਰਸਿਟੀਆਂ ਵਿੱਚੋਂ ਇੱਕ ਹੋਣ ਕਾਰਨ ਇਹ ਪੰਜਾਬ ਤੇ ਪੰਜਾਬੀਅਤ ਦੇ ਪ੍ਰਤੀਕ ਵਜੋਂ ਸਮਾਜਿਕ ਅਹਿਮੀਅਤ ਰੱਖਦੀ ਹੈ। ਇਸ ਉੱਤੇ ਕਿਸੇ ਕਿਸਮ ਦੇ ਹਮਲੇ ਦਾ ਅਰਥ ਪੰਜਾਬ ਦੀ ਆਵਾਜ਼ ਨੂੰ ਦਬਾਉਣ ਅਤੇ ਸੂਬੇ ਦੇ ਅਧਿਕਾਰਾਂ ਨੂੰ ਖੋਹਣ ਬਰਾਬਰ ਮੰਨਿਆ ਜਾਂਦਾ ਹੈ, ਜਿਸਦਾ ਪੰਜਾਬ ਦੇ ਲੋਕਾਂ ਉੱਤੇ ਡੂੰਘਾ ਭਾਵੁਕ-ਸਿਆਸੀ ਅਸਰ ਪੈਂਦਾ ਹੈ। ਪੀਯੂ ਦੀ ਵਿਦਿਅਕ-ਬੌਧਿਕ ਵਿਰਾਸਤ ਲੱਗਭੱਗ ਡੇਢ ਸਦੀ ਪੁਰਾਣੀ ਹੈ ਅਤੇ ਪੰਜਾਬ ਦੀ ਇਸ ਉੱਤੇ ਦਾਅਵੇਦਾਰੀ ਸੈਨੇਟ ਅਤੇ ਸਿੰਡੀਕੇਟ ਵਿਚਲੇ ਨੁਮਾਇੰਦਿਆਂ ਨਾਲ ਘੱਟ-ਵੱਧ ਹੀ ਸਹੀ ਪਰ ਅਟੁੱਟ ਤੌਰ ਤੇ ਜੁੜੀ ਹੋਈ ਹੈ। ਜਮਹੂਰੀਅਤ ਦੀ ਇਸ ਬਚੀ-ਖੁਚੀ ਗੁੰਜਾਇਸ਼ ਨੂੰ ਖੋਰਾ ਲੱਗਣ ਦਾ ਅਰਥ ਪੰਜਾਬ ਹੱਥੋਂ ਉਸਦੀ ਬੌਧਿਕ, ਵਿਦਿਅਕ ਤੇ ਵਿਰਾਸਤੀ ਧਰੋਹਰ ਦਾ ਹੌਲੀ-ਹੌਲੀ ਖੁੱਸਣਾ ਤੇ ਪੰਜਾਬ ਦੀ ਖੁਦਮੁਖਤਿਆਰੀ ਦੇ ਸੰਘਰਸ਼ ਦੇ ਇੱਕ ਹੋਰ ਨੁਕਤੇ ਨੂੰ ਖ਼ਾਰਜ ਕਰ ਦੇਣ ਬਰਾਬਰ ਸੀ। ਇਸ ਲਈ ਪੀਯੂ ਦੇ ਜਮਹੂਰੀ ਕਿਰਦਾਰ ਉੱਤੇ ਕੇਂਦਰ ਦੇ ਨੌਕਰਸ਼ਾਹ ਫੁਰਮਾਨਾਂ ਦੇ ਵਿਰੋਧ ਦੀ ਮਹੱਤਤਾ ਮਹਿਜ ਸੈਨੇਟ ਵਿੱਚ ਹਿੱਸੇਦਾਰੀ ਤੱਕ ਹੀ ਮਹਿਦੂਦ ਨਹੀਂ ਸੀ।

> ਇਸ ਸੰਘਰਸ਼ ਰਾਹੀਂ ਅਤੀਤ ਵਿੱਚ ਪੰਜਾਬੀ ਸੂਬੇ ਨਾਲ ਬੇਇਨਸਾਫੀ ਦੇ ਮਸਲੇ ਮੁੜ ਉੱਭਰ ਗਏ। ਵਿਦਿਆਰਥੀਆਂ ਵੱਲੋਂ ਦਿੱਤਾ ਨਾਅਰਾ 'ਸੂਹਾ ਫੁੱਲ ਗੁਲਾਬ ਦਾ, ਚੰਡ੍ਹੀਗੜ ਪੰਜਾਬ ਦਾ' ਗੰਭੀਰ ਸਿਆਸੀ ਮਹੱਤਤਾ ਵਾਲਾ ਮਸਲਾ ਹੈ। ਇਹ ਚੰਡੀਗੜ੍ਹ ਨੂੰ ਕੇਂਦਰ-ਸ਼ਾਸ਼ਤ ਪ੍ਰਦੇਸ਼ 'ਚੋਂ ਕੱਢਕੇ ਸੂਬਾ ਪੰਜਾਬ ਦੀ ਰਾਜਧਾਨੀ ਬਣਾਉਣ ਦੇ ਪ੍ਰਮੁੱਖ ਕੌਮੀ ਮਸਲੇ ਨੂੰ ਉਭਾਰਨ ਵਾਲੀ ਸਿਆਸੀ ਮੰਗ ਹੈ ਜੋ ਵੱਡੀ ਤੇ ਵੱਖਰੀ ਲਾਮਬੰਦੀ ਬਿਨਾਂ ਨੇਪਰੇ ਚੜ੍ਹਨੀ ਮੁਸ਼ਕਿਲ ਹੈ। ਇਸ ਸੰਘਰਸ਼ ਦੌਰਾਨ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਤੋਂ ਬਾਹਰ ਰੱਖਣ, ਪੰਜਾਬੀ ਭਾਸ਼ਾ ਨੂੰ ਬਣਦਾ ਮਾਣ-ਸਨਮਾਣ ਦੇਣ, ਪੰਜਾਬ ਦੇ ਦਰਿਆਈ ਪਾਣੀਆਂ ਦੀ ਨਿਹੱਕੀ ਵੰਡ ਅਤੇ ਭਾਖੜਾ-ਬਿਆਸ ਮੈਨਜਮੈਂਟ ਸਮੇਤ ਕੇਂਦਰ ਸਰਕਾਰ ਵੱਲੋਂ ਪੰਜਾਬ ਤੇ ਚੰਡੀਗੜ੍ਹ ਦੇ ਪ੍ਰਸ਼ਾਸ਼ਨਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਦੇ ਵਿਰੋਧ ਦੀ ਸੁਰ ਵੀ ਵੇਗ ਫੜਦੀ ਰਹੀ। ਇਸੇ ਸੰਘਰਸ਼ ਦੌਰਾਨ ਕੇਂਦਰ ਸਰਕਾਰ ਵੱਲੋਂ ਆਉਂਦੇ ਸਰਦ ਰੁੱਤ ਇਜਲਾਸ ਵਿੱਚ ਇੱਕ ਸੰਵਿਧਾਨਕ ਸੋਧ (131ਵੀਂ ਸੋਧ) ਰਾਹੀਂ ਇੱਕ ਬਿੱਲ ਸੂਚੀਬੱਧ ਕਰਕੇ, ਚੰਡੀਗੜ੍ਹ ਵਿੱਚ ਉਪ-ਰਾਜਪਾਲ (ਲੈਫਟੀਨੈਂਟ ਗਵਰਨਰ) ਲਗਾਕੇ ਚੰਡੀਗੜ੍ਹ ਨੂੰ ਧਾਰਾ 240 ਵਿੱਚ ਸ਼ਾਮਲ ਕਰਨ ਦਾ ਮੁੱਦਾ ਵੀ ਉਠਾਇਆ ਗਿਆ। ਇਸ ਨਾਲ ਪੰਜਾਬ ਨੂੰ ਚੰਡੀਗੜ੍ਹ ਦੇ ਪ੍ਰਸ਼ਾਸ਼ਕੀ ਅਤੇ ਸਿਆਸੀ ਨਿਯੰਤਰਣ ਤੋਂ ਵਾਂਝੇ ਕਰਕੇ ਅਤੇ ਚੰਡੀਗੜ੍ਹ ਨੂੰ ਆਮ ਕੇਂਦਰ-ਸ਼ਾਸਤ ਪ੍ਰਦੇਸ਼ ਬਣਾਕੇ ਇਸਨੂੰ ਪੰਜਾਬ ਨਾਲੋਂ ਵੱਖ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ। ਕੇਂਦਰ ਦੇ ਇਸ ਅਜ਼ਮਾਇਸ਼ੀ ਬਿਆਨ ਨੇ ਪੰਜਾਬ ਦੇ ਸੰਘੀ ਢਾਂਚੇ ਉੱਤੇ ਹਮਲੇ ਦੇ ਨਵੇਂ ਫੈਸਲੇ ਨਾਲ ਪੀਯੂ ਦੇ ਵਿਦਿਆਰਥੀ ਸੰਘਰਸ਼ ਤੋਂ ਅਗਾਂਹ ਇੱਕ ਵੱਖਰੇ ਤੇ ਨਵੇਂ ਸਮਾਜਿਕ ਅੰਦੋਲਨ ਦਾ ਮੁੱਢ ਬੰਨ੍ਹਣ ਦੀ ਲੋੜ ਖੜੀ ਕਰ ਦਿੱਤੀ ਸੀ।

> ਪੰਜਾਬ ਦੀ ਸਰਜ਼ਮੀਂ ਉੱਤੇ ਪੰਜਾਬੀਆਂ ਦੇ ਉੱਦਮ ਨਾਲ ਉਸਰਿਆ ਚੰਡੀਗੜ੍ਹ ਪੰਜਾਬ ਦਾ ਦਿਲ ਤੇ ਪੰਜਾਬੀਅਤ ਦੀ ਰੂਹ ਹੈ। ਚੰਡੀਗੜ੍ਹ ਪੰਜਾਬੀਆਂ ਲਈ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ, ਸਿੱਖਿਆ, ਵਿਰਾਸਤ ਤੇ ਸਿਆਸਤ ਦਾ ਮੱਕਾ ਹੈ। ਪੰਜਾਬੀਆਂ ਨੂੰ ਚੰਡੀਗੜ੍ਹ 'ਚੋਂ ਸੰਤਾਲੀ ਦੀ ਵੰਡ ਵੇਲੇ ਸਿਆਸਤਦਾਨਾਂ ਦੀਆਂ ਫਿਰਕੂ ਵੰਡੀਆਂ ਦੀ ਭੇਂਟ ਚੜੇ ਲਾਹੌਰ ਦਾ ਅਕਸ ਦਿਖਦਾ ਹੈ ਅਤੇ ਉਹ ਆਪਣਾ ਅਜ਼ਾਦ ਸਮਾਜਿਕ-ਸਿਆਸੀ ਤੇ ਸਭਿਆਚਾਰਕ ਕੇਂਦਰ ਸਥਾਪਿਤ ਕਰਨ ਲਈ ਤਤਪਰ ਹਨ। ਸੰਵਿਧਾਨਕ ਧੱਕੇਸ਼ਾਹੀਆਂ ਨਾਲ ਚੰਡੀਗੜ੍ਹ ਨਾਲੋਂ ਪੰਜਾਬ ਦਾ ਨਾੜੂਆ ਕੱਟਣ ਨਾਲ ਇਸਦੇ ਵਿਰਾਸਤੀ ਅੰਸ਼ਾਂ ਨੂੰ ਮਿਟਾਇਆ ਨਹੀਂ ਜਾ ਸਕਦਾ। ਕੇਂਦਰ ਸਰਕਾਰ ਦੇ ਨਾਦਰਸ਼ਾਹੀ ਫੁਰਮਾਨਾਂ ਤੇ ਵੰਡਪਾਊ ਨੀਤੀਆਂ ਨੇ ਪੰਜਾਬ ਤੇ ਪੰਜਾਬੀਆਂ ਦੀ ਰੂਹ ਬੇਚੈਨ ਕਰ ਦਿੱਤੀ। ਭਾਸ਼ਾ, ਸੱਭਿਆਚਾਰ ਤੇ ਭੂਗੋਲਿਕ ਤੌਰ ਤੇ ਚੰਡੀਗੜ੍ਹ ਉੱਤੇ ਸੂਬਾ ਪੰਜਾਬ ਦੀ ਦਾਅਵੇਦਾਰੀ ਦੀ ਮੰਗ ਜਾਇਜ਼ ਹੈ, ਤੇ ਸੂਬੇ ਦੇ ਅਧਿਕਾਰਾਂ ਉੱਤੇ ਕੇਂਦਰ ਸਰਕਾਰ ਦਾ ਕਬਜ਼ਾ ਤੇ ਦਖਲਅੰਦਾਜ਼ੀ ਪੰਜਾਬ ਦੇ ਕੌਮੀ ਸਵੈਮਾਣ ਤੇ ਆਤਮ-ਨਿਰਣੇ ਦੇ ਹੱਕ ਉੱਤੇ ਡਾਕਾ ਹੈ। ਕੇਂਦਰੀ ਵਜ਼ਾਰਤ ਸੰਵਿਧਾਨਕ ਸੋਧਾਂ ਤਹਿਤ ਕਦਮ-ਦਰ-ਕਦਮ ਸੂਬੇ ਦੇ ਅਧਿਕਾਰਾਂ ਨੂੰ ਖੋਰਾ ਲਾ ਕੇ ਪੰਜਾਬ ਦੇ ਸੰਘੀ ਢਾਂਚੇ ਉੱਤੇ ਹਮਲਾ ਕਰਕੇ ਭਾਸ਼ਾ ਤੇ ਸੱਭਿਆਚਾਰਕ ਪਹਿਚਾਣਾਂ ਨੂੰ ਤਰਜ਼ੀਹ ਦੇਣ ਦੀ ਥਾਂ 'ਹਿੰਦੀ-ਹਿੰਦੂ-ਹਿੰਦੋਸਤਾਨ' ਦੀ ਫਿਰਕੂ ਵਿਚਾਰਧਾਰਾ ਮੜ੍ਹਨ ਦੇ ਰਾਹ ਪਈ ਹੋਈ ਹੈ।

ਪੀਯੂ ਸਬੰਧੀ ਪ੍ਰਸ਼ਾਸ਼ਕੀ ਸੁਧਾਰਾਂ ਨਾਲ ਦੋ ਹੋਰ ਮਹੱਤਵਪੂਰਨ ਪਹਿਲੂ ਜੁੜੇ ਹੋਏ ਸਨ। ਇਹਨਾਂ ਸੁਧਾਰਾਂ ਨਾਲ ਭਵਿੱਖ ਵਿੱਚ ਯੂਨੀਵਰਸਿਟੀ ਕੈਂਪਸ ਅਤੇ ਇਸਦੇ ਅਧੀਨ ਪੈਂਦੀਆਂ ਵਿਦਿਅਕ ਸੰਸਥਾਵਾਂ ਨੂੰ ਨਿੱਜੀਕਰਨ ਦੀਆਂ ਨਵਉਦਾਰਵਾਦੀ ਲੋੜਾਂ ਅਨੁਕੂਲ ਢਾਲਣ ਅਤੇ ਵਿਦਿਅਕ ਪਾਠਕ੍ਰਮਾਂ ਰਾਹੀਂ ਹੁਕਮਰਾਨ ਜਮਾਤ ਦੀ ਫਿਰਕੂ-ਪਿਛਾਖੜੀ ਵਿਚਾਰਧਾਰਾ (ਸਿੱਖਿਆ ਦਾ ਭਗਵਾਂਕਰਨ) ਨੂੰ ਪਰੋਸਣ ਦਾ ਮਨਸ਼ਾ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਕਿਉਂਕਿ ਕੋਈ ਵੀ ਪ੍ਰਸ਼ਾਸ਼ਕੀ ਸੁਧਾਰ ਜਾਂ ਸੰਵਿਧਾਨਕ ਸੋਧਾਂ ਕਿਸੇ ਨਾ ਕਿਸੇ ਖਾਸ ਵਰਗ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਕੇ ਕੀਤੀਆਂ ਜਾਂਦੀਆਂ ਹਨ। ਕੇਂਦਰ ਹਕੂਮਤ ਸੂਬਿਆਂ ਦੇ ਅਧਿਕਾਰਾਂ ਨੂੰ ਖਤਮ ਕਰਕੇ ਸੱਤਾ ਦੇ ਕੇਂਦਰੀਕਰਨ ਦੀ ਨੀਤੀ ਨੂੰ ਅੱਗੇ ਵਧਾ ਰਹੀ ਹੈ ਅਤੇ ਸੱਤਾ ਦਾ ਕੇਂਦਰੀਕਰਨ ਸੂਬੇ ਦੀਆਂ ਪ੍ਰਮੁੱਖ ਵਿਦਿਅਕ ਸੰਸਥਾਵਾਂ ਉੱਤੇ ਵਿਚਾਰਧਾਰਕ ਨਿਯੰਤਰਣ ਅਤੇ ਵਿਦਿਅਕ

(ਬਾਕੀ ਸਫ਼ਾ 37 'ਤੇ)

# ਪੰਜਾਬ ਯੂਨੀਵਰਸਿਟੀ ਸੈਨੇਟ ਚੋਣਾਂ ਲਈ ਸੰਘਰਸ਼ ਅਤੇ ਪੰਜਾਬ ਦੀ ਹੱਕ ਜਤਾਈ ਦਾ ਸਵਾਲ

**ਨਵਕਿਰਨ ਸਿੰਘ ਪੱਤੀ**
**98885-44001**



ਪਿਛਲੇ ਦਿਨਾਂ ਤੋਂ ਸੈਨੇਟ ਚੋਣਾਂ ਦੀ ਬਹਾਲੀ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਵਿਦਿਆਰਥੀਆਂ ਦੀ ਅਗਵਾਈ ਹੇਠ ਚੱਲ ਰਿਹਾ ਸੰਘਰਸ਼ ਯੂਨੀਵਰਸਿਟੀ ਦੇ ਚਾਂਸਲਰ (ਉੱਪ ਰਾਸ਼ਟਰਪਤੀ) ਵੱਲੋਂ 27 ਨਵੰਬਰ ਨੂੰ ਚੋਣਾਂ ਕਰਾਉਣ ਦਾ ਸ਼ਡਿਊਲ (ਸਤੰਬਰ 2026) ਜਾਰੀ ਕਰਨ ਨਾਲ ਜੇਤੂ ਹੋ ਗਿਆ। ਤਾਨਾਸ਼ਾਹ ਹਕੂਮਤ ਦੀਆਂ ਗੋਡਣੀਆਂ ਲਵਾ ਕੇ ਹਾਸਲ ਕੀਤੀ ਜਿੱਤ ਦੀ ਖ਼ੁਸ਼ੀ 'ਚ ਵਿਦਿਆਰਥੀਆਂ ਨੇ ਜੇਤੂ ਮਾਰਚ ਕਰਕੇ ਸੰਘਰਸ਼ ਦੀ ਸਮਾਪਤੀ ਕੀਤੀ। ਇਹ ਸੰਘਰਸ਼ ਜਿੱਥੇ ਵਿਦਿਆਰਥੀ ਸੰਘਰਸ਼ ਦੀ ਇਤਿਹਾਸਕ ਜਿੱਤ ਹੈ ਉੱਥੇ ਇਸ ਸੰਘਰਸ਼ ਨੇ ਤਾਨਾਸ਼ਾਹ ਹਕੂਮਤ ਵਿਰੁੱਧ ਜੂਝ ਰਹੀਆਂ ਪੂਰੇ ਦੇਸ਼ ਦੀਆਂ ਸੰਘਰਸ਼ਸ਼ੀਲ ਤਾਕਤਾਂ ਨੂੰ ਨਵੀਂ ਊਰਜਾ ਅਤੇ ਉਤਸ਼ਾਹ ਬਖ਼ਸ਼ਿਆ ਹੈ ਕਿ ਲੋਕ ਤਾਕਤ ਸੂਝ, ਏਕਤਾ, ਸਬਰ ਅਤੇ ਸਿਰੜ ਨਾਲ ਅਜਿੱਤ ਮੰਨੇ ਜਾਂਦੇ ਹਾਕਮਾਂ ਨੂੰ ਹਰਾ ਸਕਦੀ ਹੈ। ਨਾਲ ਹੀ ਇਸਨੇ ਚੰਡੀਗੜ੍ਹ ਉੱਪਰ ਪੰਜਾਬ ਦੇ ਹੱਕ ਦੇ ਸਵਾਲ ਨੂੰ ਰਾਜਨੀਤਕ ਚਰਚਾ ਦੇ ਕੇਂਦਰ ਵਿਚ ਲਿਆਉਣ 'ਚ ਵੀ ਅਹਿਮ ਭੂਮਿਕਾ ਨਿਭਾਈ ਹੈ। ਇਸ ਸੰਘਰਸ਼ ਦੀ ਛਾਪ ਲੰਮਾ ਸਮਾਂ ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ, ਖ਼ਾਸ ਕਰਕੇ ਜੁਝਾਰੂ ਜਵਾਨੀ ਦੇ ਮਨਾਂ 'ਤੇ ਰਹੇਗੀ।

ਸੰਘਰਸ਼ ਨੇ ਦੁਨੀਆਂ ਭਰ ਵਿੱਚ ਬੈਠੇ ਪੰਜਾਬੀਆਂ ਦਾ ਧਿਆਨ ਖਿੱਚਿਆ। 10 ਨਵੰਬਰ ਨੂੰ 'ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ' ਦੇ ਸੱਦੇ ਤਹਿਤ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਪਹੁੰਚਣ ਲਈ ਪੰਜਾਬੀਆਂ ਖ਼ਾਸ ਕਰ ਪੰਜਾਬ ਦੇ ਨੌਜਵਾਨਾਂ ਵੱਲੋਂ ਪੁਲਿਸ ਦੀਆਂ ਰੋਕਾਂ ਤੋੜ ਕੇ ਹਕੂਮਤੀ ਜਬਰ ਖਿਲਾਫ਼ ਬੁਲੰਦ ਹੋਈ ਰੋਹਲੀ ਅਵਾਜ਼ ਨੇ ਕੇਂਦਰੀ ਹਕੂਮਤ ਨੂੰ ਇਕ ਵਾਰ ਫੇਰ ਪੰਜਾਬ ਦੀ ਵਿਰਾਸਤ ਦਾ ਚੇਤਾ ਕਰਵਾ ਦਿੱਤਾ। 'ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ' ਵੱਲੋਂ 10 ਨਵੰਬਰ ਨੂੰ 11 ਵਜੇ ਰੋਸ ਪ੍ਰਦਰਸ਼ਨ ਦਾ ਸੱਦਾ ਦਿੱਤਾ ਗਿਆ ਸੀ। ਨੌਜਵਾਨਾਂ ਨੇ ਸੱਦੇ ਪ੍ਰਤੀ ਐਨਾ ਜੋਸ਼ ਦਿਖਾਇਆ ਕਿ ਸੈਂਕੜੇ ਨੌਜਵਾਨ 9 ਨਵੰਬਰ ਦੀ ਰਾਤ ਨੂੰ ਹੀ ਚੰਡੀਗੜ੍ਹ ਪਹੁੰਚ ਗਏ। 10 ਨਵੰਬਰ ਦੀ ਸਵੇਰ ਚੰਡੀਗੜ੍ਹ ਪੁਲਿਸ ਵੱਲੋਂ ਯੂਨੀਵਰਸਿਟੀ ਦੇ ਤਿੰਨੇ ਗੇਟ ਬੰਦ ਕਰਕੇ ਲਾਏ ਬੈਰੀਕੇਡ ਨੌਜਵਾਨਾਂ ਦੇ ਕਾਫ਼ਲਿਆਂ ਅੱਗੇ ਟਿਕ ਨਾ ਸਕੇ। ਮੋਹਾਲੀ-ਚੰਡੀਗੜ੍ਹ ਬਾਰਡਰ ਉੱਪਰ ਪੁਲਿਸ ਤੇ ਪੈਰਾ ਮਿਲਟਰੀ ਫੋਰਸ ਵੱਲੋਂ ਲਗਾਈਆਂ ਰੋਕਾਂ, ਖ਼ਾਸ ਕਰਕੇ ਮੋਹਾਲੀ ਦੇ ਫੇਜ਼-6 ਤੋਂ ਚੰਡੀਗੜ੍ਹ ਵਿਚ ਦਾਖ਼ਲ ਹੋਣ ਮੁੱਖ ਮਾਰਗ ਉੱਪਰ, ਨੂੰ ਕਿਸਾਨ ਜਥੇਬੰਦੀਆਂ ਨੇ ਤੋੜ ਕੇ ਖੇਤੀ ਕਾਨੂੰਨਾਂ ਖਿਲਾਫ਼ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੀ ਯਾਦ ਤਾਜ਼ਾ ਕਰਵਾ ਦਿੱਤੀ। ਇਸ ਲਾਮਿਸਾਲ ਸੰਘਰਸ਼ ਨੇ ਜਿੱਥੇ ਸੂਬੇ ਦੇ ਨੌਜਵਾਨਾਂ ਵਿੱਚ ਜੋਸ਼ ਭਰਨ ਦਾ ਕੰਮ ਕੀਤਾ ਹੈ ਉੱਥੇ ਬਹੁਤ ਸਾਲਾਂ ਬਾਅਦ ਪੰਜਾਬੀਆਂ ਦਾ ਚੰਡੀਗੜ੍ਹ ਅਤੇ ਪੰਜਾਬ ਯੂਨੀਵਰਸਿਟੀ ਉੱਪਰ ਹੱਕ ਜਤਾਈ ਦਾ ਮਾਮਲਾ ਮੁੜ ਚਰਚਾ ਦਾ ਕੇਂਦਰ ਬਣਿਆ ਹੈ।

ਇਸ ਸੰਘਰਸ਼ ਦੀ ਬੁਨਿਆਦ ਕੇਂਦਰ ਸਰਕਾਰ ਵੱਲੋਂ 28 ਅਕਤੂਬਰ ਨੂੰ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਵਿੱਚ ਵੱਡੇ ਬਦਲਾਅ ਕੀਤੇ ਜਾਣ ਦੇ ਗੈਰ-ਜਮਹੂਰੀ ਫ਼ੈਸਲੇ ਨਾਲ ਬੱਝੀ ਸੀ। ਹਕੀਕਤ ਇਹ ਹੈ ਕਿ ਸਿੱਖਿਆ ਸੰਸਥਾਵਾਂ ਦਾ ਕੇਂਦਰੀਕਰਨ ਅਤੇ ਸਿੱਖਿਆ ਦਾ ਭਗਵਾਂਕਰਨ ਦੀ ਨੀਤੀ ਤਹਿਤ ਕੰਮ ਕਰ ਰਹੀ ਮੋਦੀ ਸਰਕਾਰ ਨੂੰ ਜਮਹੂਰੀ ਅਮਲ ਵਾਲੀਆਂ ਯੂਨੀਵਰਸਿਟੀਆਂ ਬਹੁਤ ਚੁੱਭਦੀਆਂ ਹਨ। ਇਸੇ ਨੀਤੀ ਦੇ ਚੱਲਦਿਆਂ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਤੇ ਸਿੰਡੀਕੇਟ ਵਿੱਚ ਤਬਦੀਲੀ ਕਰਕੇ ਉਸਦੀ ਮੂਲ ਬਣਤਰ ਹੀ ਬਦਲ ਦੇਣ ਦੀ ਚਾਲ ਚੱਲੀ। ਪੰਜਾਬ ਯੂਨੀਵਰਸਿਟੀ ਦੇਸ਼ ਦੀ ਇੱਕੋ-ਇਕ ਅਜਿਹੀ ਵਿੱਦਿਅਕ ਸੰਸਥਾ ਹੈ ਜਿਸ ਦੇ ਕਈ ਅਹਿਮ ਮਾਮਲਿਆਂ ਵਿੱਚ ਸੈਨੇਟ ਦੀ ਫ਼ੈਸਲਾਕੁਨ ਭੂਮਿਕਾ ਹੈ। ਚਾਰ ਸਾਲ ਬਾਅਦ ਚੁਣੀ ਜਾਂਦੀ 91 ਮੈਂਬਰੀ ਸੈਨੇਟ ਦੇ 49 ਮੈਂਬਰ ਵੋਟਾਂ ਰਾਹੀਂ ਚੁਣੇ ਜਾਂਦੇ ਹਨ, 36 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ ਜਦਕਿ 6 ਮੈਂਬਰ ਐਕਸ-ਆਫੀਸ਼ੀਓ ਹੁੰਦੇ ਹਨ ਜਿਨ੍ਹਾਂ ਵਿੱਚ ਪੰਜਾਬ ਦਾ ਮੁੱਖ ਮੰਤਰੀ, ਪੰਜਾਬ ਦਾ ਸਿੱਖਿਆ ਮੰਤਰੀ, ਚੰਡੀਗੜ੍ਹ ਤੋਂ ਸੰਸਦ ਮੈਂਬਰ। ਸਿੰਡੀਕੇਟ ਦੇ 18 ਮੈਂਬਰਾਂ ਵਿੱਚੋਂ 15 ਚੁਣ ਕੇ ਆਉਂਦੇ ਹਨ ਜਦਕਿ ਵਾਈਸ ਚਾਂਸਲਰ ਸਮੇਤ 3 ਮੈਂਬਰ ਹੋਰ ਹੁੰਦੇ ਹਨ। ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪਿਛਲੇ ਸਮੇਂ ਇਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੱਲੋਂ ਫ਼ੀਸਾਂ ਦੇ ਵਾਧੇ ਸਮੇਤ ਕਈ ਵਿਦਿਆਰਥੀ ਵਿਰੋਧੀ ਫ਼ੈਸਲੇ ਲੈਣ ਦੀ ਕੋਸ਼ਿਸ਼ ਕੀਤੀ ਤਾਂ ਵਿਦਿਆਰਥੀ ਜਥੇਬੰਦੀਆਂ ਨੇ ਉਹਨਾਂ ਅੱਗੇ 1904 ਦਾ ਯੂਨੀਵਰਸਿਟੀ ਐਕਟ ਰੱਖਿਆ, ਜਿਸ ਦੇ ਤਹਿਤ ਇਸ ਯੂਨੀਵਰਸਿਟੀ ਦੇ ਅਹਿਮ ਫ਼ੈਸਲੇ ਸਿਰਫ਼ ਤੇ ਸਿਰਫ਼ ਸਿੰਡੀਕੇਟ ਅਤੇ ਸੈਨੇਟ ਦੀ ਸਹਿਮਤੀ ਨਾਲ ਹੀ ਲਏ ਜਾ ਸਕਦੇ ਹਨ। 1904 ਦੇ ਯੂਨੀਵਰਸਿਟੀ ਐਕਟ ਅਨੁਸਾਰ ਕੋਈ ਵੀ ਨੀਤੀਗਤ ਫ਼ੈਸਲਾ ਲੈਣ ਤੋਂ ਪਹਿਲਾਂ ਮਾਮਲਾ ਸਿੰਡੀਕੇਟ ਵਿੱਚ ਰੱਖਿਆ ਜਾਣਾ ਜ਼ਰੂਰੀ ਹੈ, ਜੇ ਸਿੰਡੀਕੇਟ ਇਸ ਨੂੰ ਪਾਸ ਕਰ ਦੇਵੇ ਤਾਂ ਇਹ ਚਰਚਾ ਲਈ ਸੈਨੇਟ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਤੇ ਸੈਨੇਟ ਵਿੱਚੋਂ ਪਾਸ ਹੋਏ ਬਗੈਰ ਇਹ ਲਾਗੂ ਨਹੀਂ ਕੀਤਾ ਜਾ ਸਕਦਾ। ਇਸੇ ਕਰਕੇ ਕੇਂਦਰ ਸਰਕਾਰ ਨੂੰ ਸੈਨੇਟ ਤੇ ਸਿੰਡੀਕੇਟ ਮਿਰਚਾਂ ਵਾਂਗ ਚੁੱਭਦੀਆਂ ਹਨ। ਇਹੀ ਕਾਰਨ ਹੈ ਕਿ ਉਹਨਾਂ ਨੇ ਪਿਛਲੇ ਲੱਗਭੱਗ ਦੋ ਸਾਲ ਤੋਂ ਇਹ ਚੋਣਾਂ ਹੀ ਨਹੀਂ ਕਰਵਾਈਆਂ। ਜਦੋਂ ਸੈਨੇਟ ਹੀ ਨਹੀਂ ਹੈ ਤਾਂ ਕੇਂਦਰ ਸਰਕਾਰ ਦੀ ਕਠਪੁਤਲੀ ਵੀ.ਸੀ ਮਨਮਾਨੀਆਂ ਕਰਨ ਲਈ ਆਜ਼ਾਦ ਹੈ।

ਚੋਣਾਂ ਨਾ ਕਰਵਾਉਣ ਤੋਂ ਇਕ ਸਟੈਪ ਅੱਗੇ ਵਧਦਿਆਂ ਹੁਣ ਕੇਂਦਰ ਸਰਕਾਰ ਨੇ 'ਨਾ ਰਹੇਗਾ ਬਾਂਸ ਤੇ ਨਾ ਵਜੇਗੀ ਬੰਸਰੀ' ਦੀ ਕਹਾਵਤ ਵਾਂਗ ਸਾਰੀਆਂ ਤਾਕਤਾਂ ਖੁਦ ਦੇ ਥੋਪੇ ਵਾਈਸ ਚਾਂਸਲਰ ਦੇ ਹੱਥ ਦੇਣ ਲਈ 28 ਅਕਤੂਬਰ ਨੂੰ ਇਕ ਅਜਿਹਾ ਨੋਟੀਫਿਕੇਸ਼ਨ ਜਾਰੀ ਕੀਤਾ ਜਿਸ ਤਹਿਤ ਸਿਰਫ਼ ਸੈਨੇਟ ਤੇ ਸਿੰਡੀਕੇਟ ਦੇ ਮੈਂਬਰਾਂ ਦੀ ਗਿਣਤੀ ਨੂੰ ਹੀ ਸੀਮਤ ਨਹੀਂ ਕੀਤਾ ਗਿਆ ਬਲਕਿ ਜਮਹੂਰੀ ਤਰੀਕੇ ਨਾਲ ਚੁਨਣ ਦੀ ਬਜਾਏ ਵਾਈਸ ਚਾਂਸਲਰ ਰਾਹੀਂ ਮੈਂਬਰ ਨਾਮਜ਼ਦ ਕਰਨ ਦਾ ਧੱਕੜ ਰਾਹ ਅਖ਼ਤਿਆਰ ਥੋਪਣ ਦੀ ਕੋਸ਼ਿਸ਼ ਕੀਤੀ ਗਈ। ਇਸ ਸਿਰੇ ਦੇ ਗੈਰ-ਜਮਹੂਰੀ ਢੰਗ ਖਿਲਾਫ਼ ਉੱਠੇ ਲੋਕ ਰੋਹ ਤੋਂ ਬਾਅਦ ਭਾਵੇਂ ਕੇਂਦਰ ਸਰਕਾਰ ਨੂੰ 28 ਅਕਤੂਬਰ ਵਾਲਾ ਨੋਟੀਫਿਕੇਸ਼ਨ ਰੱਦ ਕਰਕੇ ਸੈਨੇਟ ਤੇ ਸਿੰਡੀਕੇਟ ਬਹਾਲ ਕਰਨ ਦਾ ਅੱਕ ਚੱਬਣਾ ਪਿਆ ਲੇਕਿਨ ਵਿਦਿਆਰਥੀਆਂ ਨੇ ਸੈਨੇਟ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋਣ ਤੱਕ ਪਹਿਲਾਂ ਵਾਂਗ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕਰ ਦਿੱਤਾ। ਮਨਸ਼ਾ ਇਹ ਸੀ ਕਿ ਇਸ ਨਾਲ ਅੰਦੋਲਨ ਆਪਣੇ ਆਪ ਮੁੱਕ ਜਾਵੇਗਾ। ਪਰ ਜਾਗਰੂਕ ਵਿਦਿਆਰਥੀਆਂ ਨੇ ਮੋਦੀ ਸਰਕਾਰ ਦੀ ਚਾਲ ਠੁੱਸ ਕਰ ਦਿੱਤੀ।

28 ਅਕਤੂਬਰ ਵਾਲਾ ਨੋਟੀਫਿਕੇਸ਼ਨ ਤਾਂ ਜਿਹੜੇ ਯੂਨੀਵਰਸਿਟੀ ਦੇ ਗ੍ਰੈਜੂਏਟ ਵਿਦਿਆਰਥੀ ਚੋਣਾਂ ਰਾਹੀਂ ਪ੍ਰਬੰਧਕੀ ਢਾਂਚੇ ਵਿੱਚ ਭਾਗੀਦਾਰ ਬਣਦੇ ਸਨ, ਉਹਨਾਂ ਨੂੰ ਭਾਗੀਦਾਰ ਬਨਣ ਤੋਂ ਹੀ ਰੋਕਣ ਵਾਲਾ ਸੀ। ਸਭ ਨੂੰ ਪਤਾ ਹੈ ਕਿ ਹਰ ਹਰਬਾ ਵਰਤਕੇ ਤਾਕਤਾਂ ਦੇ ਕੇਂਦਰੀਕਰਨ ਦੀ ਨੀਤੀ ਨੂੰ ਅੰਜਾਮ ਦੇਣ ਵਾਲੀ ਮੋਦੀ ਸਰਕਾਰ ਐਨਾ ਸੌਖਿਆਂ ਆਪਣੀ ਨੀਤੀ ਨਹੀਂ ਬਦਲੇਗੀ। ਸੈਨੇਟ ਬਹਾਲੀ ਦਾ ਫ਼ੈਸਲਾ ਲੋਕ ਰੋਹ ਕਾਰਨ ਬਦਲਿਆ ਗਿਆ। ਪੁਰਾਣਾ ਨੋਟੀਫਿਕੇਸ਼ਨ ਮੁਲਤਵੀ ਹੀ ਕੀਤਾ ਹੈ, ਤਿਆਗਿਆ ਨਹੀਂ ਗਿਆ ਹੈ। ਇਸ ਲਈ ਵਿਦਿਆਰਥੀਆਂ ਦਾ ਖ਼ਦਸ਼ਾ ਬਿਲਕੁਲ ਜਾਇਜ਼ ਹੈ ਕਿ ਜੇਕਰ ਸੈਨੇਟ ਚੋਣਾਂ ਦਾ ਨੋਟੀਫਿਕੇਸ਼ਨ ਹੀ ਜਾਰੀ ਨਹੀਂ ਕੀਤਾ ਜਾਂਦਾ ਤਾਂ ਚੋਣ ਬਹਾਲੀ ਦੇ ਐਲਾਨ ਦਾ ਵੀ ਕੋਈ ਮਾਇਨੇ ਨਹੀਂ ਹੋਣਗੇ। ਬੇਸ਼ੱਕ 'ਯੂਨੀਵਰਸਿਟੀ ਬਚਾਓ ਮੋਰਚਾ' ਦੀ ਅਗਵਾਈ ਹੇਠ ਲੜਿਆ ਜਾ ਰਿਹਾ ਸੰਘਰਸ਼ ਉਸ ਜਮਹੂਰੀ ਪ੍ਰਣਾਲੀ ਦੀ ਬਹਾਲੀ ਲਈ ਹੈ ਜਿਸ ਵਿੱਚ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ ਅਤੇ ਪ੍ਰੋਫੈਸਰ ਚੋਣ ਲੜ ਕੇ ਯੂਨੀਵਰਸਿਟੀ ਨੂੰ ਚਲਾਉਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਹੋ ਸਕਦੇ ਹਨ ਪਰ ਹੁਣ ਇਕ ਸਦੀ ਬਾਅਦ ਪੰਜਾਬ ਦੇ ਹਿਤਾਂ ਦੀ ਨੁਮਾਇੰਦਗੀ ਕਰਦੀਆਂ ਤਾਕਤਾਂ ਨੂੰ 1904 ਦੇ ਐਕਟ ਦੀ ਬਹਾਲੀ ਦੇ ਨਾਲ-ਨਾਲ ਇਸਨੂੰ ਹੋਰ ਵੱਧ ਜਮਹੂਰੀ ਬਣਾਉਣ ਦੀ ਲੋੜ ਨੂੰ ਉਭਾਰਨਾ ਚਾਹੀਦਾ ਹੈ। ਵਾਈਸ ਚਾਂਸਲਰ ਦੇ ਅਧਿਕਾਰਾਂ ਉੱਪਰ ਕੈਂਚੀ ਫੇਰਨ ਦੀ ਮੰਗ ਨੂੰ ਉਠਾਉਂਦੇ ਹੋਏ ਸੈਨੇਟ ਦੇ ਅਧਿਕਾਰਾਂ ਵਿੱਚ ਵਾਧੇ ਲਈ ਜੱਦੋਜਹਿਦ ਕਰਨੀ ਚਾਹੀਦੀ ਹੈ। ਸੈਨੇਟ ਚੋਣਾਂ ਰਾਹੀਂ ਪੰਜਾਬ ਦੇ ਨੁਮਾਇੰਦੇ ਚੁਣ ਕੇ ਇਸ ਯੂਨੀਵਰਸਿਟੀ ਦੇ ਫ਼ੈਸਲੇ ਲੈਣ ਵਾਲੇ ਅਦਾਰੇ ਵਿੱਚ ਸ਼ਾਮਲ ਹੁੰਦੇ ਹਨ ਤੇ ਸੈਨੇਟ ਚੋਣਾਂ ਦੀ ਪ੍ਰਕਿਰਿਆ ਖ਼ਤਮ ਕਰਕੇ ਕੇਂਦਰ ਸਰਕਾਰ ਜਿੱਥੇ ਜਮਹੂਰੀ ਪ੍ਰਕਿਰਿਆ ਨੂੰ ਖ਼ਤਮ ਕਰਨ ਦੇ ਰਾਹ ਪਈ ਹੋਈ ਹੈ, ਨਾਲ ਹੀ ਪੰਜਾਬ ਦੀ ਇਸ ਯੂਨੀਵਰਸਿਟੀ ਉੱਪਰ ਹੱਕ ਜਤਾਈ ਨੂੰ ਰੋਲ ਦੇਣਾ ਚਾਹੁੰਦੀ ਹੈ। ਇਸ ਲਈ ਪੰਜਾਬ ਦੇ ਲੋਕਾਂ ਨੂੰ ਇਹ ਵੀ ਬਖ਼ੂਬੀ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਯੂਨੀਵਰਸਿਟੀ ਨਾਲ ਸਾਡੀ ਵਿਰਾਸਤ ਅਤੇ ਹੋਂਦ ਕਿਵੇਂ ਜੁੜੀ ਹੋਈ ਹੈ ਕਿਉਂਕਿ ਇਸ ਯੂਨੀਵਰਸਿਟੀ ਦੀ ਸਥਾਪਨਾ ਬਰਤਾਨਵੀ ਹਕੂਮਤ ਵੱਲੋਂ 1882 ਵਿੱਚ ਲਾਹੌਰ ਵਿਖੇ ਕੀਤੀ ਗਈ ਸੀ। ਇਸ ਯੂਨੀਵਰਸਿਟੀ ਦੀ ਸਥਾਪਨਾ ਤੋਂ ਪਹਿਲਾਂ ਭਾਰਤ ਵਿੱਚ ਸਿਰਫ਼ ਤਿੰਨ ਯੂਨੀਵਰਸਿਟੀਆਂ ਸਨ। ਜ਼ਾਹਿਰ ਹੈ ਦੇਸ਼ ਦੀ ਚੌਥੀ ਸਭ ਤੋਂ ਪੁਰਾਣੀ ਇਸ ਯੂਨੀਵਰਸਿਟੀ ਨਾਲ ਸਾਂਝੇ ਪੰਜਾਬ ਦੀ ਵਿਰਾਸਤ ਤੇ ਇਤਿਹਾਸ ਜੁੜਿਆ ਹੋਇਆ ਹੈ।

1947 ਦੀ ਵੰਡ ਸਮੇਂ ਪੰਜਾਬ ਯੂਨੀਵਰਸਿਟੀ ਦੀ ਵੀ ਵੰਡ ਹੋ ਗਈ ਸੀ। ਯੂਨੀਵਰਸਿਟੀ ਦਾ ਲਾਹੌਰ ਵਿੱਚਲਾ ਮੁੱਖ ਕੈਂਪਸ ਪਾਕਿਸਤਾਨ ਵਿੱਚ ਰਹਿ ਗਿਆ ਤੇ ਉੱਥੇ ਇਸੇ ਨਾਮ ਤਹਿਤ ਇਹ ਯੂਨੀਵਰਸਿਟੀ ਚੱਲ ਰਹੀ ਹੈ। ਸਾਡੇ ਵਾਲੇ ਪੂਰਬੀ ਪੰਜਾਬ ਵਿੱਚ ਇਸ ਯੂਨੀਵਰਸਿਟੀ ਦਾ ਕੈਂਪਸ ਹੁਸ਼ਿਆਰਪੁਰ ਵਿਖੇ ਬਣਾਇਆ ਗਿਆ ਤੇ ਇਸਨੇ ਸੋਲਨ ਵਿੱਚਲੇ ਪ੍ਰਸ਼ਾਸਨਿਕ ਦਫ਼ਤਰ ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। 1956 ਵਿੱਚ ਇਹ ਯੂਨੀਵਰਸਿਟੀ ਸੋਲਨ ਤੋਂ ਚੰਡੀਗੜ੍ਹ ਦੇ 550 ਏਕੜ ਵਿੱਚ ਫੈਲੇ ਵਿਸ਼ਾਲ ਕੈਂਪਸ ਵਿੱਚ ਸ਼ਿਫਟ ਕਰ ਦਿੱਤੀ ਗਈ ਜਿੱਥੇ ਇਹ ਹੁਣ ਤੱਕ ਚੱਲ ਰਹੀ ਹੈ। 1966 ਤੱਕ ਇਸ ਯੂਨੀਵਰਸਿਟੀ ਨਾਲ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਚੰਡੀਗੜ੍ਹ ਦੇ ਕਾਲਜ ਜੁੜੇ ਹੋਏ ਸਨ ਤੇ ਇਸਦੇ ਖੇਤਰੀ ਕੇਂਦਰ ਜਲੰਧਰ, ਰੋਹਤਕ ਤੇ ਸ਼ਿਮਲਾ ਵਿੱਚ ਸਨ। 1966 ਦੇ ਪੰਜਾਬ ਪੁਨਰਗਠਨ ਐਕਟ ਤਹਿਤ ਪੰਜਾਬ ਯੂਨੀਵਰਸਿਟੀ ਨੂੰ ਵਿਲੱਖਣ ਰੁਤਬਾ 'ਇੰਟਰ ਸਟੇਟ ਬਾਡੀ ਕਾਰਪੋਰੇਟ' ਦਿੱਤਾ ਗਿਆ ਸੀ। ਇਸਦੇ ਤਹਿਤ ਯੂਨੀਵਰਸਿਟੀ ਲਈ ਵਿੱਤੀ ਗ੍ਰਾਂਟ ਦਾ ਪੰਜਾਬ, ਹਰਿਆਣਾ ਅਤੇ ਹਿਮਾਚਲ ਤਿੰਨਾਂ ਰਾਜਾਂ ਨੇ 20-20 ਫੀਸਦ ਹਿੱਸਾ ਦੇਣਾ ਸੀ ਤੇ ਬਾਕੀ ਦਾ 40 ਫੀਸਦ ਹਿੱਸਾ ਚੰਡੀਗੜ੍ਹ ਪ੍ਰਸ਼ਾਸਨ (ਕੇਂਦਰ) ਨੇ ਦੇਣਾ ਸੀ। ਲੇਕਿਨ ਰਾਜ ਪੁਨਰਗਠਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਹੋਂਦ ਵਿੱਚ ਆਏ ਹਰਿਆਣਾ ਵੱਲੋਂ ਆਪਣੇ ਖੇਤਰ ਵਿੱਚਲੇ ਕਾਲਜਾਂ ਨੂੰ ਚਲਾਉਣ ਲਈ ਕੁਰੂਕਸ਼ੇਤਰ ਯੂਨੀਵਰਸਿਟੀ, ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਵੱਲੋਂ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੇ ਆਪਣੀਆਂ ਯੂਨੀਵਰਸਿਟੀਆਂ ਸਥਾਪਤ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਤੋਂ ਆਪਣੇ ਕਾਲਜਾਂ ਦੀ ਮਾਨਤਾ ਵਾਪਸ ਲੈ ਲਈ ਸੀ ਅਤੇ ਇਹਨਾਂ ਕਾਲਜਾਂ ਦੀ ਮਾਨਤਾ ਨੂੰ ਆਪਣੀਆਂ ਯੂਨੀਵਰਸਿਟੀਆਂ ਵਿੱਚ ਤਬਦੀਲ ਕਰ ਲਿਆ ਗਿਆ ਸੀ।

ਕਾਲਜਾਂ ਦੀ ਮਾਨਤਾ ਵਾਪਸ ਲੈਣ ਤੋਂ ਬਾਅਦ 1973 ਤੱਕ ਆਉਂਦਿਆਂ-ਆਉਂਦਿਆਂ ਹਰਿਆਣਾ, ਹਿਮਾਚਲ ਨੇ ਪੰਜਾਬ ਯੂਨੀਵਰਸਿਟੀ ਨੂੰ ਗ੍ਰਾਂਟਾਂ ਦੇਣੀਆਂ ਬੰਦ ਕਰ ਦਿੱਤੀਆਂ ਸਨ। ਜਿਸ ਨਾਲ ਯੂਨੀਵਰਸਿਟੀ ਦੇ ਮਾਲੀਏ ਵਿੱਚ ਕਮੀ ਆਈ ਸੀ। ਇਹ ਤੱਥ ਹੈ ਕਿ ਹਰਿਆਣਾ ਨੇ 1990 ਤੋਂ ਬਾਅਦ ਕਦੇ ਵੀ ਪੰਜਾਬ ਯੂਨੀਵਰਸਿਟੀ ਨੂੰ ਗ੍ਰਾਂਟ ਨਹੀਂ ਦਿੱਤੀ। ਇਸੇ ਕਰਕੇ ਕੇਂਦਰ ਸਰਕਾਰ ਨੇ 1997 ਵਿੱਚ ਇੱਕ ਨੋਟੀਫਿਕੇਸ਼ਨ ਰਾਹੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸਾਰੀਆਂ ਗਵਰਨਿੰਗ ਬਾਡੀਜ਼ ਵਿੱਚੋਂ ਹਰਿਆਣਾ ਦੀ ਨੁਮਾਇੰਦਗੀ ਖ਼ਤਮ ਕਰ ਦਿੱਤੀ ਸੀ। ਦੂਜੇ ਪਾਸੇ, ਪੰਜਾਬ ਦੇ ਕਾਲਜ ਪੰਜਾਬ ਯੂਨੀਵਰਸਿਟੀ ਨਾਲ ਇਸਦੀ ਹੋਂਦ ਸਮੇਂ ਤੋਂ ਹੀ ਜੁੜੇ ਆ ਰਹੇ ਹਨ। ਪੰਜਾਬ ਸਰਕਾਰ ਇਸ ਯੂਨੀਵਰਸਿਟੀ ਨੂੰ ਸ਼ੁਰੂ ਤੋਂ ਲਗਾਤਾਰ ਗ੍ਰਾਂਟ ਦਿੰਦੀ ਆ ਰਹੀ ਹੈ। ਯੂਨੀਵਰਸਿਟੀ ਦੀ ਹੋਂਦ ਬਚਾਈ ਰੱਖਣ ਲਈ ਪੰਜਾਬ ਨੇ ਆਪਣਾ ਹਿੱਸਾ 20 ਪ੍ਰਤੀਸ਼ਤ ਤੋਂ ਵਧਾ ਕੇ 40 ਪ੍ਰਤੀਸ਼ਤ ਤੱਕ ਵੀ ਦਿੱਤਾ ਹੈ। ਯੂਨੀਵਰਸਿਟੀ ਨੂੰ ਚਲਾਉਣ ਲਈ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ 60:40 ਦੇ ਅਨੁਪਾਤ ਅਨੁਸਾਰ ਗ੍ਰਾਂਟ ਦਿੰਦੀਆਂ ਆ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ 2020-21 ਦੇ ਦੌਰਾਨ ਗ੍ਰਾਂਟ-ਇਨ-ਏਡ ਨੂੰ 20 ਕਰੋੜ ਰੁਪਏ ਤੋਂ ਵਧਾ ਕੇ 45.30 ਕਰੋੜ ਰੁਪਏ ਕਰ ਦਿੱਤਾ ਸੀ ਜੋ 75 ਫੀਸਦ ਤੋਂ ਵੀ ਜ਼ਿਆਦਾ ਦਾ ਵਾਧਾ ਹੈ। ਪੰਜਾਬ ਯੂਨੀਵਰਸਿਟੀ ਨਾਲ ਸਿਰਫ਼ ਤੇ ਸਿਰਫ਼ ਪੰਜਾਬ ਦੇ ਕਾਲਜ ਜੁੜੇ ਹੋਏ ਹਨ ਤੇ ਪੰਜਾਬ ਦੇ ਇਹਨਾਂ ਕਾਲਜਾਂ ਤੋਂ ਯੂਨੀਵਰਸਿਟੀ ਨੂੰ ਹਰ ਸਾਲ ਲੱਗਭੱਗ 100 ਕਰੋੜ ਰੁਪਏ ਦੀ ਰਾਸ਼ੀ ਮਿਲਦੀ ਹੈ। ਇਸ ਸਮੇਂ ਪੰਜਾਬ ਯੂਨੀਵਰਸਿਟੀ ਨਾਲ ਪੰਜਾਬ ਇੱਕ ਖੂੰਜੇ ਮੋਹਾਲੀ ਤੋਂ ਦੂਜੇ ਖੂੰਜੇ ਫ਼ਾਜ਼ਿਲਕਾ/ਫਿਰੋਜ਼ਪੁਰ ਤੱਕ ਦੇ 194 ਕਾਲਜ ਜੁੜੇ ਹੋਏ ਹਨ। ਇਸਤੋਂ ਇਲਾਵਾ ਪੰਜਾਬ ਵਿੱਚ ਹੁਸ਼ਿਆਰਪੁਰ, ਲੁਧਿਆਣਾ, ਮੁਕਤਸਰ ਵਿਖੇ ਯੂਨੀਵਰਸਿਟੀ ਦੇ ਖੇਤਰੀ ਕੇਂਦਰ ਕੰਮ ਕਰ ਰਹੇ ਹਨ।

ਦੂਜੀ ਗੱਲ ਇਹ ਕਿ ਜਿਸ ਚੰਡੀਗੜ੍ਹ ਵਿੱਚ ਇਹ ਯੂਨੀਵਰਸਿਟੀ ਬਣੀ ਹੋਈ ਹੈ ਉਸ ਚੰਡੀਗੜ੍ਹ ਉੱਪਰ ਵੀ ਸਿਰਫ਼ ਤੇ ਸਿਰਫ਼ ਪੰਜਾਬ ਦਾ ਹੱਕ ਹੈ ਕਿਉਂਕਿ ਭਾਰਤ ਵਿੱਚ ਭਾਸ਼ਾ ਦੇ ਅਧਾਰ 'ਤੇ ਪੁਨਰ-ਗਠਨ ਕਰਕੇ ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਸਮੇਤ ਕਈ ਸੂਬੇ ਬਣਾਏ ਗਏ, ਇਹਨਾਂ ਸੂਬਿਆਂ ਵਿੱਚ ਨਵੇਂ ਬਣੇ ਸੂਬੇ ਨੂੰ ਆਪਣੀ ਨਵੀਂ ਰਾਜਧਾਨੀ ਵਿਕਸਤ ਕਰਨੀ ਪਈ ਹੈ। 1966 ਵਿੱਚ ਜਦੋਂ ਭਾਸ਼ਾ ਦੇ ਅਧਾਰ 'ਤੇ ਪੰਜਾਬ ਦਾ ਮੁੜ ਗਠਨ ਕਰ ਕੇ ਨਵਾਂ ਸੂਬਾ ਹਰਿਆਣਾ ਬਣਾਇਆ ਗਿਆ ਸੀ ਤਾਂ ਅਣਵੰਡੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦੇਣੀ ਬਣਦੀ ਸੀ ਅਤੇ ਹਰਿਆਣਾ ਨੂੰ ਨਵੀਂ ਰਾਜਧਾਨੀ ਤਿਆਰ ਕਰਨ ਲਈ ਕਹਿਣਾ ਬਣਦਾ ਸੀ। ਪਰ ਕੇਂਦਰ ਸਰਕਾਰ ਨੇ ਪੰਜ ਸਾਲ ਦੀ ਮੋਹਲਤ ਦਾ ਜ਼ਿਕਰ ਕਰਕੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੇ ਮੁੱਦੇ ਨੂੰ ਲਟਕਾ ਦਿੱਤਾ। ਦਹਾਕਿਆਂ ਤੋਂ ਇਹ ਮਸਲਾ ਜਿਉਂ ਦਾ ਤਿਉਂ ਲਮਕ ਰਿਹਾ ਹੈ ਅਤੇ ਜਾਣ-ਬੁੱਝਕੇ ਲਟਕਾਇਆ ਗਿਆ ਹੈ। ਪੰਜਾਬ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਚੰਡੀਗੜ੍ਹ ਪੁਨਰਗਠਨ ਐਕਟ ਤਹਿਤ ਪੰਜਾਬ ਨੂੰ ਮਿਲਣਾ ਚਾਹੀਦਾ ਸੀ/ਹੈ। ਵੈਸੇ ਤਾਂ ਚੰਗੀ ਗੱਲ ਹੈ ਕਿ ਸੈਨੇਟ ਚੋਣਾਂ ਦੀ ਮੰਗ ਲਈ ਲੜੇ ਜਾ ਰਹੇ ਇਸ ਸੰਘਰਸ਼ ਵਿੱਚ ਯੂਨੀਵਰਸਿਟੀ ਬਚਾਓ ਮੋਰਚਾ ਨੂੰ ਭਾਜਪਾ ਤੋਂ ਵਗੈਰ ਸੂਬੇ ਦੀਆਂ ਲੱਗਭੱਗ ਸਾਰੀਆਂ ਰਾਜਨੀਤਕ ਧਿਰਾਂ ਦਾ ਸਹਿਯੋਗ ਮਿਲਿਆ ਹੈ ਤੇ ਕਿਸੇ ਮੁੱਦੇ ਉੱਪਰ ਇਸ ਤਰ੍ਹਾਂ ਦਾ ਮੁੱਦਾ ਅਧਾਰਤ ਵਕਤੀ ਗੱਠਜੋੜ ਕੋਈ ਮਾੜੀ ਗੱਲ ਵੀ ਨਹੀਂ ਹੈ। ਪਰ ਨਾਲ ਦੀ ਨਾਲ ਪੰਜਾਬ ਦੇ ਲੋਕਾਂ ਨੂੰ ਅੱਗੇ ਵਧਣ ਲਈ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਆਮ ਆਦਮੀ ਪਾਰਟੀ ਵਰਗੀਆਂ ਹਾਕਮ ਜਮਾਤ ਪਾਰਟੀਆਂ ਦੀ ਮਨਸ਼ਾ, ਨੀਯਤ ਅਤੇ ਨੀਤੀ ਦਾ ਲੇਖਾ-ਜੋਖਾ ਜ਼ਰੂਰ ਕਰਨਾ ਚਾਹੀਦਾ ਹੈ।

10 ਨਵੰਬਰ ਦੇ ਅੰਦੋਲਨ ਵਿੱਚ ਹੀ ਇਕ ਪਾਸੇ ਤਾਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਵਰਗੇ ਚੰਡੀਗੜ੍ਹ ਪੁਲਿਸ ਦੀਆਂ ਰੋਕਾਂ ਤੋੜ ਕੇ ਅੱਗੇ ਵਧ ਰਹੇ ਸਨ ਤੇ ਦੂਜੇ ਪਾਸੇ ਇਹਨਾਂ ਦੀ ਪੰਜਾਬ ਪੁਲਿਸ ਬੈਰੀਕੇਡ ਲਾ ਕੇ ਪੰਜਾਬ ਦੇ ਲੋਕਾਂ ਨੂੰ ਆਪਣੇ ਹੀ ਸੂਬੇ ਦੀ ਰਾਜਧਾਨੀ ਵਿਚ ਜਾਣ ਤੋਂ ਰੋਕ ਰਹੀ ਸੀ। ਕੀ ਆਮ ਆਦਮੀ ਪਾਰਟੀ ਦੇ ਲੀਡਰਾਂ ਤੋਂ ਇਹ ਪੁੱਛਿਆ ਨਹੀਂ ਜਾਣਾ ਚਾਹੀਦਾ ਕਿ 10 ਨਵੰਬਰ ਦੇ ਸੱਦੇ ਨੂੰ ਅਸਫ਼ਲ ਕਰਨ ਦੇ ਮੰਤਵ ਨਾਲ ਤੁਸੀਂ ਪੰਜਾਬ ਪੁਲਿਸ ਚੰਡੀਗੜ੍ਹ ਵਿਖੇ ਕਿਉਂ ਭੇਜੀ ਸੀ। ਕਾਂਗਰਸ ਪਾਰਟੀ ਕਈ ਦਹਾਕੇ ਕੇਂਦਰ ਦੇ ਨਾਲ-ਨਾਲ ਪੰਜਾਬ ਤੇ ਹਰਿਆਣਾ ਦੀ ਸੱਤਾ ਵਿੱਚ ਰਹੀ। ਜੇਕਰ ਇਹ ਚਾਹੁੰਦੇ ਤਾਂ ਪੰਜਾਬ ਯੂਨੀਵਰਸਿਟੀ ਹੀ ਨਹੀਂ ਬਲਕਿ ਪੂਰਾ ਚੰਡੀਗੜ੍ਹ ਪੰਜਾਬ ਨੂੰ ਦੇਣ ਵਿੱਚ ਇਹਨਾਂ ਨੂੰ ਦਿੱਕਤ ਕੀ



ਸੀ। ਦਰਅਸਲ, ਇਹੀ ਪਾਰਟੀ ਹੈ ਜਿਸਨੇ ਚੰਡੀਗੜ੍ਹ ਦੇ ਸਵਾਲ ਨੂੰ ਪੰਜਾਬ ਅਤੇ ਹਰਿਆਣੇ ਨੂੰ ਆਪਸ ਵਿਚ ਲੜਾਕੇ ਵੋਟ ਸਿਆਸਤ ਲਈ ਵਰਤਿਆ। ਇਹੋ ਸਵਾਲ ਭਾਜਪਾ ਨੂੰ 1997 ਤੋਂ ਬਿਨਾਂ ਸ਼ਰਤ ਹਮਾਇਤ ਦੇਣ ਵਾਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਬਿਨਾਂ ਸ਼ਰਤ ਹਮਾਇਤ ਜਾਂ ਕੇਂਦਰ ਵਿੱਚ ਬਾਦਲ ਪਰਿਵਾਰ ਨੂੰ ਵਜ਼ੀਰੀਆਂ ਦੀ ਮੰਗ ਦੀ ਥਾਂ ਜੇਕਰ ਚੰਡੀਗੜ੍ਹ ਸਮੇਤ ਪੰਜਾਬ ਦੇ ਮੁੱਦਿਆਂ ਦੇ ਹੱਲ ਦੀ ਸ਼ਰਤ ਰੱਖੀ ਹੁੰਦੀ ਤਾਂ ਅੱਜ ਪੰਜਾਬ ਨੂੰ ਇਹ ਦਿਨ ਦਾ ਵੇਖਣੇ ਪੈਂਦੇ।

ਇਹਨਾਂ ਹਾਕਮ ਜਮਾਤ ਪਾਰਟੀਆਂ ਦੀ ਲੋਕ ਵਿਰੋਧੀ ਖ਼ਸਲਤ ਨੂੰ ਹਮੇਸ਼ਾ ਚੇਤੇ ਰੱਖਣਾ ਅਤੇ ਲੋਕਾਂ ਨੂੰ ਇਸ ਬਾਰੇ ਚੇਤਨ ਕਰਨਾ ਜ਼ਰੂਰੀ ਹੈ। ਕਿਤੇ ਇਹ ਨਾ ਹੋਵੇ ਕਿ ਲੋਕ ਝਾੜੂ ਪਾਰਟੀ ਦੀ ਲੋਕ ਵਿਰੋਧੀ ਖ਼ਸਲਤ, ਵਾਅਦਾਖਿ ?ਲਾਫ਼ੀ ਅਤੇ ਬੇਹੱਦ ਨਿਕੰਮੀ ਕਾਰਗੁਜ਼ਾਰੀ ਤੋਂ ਅੱਕੇ ਲੋਕ ਅਗਲੀ ਵਾਰ ਇਨ੍ਹਾਂ ਪੁਰਾਣੀਆਂ ਪਾਰਟੀਆਂ ਨੂੰ ਜਵਾਬਦੇਹ ਬਣਾਏ ਬਿਨਾਂ ਵੋਟਾਂ ਪਾਕੇ ਸੱਤਾ ਵਿਚ ਲੈ ਆਉਣ। ਇਹਨਾਂ ਸਾਰੀਆਂ ਹੀ ਹਾਕਮ ਜਮਾਤ ਪਾਰਟੀਆਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਲਾਗੂ ਕੀਤੀ ਨਿੱਜੀਕਰਨ ਦੀ ਨੀਤੀ ਦੇ ਚੱਲਦਿਆਂ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਵਰਗੀਆਂ ਨਿੱਜੀ ਦੁਕਾਨਾਂ ਹੋਂਦ ਵਿੱਚ ਆ ਚੁੱਕੀਆਂ ਹਨ ਜੋ ਨਾ ਸਿਰਫ਼ ਵਿਦਿਆਰਥੀਆਂ ਦੀ ਲੁੱਟ ਦਾ ਸਾਧਨ ਹਨ ਸਗੋਂ ਵਿਦਿਆਰਥੀਆਂ ਨੂੰ ਸਰਵਪੱਖੀ ਤੌਰ 'ਤੇ ਸਿੱਖਿਅਤ ਕਰਨ ਦੀ ਬਜਾਏ 'ਮਸ਼ੀਨੀ ਪਹੁੰਚ' ਵਾਲਾ ਤਕਨੀਕੀ ਸੰਦ ਬਣਾਉਣ ਵਾਲੇ ਉਦਯੋਗ ਤੋਂ ਸਿਵਾਏ ਹੋਰ ਕੁਝ ਨਹੀਂ ਹਨ। 'ਆਪ' ਸਮੇਤ ਪੰਜਾਬ ਦੀਆਂ ਸਾਰੀਆਂ 'ਮੁੱਖਧਾਰਾ' ਪਾਰਟੀਆਂ ਨੇ ਨਿੱਜੀ ਸਿੱਖਿਆ ਸੰਸਥਾਵਾਂ ਤੇ ਉਹਨਾਂ ਦੇ ਮਾਲਕਾਂ ਨੂੰ ਸਿੱਖਿਆ ਖੇਤਰ ਪਰੋਸ ਕੇ ਸਰਕਾਰੀ ਸਿੱਖਿਆ ਸੰਸਥਾਵਾਂ ਦੇ ਜੜ੍ਹੀਂ ਤੇਲ ਦਿੱਤਾ ਹੈ। ਪੰਜਾਬ ਦੀ ਜਵਾਨੀ ਦੇ ਸੁਪਨਿਆਂ ਨੂੰ ਤਬਾਹ ਕਰਨ ਵਿਚ ਇਨ੍ਹਾਂ ਨੇ ਕੋਈ ਕਸਰ ਨਹੀਂ ਛੱਡੀ।

ਨਸ਼ਿਆਂ ਤੇ ਬੇਲੋੜੇ ਪ੍ਰਵਾਸ ਦੇ ਜਾਲ਼ ਵਿੱਚ ਫਸੇ ਸਾਡੇ ਨੌਜਵਾਨਾਂ ਨੇ ਪਹਿਲਾਂ ਖੇਤੀ ਕਾਨੂੰਨਾਂ ਖਿਲਾਫ਼ ਚੱਲੇ ਅੰਦੋਲਨ ਤੇ ਹੁਣ ਯੂਨੀਵਰਸਿਟੀ ਦੇ ਜਮਹੂਰੀ ਢਾਂਚੇ ਦੀ ਬਹਾਲੀ ਲਈ ਚੱਲੇ ਸੰਘਰਸ਼ ਦੌਰਾਨ ਇਹ ਸਾਬਤ ਕੀਤਾ ਹੈ ਕਿ ਪੰਜਾਬ ਦੇ ਨੌਜਵਾਨ ਜਬਰ ਖਿਲਾਫ਼ ਲੜਣ ਲਈ ਇਨਕਲਾਬੀ ਵਿਰਾਸਤ ਉੱਪਰ ਡੱਟਕੇ ਪਹਿਰਾ ਦੇ ਰਹੇ ਹਨ। ਨੌਜਵਾਨ ਚੜ੍ਹਦੇ ਸੂਰਜ ਦੀ ਲਾਲੀ ਹੁੰਦੇ ਹਨ, ਉਹ ਜਦ ਆਪਣੇ ਹੱਕਾਂ ਪ੍ਰਤੀ ਜਾਗਦੇ ਹਨ ਤਾਂ ਹਕੂਮਤਾਂ ਨੂੰ ਪਿੱਛਾਂਹ ਮੁੜਣ ਲਈ ਮਜਬੂਰ ਕਰ ਦਿੰਦੇ ਹਨ। ਉਮੀਦ ਹੈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਉੱਠੀ ਇਹ ਸੰਘਰਸ਼ਾਂ ਦੀ ਚਿੰਗਾੜੀ ਆਪਣੇ ਸੰਘਰਸ਼ ਦੀ ਜਿੱਤ ਦੇ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਚੇਤਨਾ ਦਾ ਅਜਿਹਾ ਜਾਗ ਲਾਏਗੀ ਕਿ ਉਹ ਹਾਕਮ ਜਮਾਤ ਦੀਆਂ ਨੀਤੀਆਂ ਖਿਲਾਫ਼ ਜਾਗਰੂਕ ਵੱਡੇ ਸੰਘਰਸ਼ਾਂ ਦਾ ਪਿੜ ਮੱਲਣਗੇ।

ਇਹ ਹਕੂਮਤਾਂ ਨਹੀਂ ਚਾਹੁੰਦੀਆਂ ਕਿ ਨੌਜਵਾਨਾਂ ਨੂੰ ਚੇਤਨਾ ਦੀ ਜਾਗ ਲੱਗੇ, ਇਸੇ ਕਾਰਨ ਇਹਨਾਂ ਨੇ ਪੰਜਾਬ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਵਿਦਿਆਰਥੀ ਚੋਣਾਂ ਨਹੀਂ ਕਰਵਾਈਆਂ ਹਨ ਸੈਨੇਟ ਚੋਣਾਂ ਦੀ ਮੰਗ ਲਈ ਪੰਜਾਬ ਯੂਨੀਵਰਸਿਟੀ ਪਹੁੰਚੇ ਅਕਾਲੀ ਦਲ (ਬਾਦਲ), ਕਾਂਗਰਸ ਤੇ 'ਆਪ' ਆਗੂਆਂ ਤੋਂ ਇਹ ਸਵਾਲ ਵੀ ਪੁੱਛਿਆ ਜਾਣਾ ਚਾਹੀਦਾ ਸੀ ਕਿ ਤੁਸੀਂ ਪੰਜਾਬ ਦੀਆਂ ਯੂਨੀਵਰਸਿਟੀਆਂ, ਕਾਲਜਾਂ ਵਿੱਚ ਵਿਦਿਆਰਥੀ ਚੋਣਾਂ ਕਿਉਂ ਨਹੀਂ ਕਰਵਾਈਆਂ। ਸੋ ਅੱਜ ਜਦ ਅਸੀਂ ਭਾਜਪਾ ਵਰਗੀ ਅਜਿਹੀ ਫਿਰਕੂ ਫਾਸ਼ੀਵਾਦੀ ਪਾਰਟੀ ਦਾ ਸਾਹਮਣਾ ਕਰ ਰਹੇ ਹਾਂ ਜੋ ਸਿੱਖਿਆ ਸਮੇਤ ਹਰ ਖੇਤਰ ਵਿੱਚ ਤਾਕਤਾਂ ਦਾ ਕੇਂਦਰੀਕਰਨ ਕਰਕੇ ਕਾਰਪੋਰੇਟ ਘਰਾਣਿਆਂ ਦੇ ਵੱਧ ਤੋਂ ਵੱਧ ਗ਼ਲਬੇ ਅਤੇ ਕੰਟਰੋਲ ਦੀ ਨੀਤੀ ਨੂੰ ਲਾਗੂ ਕਰਨ ਲਈ ਤਾਹੂ ਹੈ ਤਾਂ ਉਸਦੀਆਂ ਏ-ਬੀ ਟੀਮਾਂ ਦੀ ਵੀ ਪੰਜਾਬ ਦੇ ਲੋਕਾਂ ਨੂੰ ਪਹਿਚਾਣ ਕਰਨੀ ਹੋਵੇਗੀ। ਜਨਤਕ ਜਮਹੂਰੀ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਅੱਜ ਦੇਸ਼ ਵਿੱਚ ਵਿਦਿਆਰਥੀ ਜਥੇਬੰਦੀਆਂ ਬਹੁਤੀ ਵਧੀਆ ਸਥਿਤੀ ਵਿੱਚ ਨਹੀਂ ਹਨ ਇਸ ਲਈ ਦੇਸ਼ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਜਮਹੂਰੀ ਮਾਹੌਲ ਬਣਾਉਣ ਲਈ ਯਤਨ ਕਰਦਿਆਂ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਜਥੇਬੰਦੀਆਂ ਦੀ ਲੋੜ ਮਹਿਸੂਸ ਕਰਵਾਉਣ ਅਤੇ ਉਹਨਾਂ ਵਿਚ ਸੱਚੀ ਤਬਦੀਲੀ ਦੀ ਰਾਜਨੀਤਕ ਚੇਤਨਾ ਦਾ ਸੰਚਾਰ ਕਰਨ ਲਈ ਵੀ ਪੂਰਾ ਧਿਆਨ ਦੇ ਕੇ ਧੜੱਲੇ ਨਾਲ ਕੰਮ ਕਰਨਾ ਚਾਹੀਦਾ ਹੈ।

ਬੋਸਾਨ ਸਿਖਰ ਸੰਮੇਲਨ

# ਅਮਰੀਕਾ-ਚੀਨ ਵਪਾਰਕ ਟਕਰਾਅ ਦੇ ਨਤੀਜੇ



ਮਨਦੀਪ
+54-9381-338-9246
mandeepsaddowal@gmail.com



ਬੀਤੇ ਅਰਸੇ ਤੋਂ ਅਮਰੀਕਾ ਅਤੇ ਚੀਨ ਆਪਸੀ ਵਪਾਰਕ ਜੰਗ ਵਿੱਚ ਉਲਝੇ ਹੋਏ ਹਨ। ਦੋਹਾਂ ਸੰਸਾਰ ਤਾਕਤਾਂ ਵਿਚਕਾਰ ਇਸ ਸਮੇਂ ਟੈਰਿਫ ਹਮਲੇ ਅਤੇ ਵਪਾਰਕ ਪਾਬੰਦੀਆਂ ਸਾਮਰਾਜਵਾਦੀ ਦੁਸ਼ਮਣੀ ਦਾ ਤਿੱਖਾ ਪ੍ਰਗਟਾਵਾ ਬਣੇ ਹੋਏ ਹਨ। ਟਰੰਪ ਪ੍ਰਸ਼ਾਸਨ ਵੱਲੋਂ ਚੀਨੀ ਵਸਤਾਂ ਦੇ ਆਯਾਤ ਉੱਤੇ ਨਵੇਂ ਟੈਰਿਫ (100%) ਲਾਉਣ ਦੀਆਂ ਧਮਕੀਆਂ ਨਾਲ ਅਮਰੀਕਾ-ਚੀਨ ਵਿਚਕਾਰ ਵਪਾਰਕ ਤਣਾਅ ਵਧਿਆ ਰਿਹਾ। ਟਰੰਪ ਪ੍ਰਸ਼ਾਸਨ ਵੱਲੋਂ ਅਪ੍ਰੈਲ ਮਹੀਨੇ 'ਚ 'ਸੁਤੰਤਰਤਾ ਦਿਵਸ' ਤੇ ਸੰਸਾਰ ਭਰ ਦੇ ਵੱਖ-ਵੱਖ ਮੁਲਕਾਂ ਉੱਤੇ ਵੱਖੋ-ਵੱਖਰੇ ਪ੍ਰਤੀਸ਼ਤ ਟੈਰਿਫ ਹਮਲਿਆਂ ਨਾਲ ਸੰਸਾਰ ਵਪਾਰਕ ਜੰਗ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਗਈ ਸੀ। ਇਸ ਨਾਲ ਸੰਸਾਰ ਅਰਥਵਿਵਸਥਾ ਦੀ ਸਿਹਤ ਲਗਾਤਾਰ ਨਿਘਰਦੀ ਗਈ। ਟਰੰਪ ਦੁਆਰਾ ਚੀਨੀ ਅਯਾਤ ਤੇ ਪਹਿਲਾਂ ਤੋਂ ਹੀ ਲਗਾਏ ਟੈਰਿਫ ਦੇ ਵਿਰੋਧ ਵਜੋਂ ਚੀਨ ਨੇ ਧਰਤੀ ਦੇ ਦੁਰਲੱਭ ਖਣਿਜ ਸ੍ਰੋਤਾਂ ਦੇ ਨਿਰਯਾਤ 'ਤੇ ਕੰਟਰੋਲ ਅਤੇ ਪਰਸਪਰ ਟੈਰਿਫ ਲਾਉਣ ਨਾਲ ਦੋਹਾਂ ਮੁਲਕਾਂ 'ਚ ਵਪਾਰਕ ਟਕਰਾਅ ਹੋਰ ਤਿੱਖਾ ਹੋ ਗਿਆ ਸੀ ਤੇ ਧਰਤੀ ਦੇ ਦੁਰਲੱਭ ਖਣਿਜ ਤੱਤ ਇਸ ਟਕਰਾਅ ਦਾ ਧੁਰਾ ਬਣ ਗਏ ਸਨ। 30 ਅਕਤੂਬਰ ਨੂੰ ਦੱਖਣੀ ਕੋਰੀਆ ਦੇ ਬੋਸਾਨ ਵਿੱਚ ਦੋਹਾਂ ਮੁਲਕਾਂ ਵਿਚਕਾਰ ਦੁਵੱਲੀ ਵਪਾਰਕ ਵਾਰਤਾ ਹੋਈ ਜੋ ਜਿਆਦਾ ਕਾਰਗਰ ਸਾਬਤ ਨਹੀਂ ਹੋਈ। ਇਸ ਵਾਰਤਾ ਦੌਰਾਨ ਬੁਨਿਆਦੀ ਅਤੇ ਵੱਡੀ ਤਬਦੀਲੀ ਵਾਲੇ ਸੁਖਦ ਵਪਾਰਕ ਸੌਦਿਆਂ ਦੀ ਥਾਂ ਵਪਾਰਕ ਟਕਰਾਅ ਤੇ ਅਸਥਾਈ ਰੋਕ ਹੀ ਲੱਗੀ ਹੈ। ਇਹ ਵਾਰਤਾ, ਅਮਰੀਕਾ ਵੱਲੋਂ ਚੀਨੀ ਅਯਾਤ ਉੱਤੇ ਟੈਰਿਫ ਘੱਟ ਕਰਨ, ਚੀਨ ਵੱਲੋਂ ਧਰਤੀ ਦੇ ਦੁਰਲੱਭ ਖਣਿਜਾਂ ਤੇ ਨਿਰਯਾਤ ਪਾਬੰਦੀਆਂ ਨੂੰ ਇੱਕ ਸਾਲ ਲਈ ਮੁਲਤਵੀ ਕਰਨ, ਚੀਨ ਦੁਆਰਾ ਅਮਰੀਕੀ ਖੇਤੀਬਾੜੀ ਉਤਪਾਦਾਂ ਦੀ ਖਰੀਦ (ਖਾਸਕਰ ਸੋਇਆਬੀਨ) ਨੂੰ ਮੁੜ ਸ਼ੁਰੂ ਕਰਨ ਆਦਿ ਦੇ ਵਪਾਰਕ ਰੁਕਾਵਟਾਂ ਘਟਾਉਣ ਵਾਲੇ ਪ੍ਰਤੀਕਾਤਮਕ ਪਹਿਲੂਆਂ ਤੱਕ ਹੀ ਸੀਮਤ ਰਹੀ। ਇਸ ਦੌਰਾਨ ਤਕਨਾਲੋਜੀ ਦੇ ਨਿਰਯਾਤ ਤੇ ਨਿਯੰਤਰਣ, ਤਾਈਵਾਨ ਨੀਤੀ, ਧਰਤੀ ਦੇ ਦੁਰਲੱਭ ਖਣਿਜਾਂ ਦੇ ਨਿਰਯਾਤ ਅਤੇ ਢਾਂਚਾਗਤ ਸੁਧਾਰਾਂ ਬਾਰੇ ਕੋਈ ਮਹੱਤਵਪੂਰਨ ਵਿਚਾਰ-ਚਰਚਾ ਨਹੀਂ ਹੋ ਸਕੀ। ਇਹਨਾਂ ਅਸਥਾਈ ਸਮਝੌਤਿਆਂ ਰਾਹੀਂ ਦੋਹਾਂ ਤਾਕਤਾਂ ਨੇ ਸਮਾਂ ਹਾਸਲ ਕਰਨ ਦਾ ਦਾਅ ਖੇਡਿਆ ਹੈ।

ਟਰੰਪ ਟੈਰਿਫ ਧਮਕੀਆਂ ਨੂੰ ਵਪਾਰਕ ਵਟਾਂਦਰਿਆਂ ਦੇ ਦਬਾਅ ਵਾਸਤੇ ਕੂਟਨੀਤਕ ਹਥਿਆਰ ਵਜੋਂ ਵਰਤਦਾ ਆ ਰਿਹਾ ਹੈ। ਚੀਨ ਵੱਲੋਂ ਟਰੰਪ ਦੀਆਂ ਇਹਨਾਂ ਅਰਾਜਕ ਟੈਰਿਫ ਨੀਤੀਆਂ ਦੀ ਜਵਾਬੀ ਕਾਰਵਾਈ ਵਜੋਂ ਧਰਤੀ ਦੇ ਦੁਰਲੱਭ ਤੱਤਾਂ ਦੇ ਨਿਰਯਾਤ ਅਤੇ ਰਿਫਾਇਨਿੰਗ ਤਕਨਾਲੋਜੀਆਂ ਉੱਤੇ ਨਿਯੰਤਰਣ ਲਗਾਉਣ ਨਾਲ ਖਣਿਜ ਸਪਲਾਈ ਵਪਾਰਕ ਸੌਦੇਬਾਜ਼ੀ ਦੇ ਦਬਾਅ ਦਾ ਸਾਧਨ ਬਣੀ ਰਹੀ। ਧਰਤੀ ਦੇ ਦੁਰਲੱਭ ਸ੍ਰੋਤ ਇਸ ਸਮੇਂ ਅਮਰੀਕਾ-ਚੀਨ ਵਿਚਕਾਰ ਟਕਰਾਅ ਦਾ ਮੁੱਖ ਕੇਂਦਰ ਬਣੇ ਹੋਏ ਹਨ ਕਿਉਂਕਿ ਇਹ ਖਣਿਜ ਉੱਨਤ ਇਲੈਕਟ੍ਰਾਨਿਕਸ ਉਤਪਾਦਾਂ, ਇਲੈਕਟ੍ਰਿਕ ਵਾਹਨਾਂ, ਰੱਖਿਆ ਪ੍ਰਣਾਲੀਆਂ, ਲੜਾਕੂ ਜਹਾਜ਼ਾਂ, ਰਾਕਟ, ਪੌਣ-ਚੱਕੀਆਂ, ਸੈਮੀਕੰਡਕਟਰ ਚਿੱਪਾਂ, ਮੋਬਾਇਲ ਫੋਨਾਂ ਅਤੇ ਹੋਰ ਨਵਿਆਉਣਯੋਗ ਊਰਜਾ ਸ੍ਰੋਤਾਂ ਤੇ ਤਕਨੀਕਾਂ ਲਈ ਅਤੀ ਮਹੱਤਵਪੂਰਨ ਹਨ। ਇਹਨਾਂ ਤੱਤਾਂ ਦੀ ਮਾਈਨਿੰਗ, ਰਿਫਾਇਨਿੰਗ ਅਤੇ ਸਪਲਾਈ ਵਿੱਚ ਚੀਨ ਦਾ ਆਲਮੀ ਪੱਧਰ ਤੇ ਦਬਦਬਾ ਹੈ। ਇਹਨਾਂ ਤੱਤਾਂ ਦੀ ਮਾਈਨਿੰਗ ਤੇ ਸੋਧ ਲਈ ਉਸ ਕੋਲ ਸਭ ਤੋਂ ਨਿਪੁੰਨ ਤਕਨੀਕ ਹੈ। ਵਿਸ਼ਵੀਕਰਨ ਦੇ ਅਜੋਕੇ ਦੌਰ ਵਿੱਚ ਧਰਤੀ ਦੇ ਦੁਰਲੱਭ ਤੱਤਾਂ ਦੀ ਭੂ-ਸਿਆਸੀ ਤੌਰ ਤੇ ਬੇਹੱਦ ਮਹੱਤਤਾ ਹੈ। ਸੰਸਾਰ ਮੰਡੀ ਉੱਤੇ ਕਾਬਜ਼ ਹੋਣ ਲਈ ਵੱਡੀਆਂ ਸਾਮਰਾਜੀ ਤਾਕਤਾਂ ਲਈ ਇਹ ਤੱਤ ਵਪਾਰਕ ਏਕਾਧਿਕਾਰ ਦਾ ਵੱਡਾ ਸਾਧਨ ਹਨ। ਇਹਨਾਂ ਦੁਰਲੱਭ ਤੱਤਾਂ ਦਾ ਨਵੀਨਤਮ ਤਕਨਾਲੋਜੀ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਹੋਣ ਕਰਕੇ ਵਿਕਸਤ ਪੂੰਜੀਵਾਦੀ ਮੁਲਕਾਂ ਦੀ ਇਸਦੇ ਉਤਪਾਦਨ ਅਤੇ ਭੰਡਾਰਨ ਉੱਤੇ ਨਜ਼ਰ ਹੈ। ਟਰੰਪ ਦੁਆਰਾ ਦੁਰਲੱਭ ਤੱਤਾਂ ਨਾਲ ਭਰਪੂਰ ਗ੍ਰੀਨਲੈਂਡ ਨੂੰ ਕਬਜ਼ਾਉਣ ਪਿੱਛੇ ਮਨਸ਼ਾ ਇਹਨਾਂ ਤੱਤਾਂ ਦੀ ਸਸਤੀ ਲੁੱਟ ਅਤੇ ਚੀਨ ਤੋਂ ਬਰਾਮਦੀ ਨਿਰਭਰਤਾ ਘਟਾਉਣਾ ਹੈ। ਟਰੰਪ ਪ੍ਰਸ਼ਾਸ਼ਨ ਦੀ ਫੇਰੀ ਤੋਂ ਬਾਅਦ ਗ੍ਰੀਨਲੈਂਡ ਦੇ ਕੁਝ ਹਿੱਸਿਆਂ ਵਿੱਚ ਇਸਦੀ ਖੁਦਾਈ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਸਦੇ ਨਾਲ ਹੀ ਚੀਨ ਤੋਂ ਇਹਨਾਂ ਤੱਤਾਂ ਦੀ ਬਰਾਮਦੀ ਨਿਰਭਰਤਾ ਘਟਾਉਣ ਲਈ ਅਮਰੀਕਾ ਵੱਲੋਂ ਰੂਸ ਨਾਲ ਪ੍ਰੌਕਸੀ ਜੰਗ ਦਾ ਮੋਹਰਾ ਬਣੇ ਯੂਕਰੇਨ ਨਾਲ ਵਿੱਤੀ ਸਹਾਇਤਾ ਦੇ ਇਵਜ਼ ਵਜੋਂ ਧਰਤੀ ਦੇ ਦੁਰਲੱਭ ਸ੍ਰੋਤਾਂ ਦੇ ਸਮਝੌਤੇ ਸਹੀਬੰਦ ਕੀਤੇ ਗਏ ਹਨ। ਇਸਤੋਂ ਬਿਨ੍ਹਾਂ ਟਰੰਪ ਪ੍ਰਸ਼ਾਸ਼ਨ ਨੇ 20 ਅਕਤੂਬਰ, 2025 ਨੂੰ ਧਰਤੀ ਦੇ ਦੁਰਲੱਭ ਤੱਤਾਂ ਦੀ ਖੁਦਾਈ ਤੇ ਸਪਲਾਈ ਲਈ ਆਸਟ੍ਰੇਲੀਆ ਨਾਲ 'ਅਮਰੀਕਾ-ਆਸਟ੍ਰੇਲੀਆ ਫਰੇਮਵਰਕ' ਨਾਮੀ ਸਮਝੌਤਾ ਸਹੀਬੰਦ ਕੀਤਾ ਹੈ ਤੇ ਅਗਾਂਹ ਯੂਰੋਪੀਅਨ ਯੂਨੀਅਨ ਨਾਲ ਇਹਨਾਂ ਤੱਤਾਂ ਦੇ ਉਤਪਾਦਨ ਅਤੇ ਸਪਲਾਈ ਲਈ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ।

ਕਿਰਤ ਤੇ ਉਤਪਾਦਨ ਦੀ ਵਿਸ਼ਵ ਵੰਡ ਵਿੱਚ ਤਕਨੀਕੀ ਲਾਹਾ ਲੈਣ ਲਈ ਧਰਤੀ ਦੇ ਦੁਰਲੱਭ ਸ੍ਰੋਤ ਅਹਿਮ ਰਣਨੀਤਕ ਮਹੱਤਵ ਰੱਖਦੇ ਹੋਣ ਕਰਕੇ ਸੰਸਾਰ ਸਾਮਰਾਜੀ ਤਾਕਤਾਂ ਵਿਚਕਾਰ ਇਹਨਾਂ ਸਾਧਨਾਂ ਉੱਤੇ ਨਿਯੰਤਰਣ ਲਈ ਮੁਕਾਬਲਾ ਵਪਾਰਕ ਜੰਗ ਨੂੰ ਹੋਰ ਤਿੱਖਾ ਕਰ ਰਿਹਾ ਹੈ। ਸੰਸਾਰ ਮੰਡੀ ਵਿੱਚ ਇਸਦੀ ਮੰਗ ਤੇ ਮਹੱਤਤਾ ਨੂੰ ਦੇਖਦੇ ਹੋਏ ਬਾਕੀ ਦੇ ਮੁਲਕ ਵੀ ਇਹਨਾਂ ਤੱਤਾਂ ਦੀ ਖੁਦਾਈ ਵੱਲ ਰੁਚਿਤ ਹੋ ਰਹੇ ਹਨ। ਭਾਰਤ ਨੇ ਵੀ ਇਸਦੀ ਖੁਦਾਈ ਵੱਲ ਕਦਮ ਵਧਾ ਦਿੱਤੇ ਹਨ। ਧਰਤੀ ਦੇ ਦੁਰਲੱਭ ਸ੍ਰੋਤਾਂ ਦੀ ਮਾਈਨਿੰਗ ਤੇ ਸੁਧਾਈ ਵਾਤਾਵਰਣ ਦੇ ਖਿਲਵਾੜ ਦੇ ਨਾਲ-ਨਾਲ ਖਾਣ ਮਜ਼ਦੂਰਾਂ ਦੀ ਸਿਹਤ ਤੇ ਕਿਰਤ ਲੁੱਟ ਨਾਲ ਵੀ ਅਟੁੱਟ ਤੌਰ ਤੇ ਜੁੜੀ ਹੋਈ ਹੈ। ਵੱਡੀਆਂ ਸਾਮਰਾਜੀ ਤਾਕਤਾਂ ਆਪਣੇ ਤੇ ਦੁਨੀਆ ਦੇ ਵੱਖ-ਵੱਖ ਮੁਲਕਾਂ ਦੇ ਕੀਮਤੀ ਕੁਦਰਤੀ ਸਰੋਤਾਂ ਤੇ ਕਾਮਿਆਂ ਦੀ ਕਿਰਤ ਸ਼ਕਤੀ ਦੀ ਸਸਤੀ ਲੁੱਟ ਦੇ ਜ਼ੋਰ ਤੇ ਵੱਡੀਆਂ ਕਾਰਪੋਰੇਸ਼ਨਾਂ ਦੇ ਅਤੇ ਆਪਣੇ ਕੂਟਨੀਤਕ ਵਪਾਰਕ ਲਾਹਿਆ ਲਈ ਕੰਮ ਕਰਦੀਆਂ ਹਨ। ਸੰਸਾਰ ਤਾਕਤਾਂ ਦੀ ਇਸ ਵਪਾਰਕ ਜੰਗ ਵਿੱਚ ਕੁਦਰਤੀ ਸਰੋਤਾਂ ਤੇ ਖਾਣ ਮਜ਼ਦੂਰਾਂ ਦੀ ਸਸਤੀ ਕਿਰਤ ਲੁੱਟ ਅਣਗੌਲੀ ਰਹਿ ਰਹੀ ਹੈ।

ਇਸਤੋਂ ਇਲਾਵਾ ਦੋਹਾਂ ਤਾਕਤਾਂ ਵਿਚਕਾਰ ਵਪਾਰਕ ਜੰਗ ਦੇ ਚੱਲਦਿਆਂ ਖੇਤੀਬਾੜੀ ਖੇਤਰ ਉੱਤੇ ਲਗਾਤਾਰ ਬੁਰਾ ਪ੍ਰਭਾਵ ਪਿਆ ਹੈ। ਚੀਨ ਵੱਲੋਂ ਅਮਰੀਕੀ ਖੇਤੀਬਾੜੀ, ਪੋਲਟਰੀ ਤੇ ਡੇਅਰੀ ਉਤਪਾਦਾਂ ਉੱਤੇ ਲਗਾਏ ਪਰਸਪਰ ਟੈਰਿਫ ਦੇ ਜੋਖਮ ਦਾ ਭੁਗਤਾਨ ਅਮਰੀਕੀ ਕਿਸਾਨਾਂ ਨੂੰ ਕਰਨਾ ਪੈ ਰਿਹਾ ਹੈ। ਦੂਜੇ ਪਾਸੇ ਚੀਨ ਦੇ ਸਸਤੇ ਖੇਤੀਬਾੜੀ ਸਮਾਨ ਦੀ ਸਪਲਾਈ ਘਟਣ ਤੇ ਟੈਰਿਫ ਕਾਰਨ ਕੀਮਤਾਂ ਵਧਣ ਕਾਰਨ ਚੀਨੀ ਛੋਟੇ ਉਤਪਾਦਕਾਂ ਦੇ ਨਾਲ-ਨਾਲ ਅਮਰੀਕੀ ਖੇਤੀਬਾੜੀ ਉਤਪਾਦਨ ਉੱਤੇ ਵੀ ਬੁਰੇ ਅਸਰ ਪਏ ਹਨ। ਉਦਾਹਰਨ ਵਜੋਂ ਚੀਨ ਨੇ ਅਮਰੀਕਾ ਤੋਂ ਸੋਇਆਬੀਨ ਦੀ ਖਰੀਦ ਵਿੱਚ ਕਟੌਤੀ ਕਰਨ ਨਾਲ ਅਮਰੀਕੀ ਉਤਪਾਦਕਾਂ ਨੂੰ ਦੱਖਣੀ ਅਮਰੀਕੀ ਉਤਪਾਦਕਾਂ ਵੱਲ ਮੂੰਹ ਕਰਨਾ ਪਿਆ। ਇਸ ਸਥਿਤੀ ਵਿੱਚ ਅਮਰੀਕੀ ਕਿਸਾਨਾਂ ਲਈ ਟਰੰਪ ਦਾ ਪੁਰਾਣਾ ਜੁਮਲਾ ਵਾਰ-ਵਾਰ ਸੁਣਾਇਆ ਜਾਂਦਾ ਹੈ ਕਿ ਅਮਰੀਕਾ ਨੂੰ ਮੁੜ ਮਹਾਨ ਬਣਾਉਣ ਲਈ ਅਤੇ ਲੰਬੇ ਸਮੇਂ ਦੇ ਲਾਹੇ ਹਾਸਲ ਕਰਨ ਲਈ ਥੁੜ ਚਿਰਾ ਘਾਟਾ ਝੱਲਣਾ ਹੀ ਪੈਂਦਾ ਹੈ। ਟਰੰਪ ਦੀਆਂ ਇਹਨਾਂ ਅਰਾਜਕ ਸੁਰੱਖਿਆਵਾਦੀ ਟੈਰਿਫ ਨੀਤੀਆਂ ਕਾਰਨ ਅਮਰੀਕਾ ਵਿੱਚ ਮਹਿੰਗਾਈ ਲਗਾਤਾਰ ਵੱਧ ਰਹੀ ਹੈ ਅਤੇ ਲੋਕਾਂ ਲਈ ਨੌਕਰੀਆਂ ਦੇ ਮੌਕੇ ਲਗਾਤਾਰ ਸੁੰਗੜ ਰਹੇ ਹਨ। ਛੋਟੇ ਕਾਰੋਬਾਰ ਉੱਜੜ ਰਹੇ ਹਨ ਤੇ ਅਮਰੀਕੀ ਅਰਥਚਾਰਾ ਖੜੋਤ ਦੀ ਹਾਲਤ ਵਿੱਚ ਹੈ। ਅਮਰੀਕਾ ਵਿੱਚ ਵੱਡੀਆਂ ਕਾਰਪੋਰੇਸ਼ਨਾਂ ਦੇ ਮੁਨਾਫ਼ੇ ਲਗਾਤਾਰ ਅਸਮਾਨ ਛੋਹ ਰਹੇ ਹਨ ਅਤੇ ਆਮ ਲੋਕਾਂ ਲਈ ਸਿਹਤ ਸੇਵਾਵਾਂ ਵਿਤੋਂ ਬਾਹਰੀ ਹੋ ਰਹੀਆਂ ਹਨ। ਅਮਰੀਕਾ ਵਿੱਚ ਏ. ਆਈ. ਦੇ ਵਿਸਥਾਰ ਨਾਲ ਭਵਿੱਖ ਵਿੱਚ ਲੱਖਾਂ ਨੌਕਰੀਆਂ ਖਤਰੇ ਵਿੱਚ ਹਨ। ਟਰੰਪ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਦੇਸ਼ ਭਰ ਵਿੱਚ ਵੱਡੇ-ਵੱਡੇ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ ਅਤੇ ਟਰੰਪ ਦੀ ਤਲਿਸਮੀ ਲੋਕਪ੍ਰਿਅਤਾ ਦਾ ਅਸਰ ਲਗਾਤਾਰ ਘੱਟ ਰਿਹਾ ਹੈ। ਨਵੇਂ ਵਿੱਤੀ ਵਰ੍ਹੇ ਤੇ ਫੰਡਾਂ ਦੀ ਘਾਟ ਕਾਰਨ ਸਰਕਾਰ ਨਿਯੋਜਨ ਬਿੱਲ ਨੂੰ ਪਾਸ ਕਰਨ ਵਿੱਚ ਅਸਫਲ ਰਹੀ, ਜਿਸਨੂੰ ਲੈ ਕੇ ਅਮਰੀਕਾ ਵਿੱਚ ਵੱਡਾ ਇਤਿਹਾਸਕ ਸਰਕਾਰੀ ਬੰਦ ਰਿਹਾ ਜਿਸ ਨਾਲ ਕਈ ਸੰਘੀ ਏਜੰਸੀਆਂ ਬੰਦ ਰਹੀਆਂ ਤੇ ਸਰਕਾਰੀ ਕਰਮਚਾਰੀ ਛੁੱਟੀ ਤੇ ਭੇਜ ਦਿੱਤੇ ਗਏ। ਨਿੱਜੀ ਜੇਲ੍ਹ ਕੰਪਨੀਆਂ ਵੱਲੋਂ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਕੇ ਨਜ਼ਰਬੰਦੀ ਕੈਂਪਾਂ ਵਿੱਚ ਰੱਖਿਆ ਜਾ ਰਿਹਾ ਹੈ। ਅਮਰੀਕੀ ਲੋਕਾਂ ਵਿੱਚ ਅਮਰੀਕਾ ਵੱਲੋਂ ਯੂਕਰੇਨ ਅਤੇ ਇਜ਼ਰਾਇਲ ਨੂੰ ਦਿੱਤੀ ਜਾ ਰਹੀ ਵਿੱਤੀ ਸਹਾਇਤਾ ਖਿਲਾਫ ਤਿੱਖਾ ਵਿਰੋਧ ਹੈ। ਅਮਰੀਕਾ ਅੰਦਰ ਅਮੀਰੀ-ਗਰੀਬੀ ਦਾ ਪਾੜਾ ਲਗਾਤਾਰ ਗਹਿਰਾ ਹੋ ਰਿਹਾ ਹੈ। ਟਰੰਪ ਦੀਆਂ ਇਹਨਾਂ ਅਰਾਜਕ ਤੇ ਤਾਨਾਸ਼ਾਹ ਕਾਰਵਾਈਆਂ ਕਰਕੇ 18 ਅਕਤੂਬਰ ਨੂੰ 70 ਲੱਖ ਅਮਰੀਕੀਆਂ ਨੇ 2700 ਸ਼ਹਿਰਾਂ-ਕਸਬਿਆਂ ਵਿੱਚ 'ਰਾਜਾਸ਼ਾਹੀ ਨਹੀਂ ਚੱਲੇਗੀ' (ਨੋ ਕਿੰਗਜ) ਦੇ ਬੈਨਰ ਹੇਠ ਵੱਡੇ ਵਿਰੋਧ ਪ੍ਰਦਰਸ਼ਨ ਲਾਮਬੰਦ ਕੀਤੇ ਗਏ।

ਕੇਂਦਰੀ ਬੈਂਕਾਂ ਅਤੇ ਆਈਐਮਐਫ ਵਰਗੀਆਂ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਨੇ 2025 ਵਿੱਚ ਹੀ ਸੰਸਾਰ ਭਰ ਦੇ ਲੋਕਾਂ ਨੂੰ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਟੈਰਿਫ ਝਟਕੇ ਮਹਿੰਗਾਈ ਵੱਲ ਲਿਜਾ ਸਕਦੇ ਹਨ। ਅਮਰੀਕਾ-ਚੀਨ ਵਪਾਰ ਜੰਗ ਦੇ ਚੱਲਦਿਆਂ ਚੀਨੀ ਵਸਤੂਆਂ 'ਤੇ ਅਮਰੀਕੀ ਟੈਰਿਫ ਦੇ ਵੱਡੇ ਵਿਸ਼ਵਵਿਆਪੀ ਪ੍ਰਭਾਵ ਪਏ ਹਨ। ਵਿਸ਼ਵ ਅਰਥਵਿਵਸਥਾ ਸਪਲਾਈ ਚੇਨਾਂ 'ਤੇ ਨਿਰਭਰ ਕਰਦੀ ਹੋਣ ਕਰਕੇ ਇਸ ਨਾਲ ਗਲੋਬਲ ਵਪਾਰਕ ਵਿਕਾਸ ਦਰ ਮੱਠੀ ਪੈ ਗਈ ਹੈ। ਟੈਰਿਫ ਲਾਗਤਾਂ ਵਧਾਉਂਦੇ ਹਨ ਜਿਸ ਨਾਲ ਸਰਹੱਦੋਂ ਪਾਰ ਨਿਵੇਸ਼ ਘਟਦਾ ਹੈ। ਆਈਐਮਐਫ ਦੇ ਇੱਕ ਅਨੁਮਾਨ ਮੁਤਾਬਕ ਟੈਰਿਫ ਕਾਰਨ ਸਾਲਾਨਾ ਗਲੋਬਲ ਜੀਡੀਪੀ 0.2-0.4% ਘਾਟੇ 'ਚ ਜਾ ਸਕਦੀ ਹੈ। ਟੈਰਿਫ ਆਯਾਤ 'ਤੇ ਟੈਕਸਾਂ ਵਾਂਗ ਮਾਰ ਕਰਦੇ ਹਨ। ਇਸ ਨਾਲ ਅਮਰੀਕੀ ਖਪਤਕਾਰਾਂ ਨੂੰ ਚੀਨੀ ਉਤਪਾਦਾਂ (ਇਲੈਕਟ੍ਰਾਨਿਕਸ, ਬੈਟਰੀਆਂ, ਈਵੀ ਵਾਹਨਾਂ, ਆਦਿ) ਦਾ ਵਧੇਰੇ ਮੁੱਲ ਤਾਰਨਾ ਪਿਆ ਜਿਸ ਨਾਲ ਅਮਰੀਕਾ ਵਿੱਚ ਮਹਿੰਗਾਈ ਵਧ ਗਈ। ਵਪਾਰ ਜੰਗ ਤਹਿਤ ਟੈਰਿਫ ਹਮਲੇ ਆਮ ਤੌਰ 'ਤੇ ਆਯਾਤ ਕੀਤੀਆਂ ਵਸਤੂਆਂ ਦੀ ਖਪਤਕਾਰਾਂ ਵਾਸਤੇ ਘਰੇਲੂ ਮੰਡੀ ਵਿੱਚ ਕੀਮਤ ਵਧਾਉਂਦੇ ਹਨ ਅਤੇ ਵਿਕਰੇਤਾ ਮੋਟੇ ਮੁਨਾਫ਼ੇ ਖੱਟਦੇ ਹਨ। ਟਰੰਪ ਪ੍ਰਸ਼ਾਸਨ ਇੱਕ ਪਾਸੇ ਗਰੀਬ ਮੁਲਕਾਂ ਨਾਲ ਮੁਕਤ-ਵਪਾਰ ਸਮਝੌਤਿਆਂ ਲਈ ਟੈਰਿਫ ਹਮਲਿਆਂ ਦਾ ਸਹਾਰਾ ਲੈ ਰਿਹਾ ਹੈ ਅਤੇ ਦੂਜੇ ਪਾਸੇ ਤੰਗ ਰਾਸ਼ਟਰਵਾਦੀ ਨਾਅਰੇਬਾਜ਼ੀ ਹੇਠ ਅਮਰੀਕੀ ਵੱਡੀਆਂ ਕਾਰਪੋਰੇਸ਼ਨਾਂ ਦੇ ਏਕੀਧਿਕਾਰ ਨੂੰ ਮਜ਼ਬੂਤ ਕਰ ਰਿਹਾ ਹੈ।

ਦੂਜੇ ਪਾਸੇ ਚੀਨ ਪਹਿਲਾਂ ਹੀ ਸਵੈ-ਨਿਰਭਰਤਾ, ਘਰੇਲੂ ਖਪਤ ਅਤੇ ਗਲੋਬਲ ਸਾਊਥ ਨਾਲ ਵਪਾਰ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ। ਟੈਰਿਫ ਹਮਲਿਆਂ ਦੇ ਚੱਲਦਿਆਂ ਉਹ ਅਮਰੀਕੀ ਦਬਾਅ ਨਾਲ ਨਜਿੱਠਣ ਲਈ ਆਸੀਆਨ, ਅਫਰੀਕਾ, ਲਾਤੀਨੀ ਅਮਰੀਕਾ ਅਤੇ ਰੂਸ ਨਾਲ ਸਬੰਧਾਂ ਨੂੰ ਹੋਰ ਵੱਧ ਮਜ਼ਬੂਤ ? ?ਕਰ ਰਿਹਾ ਹੈ। ਚੀਨ ਆਈਐਮਐਫ ਤੇ ਡਬਲਿਊਟੀਓ ਵਰਗੀਆਂ ਅਮਰੀਕੀ ਵਿੱਤੀ ਸੰਸਥਾਵਾਂ ਦੇ ਮੁਕਾਬਲੇ ਬ੍ਰਿਕਸ ਅਤੇ ਏਸ਼ੀਅਨ ਇਨਫ੍ਰਾਸਟ੍ਰਕਚਰ ਇਨਵੈਸਟਮੈਂਟ ਬੈਂਕ (ਅੀਭ) ਵਰਗੀਆਂ ਵਿੱਤੀ ਸੰਸਥਾਵਾਂ ਦੀ ਮਜ਼ਬੂਤੀ ਲਈ ਯਤਨਸ਼ੀਲ ਹੈ।

ਇਹ ਵਪਾਰਕ ਜੰਗ ਵਿਸ਼ਵ ਪੂੰਜੀਵਾਦੀ ਸੰਕਟ ਦੇ ਪ੍ਰਗਟਾਵੇ ਦਾ ਇੱਕ ਲੱਛਣ ਹੈ। ਵਿਸ਼ਵ ਸ਼ਕਤੀ ਅਮਰੀਕਾ ਆਪਣੇ ਮੁੱਖ ਸ਼ਰੀਕ ਚੀਨ ਨੂੰ ਰੋਕ ਕੇ ਆਪਣੀ ਸੰਸਾਰ ਚੌਧਰ ਬਣਾਈ ਰੱਖਣ ਦੇ ਯਤਨ ਕਰ ਰਿਹਾ ਹੈ। ਇਹ ਵਪਾਰਕ ਜੰਗ ਉਤਪਾਦਨ, ਆਧੁਨਿਕ ਤਕਨਾਲੋਜੀ ਅਤੇ ਮੰਡੀਆਂ ਉੱਤੇ ਕੰਟਰੋਲ ਲਈ ਜੱਦੋਜਹਿਦ ਦਾ ਸਿੱਟਾ ਹੈ। ਨਤੀਜੇ ਵਜੋਂ ਨਵੇਂ ਦੌਰ ਦੇ ਸਾਮਰਾਜਵਾਦੀ ਪੜਾਅ ਵਿੱਚ ਵਧੇਰੇ ਆਰਥਿਕ ਰਾਸ਼ਟਰਵਾਦ, ਸੁਰੱਖਿਆਵਾਦ, ਪ੍ਰੌਕਸੀ ਜੰਗਾਂ, ਪ੍ਰਵਾਸੀ ਵਸੋਂ ਦਾ ਉਜਾੜਾ, ਵਾਤਾਵਰਣ ਦੀ ਤਬਾਹੀ, ਸਸਤੀ ਕਿਰਤ ਲੁੱਟ ਅਤੇ ਖੇਤਰੀ ਦੁਸ਼ਮਣੀਆਂ ਦਾ ਸਿਲਸਿਲਾ ਹੋਰ ਵੱਧ ਤਿੱਖਾ ਹੋਵੇਗਾ। ਸੰਸਾਰ ਭਰ ਦੇ ਲੋਕਾਂ ਨੂੰ ਰੁਜ਼ਗਾਰ, ਸਮਾਜਿਕ ਸੁਰੱਖਿਆ ਅਤੇ ਜਨਤਕ ਨਿਵੇਸ਼ ਦੀ ਮੰਗ ਨੂੰ ਲੈ ਕੇ ਸਮਾਜ ਬਦਲੀ ਦੀ ਲੜਾਈ ਲਈ ਤਿਆਰ ਹੋਣ ਦੀ ਲੋੜ ਹੈ। ਉਹਨਾਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਧਰਤੀ ਦੇ ਸਾਰੇ ਕੀਮਤੀ ਸਰੋਤਾਂ, ਆਧੁਨਿਕ ਤਕਨਾਲੋਜੀ ਅਤੇ ਸਪਲਾਈ ਚੇਨਾਂ ਦਾ ਸਮਾਜੀਕਰਨ ਹੋਣਾ ਚਾਹੀਦਾ ਹੈ।

ਟਰੰਪ ਦੀਆਂ ਟੈਰਿਫ ਧਮਕੀਆਂ ਸਮਝੌਤੇ ਲਈ ਦਬਾਅ ਅਤੇ ਅਮਰੀਕੀ ਸਰਦਾਰੀ ਦੀ ਚੜ੍ਹਤ ਬਰਕਰਾਰ ਰੱਖਣ ਦੀ ਸਾਮਰਾਜੀ ਨੀਤੀ ਦਾ ਹਿੱਸਾ ਹਨ। ਟਰੰਪ ਦੀਆਂ ਅਰਾਜਕ ਟੈਰਿਫ ਨੀਤੀਆਂ ਅਤੇ ਅਮਰੀਕੀ-ਚੀਨੀ ਵਪਾਰਕ ਜੰਗ ਅਤੇ ਇਸ ਜੰਗ 'ਚੋਂ ਆਪਸੀ ਸੌਦੇਬਾਜ਼ੀਆਂ ਲਈ ਉਪਜੇ ਸਾਮਰਾਜੀ ਸਮਝੌਤਿਆਂ ਦੀ ਕੀਮਤ ਸੰਸਾਰ ਭਰ ਦੇ ਆਮ ਲੋਕ ਅਦਾ ਕਰ ਰਹੇ ਹਨ।

*ਤਰਨ ਤਾਰਨ ਜ਼ਿਮਨੀ ਚੋਣ*

# ਗੈਂਗਸਟਰਾਂ ਤੇ ਪੁਲਿਸ ਦੀ ਭੂਮਿਕਾ ਦਾ ਵਧਣਾ-ਜਮਹੂਰੀ ਚੋਣ ਪ੍ਰਕਿਰਿਆ ਲਈ ਚੁਣੌਤੀ

**ਨਰਭਿੰਦਰ**
**93544-30211**

ਤਰਨ ਤਾਰਨ ਜ਼ਿਮਨੀ ਚੋਣ ਪਿਛੋਂ ਰਾਜਨੀਤੀ ਵਿਚ ਗੈਂਗਸਟਰਾਂ, ਪੁਲਿਸ ਤੇ ਪੈਸੇ ਦੀ ਭੂਮਿਕਾ ਨੂੰ ਲੈ ਕੇ ਇਕ ਚਰਚਾ ਛਿੜੀ ਹੋਈ ਹੈ ਅਤੇ ਪੰਜਾਬ ਦੇ ਵਿਸ਼ੇਸ਼ ਕਰਕੇ ਮਾਝੇ ਦੇ ਇਲਾਕੇ ਵਿਚ ਇਸ ਦੀ ਅਹਿਮ ਭੂਮਿਕਾ ਉਤੇ ਸਵਾਲ ਖੜ੍ਹੇ ਹੋ ਗਏ ਹਨ।

ਇਸ ਜ਼ਿਮਨੀ ਚੋਣ ਵਿਚ ਲੋਕ ਮੁੱਦੇ ਬਿਲਕੁਲ ਗਾਇਬ ਰਹੇ ਸਨ। ਤਰਨ ਤਾਰਨ ਜਿਹੜਾ ਲਗਭਗ 1980 ਤੋਂ ਲੈ ਕੇ ਅੱਜ ਤੱਕ ਅਣਗੌਲਿਆ ਰਿਹਾ ਹੈ ਅਤੇ ਜਿਥੇ ਸਭ ਤੋਂ ਵੱਧ ਬੇਰੁਜ਼ਗਾਰੀ, ਗਰੀਬੀ ਅਤੇ ਛੋਟੀ ਕਿਸਾਨੀ ਹੈ ਜਿਹਦੀ ਇਕ ਪੀੜ੍ਹੀ 1984 ਤੋਂ 1990 ਤੱਕ ਅੱਤਵਾਦ ਨੇ ਹਜ਼ਮ ਕਰ ਲਈ। ਪੁਲਿਸ ਨੇ ਸਭ ਤੋਂ ਵੱਧ ਪੁਲਿਸ ਮੁਕਾਬਲੇ ਇਸੇ ਜ਼ਿਲ੍ਹੇ ਦੇ ਹੀ ਖਤਮ ਕੀਤੇ ਤੇ ਪਿਛੋਂ ਬਣੀਆਂ ਸਰਕਾਰਾਂ ਨੇ ਉਹ ਕਾਂਗਰਸ ਦੀਆਂ ਹੋਣ ਜਾਂ ਅਕਾਲੀਆਂ ਦੀਆਂ, ਨੇ ਪਿੰਡਾਂ ਵਿਚ ਧੜੇਬੰਦੀਆਂ ਖੜ੍ਹੀਆਂ ਕਰ ਦਿੱਤੀਆਂ। ਬੇਅੰਤ ਸਿੰਘ ਦੇ ਰਾਜ ਤੋਂ ਲੈ ਕੇ ਬਾਦਲ ਦੇ ਰਾਜ ਤੱਕ ਇਨ੍ਹਾਂ ਪੇਂਡੂ ਧੜੇਬੰਦੀਆਂ ਨੇ ਫਰਜ਼ੀ ਮੁਕੱਦਮੇ ਦਰਜ ਕਰਾਉਣ ਸਿਲਸਿਲੇ ਵਿਚ ਵਿਆਪਕ ਪਸਾਰਾ ਹੀ ਨਹੀਂ ਕੀਤਾ, ਸਗੋਂ ਪਿੰਡਾਂ ਵਿਚ ਨਫ਼ਰਤ ਅਤੇ ਲੜਾਈ ਝਗੜਿਆਂ ਦੀਆਂ ਦੀਵਾਰਾਂ ਖੜ੍ਹੀਆਂ ਕਰ ਦਿੱਤੀਆਂ। ਅਕਾਲੀ ਦਲ ਦੇ 10 ਸਾਲਾ ਰਾਜ ਵਿਚ ਸੱਤਾਧਾਰੀ ਧਿਰ ਨੇ ਪੁਲਿਸ ਦੀ ਵਰਤੋਂ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਖੁੱਲ੍ਹੇ ਰੂਪ ਵਿਚ ਕੀਤੀ ਅਤੇ ਪੁਲਿਸ ਲਈ ਵੀ ਇਹ ਇਕ ਕਮਾਊ ਧੰਦਾ ਬਣ ਗਿਆ। ਦੂਸਰੇ ਪਾਸੇ ਨਵੀਂ ਪੀੜ੍ਹੀ ਦੇ ਗਰੋਹ ਪਾਲਣ ਵਿਚ ਸੁਖਬੀਰ ਬਾਦਲ ਨੇ ਅਹਿਮ ਭੂਮਿਕਾ ਨਿਭਾਈ। ਰਵਾਇਤੀ ਅਕਾਲੀ ਪਿੰਡਾਂ 'ਚੋਂ ਅਲੋਪ ਹੋ ਗਏ ਅਤੇ ਸਿੱਖ ਇਤਿਹਾਸ ਫਲਸਫੇ ਤੇ ਕਦਰਾਂ ਕੀਮਤਾਂ ਤੋਂ ਕੋਰੇ ਲੰਪਨ ਕਿਸਮ ਦੇ ਲੋਕ ਅਕਾਲੀ ਦਲ ਵਿਚ ਭਰਤੀ ਹੀ ਨਹੀਂ ਹੋਏ, ਸਗੋਂ ਉਨ੍ਹਾਂ ਨੇ ਚਿੱਟੇ ਵਰਗੇ ਨਸ਼ਿਆਂ ਦੇ ਕਾਰੋਬਾਰ ਵਿਚ ਆਪਣੀ ਦਖ਼ਲ-ਅੰਦਾਜ਼ੀ ਬਣਾ ਲਈ। ਇਸ ਵਰਤਾਰੇ ਨੇ ਇਸ ਖੇਤਰ ਦੀ ਦੂਸਰੀ ਪੀੜ੍ਹੀ ਨੂੰ ਆਪਣੀ ਗ੍ਰਿਫ਼ਤ 'ਚ ਲੈ ਲਿਆ। ਇਹੀ ਗਰੋਹ ਤੇ ਨਸ਼ਿਆਂ ਦੇ ਕਾਰੋਬਾਰੀ ਪੁਲਿਸ ਦੇ ਦਲਾਲ ਅਤੇ ਰਾਜਸੀ ਆਗੂਆਂ ਲਈ ਕਬਜ਼ਾ ਧਾਰੀ, ਗੈਂਗਸਟਰਾਂ ਦੇ ਰੂਪ ਵਿਚ ਪ੍ਰਫੁੱਲਤ ਹੋਏ। ਜਿਨ੍ਹਾਂ ਨੂੰ ਬਾਦਲ ਦਲ ਨੇ ਪਾਲਿਆ ਪਲੋਸਿਆ ਸੀ ਅਤੇ ਫਿਰ ਕਾਂਗਰਸ ਨੇ ਵੀ ਖੁੱਲ੍ਹੇ ਰੂਪ ਵਿਚ ਵਰਤਿਆ ਤੇ ਹੁਣ ਆਪ ਵੀ ਇਸੇ 'ਤੇ ਹੱਥ ਅਜਮਾ ਰਹੀ ਹੈ।

ਕਿਸਾਨੀ ਸੰਘਰਸ਼ ਵਿਚ ਇਸ ਖੇਤਰ ਦੇ ਨੌਜਵਾਨ ਕਿਸਾਨਾਂ ਨੇ ਬੇਸ਼ੱਕ ਅਹਿਮ ਭੂਮਿਕਾ ਨਿਭਾਈ ਪਰ ਆਪਣੀ ਛਾਪ ਪਿੰਡ ਪੱਧਰ 'ਤੇ ਨਹੀਂ ਛੱਡ ਸਕੇ। ਪਹਿਲਾ ਕਾਰਨ ਇਹ ਕਿ ਇਸ ਖੇਤਰ ਦੇ ਵੱਡੇ ਕਿਸਾਨ ਸੰਗਠਨ ਦੀ ਵਿਚਾਰਧਾਰਕ ਕਮਜ਼ੋਰੀ ਅਤੇ ਵਿਚਾਰਧਾਰਾ ਨਾਲ ਜੁੜੇ ਸੰਗਠਨਾਂ ਕੋਲ ਯੋਗ ਲੀਡਰਸ਼ਿਪ ਦੀ ਘਾਟ ਜਿਸ ਕਰਕੇ, ਪੇਂਡੂ ਖੇਤਰ ਵਿਚ ਰਵਾਇਤੀ ਰਾਜਸੀ ਪਾਰਟੀਆਂ ਵਲੋਂ ਉਸਾਰੀਆਂ ਧੜੇਬੰਦੀਆਂ ਤੋਂ ਕਿਸਾਨਾਂ ਅਤੇ ਉਨ੍ਹਾਂ ਦੇ ਨੌਜਵਾਨਾਂ ਨੂੰ ਮੁਕਤ ਕਰਵਾ ਕੇ ਕਿਸੇ ਦਿਸ਼ਾ ਵਿਚ ਲਾਉਣ ਦੀ ਘਾਟ ਰਹੀ। ਹਾਲਾਂਕਿ ਸੰਯੁਕਤ ਕਿਸਾਨ ਮੋਰਚੇ ਨੇ ਇਨ੍ਹਾਂ ਜ਼ਿਮੀਨਾਂ ਚੋਣਾਂ ਵਿਚ ਵੀ ਸਥਾਨਕ ਮੁੱਦਿਆਂ 'ਤੇ ਕਿਸਾਨਾਂ ਦੇ ਮੁੱਦਿਆਂ ਉਤੇ ਝੰਡਾ ਮਾਰਚ ਕਰਕੇ ਆਪਣੀ ਹਾਜ਼ਰੀ ਲਵਾਈ, ਜਿਸ 'ਚ ਅਹਿਮ ਮੁੱਦਾ, "ਸ਼ੇਰੋਂ ਦੀ ਸਹਿਕਾਰੀ ਖੰਡ ਮਿੱਲ ਨੂੰ ਚਾਲੂ ਕਰਨ ਦਾ ਸੀ।" ਪਰ ਲੋਕਾਂ ਨੇ ਤੇ ਰਾਜਸੀ ਪਾਰਟੀਆਂ ਨੇ ਇਹਨੂੰ ਅਣਗੌਲਿਆ ਹੀ ਕੀਤਾ। ਚੋਣ ਬੁਖ਼ਾਰ ਵਿਚ ਮੁੱਦਿਆਂ ਨਾਲੋਂ ਨਿੱਜੀ ਕਿਰਦਾਰਕੁਸ਼ੀ ਹੀ ਭਾਰੂ ਰਹੀ।

ਜ਼ਿਮਨੀ ਚੋਣ ਵਿਚ 60.95 ਫੀਸਦੀ ਵੋਟਾਂ ਪੋਲ ਹੋਈਆਂ, ਜਿਨ੍ਹਾਂ 'ਚੋਂ ਆਮ ਆਦਮੀ ਪਾਰਟੀ ਵਲੋਂ, ਰੁੱਸੇ ਹੋਏ ਅਕਾਲੀ ਲੀਡਰ ਹਰਮੀਤ ਸਿੰਘ ਸੰਧੂ ਨੂੰ ਆਪਣੀ ਸ਼ਰਨ ਵਿਚ ਲਿਆ ਸੀ, ਨੂੰ 42649 ਵੋਟਾਂ ਮਿਲੀਆਂ, ਭਾਵ ਕੁੱਲ ਵੋਟਾਂ ਦਾ 36.23 ਫੀਸਦੀ ਤੇ 12091 ਵੋਟਾਂ ਨਾਲ ਜੇਤੂ ਰਿਹਾ। ਅਕਾਲੀ ਦਲ (ਬਾਦਲ) ਨੂੰ ਕੋਈ ਯੋਗ ਉਮੀਦਵਾਰ ਨਾ ਮਿਲਣ 'ਤੇ ਅਜ਼ਾਦ ਗਰੁੱਪ ਵਲੋਂ ਪੇਸ਼ ਕੀਤੇ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਜਿਹੜੇ ਰਿਟਾਇਰਡ ਪ੍ਰਿੰਸੀਪਲ ਸਨ ਅਤੇ ਜਿਨ੍ਹਾਂ ਬਾਰੇ ਇਹ ਪ੍ਰਚਾਰ ਭਾਰੂ ਰਿਹਾ ਕਿ ਉਹ ਗੈਂਗਸਟਰ ਅੰਮ੍ਰਿਤਪਾਲ ਬਾਠ ਦੀ ਸੱਸ ਹਨ ਅਤੇ ਅਕਾਲੀ ਦਲ ਬਾਦਲ ਉਨ੍ਹਾਂ ਨੂੰ ਧਰਮੀ ਫੌਜੀਆਂ ਦੇ ਪਰਿਵਾਰ ਦੇ ਤੌਰ 'ਤੇ ਪ੍ਰਚਾਰਦਾ ਰਿਹਾ, ਨੇ 30558 ਵੋਟਾਂ, ਭਾਵ 25.96 ਫੀਸਦੀ ਵੋਟਾਂ ਹਾਸਲ ਕੀਤੀਆਂ। ਅਕਾਲੀ ਦਲ ਵਾਰਿਸ ਪੰਜਾਬ ਦੇ ਉਮੀਦਵਾਰ ਮਨਦੀਪ ਸਿੰਘ ਖ਼ਾਲਸਾ ਜਿਹੜੇ ਪਟਿਆਲਾ ਜੇਲ੍ਹ 'ਚ ਬੰਦ ਸੰਦੀਪ ਸਿੰਘ ਜਿਨ੍ਹਾਂ 'ਤੇ ਜੇਲ੍ਹ ਵਿਚ ਖੂੰਖਾਰ ਪੁਲਿਸ ਅਫ਼ਸਰ ਸੂਬਾ ਸਰਹੰਦ ਦੇ ਕਤਲ ਦਾ ਇਲਜ਼ਾਮ ਹੈ, ਦੇ ਭਰਾਤਾ ਹਨ ਅਤੇ ਜਿਨ੍ਹਾਂ ਨੂੰ ਅੰਮ੍ਰਿਤਪਾਲ ਸਿੰਘ ਮੈਂਬਰ ਪਾਰਲੀਮੈਂਟ (ਅਜੇ ਤੱਕ ਡਿਬਰੂਗੜ੍ਹ ਜੇਲ੍ਹ ਵਿਚ), ਅਕਾਲੀ ਦਲ ਅੰਮ੍ਰਿਤਸਰ ਸਿਮਰਨਜੀਤ ਸਿੰਘ ਮਾਨ, ਪੁਨਰ ਗਠਨ ਅਕਾਲੀ ਦਲ ਆਦਿ ਦੀ ਹਮਾਇਤ ਹਾਸਲ ਸੀ, 19620 ਭਾਵ 16.67 ਫੀਸਦੀ ਵੋਟਾਂ ਲੈ ਕੇ ਤੀਸਰੇ ਨੰਬਰ 'ਤੇ ਰਹੇ। ਕਾਂਗਰਸ ਨੂੰ ਵੀ ਕੋਈ ਯੋਗ ਉਮੀਦਵਾਰ ਨਹੀਂ ਮਿਲਿਆ ਤਾਂ ਇਕ ਨੌਜਵਾਨ ਕਰਨਬੀਰ ਸਿੰਘ ਬੁਰਜ ਨੂੰ ਖੜ੍ਹਾ ਕਰ ਦਿੱਤਾ ਜਿਹੜੇ ਮਹਿਜ 15078 ਭਾਵ 12.81 ਫੀਸਦੀ ਵੋਟ ਲੈ ਕੇ ਗਏ ਤੇ ਇਵੇਂ ਹੀ ਭਾਜਪਾ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ 6239 ਵੋਟਾਂ ਭਾਵ 5.3 ਫੀਸਦੀ ਵੋਟਾਂ ਹਾਸਲ ਕੀਤੀਆਂ। ਇਸ ਤੋਂ ਇਲਾਵਾ ਜਿਨ੍ਹਾਂ ਨੂੰ ਕੋਈ ਵੀ ਉਮੀਦਵਾਰ ਪਸੰਦ ਨਹੀਂ ਆਇਆ ਤੇ ਜਿਨ੍ਹਾਂ ਨੇ ਵੋਟਾਂ ਦਾ ਬਟਨ ਦਬਾਇਆ ਉਨ੍ਹਾਂ ਦੀ ਗਿਣਤੀ 609 ਭਾਵ 0.52 ਫੀਸਦੀ ਸੀ।

ਜ਼ਿਮਨੀ ਚੋਣ ਪਿਛੋਂ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਆਪਣੇ-ਆਪਣੇ ਦਾਅਵੇ ਕਰਦੀਆਂ ਹਨ। ਹਕੀਕਤ ਕੀ ਹੈ ਇਹ ਵੀ ਜਾਣ ਲੈਣਾ ਜ਼ਰੂਰੀ ਹੈ। ਆਮ ਆਦਮੀ ਪਾਰਟੀ ਨੂੰ 2022 ਵਿਚ ਜਦੋਂ ਚੋਣਾਂ ਹੋਈਆ ਸਨ ਤਾਂ ਉਨ੍ਹਾਂ ਦੇ ਉਮੀਦਵਾਰ ਕਸ਼ਮੀਰ ਸਿੰਘ ਸੋਹਲ ਨੂੰ 52936 ਵੋਟ ਭਾਵ 40.45 ਫੀਸਦੀ ਵੋਟਾਂ ਮਿਲੀਆਂ ਸਨ। ਉਹ ਪਹਿਲੀ ਵਾਰ ਖੜ੍ਹੇ ਹੋਏ ਸਨ। ਇਸ ਵਾਰ ਆਪ ਦੇ ਉਮੀਦਵਾਰ ਨੂੰ ਲਗਭਗ 10,000 ਵੋਟਾਂ ਘੱਟ ਮਿਲੀਆਂ ਹਨ, ਭਾਵ 4.22 ਫੀਸਦੀ ਵੋਟ ਘਟੀ ਹੈ। ਹਾਲਾਂਕਿ ਇਸ ਵਾਰ ਜੋ ਉਮੀਦਵਾਰ ਆਪ ਵਲੋਂ ਖੜ੍ਹਾ ਕੀਤਾ ਗਿਆ ਸੀ ਤਿੰਨ ਵਾਰ ਵਿਧਾਇਕ ਰਿਹਾ ਹੈ ਅਤੇ ਜਿਸ ਦਾ ਆਪਣਾ ਨਿੱਜੀ ਵੋਟ ਬੈਂਕ ਵੀ ਹੈ। ਇਹ ਆਪ ਲਈ ਇਕ ਸੀਸ਼ਾ ਹੈ।

ਉਧਰ ਅਕਾਲੀ ਦਲ ਦੇ ਸੁਖਬੀਰ ਬਾਦਲ ਇਸ ਨੂੰ ਮੁੜ ਵਾਪਸੀ ਵਜੋਂ ਪ੍ਰਚਾਰ ਰਹੇ ਹਨ ਅਤੇ ਅਕਾਲੀ ਦਲ ਵਿਚ ਆਈ ਨਿਰਾਸ਼ਤਾ ਨੂੰ ਦੂਰ ਕਰਨ ਲਈ ਇਸ ਜ਼ਿਮਨੀ ਚੋਣ ਵਿਚ ਮਿਲੇ ਹੁੰਗਾਰੇ ਅਤੇ ਦੂਸਰੇ ਨੰਬਰ ਦੀ ਪੁਜੀਸ਼ਨ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਰਹੇ ਹਨ। ਪਰ ਹਕੀਕਤ ਕੀ ਇਹ ਹੈ ਇਸ 'ਤੇ ਨਿਗ੍ਹਾ ਮਾਰ ਲੈਣੀ ਚਾਹੀਦੀ ਹੈ। ਇਸ ਵਾਰ ਬਾਦਲ ਦਲ ਦੇ ਉਮੀਦਵਾਰ ਨੂੰ 30558 ਵੋਟਾਂ ਮਿਲੀਆਂ ਜੋ ਕੁੱਲ ਵੋਟਾਂ ਦਾ 25.96 ਫੀਸਦੀ ਸਨ। ਪਿਛਲੀਆਂ 2022 ਦੀਆਂ ਚੋਣਾਂ ਵਿਚ ਜਦੋਂ ਅਕਾਲੀ ਦਲ ਵਲੋਂ ਹਰਮੀਤ ਸਿੰਘ ਸੰਧੂ ਉਮੀਦਵਾਰ ਸਨ ਤਾਂ ਉਨ੍ਹਾਂ ਨੂੰ 39347 ਵੋਟਾਂ ਮਿਲੀਆਂ ਸਨ। ਜੋ ਕੁਲ ਵੋਟਾਂ ਦਾ 30.6 ਫੀਸਦੀ ਸਨ ਅਤੇ 2017 ਵਿਚ ਵੀ ਹਰਮੀਤ ਸਿੰਘ ਸੰਧੂ ਨੂੰ 34.10 ਫੀਸਦੀ ਵੋਟਾਂ ਹਾਸਲ ਹੋਈਆਂ ਸਨ। ਇਸ ਲਿਹਾਜ਼ ਨਾਲ ਅਕਾਲੀ ਦਲ ਦਾ ਵੋਟ ਗ੍ਰਾਫ 2017 ਦੇ ਮੁਕਾਬਲੇ 8 ਫੀਸਦੀ ਅਤੇ 2022 ਦੇ ਮੁਕਾਬਲੇ 4 ਫੀਸਦੀ ਘਟਿਆ ਹੈ। ਸੁਖਬੀਰ ਬਾਦਲ ਦਾਅਵਾ ਕਿਸ ਦਾ ਕਰ ਰਿਹਾ ਹੈ? ਹਾਂ ਵਾਰਿਸ ਪੰਜਾਬ ਵਾਲੇ ਉਮੀਦਵਾਰ ਨੇ 16.67 ਫੀਸਦੀ ਵੋਟਾਂ ਹਾਸਲ ਕਰਕੇ ਇਹ ਦੱਸ ਦਿੱਤਾ ਹੈ ਕਿ ਜੇ ਉਸ ਦੀ ਮੁਹਿਮ ਯੋਜਨਬੱਧ ਨਾਲ ਸਾਰੀਆਂ ਧਿਰਾਂ ਨੇ ਮਿਲ ਕੇ ਚਲਾਈ ਹੁੰਦੀ ਤਾਂ ਬਾਦਲ ਦਲ ਦੀ ਇਹ ਵੋਟ ਫੀਸਦੀ ਜੋ ਹੁਣ ਹੈ ਵੀ ਹੇਠਾਂ ਡਿੱਗਣੀ ਸੀ। ਹਾਲਾਂਕਿ ਵਾਰਿਸ ਪੰਜਾਬ ਵਾਲਾ ਉਮੀਦਵਾਰ ਸਿਰਫ਼ ਦੋ ਵੋਟਾਂ ਵੱਧ ਲੈਣ ਕਰਕੇ ਹੀ ਆਪਣੀ ਜ਼ਮਾਨਤ ਬਚਾ ਸਕਿਆ ਹੈ। ਸਭ ਤੋਂ ਵੱਧ ਨੁਕਸਾਨ ਕਾਂਗਰਸ ਦਾ ਹੋਇਆ ਹੈ। ਹਾਲਾਂਕਿ 2017 ਵਿਚ ਇਸ ਪਾਰਟੀ ਦਾ ਉਮੀਦਵਾਰ ਜੇਤੂ ਰਿਹਾ ਸੀ।

ਸੁਖਬੀਰ ਬਾਦਲ ਨੂੰ ਫਾਇਦਾ ਇਸ ਦਾ ਵੀ ਮਿਲਿਆ ਕਿ ਪੁਨਰ ਅਕਾਲੀ ਦਲ ਅਤੇ ਮਾਨ ਅਕਾਲੀ ਦਲ ਵਲੋਂ ਮਨਦੀਪ ਸਿੰਘ ਦੇ ਹੱਕ 'ਚ ਕੋਈ ਚੋਣ ਮੁਹਿਮ ਨਹੀਂ ਚਲਾਈ ਗਈ। ਨਾ ਹੀ ਬੇਅਬਦੀਆਂ ਦਾ ਮਾਮਲਾ ਚੋਣਾਂ ਦਾ ਵਿਸ਼ਾ ਬਣਿਆ ਨਾ ਹੀ ਅਕਾਲ ਤਖਤ ਤੋਂ ਭਗੌੜੇ ਹੋਣ ਅਤੇ ਹੁਕਮਨਾਮੇ ਨਾ ਪ੍ਰਵਾਨ ਕਰਨ ਦਾ ਮੁੱਦਾ ਹੀ ਉਭਰਿਆ। ਪੁਨਰ ਸੁਰਜੀਤ ਅਕਾਲੀ ਦਲ ਚੁੱਪ ਕਿਉਂ ਰਿਹਾ ਇਸੇ ਜ਼ਿਮਨੀ ਚੋਣ ਵਿਚ ਇਕ ਇਕ ਸਵਾਲ ਹੈ। ਵਾਰਿਸ ਪੰਜਾਬ ਦੇ ਉਮੀਦਵਾਰ ਨੂੰ ਜਿਹੜੀ ਵੋਟ ਮਿਲੀ ਉਸ ਵਿਚ ਜ਼ਿਆਦਾਤਰ ਜਜ਼ਬਾਤੀ ਨੌਜਵਾਨਾਂ ਵਲੋਂ ਨਿਭਾਈ ਭੂਮਿਕਾ



ਦੀ ਹੀ ਸੀ। ਇਹੀ ਕਾਰਨ ਹੈ ਕਿ ਸੁਖਬੀਰ ਬਾਦਲ ਲਈ ਤਰਨ ਤਾਰਨ ਜ਼ਿਮਨੀ ਚੋਣ ਮੁੜ ਉਭਰਨ ਦਾ ਅਖਾੜਾ ਬਣ ਗਈ। ਵੈਸੇ ਪੰਥਕ ਕਿਹਾ ਜਾਣ ਵਾਲਾ ਹਲਕਾ ਕਦੇ ਵੀ ਪੰਥਕ ਨਹੀਂ ਰਿਹਾ, ਇਥੋਂ ਕਾਂਗਰਸ ਵੀ ਜਿੱਤਦੀ ਰਹੀ ਹੈ ਅਤੇ ਅਜ਼ਾਦ ਉਮੀਦਵਾਰ ਵੀ ਜਿੱਤਦੇ ਰਹੇ ਹਨ। ਜੇ ਕਿਹਾ ਜਾਵੇ ਤਾਂ ਤਰਨ ਤਾਰਨ ਦਾ ਇਹ ਹਲਕਾ ਦੇਸ਼ ਭਗਤਾਂ ਦਾ ਹਲਕਾ ਹੈ ਜਿਥੋਂ ਦੇ ਪਿੰਡਾਂ ਦੇ ਸਭ ਤੋਂ ਵੱਧ ਲੋਕਾਂ ਨੂੰ ਅਜ਼ਾਦੀ ਦੀ ਲੜਾਈ ਵਿਚ ਤੇ ਬ੍ਰਿਟਿਸ਼ ਹਕੂਮਤ ਦੇ ਖਿਲਾਫ਼ ਆਪਣੀ ਭੂਮਿਕਾ ਨਿਭਾਈ ਸੀ। ਪਰ ਇਸ ਵਿਰਾਸਤ ਨੂੰ ਅੱਗੇ ਤੋਰਨ ਤੇ ਸੰਭਾਲਨ ਵਾਲੇ ਕਮਜ਼ੋਰ ਹੀ ਰਹੇ। ਸੰਭਾਲ ਨਹੀਂ ਸਕੇ।

ਜੇ ਕਿਹਾ ਜਾਵੇ ਤਾਂ ਇਸ ਜ਼ਿਮਨੀ ਚੋਣ ਨੇ ਰਾਜਨੀਤੀ 'ਚ ਆ ਰਹੀ ਗਿਰਾਵਟ ਅਤੇ ਦੀਵਾਲੀਏਪਨ ਨੂੰ ਹੀ ਸਾਹਮਣੇ ਲਿਆਂਦਾ ਹੈ। ਜਦੋਂ ਵੋਟਾਂ ਸਮੇਂ ਲੋਕ ਮੁੱਦੇ ਗਾਇਬ ਹੋਣ ਤਾਂ ਦੋਮ ਦਰਜੇ ਦੇ ਮੁੱਦੇ 'ਤੇ ਮੁੜ ਪ੍ਰਚਾਰ ਜਿੱਤਣ ਲਈ ਹੱਥਕੰਡੇ ਹੀ ਵਰਤੇ ਜਾਂਦੇ ਹਨ। ਆਮ ਆਦਮੀ ਪਾਰਟੀ ਦੀ ਪਿਛਲੇਰੇ ਸਾਢੇ ਤਿੰਨ ਸਾਲ ਦੀ ਕਾਰਗੁਜ਼ਾਰੀ ਸਾਰੇ ਪਾਸਿਓਂ ਨਖਿਧ ਰਹੀ ਹੈ। ਵਿਕਾਸ ਤਾਂ ਕੀ ਸੁਚੱਜਾ ਪ੍ਰਸ਼ਾਸ਼ਨ ਵੀ ਨਹੀਂ ਦੇ ਸਕੇ। ਘੱਟੋ ਘੱਟ ਤਰਨ ਤਾਰਨ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀ ਤੇ ਉਚ ਪੁਲਿਸ ਅਧਿਕਾਰੀਆਂ ਦਾ ਆਪ ਨਾਲ ਕਦੇ ਤਾਲਮੇਲ ਹੀ ਨਹੀਂ ਬੈਠਾ। ਤਰਨ ਤਾਰਨ ਹਲਕੇ ਦੇ ਪਹਿਲੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਨੂੰ ਕਿਸੇ ਵੀ ਅਧਿਕਾਰੀ ਨੇ ਗੌਲਿਆ ਤੱਕ ਨਹੀਂ ਸੀ। ਆਪ ਦੇ ਹੇਠਲੇ ਵਰਕਰਾਂ ਨੂੰ ਕਿਸੇ ਵੀ ਪੱਧਰ 'ਤੇ ਕੋਈ ਮਾਨਤਾ ਨਹੀਂ ਮਿਲੀ। ਸਰਕਾਰੇ ਦਰਬਾਰੇ ਕੁਰਸੀ ਅਕਾਲੀ ਤੇ ਕਾਂਗਰਸੀ ਆਗੂਆਂ ਨੂੰ ਹੀ ਮਿਲਦੀ ਰਹੀ। ਇਹ ਦਾ ਕਾਰਨ ਇਹ ਕਿ ਇਨ੍ਹਾਂ ਦੋਹਾਂ ਪਾਰਟੀਆਂ ਨਾਲ ਉਹ ਪਿੰਡਾਂ ਦੇ ਚੌਧਰੀ ਸਨ ਜਿਨ੍ਹਾਂ ਦਾ ਪਿੰਡ ਵਿਚ ਸਮਾਜਿਕ ਦਬਦਬਾ ਹੈ ਅਤੇ ਆਰਥਿਕ ਤੌਰ 'ਤੇ ਸਬੰਧ ਹਨ ਅਤੇ ਜਿਨ੍ਹਾਂ ਦੇ ਪੁਲਿਸ ਤੇ ਅਧਿਕਾਰੀਆਂ ਨਾਲ ਹੱਥ ਮਿਲੇ ਹੋਏ ਹਨ। ਦੂਸਰਾ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਕਿਉਂਕਿ ਵਧੇਰੇ ਕਰਕੇ ਸਬੰਧਤ ਪਰਿਵਾਰਾਂ 'ਚੋਂ ਅਤੇ ਰਵਾਇਤੀ ਰਾਜਸੀ ਪਾਰਟੀਆਂ ਦੇ ਰਾਜ ਕਾਲ ਵਿਚ ਭਰਤੀ ਹੋਏ ਸਨ, ਜੋ ਉਨ੍ਹਾਂ ਦੀ ਹਮਦਰਦੀ ਤੇ ਨੇੜਤਾ ਇਸ ਨਾਲ ਹੀ ਰਹੀ। ਇਹਦੀ ਮਿਸਾਲ ਹੈ ਕਿ ਤਰਨ ਤਾਰਨ ਹਲਕੇ ਦੇ ਦਰਜਨ ਤੋਂ ਵੱਧ ਕਾਂਗਰਸੀ ਸਰਪੰਚਾਂ ਉਤੇ 2020 ਤੋਂ ਲੈ ਕੇ 2024 ਤੱਕ ਗਬਨ ਦੀ ਜਾਂਚ ਵੀ ਹੋਈ ਤੇ ਕੇਸ ਵੀ ਦਰਜ ਹੋਏ ਪਰ ਅੱਗੇ ਕੋਈ ਕਾਰਵਾਈ ਨਹੀਂ ਹੋਈ ਦਬਾ ਲਏ ਗਏ। ਆਪ ਪਾਰਟੀ ਦੇ ਵਿਧਾਇਕ ਤਾਂ ਕੀ ਮੰਤਰੀ ਵੀ ਕੁਝ ਨਹੀਂ ਕਰ ਸਕੇ। ਪੁਲਿਸ ਨੇ ਵੀ ਆਪਣੀ ਮਨਮਰਜ਼ੀ ਹੀ ਕੀਤੀ। ਇਹ ਦਾ ਕਾਰਨ ਇਹ ਸੀ ਕਿ ਆਮ ਆਦਮੀ ਪਾਰਟੀ ਦੇ ਵਰਕਰ ਜ਼ਿਆਦਾਤਰ ਸਧਾਰਨ ਤੇ ਗਰੀਬ ਘਰਾਂ 'ਚੋਂ ਸਨ ਅਤੇ ਉਨ੍ਹਾਂ ਵਿਚ ਪਿੰਡ ਪੱਧਰ ਦਾ ਚੌਧਰਪੁਣਾ ਵੀ ਨਹੀਂ ਸੀ। ਨਾ ਹੀ ਪੁਲਿਸ ਨਾਲ ਦਲਾਲੀ ਕਰਨ ਦੇ ਸਮਰਥ ਤੇ ਅਭਿਆਸ ਹੀ ਸੀ। ਇਹੋ ਕਾਰਨ ਕਿ ਆਪ ਦੀ ਲੀਡਰਸ਼ਿਪ ਜਾਣ ਗਈ ਸੀ ਕਿ ਸੋਹਲ ਦੀ ਮੌਤ ਪਿਛੋਂ ਖਾਲੀ ਹੋਈ ਤਰਨ ਤਾਰਨ ਸੀਟ ਉਹ ਕਿਸੇ ਵੀ ਤਰ੍ਹਾਂ ਜਿੱਤ ਨਹੀਂ ਸਕਦੇ। ਜਿਸ ਕਰਕੇ ਰੁੱਸੇ ਹੋਏ ਅਕਾਲੀ ਆਗੂ ਹਰਮੀਤ ਸਿੰਘ ਸੰਧੂ ਨੂੰ ਗਲਵਕੜੀ 'ਚ ਲਿਆ ਤੇ ਹਰਮੀਤ ਸਿੰਘ ਸੰਧੂ ਵੀ ਜਿਹੜਾ 8-9 ਸਾਲ ਤੋਂ ਸੱਤਾ ਤੋਂ ਬਾਹਰ ਸੀ, ਲਈ ਇਹ ਸੌਦਾ ਕਰਨਾ ਹੀ, ਬਿਹਤਰ ਰਾਹ ਸੀ। ਹਰਮੀਤ ਸੰਧੂ ਕਿਉਂਕਿ ਬਾਦਲ ਅਕਾਲੀ ਦਲ 'ਚੋਂ ਆਇਆ ਸੀ ਅਤੇ 10 ਸਾਲ ਬਾਦਲ ਸਰਕਾਰ ਵੇਲੇ ਵਿਧਾਇਕ ਰਿਹਾ ਸੀ, ਉਹਦਾ ਪਿੰਡਾਂ ਵਿਚ ਨੈਟਵਰਕ ਵੀ ਸੀ ਅਤੇ ਦਬਦਬਾ ਵੀ ਸੀ, ਨਾਲ ਹੀ ਸੁਖਬੀਰ ਬਾਦਲ ਤੇ ਵਿਰਸੇ ਵਲਟੋਹੇ ਦੇ ਦਾਅ ਪੇਚਾਂ ਦਾ ਪੇਤੀ ਸੀ। ਸੋ ਆਪ ਲਈ ਇਹ ਬਿਹਤਰ ਚੋਣ ਸੀ।

ਅਕਾਲੀ ਦਲ ਬਾਦਲ ਨੇ ਜੋ ਉਮੀਦਵਾਰ ਅਜ਼ਾਦ ਗਰੁੱਪ ਵਲੋਂ ਆਪਣੀ ਝੋਲੀ ਪੁਆਇਆ ਸੀ, ਵੀ ਹਲਕੇ 'ਚੋਂ ਲਹੀਂ ਬਾਹਰੋਂ ਸੀ। ਜਿਸ ਨੂੰ ਧਰਮੀ ਫੌਜੀ ਪਰਿਵਾਰ ਵਿਚੋਂ ਪ੍ਰਚਾਰਿਆ ਜਾਂਦਾ ਰਿਹਾ ਅਤੇ ਜਿਸ ਬਾਰੇ ਚਰਚਾ ਸੀ ਕਿ ਉਹ ਜੂਨ ਚੁਰਾਸੀ ਤੋਂ ਪਹਿਲਾਂ ਹੀ ਫੌਜ ਛੱਡ ਕੇ ਆ ਚੁੱਕਾ ਸੀ। ਉਮੀਦਵਾਰ ਦਾ ਨਾਮ ਅੰਮ੍ਰਿਤਪਾਲ ਬਾਠ ਦੀ ਸੱਸ ਵਜੋਂ ਵੀ ਸਾਹਮਣੇ ਆਇਆ ਜਿਸ ਨੂੰ ਵਿਰੋਧੀ ਧਿਰ ਨੇ ਇਕ ਗੈਂਸਟਰ ਦੇ ਰੂਪ ਵਿਚ ਪ੍ਰਚਾਰਿਆ। ਅੰਮ੍ਰਿਤਪਾਲ ਬਾਠ ਕੈਨੇਡਾ ਬੈਠਾ ਹੈ, ਜਿਥੋਂ ਉਹ ਵੀਡੀਓ ਜਾਰੀ ਕਰਦਾ ਹੈ। ਉਸ ਦਾ ਸਬੰਧ ਕਈ ਸਰਪੰਚਾਂ ਦੇ ਕਤਲਾਂ ਵਿਸ਼ੇਸ਼ ਕਰਕੇ ਮੋਨੂੰ ਚੀਮਾ ਦੇ ਸਰਪੰਚ ਦੇ ਕਤਲ ਨਾਲ ਵੀ ਜੋੜਿਆ ਗਿਆ। ਇਹ ਉਹੀ ਮੋਨੂੰ ਚੀਮਾ ਹੈ ਜਿਸ ਦੇ ਪਿੰਡ ਦਾ ਇਕ ਮਜ਼ਦੂਰ ਜੋ ਇਨ੍ਹਾਂ ਦੀ ਆੜਤ 'ਤੇ ਮਜ਼ਦੂਰੀ ਵਜੋਂ ਕੰਮ ਕਰਦਾ ਸੀ, ਕਿਸਾਨ ਸੰਘਰਸ਼ ਦੌਰਾਨ ਨਿਹੰਗ ਸਿੰਘਾਂ ਵਲੋਂ ਸਿੰਘੂ ਬਾਰਡਰ 'ਤੇ ਕਤਲ ਕੀਤਾ ਗਿਆ ਸੀ। ਉਹਨੂੰ ਦਿੱਲੀ ਕਿਸਾਨ ਸੰਘਰਸ਼ ਵਿਚ ਕੌਣ ਲੈ ਕੇ ਗਿਆ ਇਹ ਇਕ ਰਹਿਸਤੀ ਹੈ। ਉਂਝ ਪਿੰਨੀ ਕੋਟ ਦਾ ਨਾਮ ਵੀ ਇਸ ਨਾਲ ਤੇ ਮੋਨੂੰ ਚੀਮਾ ਨਾਲ ਜੁੜਦਾ ਰਿਹਾ ਹੈ। ਅੰਮ੍ਰਿਤਪਾਲ ਬਾਠ ਮੁਤਾਬਕ ਇਹ ਦੋਵੇਂ ਹੀ ਭਾਵ ਬਾਠ ਤੇ ਸੋਨੂੰ ਮੋਨੂੰ ਚੀਮਾ ਆਦਿ ਅਕਾਲੀ ਦਲ ਦੀ ਸਰਕਾਰ ਸਮੇਂ ਹਰਮੀਤ ਸੰਧੂ ਨਾਲ ਹੀ ਹੁੰਦੇ ਸਨ। ਇਨ੍ਹਾਂ ਜ਼ਿਮਨੀ ਚੋਣਾਂ ਵਿਚ ਅੰਮ੍ਰਿਤਪਾਲ ਬਾਠ ਤੇ ਸੋਨੂੰ ਮੋਨੂੰ ਚੀਮਾ ਦਰਮਿਆਨ ਸ਼ਬਦੀ ਜੰਗ ਚਲਦੀ ਰਹੀ ਹੈ। ਅੰਮ੍ਰਿਤਪਾਲ ਬਾਠ ਦੇ ਨਾਂ ਉਤੇ ਬਹੁਤ ਸਾਰੇ ਪਿੰਡਾਂ ਵਿਚ ਫੋਨਾਂ ਰਾਹੀਂ ਵਿਰੋਧੀਆਂ ਵਿਸ਼ੇਸ਼ ਕਰਕੇ ਆਪ ਪਾਰਟੀ ਦੇ ਵਰਕਰਾਂ ਨੂੰ ਧਮਕੀਆਂ ਵੀ ਮਿਲਦੀਆਂ ਰਹੀਆਂ ਹਨ। ਬਹੁਤ ਸਾਰੇ ਆਪ ਵਰਕਰ ਤਾਂ ਚੁੱਪ ਹੀ ਰਹੇ ਪਰ ਪੱਥਰੀ ਕਲਾਂ ਦੇ ਇਕ ਪਰਿਵਾਰ ਨੇ ਮੰਗ ਕੀਤੀ ਹੈ ਕਿ ਅੰਮ੍ਰਿਤਪਾਲ ਬਾਠ ਦੇ ਨਾਂ ਹੇਠ ਫੋਨ ਉਤੇ ਧਮਕੀਆਂ ਦੇਣ ਵਾਲੇ ਅਨਸਰਾਂ ਦੀ ਪਹਿਚਾਣ ਹੋਣੀ ਚਾਹੀਦੀ ਹੈ। ਕਿਉਂਕਿ ਬਾਠ ਕੈਨੇਡਾ ਬੈਠਾ ਹੈ ਤੇ ਇਹ ਸੰਭਵ ਨਹੀਂ ਕਿ ਉਹ ਐਨੀ ਵੱਡੀ ਪੱਧਰ 'ਤੇ ਪਿੰਡਾਂ ਵਿਚ ਫੋਨ ਕਰੇ। ਭਾਵ ਅਕਾਲੀ ਦਲ ਦੇ ਉਮੀਦਵਾਰ ਦੇ ਹੱਕ ਵਿਚ ਮਾਹੌਲ ਤਿਆਰ ਕਰਨ ਲਈ ਵਿਰੋਧੀਆਂ 'ਤੇ ਦਹਿਸ਼ਤ ਪਾਉਣ ਦਾ ਜੋ ਹਥਿਆਰ ਵਰਤਿਆ ਗਿਆ ਹੈ ਇਹ ਮੰਦਭਾਗਾ ਵਰਤਾਰਾ ਹੈ ਅਤੇ ਇਹਦਾ ਜਵਾਬ ਸੁਖਬੀਰ ਬਾਦਲ ਨੂੰ ਦੇਣਾ ਬਣਦਾ ਹੈ। ਜਦੋਂ ਅਕਾਲੀ ਦਲ ਦੀ ਉਮੀਦਵਾਰ ਇਹ ਦਾਅਵਾ ਕਰਦੀ ਏ ਕਿ 50 ਪਿੰਡਾਂ ਵਿਚ ਅਕਾਲੀਆਂ ਤੋਂ ਬਿਨਾਂ ਹੋਰ ਕਿਸੇ ਪਾਰਟੀ ਦੇ ਬੂਥ ਨਹੀਂ ਲੱਗੇ ਤਾਂ ਇਹ ਦਾ ਮਤਲਬ ਕੀ ਹੈ?

ਵੈਸੇ ਪਿੰਡ ਮੀਆਂਪੁਰ ਜਿਹੜਾ ਅੰਮ੍ਰਿਤਪਾਲ ਬਾਠ ਦਾ ਪਿੰਡ ਹੈ, ਵਿਚ ਕਿਸੇ ਵੀ ਹੋਰ ਪਾਰਟੀ ਦਾ ਬੂਥ ਹੀ ਨਹੀਂ ਲੱਗਾ ਜਾਂ ਲੱਗਣ ਹੀ ਨਹੀਂ ਦਿੱਤਾ। ਇਥੋਂ ਅਕਾਲੀ ਦਲ ਨੂੰ 900 ਅਤੇ ਹਰਮੀਤ ਸਿੰਘ ਸੰਧੂ 'ਆਪ' ਨੂੰ ਸਿਰਫ਼ 63 ਵੋਟਾਂ ਹੀ ਪਈਆਂ। ਅਜਿਹਾ ਹੀ ਵਰਤਾਰਾ ਪਿੰਡ ਚੀਮੇ ਵਿਚ ਵੇਖਣ ਨੂੰ ਮਿਲਿਆ, ਜਿਥੇ ਅਕਾਲੀ ਦਲ ਦਾ ਕੋਈ ਵਿਧੀਵਤ ਬੂਥ ਨਹੀਂ ਲੱਗਾ ਤੇ ਇਕ ਪਾਸੜ ਹਰਮੀਤ ਸੰਧੂ 'ਆਪ' ਨੂੰ ਵੋਟਾ ਵਧੇਰੇ ਪਈਆਂ। ਇਹ ਸੋਨੂੰ ਚੀਮੇ ਦਾ ਪਿੰਡ ਹੈ। ਇਨ੍ਹਾਂ ਸਾਰੇ ਪਿੰਡਾਂ ਸਮੇਤ ਝਬਾਲ ਪਿੰਡ ਵਿਚ ਅਕਾਲੀ ਦਲ ਦੀ ਪੁਜੀਸ਼ਨ ਮਜ਼ਬੂਤ ਸੀ। ਇਹ ਮਜ਼ਬੂਤੀ ਇਸ ਕਰਕੇ ਨਹੀਂ ਕਿ ਅਕਾਲੀ ਦਲ ਬਾਦਲ ਨੂੰ ਲੋਕ ਚਾਹੁੰਦੇ ਸਨ। 10 ਨਵੰਬਰ ਦੀ ਸ਼ਾਮ ਤੇ ਰਾਤ ਨੂੰ ਨੌਜਵਾਨ ਮੋਟਰਸਾਈਕਲਾਂ 'ਤੇ ਮੂੰਹ ਬੰਨ੍ਹ ਕੇ ਵਿਰੋਧੀਆਂ ਦੇ ਘਰਾਂ 'ਚ ਇਕ ਧਮਕੀਆਂ ਦਿੰਦੇ ਰਹੇ ਕਿ ਹਰਮੀਤ ਸਿੰਘ ਸੰਧੂ ਦਾ ਬੂਥ ਨਹੀਂ ਲੱਗਣਾ ਚਾਹੀਦਾ। ਇਸ ਵਰਤਾਰੇ ਨੇ ਅੱਤਵਾਦ ਦੇ ਦੌਰ ਨੂੰ ਹੀ ਦੁਹਰਾਇਆ ਅਤੇ ਯਾਦ ਕਰਵਾਇਆ।

ਜ਼ਿਮਨੀ ਚੋਣਾਂ ਵਿਚ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਦੀ ਲੜਕੀ ਤੇ ਅੰਮ੍ਰਿਤਪਾਲ ਬਾਠ ਦੀ ਪਤਨੀ ਕੰਚਨਪ੍ਰੀਤ ਕੌਰ ਦੀ ਭੂਮਿਕਾ ਵੀ ਚਰਚਿਤ ਰਹੀ। ਕੈਨੇਡਾ ਤੋਂ ਨੇਪਾਲ ਰਾਹੀਂ ਆਈ ਕੰਚਨਪ੍ਰੀਤ ਦੀ ਤਿੱਖੀ ਤੇ ਹਮਲਾਵਾਰ ਸ਼ਬਦਾਵਲੀ ਪੁਲਿਸ ਅਧਿਕਾਰੀਆਂ ਨਾਲ ਬਹਿਸਬਾਜ਼ੀਆਂ ਤੇ ਧਮਕੀਆਂ ਨੇ ਉਸ ਨੂੰ ਚਰਚਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਹਦੇ ਕਾਰਨ ਹੀ ਅੰਮ੍ਰਿਤਸਰ ਦੇ ਐਸ.ਐਸ.ਪੀ. ਨੂੰ ਵੀ ਸਰਕਾਰ ਵਲੋਂ ਖਮਿਆਜਾ ਭੁਗਤਨਾ ਪਿਆ ਕਿਉਂਕਿ ਉਹਨੂੰ ਗ੍ਰਿਫ਼ਤਾਰ ਨਾ ਕਰਨ ਤੋਂ ਖਫ਼ਾ ਭਗਵੰਤ ਮਾਨ ਸਰਕਾਰ ਨੇ ਪੁਲਿਸ ਅਧਿਕਾਰੀ ਨੂੰ ਸਸਪੈਂਡ ਕਰ ਦਿੱਤਾ। ਉਸ 'ਤੇ ਕੋਈ ਕੇਸ ਦਰਜ ਸੀ ਜਾਂ ਨਹੀਂ ਇਹ ਦੀ ਪੁਸ਼ਟੀ ਅਜੇ ਤੱਕ ਨਹੀਂ ਹੋਈ। ਆਖਿਰ ਉਹ ਨਤੀਜੇ ਆਉਣ ਪਿਛੋਂ ਪੁਲਿਸ ਨੂੰ ਚਕਮਾ ਦੇ ਕੇ ਨੇਪਾਲ ਰਾਹੀਂ ਹੀ ਵਾਪਸ ਕੈਨੇਡਾ ਪਹੁੰਚ ਗਈ।

ਇਨ੍ਹਾਂ ਜ਼ਿਮਨੀ ਚੋਣਾਂ ਵਿਚ ਪਿੰਡਾਂ ਵਿਚ ਜਿਹੜਾ ਦਹਿਸ਼ਤਜਦਾ ਮਾਹੌਲ ਬਣਿਆ ਉਸ ਨੇ 80ਵਿਆਂ ਦੇ ਦੌਰ ਨੂੰ ਯਾਦ ਕਰਵਾ ਦਿੱਤਾ। ਸੁਖਬੀਰ ਬਾਦਲ ਨੇ ਪਿੰਡਾਂ ਵਿਚ ਧੜੇਬੰਦੀਆਂ ਤੇ ਦੁਸ਼ਮਣੀਆਂ ਨੂੰ ਫਿਰ ਹਵਾ ਦੇ ਕੇ ਸਾਹਮਣੇ ਲਿਆਂਦਾ ਜਿਹੜੀ ਕਿਸਾਨ ਘੋਲ ਪਿਛੋਂ ਮੱਧਮ ਪੈ ਚੁੱਕੀਆਂ ਸਨ ਤੇ ਚੋਣਾਂ ਪਿਛੋਂ ਵੀ ਜਿਹੜੀ ਭਾਸ਼ਾ ਸੁਖਬੀਰ ਬਾਦਲ ਅਤੇ ਵਿਰਸਾ ਸਿੰਘ ਵਲਟੋਹਾ ਸਮੇਤ ਹੋਰ ਅਕਾਲੀ ਬੋਲ ਰਹੇ ਹਨ ਇਹ ਇਸ ਖਤਰਨਾਕ ਵਰਤਾਰੇ ਨੂੰ ਹੋਰ ਉਤੇਜਿਤ ਕਰਨ ਦੀ ਹੀ ਭੂਮਿਕਾ ਨਿਭਾਅ ਰਹੇ ਹਨ। ਦੁੱਧ ਧੋਤੇ ਹਰਮੀਤ ਸੰਧੂ ਦੇ ਹਮਾਇਤੀ ਵੀ ਨਹੀਂ ਸਨ। ਕਾਂਗਰਸ ਦੀ ਬੁੱਕਲ ਵਿਚ ਵੀ ਅਪਰਾਧਿਕ ਅਨਸਰ ਸਨ। ਬੇਸ਼ੱਕ ਕਮਜ਼ੋਰ ਹੀ ਕਿਉਂ ਨਾ ਹੋਣ ਤੇ ਭਾਜਪਾ ਨੇ ਪਹਿਲੀ ਵਾਰ ਤਰਨ ਤਾਰਨ ਦੇ ਪਿੰਡਾਂ ਵਿਚ ਵਿਸ਼ੇਸ਼ ਕਰਕੇ ਮਜ਼ਦੂਰ ਵਿਹੜਿਆਂ ਵਿਚ ਆਪਣਾ ਪੈਰ ਧਰਾਵਾ ਕੀਤਾ। ਜਿਹੜਾ ਕਿਸਾਨਾਂ-ਮਜ਼ਦੂਰਾਂ ਵਿਚ ਲੀਕਾਂ ਖਿੱਚਣ, ਤਕਰਾਰਾਂ, ਟਕਰਾਵਾਂ ਤੇ ਝਗੜਿਆ ਦੀ ਜਮੀਨ ਤਿਆਰ ਕਰੇਗਾ।

ਇਸ ਜ਼ਿਮਨੀ ਚੋਣ ਨੇ ਇਹ ਤੱਥ ਸਾਹਮਣੇ ਲਿਆਂਦਾ ਕਿ ਅਗਲੇਰੀ ਚੋਣਾਂ ਵਿਚ, ਪੈਸਾ, ਭਾਈਬੰਦੀਆਂ, ਰਿਸ਼ਤੇਦਾਰੀ ਹੀ ਨਹੀਂ, ਪੁਲਿਸ ਦੀ ਨਿਸੰਗ ਵਰਤੋਂ ਅਤੇ ਮਾਹੌਲ ਨੂੰ ਦਹਿਸ਼ਤਜ਼ਦਾ ਕਰਨ ਲਈ ਲੰਪਨ ਗਰੋਹਾਂ ਅਤੇ ਗੈਂਗਸਟਰਾਂ ਦੀ ਲੋੜ ਪਹਿਲਾਂ ਨਾਲੋਂ ਕਿਤੇ ਵੱਧ ਗਈ ਹੈ। ਵੋਟਰਾਂ ਤੇ ਵਿਰੋਧੀਆਂ ਨੂੰ ਦਹਿਸ਼ਤਜ਼ਦਾ ਕਰਨ ਲਈ ਹਥਿਆਰਬੰਦ ਲੰਪਟ ਗਰੋਹਾਂ ਤੇ ਪੁਲਿਸ ਦੀ ਖੁੱਲ੍ਹੀ ਵਰਤੋਂ ਜਮਹੂਰੀਅਤ ਤੇ ਨਿਰਪੱਖ ਚੋਣਾਂ ਦੇ ਦਾਅਵਿਆਂ ਦੀ ਵੀ ਫੂਕ ਕੱਢਦੀ ਹੈ। ਜਿਵੇਂ ਹੁਣ ਸਰਕਾਰਾਂ ਚੁਣੀਆਂ ਨਹੀਂ, ਖੋਹੀਆਂ ਜਾਣਗੀਆਂ ਤੇ ਫਿਰ ਪੁਲਿਸ ਤੇ ਗੈਂਗਸਟਰਾਂ ਦੀ ਤਾਕਤ ਜਮਹੂਰੀਅਤ ਸਥਾਪਤ ਕੀਤੀ ਜਾਇਆ ਕਰੇਗੀ।

ਲੋਕਾਂ ਵਲੋਂ ਸਰਕਾਰ ਚੁਣਨ ਦਾ ਅਧਿਕਾਰ ਜਦੋਂ ਦਹਿਸ਼ਤਜ਼ਦਾ ਮਾਹੌਲ ਦੀ ਗ੍ਰਿਫ਼ਤ 'ਚ ਆ ਜਾਵੇ ਤਾਂ ਸਾਧਾਰਨ ਲੋਕਾਂ ਤੇ ਚਿੰਤਕਾਂ ਲਈ ਕਈ ਸਵਾਲ ਖੜ੍ਹੇ ਕਰ ਦਿੰਦਾ ਹੈ। ਉਸ ਵੇਲੇ ਹੋਰ ਵੀ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ ਜਦੋਂ ਲੋਕ ਮਸਲੇ ਗਾਇਬ ਕਰ ਦਿੱਤੇ ਜਾਣ ਤੇ ਚੋਣ ਕਪਟ, ਝੂਠ, ਮਕਾਰੀ, ਦਹਿਸ਼ਤ ਤੇ ਪੈਸੇ ਪੁਲਿਸ ਦੇ ਦਮ ਹੀ ਲੜੀ ਜਾਵੇ ਤਾਂ ਲੋਕ ਹਿਤੈਸ਼ੀ ਤੇ ਜਮਹੂਰੀਅਤ ਚਾਹੁਣ ਵਾਲੀਆਂ ਤਾਕਤਾਂ ਲਈ ਕੋਈ ਥਾਂ ਨਹੀਂ ਬਚਦੀ। ਦੇਸ਼ ਵਿਚ ਪਸਰ ਰਿਹਾ ਇਹ ਵਰਤਾਰਾ ਤੇ ਪੰਜਾਬ ਵਿਚ ਤਰਨ ਤਾਰਨ ਜ਼ਿਮਨੀ ਚੋਣ ਵਿਚ ਕੀਤਾ ਗਿਆ ਇਹ ਪ੍ਰਯੋਗ ਇਕ ਖਤਰਨਾਕ ਰੁਝਾਨ ਹੈ।



ਡਾ. ਬਲਜਿੰਦਰ
94170-79720
singh.drbaljinder@gmail.com

# ਆਸਥਾ, ਲੱਡੂ ਘੁਟਾਲਾ ਤੇ ਮਿਲਾਵਟਖੋਰੀ

ਆਂਧਰਾ ਪ੍ਰਦੇਸ਼ ਦਾ ਸ਼ਹਿਰ ਹੈ- ਤਿਰੂਪਤੀ। ਐਥੇ ਆ ਇੱਕ ਮੰਦਰ- ਸਵਾਮੀ ਵੈਂਕਟੇਸ਼ਵਰ ਮੰਦਰ, ਜਿੱਥੇ ਮੁਲਕ ਭਰ ਤੋਂ ਸ਼ਰਧਾਲੂ ਆਸਥਾ ਮੂਜਬ ਯਾਤਰਾ ਕਰਨ ਨੂੰ ਆਪਣਾ ਧੰਨਭਾਗ ਸਮਝਦੇ ਹਨ। ਇਸ ਮੰਦਰ ਸਮੇਤ ਆਂਧਰਾ ਪ੍ਰਦੇਸ਼ ਦੇ ਹੋਰਨਾਂ ਕਾਫ਼ੀ ਮੰਦਰਾਂ ਦੀ ਸੇਵਾ ਸੰਭਾਲ ਅਤੇ ਪ੍ਰਬੰਧਨ ਲਈ ਸਰਕਾਰ ਦੀ ਨਿਗਰਾਨੀ ਹੇਠ ਇੱਕ ਆਜ਼ਾਦ ਟਰੱਸਟ ਤਿਰੂਮਲਾ ਤਿਰੂਪਤੀ ਦੇਵਾਸਥਾਨਮਜ਼ (ਟੀਟੀਡੀ) ਕਾਇਮ ਕੀਤਾ ਹੋਇਆ ਹੈ। ਪਿਛਲੇ ਸਾਲ ਅਕਤੂਬਰ 'ਚ ਇੱਥੇ ਚੜ੍ਹਾਏ ਜਾਣ ਵਾਲੇ ਪ੍ਰਸਾਦਮ ਰੂਪੀ ਲੱਡੂਆਂ 'ਚ ਮਿਲਾਵਟ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ। ਸੁਪਰੀਮ ਕੋਰਟ ਕੋਲ ਇਹ ਮਾਮਲਾ ਪਹੁੰਚਿਆ, ਕੋਰਟ ਨੇ ਇਸ ਮਸਲੇ 'ਤੇ ਸਿਆਸੀ ਰੋਟੀਆਂ ਸੇਕਣ ਨੂੰ ਗ਼ਲਤ ਕਹਿੰਦਿਆਂ ਇਸ ਮਸਲੇ ਨੂੰ ਸੀਬੀਆਈ ਦੇ ਸਪੁਰਦ ਕਰ ਦਿੱਤਾ। ਅੱਗੋਂ ਸੀਬੀਆਈ ਨੇ ਇਹਦੇ ਲਈ ਇੱਕ ਸਪੈਸ਼ਲ ਜਾਂਚ ਟੀਮ ਯਾਨੀ ਕਿ ਐਸਆਈਟੀ ਦਾ ਗਠਨ ਕੀਤਾ ਸੀ।

ਟੀਮ ਨੇ ਆਪਣੀ ਜਾਂਚ ਕਰਕੇ ਦਿੱਤੀ ਰਿਪੋਰਟ 'ਚ ਕਿਹਾ ਹੈ ਕਿ ਲੱਡੂਆਂ ਵਿੱਚ ਮਿਲਾਵਟ ਦਾ ਇਹ ਘੁਟਾਲਾ ਕੋਈ ਹੁਣ ਦਾ ਤਾਜ਼ਾ ਮਾਮਲਾ ਨਹੀਂ ਹੈ ਬਲਕਿ ਇਹ ਤਾਂ 2019 ਤੋਂ ਹੀ ਚੱਲ ਰਿਹਾ ਹੈ। ਰਿਪੋਰਟ ਨੇ ਇਹ ਵੀ ਦੱਸਿਆ ਹੈ ਕਿ 2019 ਤੋਂ ਲੈ ਕੇ 2024 ਤੱਕ ਦੇ ਪੰਜ ਸਾਲਾਂ ਦੇ ਅਰਸੇ ਦੌਰਾਨ ਇੱਥੇ ਲੱਡੂਆਂ ਨੂੰ ਤਿਆਰ ਕਰਨ ਲਈ ਵਰਤੇ ਜਾਣ ਵਾਲੇ ਦੇਸੀ ਘਿਓ ਦੀ ਥਾਂ 'ਤੇ ਨਕਲੀ ਘਿਓ ਸਪਲਾਈ ਕੀਤਾ ਜਾਂਦਾ ਰਿਹਾ। ਘਿਓਂ ਦੀ ਕੀਤੀ ਗਈ ਰਸਾਇਣਕ ਜਾਂਚ ਦੱਸਦੀ ਹੈ ਕਿ ਇਹ ਜਾਅਲੀ ਘਿਓ ਮੋਨੋਗਲਿਸਰਾਈਡਜ਼, ਡਾਈਗਲਿਸਰਾਈਡਜ਼ ਅਤੇ ਐਸੇਟਿਕ ਏਸਿਡ ਐਸਟਰਜ਼ ਕੈਮੀਕਲਾਂ ਨੂੰ ਮਿਲਾਕੇ ਤਿਆਰ ਕੀਤਾ ਗਿਆ ਪਦਾਰਥ ਸੀ। ਯਾਦ ਰਹਿਣਾ ਚਾਹੀਦਾ ਹੈ ਕਿ ਇਹ ਉਹ ਕੈਮੀਕਲ ਪਦਾਰਥ ਹਨ ਜਿਹੜੇ ਬੇਕਰੀ ਤੇ ਡੇਅਰੀ ਪਦਾਰਥਾਂ ਨੂੰ ਚਿਕਣਾ ਬਣਾਉਣ ਅਤੇ ਉਹਨਾਂ ਦੀ ਸ਼ੈਲਫ ਲਾਈਫ ਯਾਨੀ ਕਿ ਖ਼ਰਾਬ ਹੋਣ ਦੀ ਮਿਆਦ(ਬੈੱਸਟ ਬਿਫੋਰ) ਵਧਾਉਣ ਲਈ ਵਰਤੋਂ 'ਚ ਲਿਆਂਦੇ ਜਾਂਦੇ ਹਨ।

ਪੰਜ ਸਾਲਾਂ ਦੇ ਇਸ ਅਰਸੇ ਦੌਰਾਨ ਘਿਓ ਦੀ ਸਪਲਾਈ ਦਾ ਠੇਕਾ ਉੱਤਰਾਖੰਡ ਦੇ ਭਗਵਾਨਪੁਰਾ ਸਥਿਤ ਡੇਅਰੀ ਭੋਲੇ ਬਾਬਾ ਆਰਗੈਨਿਕ ਡੇਅਰੀ ਨੂੰ ਦਿੱਤਾ ਗਿਆ ਸੀ। ਹੋਰ ਡੂੰਘੀ ਛਾਣਬੀਣ ਤੋਂ ਪਤਾ ਲੱਗਾ ਹੈ ਕਿ ਇਸ ਡੇਅਰੀ ਨੇ ਇਸ ਅਰਸੇ ਦੌਰਾਨ ਘਿਓ, ਮਖਣੀ ਜਾਂ ਦੁੱਧ ਵਰਗੀ ਕਿਸੇ ਵਸਤ ਦੀ ਕੋਈ ਖ਼ਰੀਦੋ ਫਰੋਖਤ ਹੀ ਨਹੀਂ ਕੀਤੀ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਵੱਲੋਂ ਸਪਲਾਈ ਕੀਤੇ ਗਏ 250 ਕਰੋੜ ਰੁਪੈ ਦੀ ਕੀਮਤ ਦੇ 68 ਲੱਖ ਕਿਲੋ ਜਾਅਲੀ ਘਿਓ ਨੇ ਮੰਦਰ ਦੇ ਲੱਡੂ ਵੱਟੇ। ਇਸ ਘੁਟਾਲੇ 'ਚ ਗ੍ਰਿਫ਼ਤਾਰ ਕੀਤੇ ਗਏ ਅਜੇ ਕੁਮਾਰ ਸੁਗੰਧ ਨੇ ਖੁਲਾਸਾ ਕੀਤਾ ਕਿ ਉਹਨੇ ਕਈ ਸਾਲਾਂ ਤੱਕ ਉਪਰੋਕਤ ਰਸਾਇਣਾਂ ਦੀ ਸਪਲਾਈ ਇਸ ਡੇਅਰੀ ਦੇ ਡਾਇਰੈਕਟਰਾਂ ਪੋਮਿਲ ਜੈਨ ਅਤੇ ਵਿਪਿਨ ਜੈਨ ਨੂੰ ਕੀਤੀ ਜਿਨ੍ਹਾਂ ਨੇ ਇਹਨਾਂ ਨੂੰ ਮਿਲਾਕੇ ਇਹ ਜਾਅਲੀ ਦੇਸੀ ਘਿਓ ਤਿਆਰ ਕੀਤਾ। ਐਨਾ ਹੀ ਨਹੀਂ ਉਹਨਾਂ ਨੇ ਜਾਅਲੀ ਲੇਬਲ ਲਾਕੇ ਘਿਓ ਸਪਲਾਈ ਕੀਤਾ ਅਤੇ ਦੁੱਧ ਖ ?ਰੀਦ ਦੇ ਝੂਠੇ ਰਿਕਾਰਡ ਵੀ ਤਿਆਰ ਕੀਤੇ।

ਗੱਲ ਐਥੇ ਹੀ ਨਹੀਂ ਮੁੱਕ ਜਾਂਦੀ, ਜਦੋਂ 2022 'ਚ ਇਸ ਡੇਅਰੀ ਨੂੰ ਬਲੈਕਲਿਸਟ ਕਰ ਦਿੱਤਾ ਗਿਆ ਤਾਂ ਉਨ੍ਹਾਂ ਨੇ ਵੈਸ਼ਨਵੀ ਡੇਅਰੀ (ਤਿਰੂਪਤੀ), ਮਾਲ ਗੰਗਾ ਡੇਅਰੀ(ਉੱਤਰ ਪ੍ਰਦੇਸ਼) ਅਤੇ ਏਆਰ ਡੈਅਰੀ(ਤਾਮਿਲਨਾਡ) ਦੇ ਨਾਮ ਹੇਠ ਘਿਓ ਤਿਆਰ ਕਰਨ ਵਾਲੇ ਨਵੇਂ ਅਦਾਰੇ ਰਜਿਸਟਰ ਕਰਵਾਕੇ ਮੰਦਰ ਨੂੰ ਨਕਲੀ ਘਿਓ ਦੀ ਸਪਲਾਈ 'ਚ ਕੋਈ ਵਿਘਣ ਨਹੀਂ ਪੈਣ ਦਿੱਤਾ।



ਇਹ ਵੀ ਪਤਾ ਲੱਗਿਆ ਹੈ ਕਿ ਜਦੋਂ 2023 'ਚ ਗੰਗਾ ਡੇਅਰੀ ਵੱਲੋਂ ਸਪਲਾਈ ਕੀਤੇ ਘਿਓ ਦੇ ਸੈਂਪਲ ਜਾਅਲੀ ਘਿਓ ਦੇ ਪਾਏ ਗਏ ਅਤੇ ਗੰਗਾ ਡੇਅਰੀ ਨੂੰ ਬਲੈਕਲਿਸਟ ਕਰ ਦਿੱਤਾ ਗਿਆ ਅਤੇ ਮੰਦਰ ਨੂੰ ਪਸ਼ੂਆਂ ਦੀ ਚਰਬੀ ਨੂੰ ਮਿਲਾਕੇ ਬਣਾਏ ਗਏ ਘਿਓ ਨੂੰ ਸਪਲਾਈ ਕਰਨ ਵਾਲੇ ਚਾਰ ਟੈਂਕਰਾਂ ਨੂੰ ਵਾਪਸ ਮੋੜ ਦਿੱਤਾ ਗਿਆ ਤਾਂ ਡੇਅਰੀ ਪ੍ਰਬੰਧਕਾਂ ਨੇ ਘਿਓ ਦੇ ਟੀਨਾਂ ਤੋਂ ਪੁਰਾਣੇ ਲੇਬਲ ਉਤਾਰਕੇ ਨਵੇਂ ਲੇਬਲ ਚਿਪਾਕਾਕੇ ਉਹੀ ਘਿਓ ਮੰਦਰ ਨੂੰ ਮੁੜ ਸਪਲਾਈ ਕਰ ਦਿੱਤਾ। ਐਫਐਸਐਸਏਆਈ ਤੇ ਸੀਬੀਆਈ ਦੀ ਟੀਮ ਜਦੋਂ ਤਾਮਿਲਨਾਡ ਸਥਿਤ ਉਸ ਡੇਅਰੀ ਕੰਪਲੈਕਸ ਪਹੁੰਚੀ ਤਾਂ ਪਤਾ ਲੱਗਿਆ ਕਿ ਵਾਪਸ ਮੋੜੇ ਗਏ ਟੈਂਕਰਾਂ ਨੂੰ ਡੇਅਰੀ ''ਚ ਲਿਜਾਣ ਦੀ ਬਜਾਏ ਡੇਅਰੀ ਦੇ ਨੇੜੇ ਹੀ ਸਥਿਤ ਇੱਕ ਸਟੋਨ ਕਰੱਸ਼ਰ ਯੂਨਿਟ 'ਚ ਲਿਜਾਕੇ ਨਕਲੀ ਘਿਓ ਦੇ ਟੀਨਾਂ 'ਤੇ ਨਵੇਂ ਲੇਬਲ ਚੇਪਕੇ ਮੁੜ ਤੋਂ ਟੀਟੀਡੀ ਨੂੰ ਭੇਜ ਦਿੱਤਾ ਗਿਆ ਸੀ।

ਇਹ ਜਾਣਨਾ ਵੀ ਜਰੂਰੀ ਹੈ ਕਿ ਇਸ ਮੰਦਰ ਦੇ ਦਰਸ਼ਨਾਂ ਲਈ ਹਰ ਰੋਜ਼ 60,000 ਸ਼ਰਧਾਲੂ ਪਹੁੰਚਦੇ ਹਨ, ਭਾਵ ਸਾਲ ਭਰ 'ਚ 2 ਕਰੋੜ 40 ਲੱਖ ਲੋਕ ਅਤੇ ਸਾਲ ਮਗਰੋਂ ਹੋਣ ਵਾਲੇ ਬ੍ਰਹਮੋਤਸਵਾਂ ਮੌਕੇ ਜਾਂ ਫਿਰ ਛੁੱਟੀਆਂ ਵਾਲੇ ਦਿਨਾਂ 'ਚ ਤਾਂ ਰੋਜ਼ ਦੀ 60 ਹਜ਼ਾਰ ਵਾਲੀ ਇਹ ਗਿਣਤੀ ਇੱਕ ਲੱਖ ਨੂੰ ਵੀ ਟੱਪ ਜਾਂਦੀ ਹੈ। ਗਿਣਤੀ ਇਸ ਲਈ ਦਿੱਤੀ ਗਈ ਹੈ ਕਿ ਆਸਥਾ ਦੇ ਇਸ ਸਥਾਨ ਦੀ ਮਕਬੂਲੀਅਤ ਦਾ ਅੰਦਾਜ਼ਾ ਹੋ ਸਕੇ।

ਗੱਲ ਇਕੱਲੇ ਘੁਟਾਲੇ ਦੀ ਨਹੀਂ ਹੈ। ਇਹ ਵੀ ਜ਼ਿਕਰਯੋਗ ਹੈ ਕਿ ਸ਼ਰਧਾ ਸਥੱਲ ਹੋਣ ਕਰਕੇ ਆਮ ਸਪਲਾਈ ਚੇਨ ਵਾਂਗ ਇੱਥੇ ਕਿਸੇ ਵੀ ਹੋਰ ਆਸਥਾ ਨਾਲ ਸਬੰਧਤ ਵਿਅਕਤੀ ਇਸ ਮੰਦਰ ਲਈ ਸਪਲਾਈ ਕਰਨ ਦਾ ਹੱਕ ਨਹੀ ਰੱਖਦਾ। ਸਿਰਫ ਇੱਕ ਹਿੰਦੂ ਧਰਮ ਨਾਲ ਤੁਅੱਲਕ ਰੱਖਣ ਵਾਲੇ ਵਿਅਕਤੀ ਹੀ ਇੱਥੇ ਰਸਦ ਆਦਿ ਸਪਲਾਈ ਕਰ ਸਕਦੇ ਹਨ। ਅਤੇ ਇਓਂ ਗੱਲ ਉਹਨਾਂ ਉਸੇ ਧਰਮ ਦੇ ਪੈਰੋਕਾਰ ਵਿਅਕਤੀਆਂ ਵੱਲੋਂ ਹੀ ਆਮ ਭੋਲੇ ਭਾਲੇ ਲੋਕਾਂ ਦੀ ਆਸਥਾ/ਸ਼ਰਧਾ ਭਾਵਨਾ ਨਾਲ ਖਿਲਵਾੜ੍ਹ ਕਰਨ ਦੀ ਹੈ ਅਤੇ ਆਸਥਾ ਨੂੰ ਆਪਣੀ ਮੋਟੀ ਕਮਾਈ ਦਾ ਸਾਧਨ ਬਣਾਉਣ ਦੀ ਵੀ ਹੈ। ਇਓਂ ਲੋਕਾਂ ਦੀ ਸ਼ਰਧਾ ਭਾਵਨਾ ਨਾਲ ਖਿਲਵਾੜ ਕਰਨਾ, ਉਨ੍ਹਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਧਾਰਮਕ ਬੇਅਦਬੀ ਕਰਨ ਵਾਲੇ ਜ਼ੁਰਮ ਦੀ ਸ਼੍ਰੇਣੀ 'ਚ ਆਉਂਦਾ ਹੈ। ਜਿਸ ਲਈ ਭਾਰਤੀ ਹਕੂਮਤ ਨੇ 295 ਏ ਨਾਮਕ ਕਾਨੂੰਨ ਲਾਗੂ ਕੀਤਾ ਹੋਇਆ ਹੈ।

ਮੋਦੀ ਦੀ ਅਗਵਾਈ ਹੇਠਲੀ ਕੇਂਦਰੀ ਹਕੂਮਤ ਨੇ ਪਿਛਲੇ ਬਾਰਾਂ ਸਾਲਾਂ ਦੇ ਅਰਸੇ ਦੌਰਾਨ ਅਤੇ ਖ਼ਾਸਕਰ ਪਿਛਲੇ ਸਾਲ ਰਾਮ ਮੰਦਰ ਦੀ ਉਸਾਰੀ ਵੇਲੇ ਲੋਕਾਂ ਵੱਲੋਂ ਸਰਕਾਰ ਦੇ ਇਸ ਕਦਮ ਨੂੰ ਵਿਗਿਆਨਕ ਵਿਚਾਰਧਾਰਾ ਦਾ ਪ੍ਰਚਾਰ ਪਸਾਰ ਕਰਨ ਦੇ ਸੰਵਿਧਾਨਕ ਫਰਜ਼ ਦੀ ਯਾਦ ਦੁਆਉਂਦੀਆਂ ਸੋਸ਼ਲ ਮੀਡੀਆ 'ਤੇ ਕੀਤੀਆਂ ਟਿੱਪਣੀਆਂ ਤੋਂ ਔਖੇ ਹੋਕੇ ਮੁਲਕ ਭਰ ਅੰਦਰ ਹੀ ਅਨੇਕਾਂ ਵਿਅਕਤੀਆਂ ਖ਼ਿਲਾਫ਼ ਧਾਰਮਕ ਬੇਅਦਬੀ ਦੇ ਕਾਨੂੰਨ ਤਹਿਤ ਮਾਮਲੇ ਦਰਜ ਕੀਤੇ ਗਏ ਸਨ। ਜਦਕਿ ਉਹ ਸਾਰੇ ਮਾਮਲੇ ਸਰਕਾਰ ਦੀ ਸੰਵਿਧਾਨ ਪ੍ਰਤੀ ਜਵਾਬਦੇਹੀ ਨੂੰ ਲੈ ਕੇ ਲੋਕਾਂ ਨੇ ਉਠਾਏ ਸਨ। ਪਰ ਐਥੇ ਤਾਂ ਮਾਮਲਾ ਸਿੱਧਾ ਹੀ ਲੋਕਾਂ ਦੀ ਆਸਥਾ ਨੂੰ ਠੇਸ ਪਹੁੰਚਾਉਣ ਦਾ ਬਣਦਾ ਹੈ, ਉਹਨਾਂ ਨੂੰ ਗਊ ਚਰਬੀ ਵਰਗੇ ਧਾਰਮਕ ਤੌਰ 'ਤੇ ਵਰਜਿਤ ਪਦਾਰਥ ਉਹਨਾਂ ਦੇ ਸੰਘੀਂ ਧੱਕਣ ਦਾ ਹੈ। ਸਬੰਧਤ ਵਿਅਕਤੀਆਂ ਨੂੰ ਚਾਹੇ ਗ੍ਰਿਫ਼ਤਾਰ ਤਾਂ ਕਰ ਲਿਆ ਗਿਆ ਹੈ ਪਰ ਉਹਨਾਂ ਖਿਲਾਫ਼ ਧਾਰਮਿਕ ਬੇਅਦਬੀ ਦੀਆਂ ਧਾਰਾਵਾਂ ਆਇਦ ਨਹੀਂ ਕੀਤੀਆਂ ਗਈਆਂ। ਅਤੇ ਨਾਲ ਹੀ ਇਹ ਵੀ ਕੋਈ ਘੱਟ ਅਹਿਮ ਨਹੀਂ ਹੈ ਕਿ ਇਹ ਸਥਾਨ ਤੇ ਹੋਰ ਮੰਦਰ ਇੱਕ ਸਰਕਾਰੀ ਟਰੱਸਟ ਦੇ ਅਧੀਨ ਹਨ ਅਤੇ ਆਈਏਐੱਸ ਜਾਂ ਸੂਬਾਈ ਕਾਡਰ ਦਾ ਪ੍ਰਸ਼ਾਸ਼ਨਿਕ ਅਧਿਕਾਰੀ ਇਹਦਾ ਮੁੱਖ ਪ੍ਰਬੰਧਕ ਹੁੰਦਾ ਹੈ। ਤਾਂ ਮੰਦਰ ਦਾ ਪੂਰਾ ਦਾਰੋਮਦਾਰ ਉਹਦੀ ਹੀ ਨਿਗਰਾਨੀ ਹੇਠ ਹੁੰਦਾ ਹੈ। ਅਜਿਹੀ ਹਾਲਤ 'ਚ ਉਸ ਖਿਲਾਫ਼ ਵੀ ਧਾਰਮਕ ਬੇਅਦਬੀ ਦਾ ਮਾਮਲਾ ਦਾਇਰ ਕਰਨਾ ਬਣਦਾ ਹੈ।

ਇੱਕ ਹੋਰ ਵਰਤਾਰਾ ਵੀ ਦੇਖਣ ਵਾਲਾ ਹੈ ਕਿ ਆਸਥਾ ਤੇ ਵਪਾਰ ਦੀ ਜੋਟੀ ਮੋਦੀ ਹਕੂਮਤ ਦੇ ਪਿਛਲੇ ਬਾਰਾਂ ਸਾਲਾਂ ਦੇ ਰਾਜਭਾਗ ਦੌਰਾਨ ਹੋਰ ਪੱਕੀ ਹੋਈ ਹੈ। ਇਸ ਅਰਸੇ ਦੌਰਾਨ ਧਾਰਮਕ ਬਾਬਿਆਂ ਨੇ ਆਪੋ ਆਪਣੇ ਵਪਾਰਕ ਸਾਮਰਾਜ ਉਸਾਰੇ ਹਨ। ਮਾਮਲਾ ਚਾਹੇ ਰਾਮਦੇਵ ਦਾ ਹੋਵੇ, ਸ੍ਰੀਸ੍ਰੀ ਰਵੀ ਸ਼ੰਕਰ ਜਾਂ ਫਿਰ ਬਾਪੂ ਆਸਾ ਰਾਮ, ਦਿੱਵਿਆ ਜਯੋਤੀ ਸੰਸਥਾਨ ਜਾਂ ਅਜਿਹੇ ਹੀ ਹੋਰਾਂ ਦਾ ਹੋਵੇ। ਧਰਮ ਦੀ ਪੁਸ਼ਤਪਨਾਹੀ ਹੇਠ ਆਪਣੇ ਨਿੱਜੀ ਐਂਪਾਇਰ ਉਸਾਰਣ ਦਾ ਸਿਲਸਿਲਾ ਜਾਰੀ ਹੈ।

**ਦੁੱਧ ਨਹੀਂ ਜ਼ਹਿਰ ਪੀਤਾ ਹੈ ਇੰਡੀਆ**

ਸਾਡੇ ਮੁਲਕ ਦੇ ਵੱਡੀ ਗਿਣਤੀ ਵਾਲੇ ਲੋਕ ਵੈਸ਼ਨੂੰ ਭੋਜਨ ਖਾਣ ਨੂੰ ਤਰਜੀਹ ਦਿੰਦੇ ਹਨ। ਇਸ ਹਾਲਤ ''ਚ ਉਹਨਾਂ ਦੀ ਖੁਰਾਕ ਦਾ ਮੁੱਖ ਤੱਤ ਦੁੱਧ ਤੇ ਦੁੱਧ ਤੋਂ ਬਣੇ ਉਤਪਾਦ- ਪਨੀਰ, ਦਹੀ, ਖੋਆ, ਘਿਓ ਆਦਿ ਬਣਦੇ ਹਨ। ਅਜਿਹੀ ਹਾਲਤ 'ਚ ਜਾਅਲੀ ਘਿਓ ਦੀ ਸਪਲਾਈ ਨੂੰ ਮੰਦਰ ਤੱਕ ਹੀ ਸੀਮਤ ਕਰਕੇ ਦੇਖਣਾ ਕਾਫ਼ੀ ਨਹੀਂ ਹੈ।

ਦੁੱਧ ਤੇ ਦੁੱਧ ਤੋਂ ਬਣੇ ਉਤਪਾਦ ਵੇਚਣ ਵਾਲੀ ਮੁਲਕ ਦੀ ਸੱਭ ਤੋਂ ਵੱਡੀ ਸਹਿਕਾਰੀ ਕੰਪਨੀ ਅਮੂਲ ਨੇ ਆਪਣੀ ਇੱਕ ਮਸ਼ਹੂਰੀ 'ਚ ਇਹ ਸੁਨੇਹਾ ਦਿੱਤਾ ਸੀ- "ਅਮੂਲ ਦੂਧ ਪੀਤਾ ਹੈ ਇੰਡੀਆ। ਪਰ ਅੱਜ ਦੇ ਸਮੇਂ ਨੂੰ ਦੇਖਦਿਆਂ ਇਹਦੇ 'ਚ ਸੋਧ ਕਰਕੇ ਇਹ ਕਹਿਣਾ ਬਣਦਾ ਹੈ ਕਿ ਦੂਧ ਨਹੀਂ ਜ਼ਹਿਰ ਪੀਤਾ ਹੈ ਇੰਡੀਆ। ਕਿਓਂਕਿ ਮਿਲਾਵਟ ਤੇ ਨਕਲੀ ਘਿਓ, ਦੁੱਧ ਆਦਿ ਬਣਾਉਣ ਤੇ ਵੇਚਣ ਦਾ ਮਾਮਲਾ ਸਿਰਫ ਇਸ ਮਕਬੂਲ ਮੰਦਰ ਤੱਕ ਸੀਮਤ ਨਹੀਂ ਹੈ। ਬਲਕਿ ਇਸ ਨਾਮੁਰਾਦ ਅਲਾਮਤ ਨੇ ਸਮੁੱਚੇ ਮੁਲਕ ਨੂੰ ਹੀ ਆਪਣੀ ਗ੍ਰਿਫ਼ਤ 'ਚ ਜਕੜ ਰੱਖਿਆ ਹੈ। ਇੱਕ ਰਿਪੋਰਟ ਅਨੁਸਾਰ ਮੁਲਕ ਅੰਦਰ ਦੁੱਧ ਦਾ ਕੁੱਲ ਸਾਲਾਨਾ ਉਤਪਾਦਨ 170 ਮਿਲਿਅਨ ਟਨ ਹੈ ਜਦਕਿ ਸਾਲਾਨਾ ਖਪਤ 640 ਮਿਲੀਅਨ ਟਨ ਹੈ। ਯਾਨੀ ਕਿ 6 ਗੁਣਾਂ ਵੱਧ। ਤਾਂ ਸੁਆਲ ਖੜ੍ਹਾ ਹੁੰਦਾ ਹੈ ਕਿ ਸਪਲਾਈ ਤੇ ਮੰਗ ਦਰਮਿਆਨ ਐਡਾ ਪਾੜਾ ਕਿੱਥੋਂ ਪੂਰਾ ਕੀਤਾ ਜਾਂਦਾ ਹੈ?

ਹਰ ਸਾਲ ਦੀਵਾਲੀ ਦੇ ਤਿਓਹਾਰ ਮੌਕੇ ਮੁਲਕ ਦੇ ਹਰ ਛੋਟੇ ਵੱਡੇ ਸ਼ਹਿਰ 'ਚ ਸਰਕਾਰੀ ਮਹਿਕਮਿਆਂ ਵੱਲੋਂ ਛਾਪਾਮਾਰੀ ਕਰਕੇ ਲੱਖਾਂ ਟਨ ਨਕਲੀ ਖੋਆ ਬਰਾਮਦ ਕੀਤਾ ਜਾਂਦਾ ਹੈ, ਇਹ ਕਿੱਥੋਂ ਆਉਂਦਾ ਹੈ? ਅਤੇ ਨਕਲੀ ਦੁੱਧ ਦੀ ਤਾਂ ਗੱਲ ਹੀ ਛੱਡੋ, ਹਰ ਇਨਸਾਨ ਨੂੰ ਸਵੇਰੇ ਉੱਠਦੇ ਨੂੰ ਹੀ ਇਹ ਖਤਰਾ ਸਤਾ ਰਿਹਾ ਹੁੰਦਾ ਹੈ ਕਿ ਕੀ ਅੱਜ ਉਹਨੂੰ ਖਾਲਸ ਦੁੱਧ ਦੀ ਸਪਲਾਈ ਹੋਵੇਗੀ? ਸਾਲ 2018 ਦੀ ਇੱਕ ਰਿਪੋਰਟ ਮੁਤਾਬਕ ਪਸ਼ੂ ਵੈਲਫੇਅਰ ਬੋਰਡ ਆਫ ਇੰਡੀਆ ਦੇ ਮੈਂਬਰ ਮੋਹਣ ਸਿੰਘ ਆਹਲੂਵਾਲੀਆ ਮੁਤਾਬਕ ਮੁਲਕ ਅੰਦਰ ਵਿੱਕਰੀ ਲਈ ਆਉਣ ਵਾਲੇ ਦੁੱਧ ਅਤੇ ਇਹਦੇ ਤੋਂ ਬਣਨ ਵਾਲੇ ਉਤਪਾਦਾਂ ਦਾ 68% ਹਿੱਸਾ ਨਕਲੀ/ਜਾਅਲੀ/ਜ਼ਹਿਰੀ ਹੈ। ਉਹਨਾਂ ਮੁਤਾਬਕ ਸੱਭ ਤੋਂ ਵੱਧ ਮਿਲਾਵਟ ਡਿਟਰਜੈਂਟ, ਕਾਸਟਿਕ ਸੋਡਾ, ਗਲੂਕੋਜ਼, ਚਿੱਟੇ ਰੰਗ ਤੇ ਰਿਫਾਈਂਡ ਤੇਲ ਦੇ ਰੂਪ 'ਚ ਕੀਤੀ ਜਾਂਦੀ ਹੈ। ਅਜਿਹੇ ਮਿਲਾਵਟੀ ਪਦਾਰਥਾਂ ਤੋਂ ਮਿਲਕੇ ਬਣੇ ਦੁੱਧ ਉਤਪਾਦਾਂ ਨੂੰ ਖਾਣ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ 2025 ਤੱਕ ਭਾਰਤ ਦੀ 87% ਆਬਾਦੀ ਨੂੰ ਕੈਂਸਰ ਦਾ ਖ਼ਤਰਾ ਬਣਿਆ ਹੋਇਆ ਹੈ।

ਸਾਡੇ ਵਰਗੇ ਮੁਲਕਾਂ ਅੰਦਰ ਜਿੱਥੇ ਕਿਸੇ ਮਨੁੱਖ ਦੀ ਜ਼ਿੰਦਗੀ ਦੀ ਕੋਈ ਵੀ ਕੀਮਤ ਨਹੀਂ ਹੈ। ਹੋਰਨਾਂ ਵਸਤਾਂ ਅੰਦਰ ਮਿਲਾਵਟ ਕਰਨਾ ਨਕਲੀ/ਜਾਅਲੀ ਵਸਤਾਂ ਦਾ ਬਾਜਾਰ ਅੰਦਰ ਸ਼ਰ੍ਹੇਆਮ ਵਿੱਕਰੀ ਲਈ ਮੌਜੂਦ ਹੋਣ ਵਾਂਗ ਖਾਣ ਪੀਣ ਵਾਲੀਆਂ ਵਸਤਾਂ ਅੰਦਰ ਮਿਲਾਵਟਖੋਰੀ ਇੱਕ ਪੂਰਾ ਸੂਰਾ ਧੰਦਾ ਬਣ ਚੁੱਕਿਆ ਹੈ। ਲੋਕਾਂ ਦੀ ਸਿਹਤ ਨਾਲ ਖੇਡਣ ਦੇ ਨਾਲ ਨਾਲ ਇਹ ਮੁਲਕ ਅੰਦਰਲੀਆਂ ਖਰੀਆਂ ਵਸਤਾਂ ਸਪਲਾਈ ਕਰਨ ਵਾਲਿਆਂ ਲਈ ਵੀ ਬਹੁਤ ਵੱਡਾ ਚੈਲੈਂਜ ਹੈ। ਮਿਲਾਵਟ ਵਾਲੀਆਂ ਵਸਤਾਂ ਵੇਚਣ ਵਾਲੇ ਸਾਮਰਾਜੀ ਕਾਰਪੋਰੇਟਾਂ ਦੀਆਂ ਮਹਿੰਗੀਆਂ ਵਸਤਾਂ ਲਈ ਬਾਜ਼ਾਰ ਮੁਹੱਈਆ ਕਰਦੇ ਹਨ। ਸਾਡੇ ਮੁਲਕ ਦੀ ਆਜ਼ਾਦਾਨਾ ਸਨਅਤੀ ਤਰੱਕੀ ਨੂੰ ਬੰਨ੍ਹ ਮਾਰਦੇ ਹਨ। ਜਿਵੇਂ ਪਹਿਲਾਂ ਪਾਣੀ ਨੂੰ ਪ੍ਰਦੂਸ਼ਤ ਕਰਕੇ ਬਾਅਦ 'ਚ ਘਰ-ਘਰ ਆਰਓ ਲਗਵਾਉਣ ਦੀ ਮੁਨਿਆਦੀ ਤੇ ਵਿੱਕਰੀ, ਹੁਣ ਇੱਕ ਨਵਾਂ ਸ਼ਗੂਫਾ- ਅਲਕਾਲਾਈਨ ਪਾਣੀ ਨੂੰ ਹਰ ਮਰਜ਼ ਦੀ ਦਾਰੂ ਪ੍ਰਚਾਰਕੇ ਸਾਮਾਰਾਜੀ ਕੰਪਨੀਆਂ ਲਈ ਮੰਡੀ ਤਿਆਰ ਕਰਨਾ ਹੈ। ਲੋਕਾਂ ਦੀ ਸਰਗਰਮ ਲਾਮਬੰਦੀ, ਲੋਕਪੱਖੀ ਹਕੂਮਤ ਤੇ ਆਵਾਮ ਦੀ ਜਾਗਰੂਕਤਾ ਹੀ ਅਜਿਹੇ ਮਿਲਾਵਟਖੋਰ ਵਰਤਾਰਿਆਂ ਨੂੰ ਸਿੱਕੇਬੱਧ ਰੂਪ 'ਚ ਬੰਨ੍ਹ ਮਾਰਨ ਦੇ ਕਾਬਲ ਹੋ ਸਕਦੀ ਹੈ।


# ਭਾਰਤੀ ਸੁਰੱਖਿਆ ਏਜੰਸੀਆਂ ਅਤੇ ਬਿਨਾਂ ਗੁਨਾਹ ਸਜ਼ਾਵਾਂ ਦੀ ਦਾਸਤਾਨ

ਮਨੀਸ਼ ਆਜ਼ਾਦ

ਭਾਰਤ ਦੀ ਸੁਰੱਖਿਆ ਏਜੰਸੀਆਂ ਨੇ ਕਿਸੇ ਵੀ ਜਟਿਲ ਕੇਸ ਨੂੰ ਹੱਲ ਕਰਨ ਦਾ ਸਭ ਤੋਂ ਸੌਖਾ ਢੰਗ ਇਹ ਅਪਣਾਇਆ ਹੋਇਆ ਹੈ ਕਿ ਕਿਸੇ ਵੀ ਬੇਗੁਨਾਹ ਨੂੰ ਗ੍ਰਿਫ਼ਤਾਰ ਕਰੋ, ਉਸ ਨੂੰ ਪੁੱਠਾ ਲਟਕਾਓ, ਉਸਦੇ ਲਿੰਗ ਵਿਚ ਬਿਜਲੀ ਦੇ ਝਟਕੇ ਦਿਓ, ਉਸਦੇ ਬਾਪ ਨੂੰ ਲਿਆਕੇ ਉਸਦੇ ਸਾਹਮਣੇ ਨੰਗਾ ਕਰੋ, ਉਸਦੀ ਭੈਣ ਨੂੰ ਉਸਦੇ ਸਾਹਮਣੇ ਲਿਆ ਕੇ ਬਲਾਤਕਾਰ ਕਰਨ ਦੀ ਧਮਕੀ ਦਿਓ। ਅਤੇ ਇਸ ਤੋਂ ਬਾਅਦ ਉਸ ਤੋਂ ਇਹ ਲਿਖਵਾ ਲਓ ਕਿ ਫਲਾਣਾ ਬੰਬ ਧਮਾਕਾ ਉਸਨੇ ਕੀਤਾ ਸੀ। ਅਦਾਲਤ ਵਿੱਚ ਫ਼ਰਜ਼ੀ ਗਵਾਹ ਪੇਸ਼ ਕਰਕੇ ਉਸ ਤੋਂ ਇਹ ਕਹਾ ਦਿਓ ਕਿ ਉਸਨੇ ਉਸਨੂੰ ਬੰਬ ਰੱਖਦੇ ਦੇਖਿਆ ਹੈ। ਅਤੇ ਜੇਕਰ ਉਹ ਬੇਗੁਨਾਹ ਵਿਅਕਤੀ ਮੁਸਲਮਾਨ ਹੋਇਆ ਤਾਂ ਸੁਰੱਖਿਆ ਏਜੰਸੀਆਂ 'ਤੇ ਕੋਈ ਸਵਾਲ ਵੀ ਨਹੀਂ ਉਠਾਏਗਾ। ਬਾਕੀ ਦੇ ਕੰਮ ਲਈ ਤਾਂ ਮੀਡੀਆ ਹੈ ਹੀ। ਜੀ ਹਾਂ, ਠੀਕ ਅਜਿਹਾ ਹੀ ਹੋਇਆ ਏਹਤੇਸ਼ਾਮ ਸਿਦੀਕੀ ਨਾਲ। ਉਸ ਨੂੰ ਮੁੰਬਈ ਬੰਬ ਧਮਾਕਿਆਂ ਵਿੱਚ ਇੰਝ ਹੀ ਫਸਾਇਆ ਗਿਆ। ਹੇਠਲੀ ਅਦਾਲਤ ਨੇ ਉਸਨੂੰ ਮੌਤ ਦੀ ਸਜ਼ਾ ਸੁਣਾਈ। ਅਤੇ ਹਾਈ ਕੋਰਟ ਨੇ ਉਸ ਨੂੰ ਅਤੇ ਹੋਰਾਂ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਪਰ ਉਦੋਂ ਤੱਕ ਏਹਤੇਸ਼ਾਮ ਸਿਦੀਕੀ 18 ਸਾਲ ਜੇਲ੍ਹ ਵਿਚਲੇ "ਅੰਡਾ ਸੈੱਲ" ਵਿੱਚ ਗੁਜ਼ਾਰ ਚੁੱਕਾ ਸੀ। ਏਹਤੇਸ਼ਾਮ ਸਿਦੀਕੀ ਨੇ ਆਪਣੇ ਉੱਪਰ ਝੱਲੇ ਇਨ੍ਹਾਂ ਤਸੀਹਿਆਂ ਨੂੰ ਆਪਣੀ ਜੇਲ੍ਹ ਡਾਇਰੀ 'ਹਾਰਰ ਸਾਗਾ' ਵਿੱਚ ਕਲਮਬੱਧ ਕੀਤਾ ਹੈ। ਇਸ ਜੇਲ੍ਹ ਡਾਇਰੀ ਦੀ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਇਹ ਕਵਿਤਾ ਦੇ ਰੂਪ ਵਿੱਚ ਲਿਖੀ ਗਈ ਹੈ। ਪਰ ਇਹ ਕਵਿਤਾ ਤੁਹਾਨੂੰ ਸਕੂਨ ਨਹੀਂ ਪਹੁੰਚਾਏਗੀ, ਬਲਕਿ ਤੁਹਾਨੂੰ ਬੇਚੈਨ ਕਰੇਗੀ ਕਿ ਅਸੀਂ ਕਿਸ ਤਰ੍ਹਾਂ ਦੇ ਲੋਕਤੰਤਰੀ ਸਮਾਜ ਵਿੱਚ ਰਹਿ ਰਹੇ ਹਾਂ, ਜਿੱਥੇ ਵਿਖਾਉਣ ਵਾਲੇ ਅਤੇ ਖਾਣ ਵਾਲੇ ਦੰਦ ਬਿਲਕੁਲ ਵੱਖ ਵੱਖ ਹਨ।



Torture position 2 of 5, How Ehtesham Qutub was tortured during ATS custody?
These sketches by Yusuf are based on the description provided by the victim.
Ehtesham Qutub's story appeared in 1-15 October 2010 issue of The Milli Gazette. www.milligazette.com



# ਕਾਮਿਆਂ ਦੀ ਲੁੱਟ ਅਤੇ ਧਾਰਮਿਕ ਠੇਕੇਦਾਰ

ਗੁਰਮੇਲ ਗਿੱਲ
+91 98886 02191
gillgs2007@gmail.com

ਆਦਿ ਮਨੁੱਖ ਵਲੋਂ ਆਪਣੀ ਰੋਜ਼-ਮਰਾ ਦੀ ਜ਼ਿੰਦਗੀ ਵਿਚ ਕੁਦਰਤ ਦੇ ਵਰਤਾਰਿਆਂ ਨੂੰ ਸਮਝਣ-ਸਮਝਾਣ ਲਈ ਅਤੇ ਆਪਣੇ ਡਰ ਤੇ ਅਸੁਰੱਖਿਆ ਦੀ ਭਾਵਨਾ ਕਰਕੇ ਵੱਖੋ-ਵੱਖਰੇ ਦੇਵੀ ਦੇਵਤਿਆਂ ਦੀ ਪਰਿਕਲਪਨਾ ਕੀਤੀ। ਉਦਾਰਹਣ ਦੇ ਤੌਰ ਤੇ ਜਦੋਂ ਅੱਗ ਜੰਗਲ ਨੂੰ ਲਗਦੀ ਸੀ ਤਾਂ ਬਹੁਤ ਤਬਾਹੀ ਮਚਾਉਂਦੀ ਸੀ, ਅਨੇਕਾਂ ਮਨੁੱਖ, ਪਸ਼ੂ ਵਗੈਰਾ ਇਸ ਵਿੱਚ ਸੜ ਕੇ ਮਰ ਜਾਂਦੇ ਸੀ ਪਰ ਇਹੀ ਅੱਗ ਉਨ੍ਹਾਂ ਨੂੰ ਸਰਦੀ ਵਿੱਚ ਨਿੱਘ ਦਿੰਦੀ ਸੀ ਅਤੇ ਜੰਗਲੀ ਜਾਨਵਰਾਂ ਤੋਂ ਬਚਾਉਂਦੀ ਸੀ। ਇਸ ਤੋਂ ਉਸ ਨੇ ਇਹ ਕਲਪਨਾ ਕੀਤੀ ਕਿ ਇਹ ਕੋਈ ਗ਼ੈਬੀ ਸ਼ਕਤੀ ਹੈ ਜੋ ਜਦੋਂ ਸ਼ਾਂਤ ਹੁੰਦੀ ਹੈ ਤਾਂ ਬਹੁਤ ਚੰਗੀ ਹੈ ਪਰ ਜਦੋਂ ਇਹ ਗੁੱਸੇ ਵਿੱਚ ਆ ਜਾਂਦੀ ਹੈ ਤਾਂ ਬਹੁਤ ਨੁਕਸਾਨ ਕਰਦੀ ਹੈ। ਉਸ ਨੇ ਉਸ ਦੇ ਗੁੱਸੇ ਤੋਂ ਬਚਣ ਲਈ ਉਸ ਦੀ ਪੂਜਾ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਵੱਖੋ-ਵੱਖਰੇ ਦੇਵੀ ਦੇਵਤੇ ਹੋਂਦ ਵਿੱਚ ਆ ਗਏ। ਹੌਲੀ-ਹੌਲੀ ਜਦੋਂ ਇਸ ਯਤਨ ਵਿੱਚ ਵੀ ਬਹੁਤ ਬਾਰੀ ਉਸ ਨੂੰ ਸਫ਼ਲਤਾ ਪ੍ਰਾਪਤ ਹੁੰਦੀ ਨਾ ਦਿੱਖੀ ਤਾਂ ਉਸ ਦੀ ਆਸਥਾ ਦਾ ਮੁੱਢ ਇਸ ਤੋਂ ਹੱਟ ਕੇ ਕਿਸੇ ਹੋਰ ਅਦਿੱਖ ਅਤੇ ਅਗੰਮੀ ਸ਼ਕਤੀ ਤੇ ਬੱਝਾ। ਜਿਸ ਤੋਂ ਰੱਬ ਦਾ ਸੰਕਲਪ ਅਤੇ ਉਸ ਦੀ ਅਰਾਧਨਾ ਲਈ ਧਰਮ ਦਾ ਵਿਧੀ-ਵਿਧਾਨ ਹੋਂਦ ਵਿੱਚ ਆ ਗਿਆ।

ਬਹੁਤੇ ਧਰਮ ਆਪਣੇ ਸਮੇਂ ਦੇ ਸਮਾਜ ਦੀਆਂ ਪਦਾਰਥਕ ਹਾਲਤਾਂ ਵਿਚੋਂ ਇਕ ਲਹਿਰ ਦੇ ਰੂਪ ਵਿੱਚ ਪੈਦਾ ਹੋਏ। ਇਹ ਲਹਿਰਾਂ ਉਸ ਸਮੇਂ ਦੀ ਲੋੜ ਸਨ ਅਤੇ ਉਸ ਸਮੇਂ ਦੀਆਂ ਕੁੱਝ ਬੁਰਾਈਆਂ ਦੇ ਖਿਲਾਫ਼ ਇਕ ਬਗਾਵਤ ਦਾ ਰੂਪ ਸਨ। ਪਰ ਹੌਲੀ-ਹੌਲੀ ਇਹ ਸਾਰੇ ਧਰਮ ਇਕ ਸੰਗਠਿਤ ਸੰਸਥਾ ਦਾ ਰੂਪ ਧਾਰਨ ਕਰਦੇ ਰਹੇ ਅਤੇ ਅੰਤ ਵਿੱਚ ਆਪਣਾ ਅਗਾਂਹਵਧੂ ਰੂਪ ਗੁਆ ਬੈਠੇ। ਇਹ ਮੌਕੇ ਦੀਆਂ ਧਾਰਮਿਕ ਸੰਸਥਾਵਾਂ ਤੇ ਕਾਬਜ਼ ਚੌਧਰੀਆਂ ਜਿਵੇਂ ਪੰਡਿਤ, ਪ੍ਰੋਹਿਤ, ਜੋਤਿਸ਼ੀ, ਪੁਜਾਰੀ, ਸਵਾਮੀ, ਗ੍ਰੰਥੀ, ਮੁਲ੍ਹਾ, ਮੁਲਾਣੇ, ਪਾਦਰੀ, ਡੇਰਿਆਂ ਵਾਲੇ ਬਾਬਿਆਂ ਵਰਗੇ ਲੋਕਾਂ ਦੇ ਕੰਟਰੋਲ ਵਿੱਚ ਆ ਗਏ ਅਤੇ ਕਰਮ ਕਾਂਡਾਂ ਤੱਕ ਸੀਮਤ ਹੋ ਕੇ ਰਹਿ ਗਏ। ਇਹ ਇਸ ਚਲਾਕ, ਢੋਂਗੀ ਤੇ ਲਾਲਚੀ ਧਾਰਮਿਕ ਲਾਣੇ ਦੇ ਹੱਥ ਵਿੱਚ ਲੋਕਾਂ ਨੂੰ ਲੁੱਟਣ ਦਾ ਇੱਕ ਸੰਦ ਬਣ ਗਏ। ਇਨ੍ਹਾਂ ਦੀ ਜੋਟੀ ਰਾਜ ਕਰਦੀਆਂ ਤਾਕਤਾਂ ਨਾਲ ਪੈ ਗਈ ਅਤੇ ਲੋਕਾਂ ਦੇ ਹੱਕ ਵਿੱਚ ਉੱਠਣ ਵਾਲੇ ਧਰਮ, ਹਾਕਮ ਜਮਾਤਾਂ ਦੇ ਹੱਥ-ਠੋਕਾ ਬਣ ਗਏ। ਧਰਮ ਦੇ ਠੇਕੇਦਾਰ ਤੇ ਹਾਕਮ ਲੋਕ ਰਲਗੱਡ ਹੋ ਗਏ। ਇਨ੍ਹਾਂ ਨੂੰ ਇਕ ਦੂਜੇ ਦੀ ਸਰਪ੍ਰਸਤੀ ਮਿਲ ਗਈ। ਇਹ ਇਕ ਦੂਜੇ ਦੇ ਹੱਕ ਵਿੱਚ ਅਤੇ ਆਮ ਲੋਕਾਈ ਦੇ ਖਿਲਾਫ਼ ਇਕਮੁੱਠ ਹੋ ਗਏ ਅਤੇ ਉਨ੍ਹਾਂ ਦੀ ਲੁੱਟ 'ਚ ਇਕ ਦੂਜੇ ਦੇ ਭਾਈਵਾਲ ਬਣ ਗਏ।

ਇਹ ਧਰਮ, ਸਮਾਂ ਲੰਘਣ ਨਾਲ ਆਪਣੇ ਅਗਾਂਹਵਧੂ ਰੋਲ ਨੂੰ ਛੱਡ ਕੇ ਕਿਉਂ ਅਤੇ ਕਿਵੇਂ ਲੋਕਾਂ ਦੀ ਲੁੱਟ ਦਾ ਸੰਦ ਬਣ ਗਏ? ਇਸ ਦਾ ਕਾਰਨ ਧਰਮਾਂ ਦਾ ਵਿਚਾਰਧਾਰਕ ਅਧਾਰ ਅਤੇ ਫ਼ਿਲਾਸਫੀ ਹੈ। ਕਿਸੇ ਕੁਦਰਤੀ, ਸਮਾਜਿਕ, ਰਾਜਨੀਤਕ ਜਾਂ ਆਰਥਿਕ ਵਰਤਾਰੇ ਨੂੰ ਸਮਝਣ-ਪੜਚੋਲਣ ਲਈ ਦੋ ਫ਼ਿਲਾਸਫੀਆਂ ਜਾਂ ਕਹਿ ਲਵੋ ਦੋ ਸਿਧਾਂਤ ਹਨ, ਇਕ ਵਿਚਾਰਵਾਦੀ ਅਤੇ ਦੂਸਰੀ ਪਦਾਰਥਵਾਦੀ। ਸੰਖੇਪ ਵਿੱਚ ਜੇ ਇਨ੍ਹਾਂ ਬਾਰੇ ਗੱਲ ਕਰੀਏ ਤਾਂ ਵਿਚਾਰਵਾਦੀ ਫ਼ਿਲਾਸਫੀ ਅਨੁਸਾਰ ਵਿਚਾਰ ਜਾਂ ਚੇਤਨਾ ਪਹਿਲਾਂ ਸੀ ਅਤੇ ਪਦਾਰਥ ਜਾਂ ਮਾਦਾ ਬਾਅਦ ਵਿੱਚ ਆਇਆ। ਵਿਚਾਰਵਾਦੀਆਂ ਅਨੁਸਾਰ ਇਹ ਚੇਤਨਾ ਇੱਕ ਸਰਬਸ਼ਕਤੀਮਾਨ ਦੇ ਰੂਪ ਵਿੱਚ, ਜਿਸ ਨੂੰ ਸਾਰੇ ਧਰਮ ਵੱਖ-ਵੱਖ ਨਾਂ ਦਿੰਦੇ ਹਨ, ਪਹਿਲਾਂ ਤੋਂ ਮੌਜੂਦ ਸੀ ਅਤੇ ਇਸ ਨੂੰ ਇੱਕ ਵਿਚਾਰ ਆਇਆ ਅਤੇ ਇਸ ਨੇ ਸਾਰੀ ਕਾਇਨਾਤ ਦੀ ਰਚਨਾ ਕਰ ਦਿੱਤੀ। ਇਹ ਸਾਰੀ ਕਾਇਨਾਤ ਉਸ ਦੇ ਹੁਕਮ ਅਨੁਸਾਰ ਚਲਦੀ ਹੈ ਅਤੇ ਉਸ ਦੇ ਹੁਕਮ ਤੋਂ ਬਿਨ੍ਹਾਂ ਪੱਤਾ ਨਹੀਂ ਹਿਲਦਾ। ਸਰਬਸ਼ਕਤੀਮਾਨ, ਅਗਲਾ-ਪਿਛਲਾ ਜਨਮ, ਕਿਸਮਤ, ਸਵਰਗ, ਨਰਕ ਵਗੈਰਾ ਸੱਭ ਵਿਚਾਰਵਾਦੀ ਫ਼ਿਲਾਸਫੀ ਦੀਆਂ ਕਪੋਲ ਕਲਪਨਾਵਾਂ ਹਨ ਜਿਨ੍ਹਾਂ ਦਾ ਕੋਈ ਵਿਗਿਆਨਿਕ ਅਧਾਰ ਜਾਂ ਸਬੂਤ ਨਹੀਂ ਹੈ। ਇਹ ਵਿਸ਼ਵਾਸ ਸਦੀਆਂ ਤੋਂ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਤੁਰੇ ਆਉਂਦੇ ਹਨ। ਅਸਲ ਵਿੱਚ ਧਰਮਾਂ ਦਾ ਖਾਸਾ ਹੀ ਨਿਰੋਲ ਸ਼ਰਧਾ ਅਤੇ ਅੰਧ ਵਿਸ਼ਵਾਸ ਤੇ ਅਧਾਰਿਤ ਹੈ। ਜੋ ਕੁਝ ਤੁਹਾਨੂੰ ਕਿਹਾ ਜਾਂਦਾ ਹੈ ਉਹ ਅੱਖਾਂ ਬੰਦ ਕਰ ਕੇ ਮੰਨੋ। ਸਵਾਲ ਕਰਨ ਦੀ ਧਰਮਾਂ ਵਿੱਚ ਘੋਰ ਮਨਾਹੀ ਹੈ। ਇਹੀ ਕਾਰਨ ਹੈ ਕਿ ਧਾਰਮਿਕ ਲੋਕਾਂ ਦੇ ਦਿਮਾਗਾਂ ਨੂੰ, ਧਾਰਮਿਕ ਸੰਪਰਦਾਵਾਂ ਚਲਾਉਣ ਵਾਲੇ ਕੰਟਰੋਲ ਕਰ ਲੈਂਦੇ ਹਨ। ਉਹ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਿੱਚ ਪਾ ਕੇ ਹਾਕਮ ਧਿਰਾਂ ਨੂੰ ਉਨ੍ਹਾਂ ਦੀ ਆਰਥਿਕ ਲੁੱਟ ਕਰਨ ਵਿੱਚ ਸਹਾਈ ਹੁੰਦੇ ਹਨ। ਇਹੀ ਕਾਰਨ ਹੈ ਕਿ ਇਹ ਫ਼ਿਲਾਸਫੀ ਹਾਕਮ ਜਮਾਤਾਂ ਦੀ ਫ਼ਿਲਾਸਫੀ ਹੋ ਨਿੱਬੜਦੀ ਹੈ। ਕਿਉਂਕਿ ਵਿਚਾਰਵਾਦੀ ਫ਼ਿਲਾਸਫੀ ਕਿਸੇ ਵਿਗਿਆਨਿਕ ਕਸਵੱਟੀ ਤੇ ਖਰੀ ਨਹੀਂ ਉਤਰਦੀ ਅਤੇ ਧਾਰਮਿਕ ਲੋਕ ਕਿਸੇ ਵਿਗਿਆਨਿਕ ਪੜਚੋਲ ਲਈ ਕਦੇ ਤਿਆਰ ਨਹੀਂ ਹੁੰਦੇ, ਇਸੇ ਲਈ ਇਹ ਇਕ ਗੈਰ ਵਿਗਿਆਨਿਕ ਫ਼ਿਲਾਸਫੀ ਹੈ।

ਪਦਾਰਥਵਾਦੀ ਫ਼ਿਲਾਸਫੀ ਦਾ ਅਧਾਰ ਹੀ ਕੀ, ਕਿਉਂ, ਕਿੱਥੇ, ਕਿਵੇਂ ਵਰਗੇ ਸਵਾਲ ਹਨ। ਇਸ ਅਨੁਸਾਰ ਪਦਾਰਥ ਜਾਂ ਮਾਦਾ ਹਮੇਸ਼ਾਂ ਤੋਂ ਮੌਜੂਦ ਸੀ ਅਤੇ ਇਹ ਨਾ ਪੈਦਾ ਕੀਤਾ ਜਾ ਸਕਦਾ ਹੈ ਨਾ ਨਸ਼ਟ ਕੀਤਾ ਜਾ ਸਕਦਾ ਹੈ ਪਰ ਇਸ ਦਾ ਰੂਪ (ਜਿਵੇਂ ਠੋਸ, ਤਰਲ ਜਾਂ ਗੈਸ) ਬਦਲਿਆ ਜਾ ਸਕਦਾ ਹੈ। ਇਹ ਊਰਜਾ ਵਿੱਚ ਅਤੇ ਊਰਜਾ ਪਦਾਰਥ ਵਿੱਚ ਬਦਲ ਸਕਦੀ ਹੈ। ਇਹ ਤੱਥ ਵਿਗਿਆਨਿਕ ਤੌਰ ਤੇ ਸਿੱਧ ਹੋ ਚੁੱਕਾ ਹੈ। ਇਸ ਫ਼ਿਲਾਸਫੀ ਅਨੁਸਾਰ ਇਹ ਸਾਰੀ ਕਾਇਨਾਤ ਕੁਦਰਤ ਦੇ ਨਿਯਮਾਂ ਅਨੁਸਾਰ, ਅਰਬਾਂ ਸਾਲਾਂ ਵਿੱਚ, ਆਪਣੇ ਵੱਤ ਦੇ ਜੋਰ ਹੋਂਦ ਵਿੱਚ ਆਈ ਹੈ ਅਤੇ ਕੁਦਰਤ ਦੇ ਨਿਯਮਾਂ ਅਨੁਸਾਰ ਚੱਲ ਰਹੀ ਹੈ। ਇਸ ਫ਼ਿਲਾਸਫੀ ਅਨੁਸਾਰ ਜੋ ਦਾਅਵਾ ਕੀਤਾ ਜਾਂਦਾ ਹੈ ਉਹ ਵਿਗਿਆਨਿਕ ਖੋਜ-ਪਰਖ ਤੇ ਅਧਾਰਿਤ ਹੁੰਦਾ ਹੈ, ਕੋਈ ਕਲਪਨਾ ਨਹੀਂ। ਇਸ ਅਨੁਸਾਰ ਚੇਤਨਾ ਜਾਂ ਵਿਚਾਰ ਪਦਾਰਥ ਤੋਂ ਬਿਨ੍ਹਾਂ ਹੋ ਹੀ ਨਹੀਂ ਸਕਦਾ। ਪਦਾਰਥ ਨੂੰ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਛੂਹਿਆ, ਦੇਖਿਆ ਜਾਂ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਨੂੰ ਵਿਗਿਆਨਿਕ ਤੌਰ ਤੇ ਤੋਲਿਆ-ਪਰਖਿਆ ਜਾ ਸਕਦਾ ਹੈ ਪਰ ਜੋ ਵਿਚਾਰ ਤੁਹਾਡੇ ਮਨ ਵਿੱਚ ਹਨ ਉਨ੍ਹਾਂ ਨੂੰ ਨਹੀਂ। ਇਹੀ ਕਾਰਨ ਹੈ ਕਿ ਇਹ ਇਕ ਵਿਗਿਆਨਿਕ ਫ਼ਿਲਾਸਫੀ ਹੈ। ਇਸ ਅਨੁਸਾਰ ਅਮੀਰੀ-ਗਰੀਬੀ ਤੁਹਾਡੀ ਕਿਸਮਤ ਜਾਂ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ਼ ਨਹੀਂ ਸਗੋਂ ਇਹ ਕੁੱਝ ਸ਼ੈਤਾਨ ਲੋਕਾਂ ਵਲੋਂ ਹੌਲੀ-ਹੌਲੀ ਪੈਦਾਵਾਰ ਦੇ ਸਾਧਨਾਂ (ਜ਼ਮੀਨ, ਕਾਰਖਾਨੇ, ਮਸ਼ੀਨਾਂ ਵਗੈਰਾ) ਤੇ ਕਾਬਜ਼ ਹੋ ਕੇ ਕਿਰਤੀ ਲੋਕਾਂ ਦੀ ਕੀਤੀ ਜਾਂਦੀ ਲੁੱਟ ਕਰਕੇ ਹੈ। ਤੁਹਾਡੀ ਮਿਹਨਤ ਦਾ ਪੂਰਾ ਮੁੱਲ ਨਾ ਮਿਲਣ ਕਰਕੇ ਹੈ। ਇਹ ਫ਼ਿਲਾਸਫੀ ਕਿਰਤੀ ਜਮਾਤ ਨੂੰ ਉਨ੍ਹਾਂ ਦੀ ਮੁਕਤੀ ਦੇ ਰਾਹ, ਇਨਕਲਾਬ ਬਾਰੇ ਵੀ ਸੇਧ ਦਿੰਦੀ ਹੈ। ਇਹ ਉਨ੍ਹਾਂ ਨੂੰ ਚੇਤਨ ਕਰਦੀ ਹੈ ਉਨ੍ਹਾਂ ਦੀ ਗੁਰਬੱਤ ਕਿਸੇ ਕਾਲਪਨਿਕ ਸ਼ਕਤੀ ਅੱਗੇ ਅਰਦਾਸਾਂ ਕਰਕੇ ਖਤਮ ਨਹੀਂ ਹੋਣੀ ਸਗੋਂ ਜਥੇਬੰਦਕ ਹੋ ਕੇ ਤੇ ਇਨਕਲਾਬ ਕਰਕੇ ਸਾਰੇ ਪੈਦਾਵਾਰ ਦੇ ਸਾਧਨਾਂ ਤੇ ਜੋ ਕਿਰਤ ਦੀ ਲੁੱਟ ਕਰਕੇ ਬਣਾਏ ਗਏ ਹਨ, ਕਬਜ਼ਾ ਕਰਕੇ ਹੀ ਖਤਮ ਹੋ ਸਕਦੀ ਹੈ। ਕਿਉਂਕਿ ਇਹ ਮਜ਼ਦੂਰ ਜਮਾਤ ਨੂੰ ਆਪਣੀ ਲੁੱਟ ਖਤਮ ਕਰਨ ਦੀ ਸੇਧ ਤੇ ਪ੍ਰੇਰਨਾ ਦਿੰਦੀ ਹੈ ਇਸ ਲਈ ਇਹ ਮਜ਼ਦੂਰ ਜਮਾਤ ਦੀ ਫ਼ਿਲਾਸਫੀ ਹੈ।

ਧਰਮਾਂ ਬਾਰੇ ਬਹੁਤ ਸਾਰੇ ਫ਼ਿਲਾਸਫਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ ਪਰ ਸੱਭ ਤੋਂ ਸਟੀਕ ਪਰਿਭਾਸ਼ਾ ਅੰਗਰੇਜ਼ ਫ਼ਿਲਾਸਫਰ ਬਰਟਰੈਂਡ ਰਸਲ (1872-1970) ਦੀ ਹੈ। ਉਹ ਕਹਿੰਦਾ ਹੈ "ਧਰਮ ਦੀ ਬੁਨਿਆਦ ਮੁੱਖ ਤੌਰ 'ਤੇ ਡਰ ਉੱਤੇ ਅਧਾਰਿਤ ਹੈ। ਅੰਸ਼ਿਕ ਤੌਰ 'ਤੇ ਇਹ ਕਿਸੇ ਅਜਾਣੀ (ਪਰਾ-ਸਰੀਰਕ) ਸ਼ਕਤੀ ਦਾ ਭੈਅ ਹੈ ਅਤੇ ਕੁੱਝ ਹੱਦ ਤੱਕ ਇੱਕ ਅਜਿਹੀ ਭਾਵਨਾ ਜਿਵੇਂ ਤੁਹਾਡੇ ਨਾਲ ਤੁਹਾਡੇ ਵੱਡੇ ਭਰਾ ਦੇ ਖੜ੍ਹੇ ਹੋਣ ਦਾ ਅਹਿਸਾਸ ਜੋ ਤੁਹਾਡੀ ਬਾਂਹ ਫੜ ਕੇ ਇਉਂ ਖੜੋਤਾ ਹੋਵੇ; ਜਿਵੇਂ ਤੁਹਾਡੀ ਹਰ ਮੁਸੀਬਤ 'ਤੇ ਦੁਨੀਆ ਦੇ ਹਰ ਝਗੜੇ-ਝੇੜੇ ਵਿੱਚ ਉਹ ਤੁਹਾਡੇ ਨਾਲ ਹੋਵੇਗਾ। ਡਰ ਹੀ ਸੱਭ ਕੁੱਝ ਹੈ; ਤੁਹਾਡਾ ਕਿਸੇ ਅਣਦੇਖੀ ਗੋਝ ਭਰੀ ਪਰਾ-ਸਰੀਰਕ(ਦੈਵੀ) ਸ਼ਕਤੀ ਦਾ ਡਰ; ਜੀਵਨ ਦੀਆਂ ਅਸਫ਼ਲਤਾਵਾਂ ਤੇ ਸੱਭ ਤੋਂ ਵੱਧ ਮੌਤ ਦਾ ਡਰ। ਵਿਗਿਆਨ ਸਾਨੂੰ ਅਜਿਹੇ ਕਾਇਰਤਾ ਭਰੇ ਡਰ ਤੋਂ ਬਚਾ ਸਕਦਾ ਹੈ ਜਿਸ ਵਿੱਚ ਮਨੁੱਖ ਮੁੱਦਤਾਂ ਤੋਂ ਗ੍ਰਸਿਆ ਆ ਰਿਹਾ ਹੈ।



ਇਹ ਧਾਰਮਿਕ ਲੋਕ ਇਸੇ ਡਰ ਦਾ ਫ਼ਾਇਦਾ ਉਠਾਉਂਦੇ ਹਨ। ਅਚਾਰੀਆ ਰਜਨੀਸ਼ ਆਪਣੀ ਕਿਤਾਬ "ਮੈਂ ਧਾਰਮਿਕਤਾ ਸਿਖਾਂਦਾ ਹਾਂ ਧਰਮ ਨਹੀਂ" ਵਿੱਚ ਲਿਖਦਾ ਹੈ ਕਿ ਧਰਮਾਂ ਨੇ ਤੁਹਾਨੂੰ ਤੁਹਾਡੀਆਂ ਸੁਭਾਵਿਕ ਇੱਛਾਵਾਂ, ਲੋੜਾਂ ਅਤੇ ਰੁਝਾਨਾਂ ਦੇ ਵਿਰੋਧ ਵਿੱਚ ਕਿਉਂ ਰੱਖਿਆ? ਕਾਰਨ ਸਿੱਧਾ ਤੇ ਸਾਫ ਹੈ-ਤੁਹਾਨੂੰ ਅਪਰਾਧ-ਭਾਵਨਾ ਮਹਿਸੂਸ ਕਰਾਣ ਦੇ ਲਈ। ਅਪਰਾਧ-ਭਾਵਨਾ ! ਹਾਂ ਜੀ, ਇਹ ਉਨ੍ਹਾਂ ਦਾ ਖ਼ਾਸ ਮੁੱਦਾ, ਕੇਂਦਰ-ਬਿੰਦੂ ਰਿਹਾ ਹੈ ਤੁਹਾਨੂੰ ਮਿਟਾਉਣ ਵਿੱਚ, ਤੁਹਾਡੀ ਲੁੱਟ ਵਿੱਚ, ਤੁਹਾਨੂੰ ਉਹਨਾਂ ਦੀ ਮਰਜੀ ਮੁਤਾਬਕ ਢਾਲਣ ਵਿੱਚ, ਤੁਹਾਨੂੰ ਘਟੀਆ ਸਾਬਤ ਕਰਨ ਵਿੱਚ ਅਤੇ ਤੁਹਾਡਾ ਸਵੈਮਾਨ ਨਸ਼ਟ ਕਰਨ ਵਿੱਚ। ਇਕ ਬਾਰ ਉਨ੍ਹਾਂ ਇਹ ਅਹਿਸਾਸ ਤੁਹਾਨੂੰ ਕਰਾ ਦਿੱਤਾ ਤੇ ਤੁਸੀਂ ਇਹ ਸੋਚਣਾ ਸ਼ੁਰੂ ਕਰ ਦਿੱਤਾ ਕਿ 'ਮੈਂ ਪਤਿਤ ਆਦਮੀ ਹਾਂ, ਇਕ ਪਾਪੀ ਹਾਂ, ਮੈਂ ਇਸ ਅਤੇ ਪਿੱਛਲੇ ਜਨਮ ਵਿੱਚ ਬਹੁਤ ਮਾੜੇ ਕਰਮ ਤੇ ਗੁਨਾਹ ਕੀਤੇ ਨੇ' ਬਸ, ਉਨ੍ਹਾਂ ਦਾ ਕੰਮ ਹੋ ਗਿਆ। ਤੁਹਾਡਾ ਦਿਮਾਗ ਉਨ੍ਹਾਂ ਦੇ ਕੰਟਰੋਲ ਵਿੱਚ ਆ ਗਿਆ ਅਤੇ ਤੁਹਾਡੀ ਲੁੱਟ ਦਾ ਅਧਾਰ ਤਿਆਰ ਹੋ ਗਿਆ।

ਦੋ ਨੌਜਵਾਨ ਸੀ। ਇਕ ਰਾਤ ਵੇਲੇ ਕਿਸੇ ਪਿੰਡ ਜਾਂਦਾ, ਲੋਕਾਂ ਦੇ ਦਰਵਾਜੇ ਖਿੜਕੀਆਂ ਤੇ ਕੋਲਤਾਰ ਸੁੱਟਦਾ ਅਤੇ ਅੱਗੇ ਲੰਘ ਜਾਂਦਾ। ਲੋਕ ਸਵੇਰੇ ਆਪਣੇ ਖਰਾਬ ਦਰਵਾਜੇ-ਖਿੜਕੀਆਂ ਦੇਖ ਕੇ ਪ੍ਰੇਸ਼ਾਨ ਹੋ ਜਾਂਦੇ। ਤਦੇ ਅਚਾਨਕ ਦੂਜਾ ਨੌਜਵਾਨ ਪ੍ਰਗਟ ਹੁੰਦਾ ਅਤੇ ਹੋਕਾ ਦਿੰਦਾ ਕਿ 'ਕੋਲਤਾਰ ਸਾਫ਼ ਕਰਾ ਲਓ।' ਲੋਕ ਉਹਦੇ ਕੋਲੋਂ ਆਪਣੀਆਂ ਖਿੜਕੀਆਂ-ਦਰਵਾਜੇ ਸਾਫ਼ ਕਰਾਉਣ ਲੱਗ ਜਾਂਦੇ। ਜੱਦ ਤੱਕ ਇਹ ਨੌਜਵਾਨ ਇਸ ਪਿੰਡ ਦੀ ਸਫ਼ਾਈ ਖਤਮ ਕਰਦਾ ਤੱਦ ਤੱਕ ਦੂਜਾ ਨੌਜਵਾਨ ਉਸ ਦੇ ਸਾਫ਼ ਕਰਨ ਲਈ ਅਗਲੇ ਪਿੰਡ ਨੂੰ ਤਿਆਰ ਕਰ ਦਿੰਦਾ। ਦੋਨਾਂ ਦੀ ਮਿਲੀ-ਭੁਗਤ ਸੀ, ਇਕ ਘਰ ਗੰਦੇ ਕਰਦਾ ਤੇ ਦੂਜਾ ਸਾਫ਼ ਕਰਦਾ, ਪੰਜਾਹ-ਪੰਜਾਹ ਫ਼ੀ ਸਦੀ ਦੀ ਹਿੱਸੇਦਾਰੀ ਦੀ ਖੇਡ ਸੀ।


ਇਹ ਪੰਡਿਤ-ਪ੍ਰੋਹਿਤ-ਪਾਦਰੀ ਅਤੇ ਹੋਰ ਧਾਰਮਿਕ ਲਾਣਾ ਕੋਲਤਾਰ ਸੁੱਟਣ ਦਾ ਕੰਮ ਕਰਦਾ ਹੈ। ਉਹ ਤੁਹਾਡੇ ਅਦ੍ਰਿਸ਼ ਅੰਦਰਲੇ ਉੱਤੇ ਕੋਲਤਾਰ ਸੁੱਟਦੇ ਹਨ। ਹੁਣ ਤੁਸੀਂ ਇਸ ਨੂੰ ਸਾਫ ਕਰਨ ਦਾ ਉਪਾਅ ਸੋਚਦੇ ਹੋ। ਤੁਹਾਡੇ ਕੋਲ ਇਸ ਦਾ ਕੋਈ ਉਪਾਅ ਨਹੀਂ ਕਿਉਂਕਿ ਤੁਹਾਨੂੰ ਆਪਣੇ ਅੰਦਰਲੇ ਸੱਚ ਦਾ ਨਹੀਂ ਪਤਾ। ਤੁਹਾਨੂੰ ਤਾਂ ਬੱਸ ਉਨਾ ਹੀ ਪਤਾ ਹੈ ਜਿੰਨਾ ਤੁਹਾਨੂੰ ਇਸ ਧਾਰਮਿਕ ਲਾਣੇ ਨੇ ਸਮਝਾਇਆ ਹੈ ਕਿ ਤੁਸੀਂ ਅਪਰਾਧੀ ਹੋ, ਪਾਪੀ ਹੋ, ਗੁਨਾਹਗਾਰ ਹੋ। ਇਸ ਤੋਂ ਬਾਅਦ ਤੁਸੀਂ ਪੂਰੀ ਤਰ੍ਹਾਂ ਉਨ੍ਹਾਂ ਦੇ ਚੁੰਗਲ ਵਿੱਚ ਹੋ, ਸਾਰੀ ਉਮਰ ਆਪਣੀ ਲੁੱਟ ਕਰਾਉਣ ਲਈ। ਤੁਹਾਨੂੰ ਇਕ ਅਹਿਸਾਸ ਕਰਾ ਦਿੱਤਾ ਗਿਆ ਹੈ ਕਿ ਤੁਸੀਂ ਪਿਛਲੇ ਅਤੇ ਇਸ ਜਨਮ ਵਿੱਚ ਬਹੁਤੇ ਮਾੜੇ ਕਰਮ ਅਤੇ ਪਾਪ ਕੀਤੇ ਹਨ। ਇਸੇ ਲਈ ਤੁਸੀਂ ਦੁੱਖ, ਗਰੀਬੀ, ਬਿਮਾਰੀ ਕਲੇਸ਼ ਵਗੈਰਾ ਹੰਢਾ ਰਹੇ ਹੋ। ਇੰਨਾ ਹੀ ਨਹੀਂ, ਲੋਕਾਂ ਨੂੰ ਇਹ ਕਹਿ ਕੇ ਵੀ ਡਰਾਇਆ ਜਾਂਦਾ ਹੈ ਕਿ ਜੇ ਤੁਸੀਂ ਆਪਣੇ ਪਾਪ ਨਾ ਬਖਸ਼ਾਏ ਤਾਂ ਅਗਲੀਆਂ ਜੂਨਾਂ ਵਿੱਚ ਵੀ ਨਰਕ ਭੋਗੋਗੇ।

ਫਿਰ ਤੁਹਾਨੂੰ ਇਕ ਬੜੀ ਹੀ ਸੁਹਾਵਣੀ ਜਿਹੀ ਭਵਿੱਖ ਦੀ ਕਾਲਪਨਿਕ ਤਸਵੀਰ ਦਿਖਾਈ ਜਾਂਦੀ ਹੈ। ਤੁਹਾਨੂੰ ਸਮਝਾਇਆ ਜਾਂਦਾ ਹੈ ਕਿ ਇਹ ਜਨਮ 'ਚ ਤਾਂ ਤੁਸੀਂ ਆਪਣੇ ਅਪਰਾਧਾਂ ਕਰਕੇ ਨਰਕ ਭੋਗ ਰਹੇ ਹੋ ਪਰ ਹੁਣ ਤੁਸੀਂ ਧਾਰਮਿਕ ਸਥਾਨਾਂ ਅਤੇ 'ਮਹਾਂਪੁਰਖਾਂ' ਦੀ ਸੇਵਾ ਕਰਕੇ, ਉਥੇ ਚੜ੍ਹਾਵੇ ਚੜ੍ਹਾ ਕੇ, ਸਤਸੰਗ ਕਰਕੇ, ਤੀਰਥ ਯਾਤਰਾ ਆਦਿ ਕਰਕੇ ਆਪਣੇ ਪਾਪ ਧੋ ਲਵੋ, ਆਪਣੇ ਗੁਨਾਹ ਬਖਸ਼ਾ ਲਵੋ ਅਤੇ ਆਪਣਾ ਅੱਗਾ ਸਵਾਰ ਲਵੋ। ਤੁਹਾਨੂੰ ਇੱਕ ਕਾਲਪਨਿਕ ਸਵਰਗ ਦੀ ਤਸਵੀਰ ਦਿਖਾਈ ਜਾਂਦੀ ਹੈ ਜਿਥੇ ਦੁੱਧ ਦੀਆਂ ਨਦੀਆਂ ਵਗਦੀਆਂ ਹੋਣਗੀਆਂ, ਹਰ ਤਰ੍ਹਾਂ ਦੇ ਸੁਖਾਂ ਦੇ ਨਜ਼ਾਰੇ ਹੋਣਗੇ। ਕਈ ਧਰਮਾਂ ਵਾਲੇ ਤਾਂ ਇਥੋਂ ਤੱਕ ਵੀ ਕਹਿੰਦੇ ਹਨ ਕਿ ਉੱਥੇ ਅੰਗੂਰਾਂ ਦੀ ਸ਼ਰਾਬ ਹੋਵੇਗੀ ਅਤੇ ਤੁਹਾਡੀ ਸੇਵਾ ਲਈ ਹੂਰਾਂ ਪਰੀਆਂ ਉੱਥੇ ਹੋਣਗੀਆਂ। ਤੁਹਾਡੇ ਦਿਮਾਗ ਨੂੰ ਇਹ ਗੱਲਾਂ ਬਹੁਤ ਲੁਭਾਵਣੀਆਂ ਤੇ ਹਕੀਕਤ ਲਗਦੀਆਂ ਨੇ ਕਿਉਂਕਿ ਤੁਹਾਡਾ ਦਿਮਾਗ ਤਾਂ ਉਨ੍ਹਾਂ ਨੇ ਆਪਣੇ ਕੰਟਰੋਲ ਵਿੱਚ ਕਰ ਲਿਆ ਹੈ। ਹੁਣ ਜਿਹੜੀ ਗੱਲ ਉਹ ਤੁਹਾਨੂੰ ਕਹਿਣਗੇ ਉਹੀ ਤੁਹਾਨੂੰ ਚੰਗੀ ਲਗੇਗੀ, ਜੇ ਕੋਈ ਤੁਹਾਨੂੰ ਇਸ ਦੇ ਉਲਟ, ਆਪਣੀ ਮਿਹਨਤ ਦੀ ਕਮਾਈ ਲੁਟਾਉਣ ਤੋਂ ਬਚਾਉਣ ਲਈ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਤੁਹਾਨੂੰ ਉਹ ਵਿਹੁ ਵਰਗਾ ਲਗੇਗਾ। ਬੱਸ ਇਸ ਤਰ੍ਹਾਂ ਤੁਹਾਡੀ ਆਰਥਿਕ, ਸਰੀਰਕ ਅਤੇ ਮਾਨਸਿਕ ਲੁੱਟ ਦਾ ਸਿਲਸਲਾ ਸ਼ੁਰੂ ਹੋ ਜਾਂਦਾ ਹੈ ਅਤੇ ਮਰਨ ਤਕ ਜਾਰੀ ਰਹਿੰਦਾ ਹੈ। ਇਹ ਮਸਲਾ ਇੰਨਾ ਗੰਭੀਰ ਹੈ ਕਿ ਭਾਰਤ ਦੀ ਵਸੋਂ ਦਾ 14% ਹਿੱਸਾ ਲੋਕਾਂ ਦੀ ਅਗਿਆਨਤਾ, ਅੰਧਵਿਸਵਾਸ਼ ਅਤੇ ਸ਼ਰਧਾ ਦਾ ਫਾਇਦਾ ਚੁੱਕ ਕੇ, ਬਿਲਕੁਲ ਵਿਹਲਾ ਬੈਠ ਕੇ, ਉਨ੍ਹਾਂ ਦੀ ਕਿਰਤ ਕਮਾਈ ਲੁੱਟ ਕੇ ਐਸ਼ਾਂ ਕਰ ਰਿਹਾ ਹੈ।

ਇਨ੍ਹਾਂ ਧਰਮਾਂ ਨੇ ਅੰਨ੍ਹ ?ਆਂ ਦਾ ਸਮਾਜ ਬਣਾ ਦਿੱਤਾ ਹੈ। ਉਹ ਤੁਹਾਨੂੰ ਕਹਿੰਦੇ ਹਨ ਕਿ ਤੁਹਾਨੂੰ ਅੱਖਾਂ ਦੀ ਕੋਈ ਲੋੜ ਨਹੀਂ। ਤੁਹਾਡੇ ਗੁਰੂ ਕੋਲ ਅੱਖਾਂ ਹਨ, ਫਿਰ ਤੁਹਾਨੂੰ ਅੱਖਾਂ ਦੀ ਕੀ ਲੋੜ? ਬੱਸ ਤੁਸੀਂ ਆਪਣੇ ਗੁਰੂ ਤੇ ਭਰੋਸਾ ਰੱਖੋ, ਸ਼ਰਧਾ ਰੱਖੋ, ਉਹ ਤੁਹਾਨੂੰ ਸਵਰਗ ਦੇ ਰਾਹ ਲੈ ਜਾਵੇਗਾ। ਧਰਮ ਤੁਹਾਨੂੰ ਸੋਚਣ-ਸਮਝਣ ਦੀ ਆਜ਼ਾਦੀ ਨਹੀਂ ਦੇ ਸਕਦਾ ਕਿਉਂਕਿ ਤੁਹਾਡੀ ਸੋਚ, ਤੁਹਾਡਾ ਵਿਚਾਰ ਤੁਹਾਨੂੰ ਹੋਰ ਹੀ ਰਾਹ ਤੇ ਲੈ ਕੇ ਜਾ ਸਕਦਾ ਹੈ ਜਿਥੇ ਧਾਰਮਿਕ ਲਾਣਾ ਤੁਹਾਨੂੰ ਜਾਣ ਨਹੀਂ ਦੇਣਾ ਚਾਹੁੰਦਾ। ਕਿਉਂਕਿ ਇਸ ਤਰ੍ਹਾਂ ਤਾਂ ਉਨ੍ਹਾਂ ਦੀ ਤੁਹਾਨੂੰ ਲੁੱਟਣ ਦਾ ਸਾਰੀ ਸਕੀਮ ਹੀ ਚੌਪਟ ਹੋ ਜਾਵੇਗੀ। ਸੋਚ-ਵਿਚਾਰ ਦਾ ਮਤਲਬ ਹੈ ਤੁਹਾਡੀ ਬੁੱਧੀ ਨੂੰ ਤਿੱਖੀ ਕਰਨਾ, ਤੁਹਾਡੇ ਸ਼ੱਕ ਨੂੰ ਧਾਰ ਲਾਉਣੀ - ਪਰ ਇਹ ਇਨ੍ਹਾਂ ਧਰਮਾਂ ਲਈ ਬਹੁਤ ਖਤਰਨਾਕ ਸਾਬਤ ਹੋਵਗਾ। ਉਹ ਤਾਂ ਤੁਹਾਨੂੰ ਵਹਿਮਾਂ-ਭਰਮਾਂ ਵਿੱਚ ਉਲਝਾ ਕੇ ਰੱਖਣਾ ਚਾਹੁੰਦੇ ਹਨ। ਇਸੇ ਲਈ ਤੁਹਾਨੂੰ ਕਿਹਾ ਜਾਂਦਾ ਹੈ ਕਿ ਬੱਸ ਅੱਖਾਂ ਬੰਦ ਕਰਕੇ ਆਪਣੇ ਧਰਮ ਤੇ ਸ਼ਰਧਾ ਰੱਖੋ ਜੋ ਅਸਲ ਵਿੱਚ ਤੁਹਾਡੀ ਪ੍ਰਤਿਭਾ ਦੀ ਹੱਤਿਆ ਤੋਂ ਇਲਾਵਾ ਹੋਰ ਕੁਝ ਨਹੀਂ।

ਤੁਸੀਂ ਧਾਰਮਿਕ ਲਾਣੇ ਦੀ ਲੁੱਟ ਦੇ ਚੱਕਰਵਿਊ ਵਿਚੋਂ ਪਦਾਰਥਵਾਦੀ (ਵਿਗਿਆਨਿਕ) ਸੋਚ ਦੇ ਲੱੜ ਲੱਗ ਕੇ ਹੀ ਨਿਕਲ ਸਕਦੇ ਹੋ। ਇਹ ਸੋਚ ਅਗਾਂਹਵਧੂ, ਤਰਕਸ਼ੀਲ ਸਹਿਤ ਪੜ੍ਹ ਕੇ ਜਾਂ ਤਰਕਸ਼ੀਲ ਵਿਚਾਰ ਸੁਣ ਕੇ ਹੀ ਬਣ ਸਕਦੀ ਹੈ। ਇਕ ਬਾਰ ਇਹ ਸੋਚ ਬਣ ਗਈ ਫਿਰ ਤੁਹਾਨੂੰ ਸਮਝ ਆ ਜਾਵੇਗੀ ਕਿ ਰੱਬ, ਅਗਲਾ-ਪਿਛਲਾ ਜਨਮ, ਸਵਰਗ-ਨਰਕ, ਕਿਸਮਤ, ਜੂਨਾਂ ਵਗੈਰਾ ਧਾਰਮਿਕ ਕਲਪਨਾਵਾਂ ਇਕ ਮਿੱਥ ਹਨ ਜਿਨ੍ਹਾਂ ਦਾ ਕੋਈ ਵਿਗਿਆਨਿਕ ਅਧਾਰ ਨਹੀਂ। ਤੁਹਾਡੇ ਅੰਦਰ ਸਵੈ-ਵਿਸਵਾਸ਼ ਆ ਜਾਵੇਗਾ। ਤੁਹਾਡਾ ਮਨੋ-ਬਲ ਵੱਧ ਜਾਵੇਗਾ। ਤੁਹਾਡੇ ਅੰਦਰ ਸਵਾਲ ਪੈਦਾ ਹੋਣ ਲੱਗ ਜਾਣਗੇ ਜੋ ਤੁਹਾਨੂੰ ਚੰਗੀ ਜ਼ਿੰਦਗੀ ਦੇ ਰਾਹ ਪਾਉਣ ਵਿੱਚ ਬਹੁਤ ਸਹਾਈ ਹੋਣਗੇ।

ਇਹ ਵਿਚਾਰ ਚਰਚਾ ਇਕ ਯੂਨਾਨੀ ਫ਼ਿਲਾਸਫਰ ਐਪੀਕਿਊਰੀਅਸ (341-270 ਈ.ਪੂ.) ਦੇ ਕਰੀਬ 2250 ਸਾਲ ਪਹਿਲਾਂ ਕਹੇ ਸ਼ਬਦਾਂ ਨਾਲ ਖਤਮ ਕਰਦੇ ਹਾਂ। ਉਸ ਨੇ ਕਿਸੇ ਪਰਮਾਤਮਾ ਦਾ ਦੁਨੀਆ ਦੇ ਕਾਰ-ਵਿਹਾਰ ਵਿੱਚ ਕਿਸੇ ਪ੍ਰਕਾਰ ਦਾ ਦਖਲ ਦਿੱਤੇ ਜਾਣ ਤੋਂ ਇਨਕਾਰ ਕੀਤਾ ਅਤੇ ਮਾਦੇ ਦੀ ਅਨੰਤਤਾ ਨੂੰ ਮੰਨਦਿਆਂ ਇਸ ਨੂੰ ਹਰਕਤ ਦਾ ਧੁਰ ਅੰਦਰਲਾ ਸਰੋਤ ਦੱਸਿਆ। ਉਸ ਅਨੁਸਾਰ ਗਿਆਨ ਦਾ ਉਦੇਸ਼ ਮਨੁੱਖ ਨੂੰ ਅਗਿਆਨਤਾ, ਵਹਿਮ-ਭਰਮ, ਦੇਵੀ-ਦੇਵਤਿਆਂ ਅਤੇ ਮੌਤ ਦੇ ਡਰ ਤੋਂ ਸੁਤੰਤਰ ਕਰਨਾ ਹੈ ਜਿਸ ਤੋਂ ਬਿਨ੍ਹਾਂ ਪ੍ਰਸੰਨਤਾ ਪ੍ਰਾਪਤ ਨਹੀਂ ਹੋ ਸਕਦੀ।



# ਜਮਹੂਰੀ ਅਧਿਕਾਰ ਸਭਾ ਵਲੋਂ ਅਮਨਦੀਪ ਕੌਰ ਨੂੰ ਧਮਕੀਆਂ ਖਿਲਾਫ ਮੰਗ ਪੱਤਰ

ਬਠਿੰਡਾ, (ਡਾ. ਅਜੀਤਪਾਲ ਸਿੰਘ) : ਪਿਛਲੇ ਦਿਨੀਂ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਕਮੇਟੀ ਮੈਂਬਰ ਅਮਨਦੀਪ ਕੌਰ ਵੱਲੋਂ ਪੰਜਾਬ ਯੂਨੀਵਰਸਿਟੀ ਕੇਂਦਰ ਸਰਕਾਰ ਵੱਲੋਂ ਖੋਹੇ ਜਾਣ ਦੀਆਂ ਕੋਸ਼ਿਸ਼ਾਂ ਦੀ ਆਲੋਚਨਾ ਕਰਨ 'ਤੇ ਅਗਿਆਤ ਫੋਨ ਨੰਬਰ ਤੋਂ ਧਮਕੀ ਦੇਣ ਵਾਲੇ ਵਿਅਕਤੀ ਦੀ ਪਹਿਚਾਣ ਕਰਕੇ ਉਸ ਉਤੇ ਮੁਕੱਦਮਾ ਦਰਜ ਕਰਾਉਣ ਲਈ ਅੱਜ ਜਮਹੂਰੀ ਅਧਿਕਾਰ ਸਭਾ ਸਮੇਤ ਵੱਖ ਵੱਖ ਜਥੇਬੰਦੀਆਂ ਨੇ ਡਿਪਟੀ ਕਮਿਸ਼ਨਰ ਬਠਿੰਡਾ ਦੇ ਇੱਕ ਨੁਮਾਇੰਦੇ ਦਫਤਰ ਕਨੂੰਨਗੋ ਅਤਿੰਦਰ ਪਾਲ ਰਾਹੀਂ ਐਸ ਐਸ ਪੀ ਚੰਡੀਗੜ ਨੂੰ ਮੰਗ ਪੱਤਰ ਸੌਂਪਿਆ। ਇਸ ਤੋਂ ਪਹਿਲਾਂ ਇੱਕ ਰੈਲੀ ਕੀਤੀ ਗਈ ਅਤੇ ਮੁਜ਼ਾਹਰੇ ਦੀ ਸ਼ਕਲ ਵਿੱਚ ਡੀਸੀ ਦਫਤਰ ਨਾਹਰੇ ਲਾਉਂਦੇ ਹੋਏ ਪਹੁੰਚਿਆ ਗਿਆ। ਜਮਹੂਰੀ ਅਧਿਕਾਰ ਸਭਾ ਦੇ ਜਿਲ੍ਹਾ ਪ੍ਰਧਾਨ ਪ੍ਰਿੰ ਬੱਗਾ ਸਿੰਘ,ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਪ੍ਰੈਸ ਸਕੱਤਰ ਡਾ ਅਜੀਤਪਾਲ ਸਿੰਘ ਨੇ ਦੱਸਿਆ ਕਿ ਐਡਵੋਕੇਟ ਅਮਨਦੀਪ ਕੌਰ ਨੂੰ ਅਗਿਆਤ ਨੰਬਰ ਤੋਂ ਡਰਾਇਆ ਧਮਕਾਇਆ ਗਿਆ, ਅਸੱਭਿਅਕ ਭਾਸ਼ਾ ਦੀ ਵਰਤੋਂ ਕੀਤੀ ਗਈ। ਇਥੋਂ ਤੱਕ ਕਿ ਉਸ ਨੂੰ ਦੇਸ਼ ਛੱਡ ਜਾਣ ਦਾ ਫੁਰਮਾਨ ਵੀ ਸੁਣਾ ਦਿੱਤਾ ਗਿਆ। ਉਹਨਾਂ ਦੱਸਿਆ ਕਿ ਧਮਕੀਆਂ ਦੇਣ ਵਾਲਾ ਆਰ ਐਸ ਐਸ ਦਾ ਹਮਾਇਤੀ ਅਤੇ ਅਖੌਤੀ ਕਾਰਕੁੰਨ ਪ੍ਰਤੀਤ ਹੁੰਦਾ ਸੀ। ਉਸਨੇ ਕਿਹਾ ਕਿ ਤੁਸੀਂ ਆਰ ਐਸ ਐਸ ਦੀ ਆਲੋਚਨਾ ਕਰਨ ਵਾਲੇ ਪਾਕਿਸਤਾਨੀ ਏਜੰਟ ਹੋ। ਇਸ ਤਰਾਂ ਦੀਆਂ ਧਮਕੀਆਂ ਆਜਾਦ ਵਿਚਾਰਾਂ ਨੂੰ ਦਹਿਸ਼ਤਜਦਾਨੂੰ ਕਰਨ ਵਾਲੀਆਂ ਹਨ। ਅਮਨਦੀਪ ਕੌਰ ਨੇ ਪੰਜਾਬ ਯੂਨੀਵਰਸੀਟੀ ਨੂੰ ਪੰਜਾਬ ਕੋਲ ਰਹਿਣ, ਸੈਨੇਟ ਚੋਣਾਂ ਲਈ ਸੰਘਰਸ਼ ਦੀ ਹਮਾਇਤ ਕਰਕੇ ਆਪਣੇ ਮੌਲਿਕ ਅਧਿਕਾਰ ਦੀ ਵਰਤੋਂ ਕੀਤੀ ਹੈ। ਸਰਕਾਰ ਦੀ ਕਿਸੇ ਨੀਤੀ ਬਾਰੇ ਆਪਣੀ ਰਾਏ ਰੱਖਣੀ, ਆਲੋਚਨਾ ਕਰਨਾ ਤੇ ਵਾਪਿਸ ਲੈਣ ਦੀ ਮੰਗ ਕਰਨਾ, ਵਿਅਕਤੀ ਦਾ ਮੌਲਿਕ ਅਤੇ ਜਮਹੂਰੀ ਅਧਿਕਾਰ ਹੈ। ਉਹਨਾਂ ਮੰਗ ਕੀਤੀ ਕਿ ਅਮਨਦੀਪ ਕੌਰ ਨੂੰ ਧਮਕੀਆਂ ਦੇਣ ਵਾਲੇ ਵਿਅਕਤੀ ਉਤੇ ਜਿੰਮੇਵਾਰ ਨਾਗਰਿਕ ਨੂੰ ਡਰਾਉਣ, ਧਮਕਾਉਣ, ਅਤੇ ਇਕ ਔਰਤ ਨਾਲ ਅਸਭਿਅਕ ਭਾਸ਼ਾ ਦੀ ਵਰਤੋਂ ਕਰਨ ਦਾ ਮੁਕੱਦਮਾ ਦਰਜ ਕਰਕੇ ਤੁਰੰਤ ਗਿਰਫਤਾਰ ਕੀਤਾ ਜਾਵੇ।





















# ਜ਼ਿੰਦਗੀ ’ਚ ਨਵੇਂ ਰੰਗ ਭਰਦਾ ਮੇਲਾ ਗ਼ਦਰੀ ਬਾਬਿਆਂ ਦਾ










34ਵਾਂ ਮੇਲਾ ਗਦਰੀ ਬਾਬਿਆਂ ਦਾ ਵਿਲੱਖਣ, ਪ੍ਰੇਰਨਾਦਾਇਕ ਅਤੇ ਭਵਿੱਖ਼ ਦੇ ਮਾਰਗ ਦਰਸ਼ਨ ਲਈ ਮੁੱਲਵਾਨ ਪੈੜਾਂ ਛੱਡ ਗਿਆ। ਇਹਨਾਂ ਪੈੜਾਂ ਨੂੰ ਸੰਭਾਲਣਾ ਸਾਡੇ ਸਮਿਆਂ ਦੀ ਲੋੜ ਅਤੇ ਸਾਡਾ ਫਰਜ਼ ਹੈ।

ਹਥਲੀ ਲਿਖਤ ਰਾਹੀਂ ਮੇਲੇ ਦੀ ਇਤਿਹਾਸਿਕਤਾ, ਪ੍ਰਸੰਗਕਤਾ ਅਤੇ ਭਵਿੱਖ਼ ਮੁਖੀ ਸਾਰਥਕਤਾ ਨੂੰ ਸਮਝਣ ਅਤੇ ਸੰਭਾਲਣ ਦੇ ਕਾਰਜ਼ ਨੂੰ ਪ੍ਰਮੁੱਖਤਾ ਨਾਲ ਰੌਸ਼ਨੀ ਵਿੱਚ ਲਿਆਉਣ ਦਾ ਯਤਨ ਹੈ। ਖ਼ਿਮਾਂ ਸਹਿਤ ਆਸ ਹੈ ਕਿ ਪਾਠਕ, ਹਥਲੀ ਲਿਖਤ ਨੂੰ ਇਸ ਨੁਕਤਾ ਨਜ਼ਰ ਤੋਂ ਪੜ੍ਹਨ, ਅਧਿਐਨ ਕਰਨ ਅਤੇ ਅਮੁੱਲੜੇ ਸੁਝਾਅ ਰਾਵਾਂ ਦੇਣ ਲਈ ਅੱਗੇ ਆਉਣਗੇ ਤਾਂ ਜੋ ਮੇਲੇ ਦੇ ਤੱਤ ਅਤੇ ਕਲਾਤਮਕ ਪੱਖ ਨੂੰ ਅੱਗੇ ਤੋਂ ਹੋਰ ਵੀ ਸਾਰਥਕ ਬਣਾਉਣ ਅਤੇ ਨਿਖ਼ਾਰਨ ਵਿੱਚ ਸਭ ਦਾ ਨਿੱਗਰ ਯੋਗ ਦਾਨ ਪੈ ਸਕੇ।

### ਮੇਲੇ ਦਾ ਪੈਗ਼ਾਮ
### ਗ਼ਦਰੀ ਗੁਲਾਬ ਕੌਰ ਦੇ ਨਾਮ

ਇਸ ਵਾਰ 30, 31 ਅਕਤੂਬਰ ਅਤੇ ਪਹਿਲੀ ਨਵੰਬਰ ਸਾਰਾ ਦਿਨ ਸਾਰੀ ਰਾਤ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਮਨਾਇਆ ਤਿੰਨ ਰੋਜਾ 34ਵਾਂ ਮੇਲਾ ਗ਼ਦਰੀ ਬਾਬਿਆਂ ਦਾ ਗ਼ਦਰ ਲਹਿਰ ਦੀ ਮਹਾਨ ਨਾਇਕਾ, ਗ਼ਦਰੀ ਗੁਲਾਬ, ਬੀਬੀ ਗੁਲਾਬ ਕੌਰ ਨੂੰ ਸਮਰਪਿਤ ਕਰਨਾ ਹੀ ਆਪਣੇ ਆਪ ’ਚ ਇਤਿਹਾਸਕ ਮਹੱਤਤਾ ਰੱਖਦਾ ਹੈ।

ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਨੂੰ ਸਮਰਪਿਤ ਮੇਲੇ ਨੇ ਸਮਾਜ ਅੰਦਰ ਔਰਤ ਵਰਗ ਦੇ ਸਥਾਨ ਦੀ ਜੰਗਾਲੀ ਜਾਗੀਰੂ ਗੁਲਾਮ ਮਾਨਸਿਕਤਾ ਦੇ ਕਾਲੇ ਬੱਦਲਾਂ ਦੀ ਗੂੜ੍ਹੀ ਚਾਦਰ ਦਾ ਪਰਦਾ ਚੁੱਕਣ ਦਾ ਕੰਮ ਕੀਤਾ। ਇਸ ਮਰਦਾਵੇਂ ਦਾਬੇ ਭਰੇ ਜਰਜਰੇ ਨਿਜ਼ਾਮ ਤੋਂ ਨਾਬਰ ਔਰਤ ਵਰਗ ਦੀ ਪ੍ਰਤੀਨਿਧ ਅਤੇ ਨਵੀਆਂ ਸੋਚਾਂ, ਚੜ੍ਹਦੇ ਸੂਰਜ ਦੀ ਲਿਸ਼ਕਦੀ ਕਿਰਨ ਵਾਂਗ ਸਾਹਮਣੇ ਆਈ ਗੁਲਾਬ ਕੌਰ ਨੂੰ 100 ਵਰ੍ਹਾ ਬੀਤ ਜਾਣ ਤੇ ਵੀ ਮੇਲੇ ਰਾਹੀਂ ਅਥਾਹ ਸਤਿਕਾਰ ਅਤੇ ਮੁਹੱਬਤ ਦੇ ਫੁੱਲਾਂ ਦੀ ਵਰਖਾ ਕੀਤੀ ਗਈ।

ਮੇਲੇ ਦੀ ਅਹਿਮ ਖ਼ੂਬੀ ਇਹ ਰਹੀ ਕਿ ਇਸ ਨੇ ਮੇਲੇ ਦੀਆਂ ਸਮੂਹ ਕਲਾ ਵੰਨਗੀਆਂ, ਪ੍ਰਦਰਸ਼ਨੀਆਂ, ਵਿਚਾਰ ਚਰਚਾਵਾਂ ਅਤੇ ਕਲਾ ਕਿਰਤਾਂ ਵਿੱਚ ਗ਼ੁਲਾਬ ਕੌਰ ਨੂੰ ਨਾ ਹੀ ਅੰਬਰੋਂ ਉੱਤਰੀ ਪਰੀ ਬਣਾ ਕੇ ਪੇਸ਼ ਕੀਤਾ ਅਤੇ ਨਾ ਹੀ ਨਾਇਕ ਪੂਜਾ ਦੇ ਬਿੰਬ ਵਜੋਂ ਉਭਾਰਿਆ। ਮੇਲੇ ਨੇ ਦਰਸਾਇਆ ਕਿ ਹਰ ਯੁੱਗ ਅੰਦਰ ਔਰਤਾਂ ਗ਼ਦਰੀ ਗੁਲਾਬ ਕੌਰ ਦਾ ਰੂਪ ਬਣ ਕੇ ਭੂਮਿਕਾ ਅਦਾ ਕਰਦੀਆਂ ਨੇ। ਇਹ ਸਿਰਫ਼ ਸਾਡੇ ਅਤੀਤ ਦੀ ਹੀ ਇਤਿਹਾਸਿਕ ਧਰੋਹਰ ਨਹੀਂ ਸਗੋਂ ਸਾਡੇ ਅੱਜ ਅਤੇ ਆਉਣ ਵਾਲੇ ਕੱਲ੍ਹ ਦੀ ਹਕੀਕੀ ਕਹਾਣੀ ਹੈ।

ਕੋਈ ਵੀ ਲਹਿਰ ਸਫ਼ਲਤਾ ਦੀ ਮੰਜ਼ਿਲ ਛੋਹਣਾ ਤਾਂ ਦੂਰ ਦੀ ਗੱਲ ਹੈ ਉਹ ਸਾਬਤ ਕਦਮੀ ਸਫ਼ਰ ’ਤੇ ਵੀ ਨਹੀਂ ਰਹਿ ਸਕਦੀ ਜੇਕਰ ਉਸਦੇ ਕਾਫ਼ਲੇ ਦੀ ਸੰਗੀ ਸਾਥੀ ਔਰਤ ਸ਼ਕਤੀ ਨਹੀਂ ਬਣਦੀ। ਬਿਨਾ ਸ਼ੱਕ ਇਹਨਾਂ ਰਾਹਾਂ ਦਾ ਪਾਂਧੀ ਬਣਨਾ ਖਾਸ ਕਰਕੇ ਸਾਡੇ ਵਰਗੇ ਪਛੜੇ ਸਮਾਜ ਅੰਦਰ ਐਨਾ ਸੌਖਾ ਨਹੀਂ। ਸੌ ਵਰ੍ਹੇ ਪਹਿਲਾਂ ਜਦੋਂ ਹੋਰ ਵੀ ਜਟਿਲ ਹਾਲਤਾਂ, ਦੁਸ਼ਵਾਰੀਆਂ ਗੁਲਾਬ ਕੌਰ ਅੱਗੇ ਉੱਚੇ ਪਹਾੜ ਬਣ ਖੜ੍ਹੀਆਂ ਹੋਣ ਉਨ੍ਹਾਂ ਔਕੜਾਂ ਨੂੰ ਸਰ ਕਰਦਿਆਂ ਗ਼ਦਰ ਲਹਿਰ ’ਚ ਸ਼ਾਮਿਲ ਹੋਣਾ ਮਰਦਾਵੇਂ ਦਾਬੇ ਨੂੰ ਭੰਨ ਕੇ ਆਜ਼ਾਦਾਨਾ ਤੌਰ ਤੇ ਉਹਨਾਂ ਸਮਿਆਂ ਵਿੱਚ ਗ਼ਦਰ ਲਹਿਰ ਦੇ ਪਰਿਵਾਰ ਦੀ ਵਫ਼ਾਦਾਰ ਵੀਰਾਂਗਣਾ ਬਣ ਕੇ ਖੜ੍ਹੇ ਹੋਣਾ ਗੁਲਾਬ ਕੌਰ ਦੀ ਇਤਿਹਾਸਿਕ ਪਹਿਚਾਣ ਦਾ ਚਿੰਨ੍ਹ ਹੈ। ਅਗਲੀ ਗੱਲ ਇਹ ਕਿ ਕਈ ਵਾਰ ਵਕਤੀ ਤੌਰ ਤੇ ਤਾਂ ਅਸਚਰਜਨਕ ਕਦਮ ਕੋਈ ਚੁੱਕ ਸਕਦਾ ਹੈ ਪਰ ਬਿਖੜੇ, ਲੰਮੇਰੇ ਅਤੇ ਆਫ਼ਤਾਂ ਭਰੇ ਰਾਹਾਂ ਉੱਪਰ ਜ਼ਿੰਦਗੀ ਦੇ ਆਖ਼ਰੀ ਦਮ ਤੱਕ ਤੁਰਨਾ ਲਾਸਾਨੀ ਹੁੰਦਾ ਹੈ। ਗੁਲਾਬ ਕੌਰ ਇਸ ਇਤਿਹਾਸਿਕ ਇਮਤਿਹਾਨ ਵਿੱਚੋਂ ਅੱਵਲ ਦਰਜਾ ਹਾਸਲ ਕਰਕੇ ਪਾਸ ਹੋਈ ਹੈ ਇਹ ਸੰਗਰਾਮੀ ਸਫ਼ਰਨਾਮਾ ਜਦੋਂ ਮੇਲੇ ਰਾਹੀਂ ਅਜੋਕੀ ਨੌਜਵਾਨ ਪੀੜ੍ਹੀ ਦੇ ਰੂਬਰੂ ਹੋਇਆ ਤਾਂ ਇਸ ਨੇ ਗਹਿਰੀ ਮੋਹਰ ਸਾਫ ਲੋਕ ਮਨਾ ਉੱਪਰ ਛੱਡੀ ਜੋ ਮੇਲੇ ਦਾ ਇਤਿਹਾਸਿਕ ਹਾਸਲ ਹੈ।

ਦੇਸ਼ ਭਗਤ ਯਾਦਗਾਰ ਹਾਲ ਕੰਪਲੈਕਸ ਦੀ ਮੇਲੇ ਵਿੱਚ ਦਿਖ ਪੰਡਾਲਾਂ, ਇਸ਼ਤਿਹਾਰਾਂ, ਫਲੈਕਸਾਂ ਟੂਕਾਂ, ਵਿਚਾਰ ਚਰਚਾਵਾਂ, ‘ਗਦਰੀ ਗੁਲਾਬ ਖਿੜਦੇ ਰਹਿਣਗੇ’ ਨਾਮੀ ਝੰਡੇ ਦਾ ਗੀਤ ਸੰਗੀਤ ਨਾਟ ਓਪੇਰਾ, ਪੇਂਟਿੰਗ ਫੋਟੋ ਕਲਾ ਪ੍ਰਦਰਸ਼ਨੀ ਵੰਨ ਸੁਵੰਨੇ ਮੁਕਾਬਲਿਆਂ ਅੰਦਰ ਵੀ ਪ੍ਰਤੀਯੋਗੀਆਂ ਦੇ ਬੋਲਾਂ, ਗ਼ਦਰੀ ਗੁਲਾਬ ਕੌਰ ਧੜਕਦੀ ਪ੍ਰਤੀਤ ਹੁੰਦੀ ਰਹੀ। ਮੇਲਾ ਪ੍ਰੇਮੀਆਂ ਲਈ ਗੁਲਾਬ ਕੌਰ ਮਟਕ ਅਤੇ ਗੌਰਵਸ਼ਾਲੀ ਲੋਕ ਮੁਖੀ ਮਕਸਦ ਨੂੰ ਪਰਣਾਈ ਸੰਗਰਾਮੀ ਜ਼ਿੰਦਗੀ ਦੀ ਰੌਸ਼ਨ ਮਿਸਾਲ ਬਣ ਕੇ ਮੇਲੇ ਚ ਅਗਾਹ ਵਧੂ ਇਨਕਲਾਬੀ ਵਿਚਾਰਾਂ ਦੀ ਰੌਸ਼ਨੀ ਵੰਡਦੀ ਰਹੀ।

### ਗ਼ਦਰੀ ਹਾਫ਼ਿਜ਼ ਅਬਦੁੱਲਾ ਨਗਰ
### ਸਾਂਝੀ ਵਿਰਾਸਤ ਦਾ ਬਣਿਆਂ ਚਿੰਨ

ਮੇਲੇ ਚ ਦੇਸ਼ ਭਗਤ ਯਾਦਗਾਰ ਹਾਲ ਦੇ ਸਮੁੱਚੇ ਕੰਪਲੈਕਸ ਨੂੰ ਗ਼ਦਰੀ ਹਾਫ਼ਿਜ਼ ਅਬਦੁਲਾ ਨਗਰ ਦਾ ਨਾਮ ਦਿੱਤਾ ਗਿਆ। ਇਹ ਮਹਿਜ਼ ਰਸਮੀ ਨਾਮਕਰਨ ਨਹੀਂ ਸੀ ਇਹ ਮੁਲਕ ਦੀ ਰਾਜ ਸਤਾ ਤੇ ਕਾਬਜ ਫਿਰਕੂ ਫਾਸ਼ੀ ਮੋਦੀ ਹਕੂਮਤ ਵੱਲੋਂ ਮੁਸਲਮਾਨ ਭਾਈਚਾਰੇ ਨੂੰ ਹਰ ਤਰ੍ਹਾਂ ਨਾਲ ਚੋਣਵੇਂ ਹਮਲੇ ਦਾ ਨਿਸ਼ਾਨਾ ਬਣਾਏ ਜਾਣ ਦੇ ਵਿਰੋਧ ਦਾ ਪ੍ਰਤੀਕ ਸੀ। ਮੇਲੇ ਦਾ ਪ੍ਰਮੁੱਖ ਪ੍ਰਵੇਸ਼ ਦੁਆਰ ਗ਼ਦਰੀ ਹਾਫ਼ਿਜ਼ ਅਬਦੁਲਾ ਨਗਰ ਦਾ ਸਾਂਝੀ ਵਿਰਾਸਤ ਦਾ ਪ੍ਰਭਾਵ ਸਿਰਜਦੇ ਹੋਏ ਅਸਲ ’ਚ ਸਾਂਝੇ ਆਜ਼ਾਦੀ ਸੰਗਰਾਮ ਦੇ ਇਤਿਹਾਸ ਨੂੰ ਸਿਜਦਾ ਕਰਨਾ ਸੀ। ਇਹ ਪੈਗ਼ਾਮ ਦੇਣਾ ਸੀ ਕਿ ਇਸ ਸਾਂਝੇ ਇਤਿਹਾਸ ਨੂੰ ਫ਼ਿਰਕੂ ਚਾਲਾਂ ਧੂੜ ਵਿੱਚ ਨਹੀਂ ਮਿਲਾ ਸਕਦੀਆਂ।

### ਪੰਡਾਲਾਂ ਦੇ ਨਾਮ : ਮੇਲੇ ਦੀ ਸ਼ਾਨ

ਗ਼ਦਰੀ ਮੇਲੇ ਅੰਦਰ ਸੱਜੇ ਇੱਕ ਹੋਰ ਪੁਸਤਕ ਮੇਲੇ ਦੇ ਖ਼ੂਬਸੂਰਤ ਪੰਡਾਲ ਨੂੰ ‘ਬਖਸ਼ੀ ਵਾਲਾ, ਦੌਲਾ ਸਿੰਘ ਵਾਲਾ ਅਤੇ ਕੋਟਲਾ ਨੌਧ ਸਿੰਘ ਪੁਸਤਕ ਪੰਡਾਲ’ ਦਾ ਨਾਂ ਅਤੇ ਸ਼ਹੀਦ ਭਗਤ ਸਿੰਘ ਸਟੇਡੀਅਮ ਨੂੰ ਮੇਲੇ ਦੇ ਦਿਨਾਂ ਚ ਗਦਰੀ ਬਾਬਾ ਹਰਨਾਮ ਸਿੰਘ ਟੁੰਡੀ ਲਾਟ ਪੰਡਾਲ ਦਾ ਨਾਂਅ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਬਾਬਾ ਹਰਨਾਮ ਸਿੰਘ ਨੇ ਆਪਣੇ ਪਿੰਡ ਕੋਟਲਾ ਨੌਧ ਸਿੰਘ ਆਪਣੀ ਜਮੀਨ ਸਰਕਾਰੀ ਸਕੂਲ ਲਈ ਦਿੱਤੀ ਸੀ ਜਿੱਥੇ ਉਹਨਾਂ ਦਾ ਬੁੱਤ ਵੀ ਲੱਗਾ ਹੈ ਅਤੇ ਉਹਨਾਂ ਦੇ ਨਾਮ ਤੇ ਸਕੂਲ ਵੀ ਬਣਿਆਂ ਹੋਇਆ। ਮੇਲੇ ਦੀਆਂ ਹੋਰ ਕਲਾ ਵੰਨਗੀਆਂ, ਤਿਆਰੀਆਂ ਅਤੇ ਪ੍ਰਬੰਧਕੀ ਕੰਮ ਕਾਰ ਗਦਰੀ ਬਾਬਾ ਸੋਹਣ ਸਿੰਘ ਭਕਨਾ ਮਿਊਜ਼ਅਮ, ਭਾਈ ਸੰਤੋਖ ਸਿੰਘ ਕਿਰਤੀ ਲਾਇਬਰੇਰੀ, ਸ਼ਹੀਦ ਵਿਸ਼ਨੂ ਗਣੇਸ਼ ਪਿੰਗਲੇ ਹਾਲ, ਪ੍ਰੋਫੈਸਰ ਬਰਕਤ ਉਲਾ ਹਾਲ, ਸੋਹਣ ਲਾਲ ਪਾਠਕ ਹਾਲ, ਗਦਰੀ ਗੁਲਾਬ ਕੌਰ ਹਾਲ, ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਹਾਲ, ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ, ਗੰਧਰਸੇਨ ਕੋਛੜ ਥੀਏਟਰ ਅਤੇ ਗ਼ਦਰੀ ਬਾਬਾ ਗੁਰਮੁਖ ਸਿੰਘ ਹਾਲ ਵਿੱਚ ਚਲਦੇ ਰਹੇ । ਨਵੀਂ ਪਨੀਰੀ ਅਤੇ ਚੜ੍ਹਦੀ ਜਵਾਨੀ ਨੂੰ ਆਪਣੇ ਪੁਰਖਿਆਂ ਬਾਰੇ ਪ੍ਰੇਰਨਾ ਲੈਣ ਦਾ ਮੌਕਾ ਮਿਲਦਾ ਰਿਹਾ। ਚਿਤਰ ਕਲਾ, ਫੋਟੋ ਕਲਾ ਪ੍ਰਦਰਸ਼ਨੀ ਮੇਲੇ ਦੇ ਵੰਨ ਸੁਵੰਨੇ ਰੰਗਾਂ ਦੀ ਝਲਕ ਲੋਕਾਂ ਨੂੰ ਨਵੇਂ ਸਰੂਰ ਵਿਚ ਰੰਗਦੀ ਰਹੀ।

### ਰੰਗ ਅਨੇਕ: ਸੁਨੇਹਾ ਏਕ

ਪਹਿਲੇ ਦਿਨ 30 ਅਕਤੂਬਰ ਨੂੰ ਹੀ ਬਹੁ ਰੰਗੇ ਮੇਲੇ ਦੇ ਘੁਲੇ ਮਿਲੇ ਇੱਕ ਰੰਗ ਨੇ ਮੇਲੇ ’ਚ ਆਪਣਾ ਅਨੋਖਾ ਪ੍ਰਭਾਵ ਸਿਰਜ ਲਿਆ। ਪੰਜਾਬ ਦੇ ਕੋਨੇ ਕੋਨੇ ਤੋਂ ਆਏ ਚਿੱਤਰਕਾਰਾਂ ਫੋਟੋ ਕਲਾਕਾਰਾਂ ਨੇ ਆਪਣੀਆਂ ਕਲਾ ਕਿਰਤਾਂ ਦੀ ਪ੍ਰਦਰਸ਼ਨੀ ਲਗਾਈ। ਗ਼ਦਰੀ ਗੁਲਾਬ ਕੌਰ, ਫ਼ਲਸਤੀਨ, ਫਾਸ਼ੀਵਾਦ ਤੋਂ ਲੈ ਕੇ ਲੋਕ ਸੱਭਿਆਚਾਰ ਦੇ ਦਿਲਕਸ਼ ਰੰਗ ਮੇਲਾ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਬਣੇ ਰਹੇ।

### ਪੁਸਤਕ ਸੱਭਿਆਚਾਰ ਦੀ ਸ਼ਾਮ ਪਾਬੰਦੀ ਸ਼ੁਦਾ ਪੁਸਤਕਾਂ ਦੇ ਨਾਮ

ਪਹਿਲੇ ਦਿਨ ਹੀ ਪੁਸਤਕ ਮੇਲਾ ਖਿੜਦੇ ਜਲੌਅ ਨਾਲ ਸ਼ੁਰੂ ਹੋਇਆ। ਪੂਰਾ ਪੰਡਾਲ ਦੂਜੇ ਰਾਜਾਂ ਅਤੇ ਪੰਜਾਬ ਭਰ ਦੇ ਪਬਲਿਸ਼ਰਾਂ, ਪੁਸਤਕ ਵਿਕਰੇਤਾਵਾਂ ਅਤੇ ਫੋਟੋ ਪ੍ਰਦਰਸ਼ੀਆਂ ਨਾਲ ਸਜ ਗਿਆ ਇਸ ਮਨਮੋਹਕ ਮਾਹੌਲ ਅੰਦਰ ਸਮਾਗਮ ਨੂੰ ਪੁਸਤਕ ਸੱਭਿਆਚਾਰ ਦੀ ਸ਼ਾਮ ਪਾਬੰਦੀ ਸ਼ੁਦਾ ਪੁਸਤਕਾਂ ਦੇ ਨਾਮ ਦਿੱਤਾ ਗਿਆ ਅਜੋਕੇ ਬਹੁ ਪੱਖੀ ਚੁਣੌਤੀਆਂ ਭਰੇ ਦੌਰ ਅੰਦਰ ਵੀ ਪੁਸਤਕ ਸੱਭਿਆਚਾਰ ਦੀ ਮੁੱਲਵਾਨ ਭੂਮਿਕਾ ਉੱਪਰ ਵਿਚਾਰਾਂ ਹੋਈਆਂ। ਇਹ ਵੀ ਤੱਤ ਨਿਕਲ ਕੇ ਸਾਹਮਣੇ ਆਇਆ ਕਿ ਇਲੈਕਟਰੋਨਿਕ ਜਾਂ ਸੋਸ਼ਲ ਮੀਡੀਆ ਦੇ ਦੌਰ ਅੰਦਰ ਵੀ ਪੁਸਤਕ ਸੱਭਿਆਚਾਰ ਦਾ ਕੋਈ ਬਦਲ ਨਹੀਂ। ਪੁਸਤਕ ਮਨੁੱਖ ਦਾ ਸਭ ਤੋਂ ਨੇੜਲਾ ਭਰੋਸੇ ਯੋਗ ਸੰਗੀ ਸਾਥੀ ਹੈ।

ਮੇਲੇ ਦਾ ਦੂਜਾ ਦਿਨ ਬਹੁ ਪੱਖੀ ਕਲਾ ਕਿਰਤਾਂ ਦੇ ਰੰਗਾਂ ਚ ਰੰਗਿਆ ਰਿਹਾ। ਇਕੋ ਵੇਲੇ ਗਾਇਨ, ਭਾਸ਼ਣ ਅਤੇ ਪੇਂਟਿੰਗ ਮੁਕਾਬਲੇ ਚਲਦੇ ਰਹੇ। ਇਹਨਾਂ ਦੇ ਇਨਾਮ ਸਨਮਾਨ ਸਮਾਰੋਹ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜਾਣੇ ਪਹਿਚਾਣੇ ਆਗੂ ਰਜਿੰਦਰ ਭਦੌੜ ਨੇ ਤਰਕਸ਼ੀਲ ਵਿਗਿਆਨਕ ਵਿਚਾਰ ਸਾਂਝੇ ਕੀਤੇ। ਸ਼ਾਮ ਨੂੰ ਕਵੀ ਦਰਬਾਰ ਹੋਇਆ। ਇਸ ਮੌਕੇ ਦਰਜਨਾਂ ਹੀ ਨਵ ਪ੍ਰਕਾਸ਼ਿਤ ਪੁਸਤਕਾਂ ਲੋਕ ਅਰਪਣ ਹੋਈਆਂ। ਕਲਮਕਾਰ ਇਸ ਮੇਲੇ ’ਚ ਆਪਣੀ ਕਿਤਾਬ ਲੋਕ ਅਰਪਣ ਕਰਨਾ ਮਾਣ ਮਹਿਸੂਸ ਕਰਦੇ ਹਨ। ਦੂਜੇ ਦਿਨ ਹੀ ਕਵੀ ਦਰਬਾਰ ਉਪਰੰਤ ਫ਼ਲਸਤੀਨ ਅਤੇ ਆਦਿ ਵਾਸੀਆਂ ’ਤੇ ਢਾਹੇ ਜਾ ਰਹੇ ਜਬਰ ਅਤੇ ਉਹਨਾਂ ਦੇ ਸੰਗਰਾਮ ਬਾਰੇ ਪੀਪਲਜ਼ ਵੋਇਸ ਵੱਲੋਂ ਡਾ. ਸੈਲੇਸ਼ ਦੀ ਨਿਰਦੇਸ਼ਨਾ ਹੇਠ ਫਿਲਮਾਂ ਦਿਖਾਈਆਂ ਗਈਆਂ। ਮੇਲੇ ਦੇ ਦੂਜੇ ਅਤੇ ਤੀਜੇ ਦਿਨਾਂ ਚ ਕਰਮਵਾਰ ਪ੍ਰਭਾਤ ਪਟਨਾਇਕ, ਡਾ. ਸਵਰਾਜ ਵੀਰ, ਜੰਮੂ ਤੋਂ ਮੁਹੰਮਦ ਯੂਸਫ਼ ਤਾਰੀਗਾਮੀ ਅਤੇ ਡਾ. ਨਵਸ਼ਰਨ ਨੇ ਵਿਚਾਰ ਪੇਸ਼ ਕੀਤੇ। ਮੇਲੇ ਅੰਦਰ ਵਿਚਾਰ ਚਰਚਾ ਅਤੇ ਤਕਰੀਰਾਂ ਰਾਹੀਂ ਮੇਲੇ ਨੂੰ ਇਤਿਹਾਸਕ ਅਤੇ ਪ੍ਰਸੰਗਕ ਸੁਆਲਾਂ ਦੇ ਹਾਣੀ ਬਣਾਉਣਾ ਸੋਚਿਆ ਗਿਆ ਸੀ। ਮੇਲੇ ਚ ਆਏ ਬਹੁਤ ਸਾਰੇ ਲੋਕਾਂ ਨੇ ਬੇਬਾਕ ਹੋ ਕੇ ਆਪਣੇ ਉਸਾਰੂ ਸੁਝਾਅ ਦਿੱਤੇ ਕਿ ਸਮੇਂ ਦਾ ਆਪਣਾ ਜਾਬਤਾ ਹੁੰਦਾ ਹੈ। ਜੇਕਰ ਸਾਰੇ ਬੁਲਾਰੇ ਅਤੇ ਕਲਾ ਕਿਰਤਾਂ ਪੇਸ਼ ਕਰਨ ਵਾਲੇ ਵਕਤ ਦੇ ਨਿਸ਼ਚਿਤ ਸਮੇਂ ਅੰਦਰ ਰਹਿਣ ਤਾਂ ਉਸਦਾ ਪ੍ਰਭਾਵ ਤਾਂ ਹੋਰ ਵੀ ਵਧੀਆ ਜਾਂਦਾ ਹੀ ਹੈ ਇਸਦੇ ਨਾਲ ਹੀ ਹੋਰ ਸਮਾਂ ਸਾਰਣੀ ਵੀ ਸਚਿਆਰੇ ਅੰਦਾਜ਼ ਵਿੱਚ ਨੇਪਰੇ ਚਾੜ੍ਹਨ ਲਈ ਪ੍ਰਬੰਧਕਾਂ ਵਾਸਤੇ ਮਦਦਗਾਰ ਸਾਬਤ ਹੁੰਦੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਆਈ ਡਬਲਿਊ ਏ ਗਰੇਟ ਬ੍ਰਿਟੇਨ, ਸ਼ਹੀਦ ਊਧਮ ਸਿੰਘ ਵੈਲਫੇਅਰ ਟਰਸਟ ਦੇ ਆਗੂ ਕੁਲਬੀਰ ਸਿੰਘ ਸੰਘੇੜਾ ਨੇ 34ਵੇਂ ਮੇਲੇ ਮੌਕੇ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨ ਉਪਰੰਤ ਆਪਣੇ ਵਿਚਾਰ ਪੇਸ਼ ਕੀਤੇ। ਕਮੇਟੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਮਾੜੀ ਮੇਘਾ ਨੇ ਮੇਲੇ ਦਾ ਸੁਨੇਹਾ ਸਾਂਝਾ ਕੀਤਾ।

### ਨਿੱਕੇ ਨਿਕਲੇ ਤਿੱਖੇ, ਬਾਲਾਂ ਨੇ
### ਝੰਡੇ ਦੇ ਗੀਤ ’ਚ ਗੱਡੇ ਝੰਡੇ

ਹਰ ਵਰ੍ਹੇ ਨਵੇਂ ਨਵੇਲੇ ਰੰਗ ਚ ਹੁੰਦਾ ਸੰਗੀਤ ਨਾਟ ਓਪੇਰਾ, ਝੰਡੇ ਦਾ ਗੀਤ ਪੇਸ਼ ਕਰਨ ਵੇਲੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਤੇ ਇਸ ਝੰਡੇ ਦੇ ਗੀਤ ਦੇ ਲੇਖਕ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਵਾਰ ਸਾਡੇ ਸਭ ਦੇ ਸਾਹਮਣੇ ਤਿੱਖੀ ਅਤੇ ਵੱਡੀ ਚੁਣੌਤੀ ਇਹ ਖੜ੍ਹੀ ਸੀ ਕਿ ਮੇਲੇ ਦੇ ਦਿਨਾਂ ਦੀਆਂ ਹੀ ਤਰੀਕਾਂ ਨੂੰ ਯੂਨੀਵਰਸਿਟੀਆਂ ਵੱਲੋਂ ਕਰਵਾਏ ਜਾ ਰਹੇ ਯੂਥ ਫੈਸਟੀਵਲ ਵੀ ਸਨ। ਮੇਲੇ ’ਚ ਮੁਕਾਬਲਿਆਂ ਦੀਆਂ ਵੰਨਗੀਆਂ, ਝੰਡੇ ਦੇ ਗੀਤ ਦੀ ਵਰਕਸ਼ਾਪ ਅਤੇ ਮੇਲੇ ਵਿੱਚ ਕਲਾਕਾਰਾਂ ਲੋਕਾਂ ਦੀ ਰੜਕਵੀਂ ਥੁੜ ਪੈਣ ਦਾ ਫਿਕਰ ਤਿਆਰੀ ਦੇ ਦਿਨਾਂ ਮੌਕੇ ਲੱਗਾ ਹੋਇਆ ਸੀ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਯੂਨੀਵਰਸਿਟੀਆਂ ਨੂੰ ਵਿਸ਼ੇਸ਼ ਚਿੱਠੀ ਲਿਖ ਕੇ ਪੰਜਾਬ ਅੰਦਰ ਹੜਾਂ ਦੀ ਆਫ਼ਤ ਅਤੇ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਗ਼ਦਰੀ ਬਾਬਿਆਂ ਦੇ ਮੇਲੇ ਕਾਰਨ ਯੂਥ ਫੈਸਟੀਵਲ ਅੱਗੇ ਪਾਉਣ ਅਤੇ ਇਹੋ ਖਰਚਾ ਹੜ੍ਹ ਪੀੜਤਾਂ ਲਈ ਲਾਉਣ ਦੀ ਅਪੀਲ ਕੀਤੀ ਜਦੋਂ ਕਿਸੇ ਵੀ ਯੂਨੀਵਰਸਿਟੀ ਨੇ ਚਿੱਠੀ ਦਾ ਕੋਈ ਜਵਾਬ ਦੇਣ ਦੀ ਜਰੂਰਤ ਮਹਿਸੂਸ ਨਾ ਕੀਤੀ ਤਾਂ ਅਸੀਂ ਖੇਤ ਮਜ਼ਦੂਰਾਂ, ਸ਼ਹਿਰਾਂ ਦੀਆਂ ਬਸਤੀਆਂ ਦੇ ਮਜ਼ਦੂਰਾਂ, ਕਿਸਾਨਾਂ, ਬੇਰੁਜ਼ਗਾਰ ਪਰਿਵਾਰਾਂ ਖਾਸ ਕਰਕੇ ਦਲਿਤ ਪਰਿਵਾਰਾਂ ਦੇ ਘਰਾਂ ਨੂੰ ਹੀ ਯੂਨੀਵਰਸਿਟੀ ਸਮਝਦੇ ਹੋਏ ਇਥੇ ਜਾ ਕੇ ਸਮੱਸਿਆ ਸਾਂਝੀ ਕੀਤੀ ਤਾਂ ਲੋਕਾਂ ਨੇ ਬਹੁਤ ਹੀ ਗਰਮ ਜੋਸ਼ੀ ਨਾਲ ਹੁੰਗਾਰਾ ਭਰਿਆ। ਹਜ਼ਾਰਾਂ ਦਰਸ਼ਕਾਂ ਨੇ ਸਾਹ ਰੋਕ ਕੇ ਝੰਡੇ ਦੇ ਗੀਤ ਦਾ ਆਨੰਦ ਮਾਣਿਆਂ । ਵਿਸ਼ੇਸ਼ ਕਰਕੇ ਬਾਲ ਕਲਾਕਾਰਾਂ ਦੀਆਂ ਤਾੜੀਆਂ ਅਤੇ ਨਾਅਰਿਆਂ ਦੀ ਗੂੰਜ ਨਾਲ ਹੌਸਲਾ ਅਫ਼ਜ਼ਾਈ ਕੀਤੀ ਗਈ। ਇਥੇ ਸਿਰਫ਼ ਇਹੋ ਕਹਾਂਗੇ ਕਿ ਝੰਡੇ ਦੇ ਗੀਤ ਬਾਰੇ ਇੱਕ ਵੱਖਰਾ ਲੇਖ ਲਿਖਿਆ ਜਾ ਸਕਦਾ ਹੈ ਪਰ 31 ਅਕਤੂਬਰ ਰਾਤ ਭਰ ਪੰਜਾਬ ਦੇ ਕੋਨੇ ਕੋਨੇ ਤੋਂ ਕਾਫ਼ਲਿਆਂ ਦੇ ਕਾਫ਼ਲੇ ਬੰਨ੍ਹਕੇ ਆਉਂਦੇ, ਰਾਤਾਂ ਨੂੰ ਰੌਸ਼ਨ ਕਰਦੇ ਹੋਏ ਦੇਸ਼ ਭਗਤ ਯਾਦਗਾਰ ਹਾਲ ਇਸ ਕਰਕੇ ਵੀ ਪਹੁੰਚਦੇ ਹਨ ਕਿ ਉਨ੍ਹਾਂ ਦੀ ਨਿਹਚਾ ਹੁੰਦੀ ਹੈ ਕਿ ਪਹਿਲੀ ਨਵੰਬਰ ਸਵੇਰੇ 10 ਵਜੇ ਹੁੰਦਾ ਝੰਡੇ ਦਾ ਗੀਤ ਜਰੂਰ ਵੇਖਿਆ ਜਾਏ। ਝੰਡੇ ਦੇ ਗੀਤ ਦੀ ਪੇਸ਼ਕਾਰੀ, ਸੰਗੀਤ, ਗਾਇਕੀ, ਨਿਰਦੇਸ਼ਨ ਅਤੇ ਕਲਾਕਾਰਾਂ ਦੀ ਅਦਾਕਾਰੀ ਨੇ ਸਮਾਂ ਬੰਨ੍ਹ ਦਿੱਤਾ। ਇਸ ਮੌਕੇ ਝੰਡੇ ਦੇ ਗੀਤ ਦੇ ਕਲਾਕਾਰਾਂ ਦੇ ਪਰਿਵਾਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਜਿਹੜੇ ਨੰਨੇ ਮੁੰਨੇ ਬਾਲਾਂ ਅਤੇ ਜਵਾਨ ਧੀਆਂ ਪੁੱਤਰਾਂ ਨੂੰ ਵਰਕਸ਼ਾਪ ਅਤੇ ਮੇਲੇ ਵਿੱਚ ਚਾਈਂ ਚਾਈਂ ਭੇਜਦੇ ਹਨ।

ਪਹਿਲੀ ਨਵੰਬਰ ਦਿਨ ਵੇਲੇ ਮੁਹੰਮਦ ਯੂਸਫ਼ ਤਾਰੀਗਾਮੀ ਜੰਮੂ ਅਤੇ ਡਾ. ਨਵਸ਼ਰਨ ਨਵੀਂ ਦਿੱਲੀ ਨੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਭਾਰਤ ਅੰਦਰ ਜ਼ੋਰ ਫੜ ਰਹੇ ਫਾਸ਼ੀ ਹੱਲੇ ਨੂੰ ਪਛਾੜਨ ਲਈ ਲੋਕਾਂ ਦੀ ਤਾਕਤ ਦਾ ਕਿਲ੍ਹਾ ਉਸਾਰਨਾ ਲਾਜ਼ਮੀ ਹੈ।

ਪੰਜਾਬ ਅੰਦਰ ਹੜ੍ਹ ਪੀੜਤਾਂ ਲਈ ਜੰਗੀ ਪੱਧਰ ਤੇ ਚੱਲ ਰਹੇ ਲੋਕ ਪੱਖੀ ਸੰਸਥਾਵਾਂ ਵੱਲੋਂ ਸਹਾਇਤਾ ਕਾਰਜ਼, ਯੂਨੀਵਰਸਿਟੀਆਂ, ਸਮੂਹ ਵਿੱਦਿਅਕ ਅਦਾਰਿਆਂ ਅੰਦਰ ਚੱਲ ਰਹੇ ਯੂਥ ਫੈਸਟੀਵਲ ਦੇ ਰੁਝੇਵੇਂ, ਕਣਕ ਦੀ ਬਿਜਾਈ ਆਦਿ ਅਨੇਕਾਂ ਕਾਰਨਾਂ ਦੇ ਬਾਵਜੂਦ ਮੇਲੇ ਵਿੱਚ ਕਮਾਲ ਦੀ ਹਾਜ਼ਰੀ ਨੇ ਇਹ ਦਰਸਾਇਆ ਕਿ ਮੇਲੇ ਦੀ ਲੋਕ ਮਨਾਂ ਉੱਪਰ ਕਿੰਨੀ ਗੂਹੜੀ ਮੋਹਰ ਛਾਪ ਹੈ।

### ਇੰਗਲੈਂਡ ਦੇ ਸਾਥੀਆਂ ਪਾਇਆ
### ਮੇਲੇ ’ਚ ਵਿਸ਼ੇਸ਼ ਯੋਗਦਾਨ

ਜ਼ਿਕਰਯੋਗ ਹੈ ਕਿ ਇੰਗਲੈਂਡ ਦੇ






ਸਾਥੀਆਂ ਵੱਲੋਂ ਲੰਗਰ ਦੀ ਸੇਵਾ ਦੀ ਪਹਿਲ ਕਦਮੀ ਕਰਦੇ ਹੋਏ ਨਰੋਈ ਪਿਰਤ ਪਾਈ ਗਈ।

### ਨਾਟਕਾਂ ਅਤੇ ਗੀਤਾਂ ਭਰੀ ਰਾਤ ਵੱਲੋਂ ਜ਼ਿੰਦਗੀ ਰੁਸ਼ਨਾਉਣ ਦਾ ਸੁਨੇਹਾ

ਤਿੰਨ ਰੋਜ਼ਾ ਗ਼ਦਰੀ ਬਾਬਿਆਂ ਦੇ ਮੇਲੇ ਦੀ ਸਿਖ਼ਰਲੀ ਰਾਤ ਚੇਤਨਾ, ਸੰਗਰਾਮ ਅਤੇ ਮੁਕਤੀ ਦਾ ਪੈਗ਼ਾਮ ਵੰਡਦੇ ਚਾਨਣ ਨੇ ਰੁਸ਼ਨਾ ਦਿੱਤੀ।

• ਪ੍ਰੋ. ਅਜਮੇਰ ਸਿੰਘ ਔਲਖ ਦੇ ਲਿਖੇ, ਅਜਮੀਤ ਔਲਖ ਦੁਆਰਾ ਨਿਰਦੇਸ਼ਤ ਕੀਤੇ ਨਾਟਕ "ਤੂੰ ਚਰਚਾ ਘੂਕਦਾ ਰੱਖ ਜ਼ਿੰਦੇ" ਦਾ ਮੰਚਣ ਲੋਕ ਕਲਾ ਮੰਚ ਮਾਨਸਾ ਦੀ ਟੀਮ ਵੱਲੋਂ ਕੀਤਾ ਗਿਆ। ਬਹੁਤ ਸਮਾਂ ਪਹਿਲਾਂ ਹੀ ਪ੍ਰੋ. ਅਜਮੇਰ ਸਿੰਘ ਔਲਖ ਦੀ ਬੌਧਿਕ ਸੰਵੇਦਨਾ ਅਤੇ ਦੂਰ-ਦ੍ਰਿਸ਼ਟੀ ਦੁਆਰਾ ਸੋਚੇ ਵਿਚਾਰੇ ਇਸ ਨਾਟਕ ਨੇ ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਮੌਕੇ ਇਸ ਇਤਿਹਾਸਕ ਧਰੋਹਰ ਨੂੰ ਮਾਣ-ਮੱਤਾ ਸਥਾਨ ਮਿਲਿਆ।

• ਮਾਲਾ ਹਾਸ਼ਮੀ ਦੀ ਨਿਰਦੇਸ਼ਨਾ 'ਚ ਜਨ ਨਾਟਿਆ ਮੰਚ ਦਿੱਲੀ ਦੇ ਕਲਾਕਾਰਾਂ ਨੇ "ਏਕ ਬੇਰੁਜ਼ਗਾਰ ਕੀ ਅਧੂਰੀ ਲਵ ਸਟੋਰੀ" ਨਾਟਕ ਰਾਹੀਂ ਹਕੂਮਤੀ ਦਰਬਾਰ ਦੇ ਲੋਕਾਂ ਨਾਲ ਕੀਤੇ ਜਾਂਦੇ ਛਲਾਵਿਆਂ ਦੀ ਫੂਕ ਕੱਢ ਕੇ ਰੱਖ ਦਿੱਤੀ। ਨਾਟਕ ਨੇ ਤਿੱਖੇ ਵਿਅੰਗ ਕਸੇ ਕਿ ਕਿਵੇਂ ਅਖੌਤੀ ਵਿਕਾਸ ਨੇ ਮੁਲਕ ਦੀ ਜੁਆਨੀ ਨੂੰ ਭੰਬਲਭੂਸੇ ਪਾਉਣ ਅਤੇ ਉਹਨਾਂ ਨੂੰ 'ਹਨੇਰ ਨਗਰੀ' ਵਿੱਚ ਧੱਕਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ।

• ਜਲੰਧਰ ਦੂਰਦਰਸ਼ਨ ਦੇ ਸਾਬਕਾ ਡਾਇਰੈਕਟਰ ਹਰਜੀਤ ਦਾ ਲਿਖਿਆ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ ਮੰਚ ਅੰਮ੍ਰਿਤਸਰ ਦੁਆਰਾ ਪੇਸ਼ ਨਾਟਕ 'ਸਾਂਦਲਬਾਰ' ਬਰਤਾਨਵੀ ਸਾਮਰਾਜ ਮੌਕੇ ਸਾਡੇ ਮੁਲਕ ਦੇ ਲੋਕਾਂ ਦੇ ਜ਼ਮੀਨਾਂ ਤੋਂ ਕੀਤੇ ਉਜਾੜੇ 'ਚੋਂ ਉਤਪੰਨ ਸੰਕਟ ਦੀ ਦਾਸਤਾਂ ਨੂੰ ਇਉਂ ਪੇਸ਼ ਕਰਨ 'ਚ ਸਫ਼ਲ ਰਿਹਾ ਕਿ ਕਦੇ ਛਲਾਵੇ 'ਚ ਲੈ ਕੇ ਕਦੇ ਜ਼ਬਰ ਦੇ ਜ਼ੋਰ ਧਰਤੀ ਜਾਏ ਕਿਰਤੀ ਕਿਸਾਨਾਂ ਨੂੰ ਉਜਾੜੇ ਦੇ ਮੂੰਹ ਧੱਕਣ ਦੀ ਕਹਾਣੀ ਹੀ ਦੁਹਰਾਈ ਜਾ ਰਹੀ ਹੈ। ਜਦੋਂ ਲੈਂਡ ਪੂਲਿੰਗ, ਜੰਗਲ, ਜਲ, ਜ਼ਮੀਨਾਂ ਜ਼ਬਰੀ ਜ਼ਮੀਨਾਂ ਖੋਹਣ, ਵੇਚਣ ਦਾ ਚੌਤਰਫ਼ਾ ਹੱਲਾ ਬੋਲਿਆ ਜਾ ਰਿਹਾ ਹੈ। ਇਹ ਨਾਟਕ ਸੰਕੇਤਕ ਤੌਰ 'ਤੇ ਸਾਡੀ ਨਜ਼ਰ ਪਵਾ ਗਿਆ ਕਿ ਖਿੱਤਾ ਆਦਿਵਾਸੀਆਂ ਦਾ ਹੋਵੇ ਜਾਂ ਪੰਜਾਬ ਦਾ, ਕਾਰਪੋਰੇਟ ਘਰਾਣਿਆਂ ਦੀ ਜ਼ਮੀਨਾਂ ਹਥਿਆਉਣ ਦੀ ਨੀਤੀ ਨੂੰ ਭਾਂਜ ਦੇਣ ਦੀ ਲੋੜ ਹੈ।

• ਪ੍ਰੋਗਰੈਸਿਵ ਆਰਟਿਸਟਸ ਲੀਗ ਨਵੀਂ ਦਿੱਲੀ ਤੋਂ ਆਈ ਨਾਟਕ ਅਤੇ ਗੀਤ-ਸੰਗੀਤ ਮੰਡਲੀ ਨੇ 'ਦਾਸਤਾਂ-ਏ-ਗੰਗੂ' ਰਾਹੀਂ ਫਾਸ਼ੀਵਾਦ ਉਪਰ ਤਿੱਖੀਆਂ ਚੋਟਾਂ ਮਾਰਦਿਆਂ ਅਜੋਕੇ ਭਾਰਤੀ ਹੁਕਮਰਾਨਾਂ ਦੀਆਂ ਫ਼ਿਰਕੂ ਫਾਸ਼ੀ ਨੀਤੀਆਂ ਦੇ ਲੋਕ-ਵਿਰੋਧੀ ਮਨਸ਼ਿਆਂ ਦਾ ਪਰਦਾਫਾਸ਼ ਕੀਤਾ।

• ਡਾ. ਸਾਹਿਬ ਸਿੰਘ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ "ਤੂੰ ਅਗਲਾ ਵਰਕਾ ਫੋਲ" ਉਹਨਾਂ ਦੀ ਹੀ ਅਦਾਕਾਰੀ 'ਚ ਗਹਿਰ ਗੰਭੀਰ ਸੰਵੇਦਨਾਵਾਂ ਨੂੰ ਝੰਜੋੜਨ ਵਿੱਚ ਸਫ਼ਲ ਰਿਹਾ। ਉਹਨਾਂ ਦੇ ਨਾਟਕ ਨੇ ਹਲੂਣਵੇਂ ਅੰਦਾਜ਼ ਵਿੱਚ ਕਿਹਾ ਕਿ ਬੇਗ਼ਮਪੁਰਾ ਅਤੇ ਸਾਂਝੀਵਾਲਤਾ ਸਿਰਜਣ ਲਈ ਰਵਾਇਤੀ ਰਾਹਾਂ 'ਤੇ ਤੁਰਨ ਜਾਂ ਕਿਸੇ ਪੀਰ ਔਲੀਏ 'ਤੇ ਟੇਕ ਰੱਖਣ ਦੀ ਬਜਾਏ ਸਾਨੂੰ ਅਗਲੇ ਕਦਮ ਪੁੱਟਦਿਆਂ, ਅਤੀਤ ਤੋਂ ਸਿਖਦੇ ਹੋਏ ਵਰਤਮਾਨ ਦੀਆਂ ਪੇਚੀਦਾ ਗੁੰਝਲਾਂ ਨੂੰ ਸੁਲਝਾਉਣ ਲਈ ਅਗਲਾ ਵਰਕਾ ਫਰੋਲ ਦੀ ਲੋੜ ਹੈ।

• ਗੁਰਸ਼ਰਨ ਸਿੰਘ ਦੁਆਰਾ ਲਿਖਿਆ ਹੜ੍ਹ ਪੀੜ੍ਹਤਾਂ ਦਾ ਦਰਦ ਬਿਆਨਦਾ ਨਾਟਕ 'ਰਾਹਤ' ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀ ਰੰਗ ਟੋਲੀ ਨੇ ਏਕੱਤਰ ਦੀ ਨਿਰਦੇਸ਼ਨਾ 'ਚ ਪੇਸ਼ ਕੀਤਾਖ ਗਿਆ। ਇਹ ਨਾਟਕ ਭਾਵੇਂ ਗੁਰਸ਼ਰਨ ਸਿੰਘ ਵੱਲੋਂ ਦਹਾਕਿਆਂ ਪਹਿਲਾਂ ਲਿਖਿਆ ਗਿਆ ਪਰ ਬੀਤੇ ਦਿਨੀਂ ਪੰਜਾਬ 'ਚ ਆਏ ਹੜ੍ਹਾਂ ਮੌਕੇ ਹਕੂਮਤ ਦੀ ਢੀਠਤਾਈ ਅਤੇ ਲੋਕਾਂ ਦੁਆਰਾ ਪੀੜਤ ਲੋਕਾਂ ਦੀ ਬਾਂਹ ਫੜਨ ਦੀ ਬਾ ਮਿਸਾਲ ਭੂਮਿਕਾ ਬਾਰੇ ਚਾਨਣ ਪਾਉਣ 'ਚ ਸਫ਼ਲ ਰਿਹਾ।

• ਇਪਟਾ ਮੋਗਾ ਟੀਮ ਦੇ ਅਵਤਾਰ ਚੜਿੱਕ ਅਤੇ ਉਸਦੇ ਸਾਥੀ ਨੇ ਬਹੁਤ ਹੀ ਸਾਰਥਕ ਅਤੇ ਅਰਥ ਭਰਪੂਰ ਵਿਅੰਗ ਕਸੇ। ਭੰਡ ਕਲਾ ਦੀ ਇਸ ਵਿਧਾ ਦਾ ਲੋਕਾਂ ਸਾਹ ਰੋਕ ਕੇ ਆਨੰਦ ਮਾਣਿਆ।

• ਪ੍ਰੋਗਰੈਸਿਵ ਆਰਟਿਸਟਸ ਲੀਗ ਨਵੀਂ ਦਿੱਲੀ ਦੇ ਕਲਾਕਾਰਾਂ ਵੱਲੋਂ ਖੇਡਿਆ ਗਿਆ ਦੂਜਾ ਨਾਟਕ 'ਫ਼ਲਸਤੀਨ ਜ਼ਿੰਦਾਬਾਦ' ਗ਼ਦਰੀ ਦੇਸ਼ ਭਗਤਾਂ ਦੀ ਕੌਮਾਂਤਰੀਵਾਦੀ ਸੋਚ-ਦ੍ਰਿਸ਼ਟੀ, ਸਾਮਰਾਜਵਾਦ ਵਿਰੋਧੀ ਜਾਗਦੇ ਲੋਕਾਂ ਦੀ ਭੂਮਿਕਾ ਨੂੰ ਰੌਸ਼ਨੀ 'ਚ ਲਿਆਉਣ ਵਿੱਚ ਸਫ਼ਲ ਰਿਹਾ। ਸਰਘੀ ਵੇਲੇ ਨਾਟਕਾਂ ਦੀ ਰਾਤ ਦੇ ਸਿਖਰ 'ਤੇ ਹੋਏ ਇਸ ਨਾਟਕ ਨੇ ਵਿਸ਼ਵ ਮੰਚ ਤੇ ਸਭ ਦਾ ਧਿਆਨ ਖਿੱਚ ਰਹੇ ਫ਼ਲਸਤੀਨ ਦੇ ਮੁੱਦੇ ਬਾਰੇ ਨਾਟਕ ਰਾਹੀਂ ਸਾਮਰਾਜਵਾਦ ਦਾ ਖੂੰਖਾਰ ਚਿਹਰਾ ਨੰਗਾ ਕੀਤਾ।

ਗੀਤਾਂ ਭਰੀ ਰਾਤ ਮੌਕੇ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਲੋਕ ਸੰਗੀਤ ਮੰਡਲੀ ਮਸਾਣੀ, ਰੇਲਾ ਛਤੀਸਗੜ੍ਹ ਤੋਂ ਆਈ ਸੰਗੀਤ ਮੰਡਲੀ, ਪ੍ਰੋਗਰੈਸਿਵ ਆਰਟਿਸਟਸ ਲੀਗ ਨਵੀਂ ਦਿੱਲੀ, ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਸ਼ਬਦੀਸ਼, ਤਾਰੀ ਅਟਵਾਲ ਇੰਗਲੈਂਡ, ਮਾਨਵਤਾ ਕਲਾ ਮੰਚ ਨਗਰ ਦੀ ਕਲਾਕਾਰ ਨਰਗਿਸ, ਕਮਲਦੀਪ ਜਲੂਰ, ਤਮੰਨਾ ਅਤੇ ਕੋਮਲ (ਪੰਜਾਬ ਸਟੂਡੈਂਟਸ ਯੂਨੀਅਨ), ਪ੍ਰੋ. ਲਾਲ ਬਹਾਦਰ, ਜਸਪਾਲ ਜੱਸੀ, ਅੰਮ੍ਰਿਤਪਾਲ ਬੰਗੇ ਬਠਿੰਡਾ ਨੇ ਕਾਵਿਕ ਰੰਗ ਬੰਨ੍ਹੇ।

ਨਾਟਕਾਂ ਅਤੇ ਗੀਤਾਂ ਭਰੀ ਰਾਤ ਦੇ ਸਮਾਗਮ ਨੂੰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸੰਬੋਧਨ ਕਰਦਿਆਂ ਤਿੰਨ ਰੋਜ਼ਾ ਸਫ਼ਲ ਮੇਲੇ 'ਤੇ ਮੁਬਾਰਕਵਾਦ ਦਿੱਤੀ।

• ਉਹਨਾਂ ਨੇ ਕਮੇਟੀ ਦੀ ਤਰਫ਼ੋਂ ਮੇਲੇ ਦੇ ਏਸੇ ਦਿਨ 1984 'ਚ ਦਿੱਲੀ ਅਤੇ ਹੋਰ ਥਾਵਾਂ ਤੇ ਬੇਗੁਨਾਹ ਸਿੱਖਾਂ ਅਤੇ ਦਹਾਕਾ ਭਰ ਪੰਜਾਬ ਅੰਦਰ ਹਿੰਦੂਆਂ ਅਤੇ ਕਮਿਊਨਿਸਟਾਂ ਨੂੰ ਚੋਣਵਾਂ ਨਿਸ਼ਾਨਾ ਬਣਾਏ ਜਾਣ ਖ਼ਿਲਾਫ਼ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰ ਸਰਕਾਰ ਵੱਲੋਂ ਹਥਿਆਏ ਜਾਣ ਵਿਰੁੱਧ ਲੋਕਾਂ ਦੇ ਹੱਥ ਖੜ੍ਹੇ ਕਰਵਾਕੇ ਇਹ ਫੈਸਲਾ ਤੁਰੰਤ ਰੱਦ ਕਰਨ ਦਾ ਮਤਾ ਪਾਸ ਕੀਤਾ।

• ਦੇਸ਼ ਭਗਤ ਯਾਦਗਾਰ ਹਾਲ ਦੇ ਮੁੱਖ ਦੁਆਰ ਸਾਹਮਣੇ ਲਾਈ ਸਾਊਂਡ ਕਾਰਨ ਮੇਲੇ 'ਚ ਪੈਦਾ ਹੁੰਦੀ ਰਹੀ ਆਵਾਜ਼ ਪ੍ਰਦੂਸ਼ਣ ਦੀ ਸਮੱਸਿਆ ਬਾਰੇ ਵੀ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਕਿ ਹਾਲ ਦੀ ਲਾਇਬ੍ਰੇਰੀ ਅਤੇ ਹਾਲ ਵਿਚ ਹੁੰਦੀਆਂ ਰਹਿੰਦੀਆਂ ਗੰਭੀਰ ਵਿਚਾਰ ਚਰਚਾਵਾਂ ਅਤੇ ਸੰਜੀਦਾ ਸਮਾਗਮਾਂ ਨੂੰ ਧਿਆਨ 'ਚ ਰੱਖਦਿਆਂ ਇਸਨੂੰ ਤੁਰੰਤ ਹਟਾਇਆ ਜਾਵੇ।

• ਪੰਜਾਬ ਦੇ ਦਾਇਰੇ ਨੂੰ ਪਾਰ ਕਰਕੇ ਮੇਲੇ ਦਾ ਪ੍ਰਭਾਵ ਦੂਜੇ ਰਾਜਾਂ ਅਤੇ ਮੁਲਕਾਂ ਤੱਕ ਪਹੁੰਚਣਾ ਭਵਿੱਖ ਵਿਚ ਨਵੀਂ ਪਰਵਾਜ਼ ਭਰਨ ਦਾ ਅੰਬਰ ਸਿਰਜਦਾ ਹੈ।

• ਮੇਲਾ ਲੋਕ ਪੱਖੀ, ਇਨਕਲਾਬੀ ਜਮਹੂਰੀ ਲਹਿਰ ਦੇ ਸਰੋਕਾਰਾਂ ਨੂੰ ਆਪਣੇ ਸਾਹਾਂ ਵਿੱਚ ਵਸਾ ਕੇ ਚੱਲਦਾ ਹੈ ਇਸ ਸਦਕਾ ਇਹ ਹੋਰ ਵੀ ਮੁੱਲਵਾਨ ਬਣ ਜਾਂਦਾ ਹੈ।

• ਪੰਜਾਬੀ ਰੰਗ ਮੰਚ ਅਤੇ ਸਭਿਆਚਾਰਕ ਉਤਸਵਾਂ ਵਿੱਚ ਨਵਾਂ ਵਰਕਾ ਜੜਨ ਦਾ ਕੰਮ ਕਰਨ ਵਾਲੇ ਗ਼ਦਰੀ ਬਾਬਿਆਂ ਦੇ ਮੇਲੇ ਦੀ ਸਫ਼ਲਤਾ ਲਈ ਕਮੇਟੀ ਨੇ ਬਾਹਰੋਂ ਆਏ ਮੇਲਾ ਪ੍ਰੇਮੀਆਂ ਅਤੇ ਪੰਜਾਬ ਦੀਆਂ ਸਮੁੱਚੀਆਂ ਲੋਕ ਪੱਖੀ ਸੰਸਥਾਵਾਂ ਅਤੇ ਲੋਕਾਂ ਦਾ ਧੰਨਵਾਦ ਕੀਤਾ।



• ਮੇਲੇ ਵਿਚ ਸੋਵੀਨਰ ਲੋਕ ਅਰਪਣ ਕਰਨ ਮੌਕੇ ਪੰਜਾਬ ਅਤੇ ਦੇਸ਼ ਬਦੇਸ਼ ਦੀਆਂ ਕਮੇਟੀਆਂ ਦਾ ਸਿਰ ਜੋੜਕੇ ਖੜ੍ਹਨਾ ਨਵੀਂ ਪੈੜ ਪਈ ਹੈ ਜਿਸਨੂੰ ਹੋਰ ਗੂਹੜੀ ਕਰਨ ਦੀ ਲੋੜ ਹੈ।

• ਮੇਲੇ ਉਪਰੰਤ 16 ਨਵੰਬਰ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਮੌਕੇ ਸਭਿਆਚਾਰਕ ਵਿੰਗ ਅਤੇ ਮੇਲੇ ਨਾਲ ਜੁੜੇ ਪਰਿਵਾਰ ਵੱਲੋਂ ਮੇਲੇ ਤੇ ਪੜਚੋਲਵੀਂ ਨਜ਼ਰ ਮਾਰਨਾ ਵੀ ਮੇਲੇ ਨੂੰ ਹੋਰ ਨਿਖ਼ਾਰਨ ਦੀ ਭੂਮਿਕਾ ਅਦਾ ਕਰੇਗਾ।

• 31 ਅਕਤੂਬਰ ਵਿਚਾਰ ਚਰਚਾ ਮੌਕੇ ਪ੍ਰੋ ਗੋਪਾਲ ਬੁੱਟਰ, ਪਹਿਲੀ ਨਵੰਬਰ ਦਿਨ ਵੇਲੇ ਹਰਵਿੰਦਰ ਭੰਡਾਲ, ਰਾਤ ਦੇ ਸਮਾਗਮ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਵੱਖ ਵੱਖ ਕਮੇਟੀਆਂ ਦੇ ਇੰਚਾਰਜ ਕਮੇਟੀ ਮੈਂਬਰਾਂ ਵਿਜੈ ਬੰਬੇਲੀ, ਡਾ. ਸੈਲੇਸ਼, ਹਰਵਿੰਦਰ ਭੰਡਾਲ, ਪ੍ਰੋ. ਤੇਜਿੰਦਰ ਵਿਰਲੀ, ਪ੍ਰੋ. ਗੋਪਾਲ ਬੁੱਟਰ ਅਤੇ ਸਬੰਧਤ ਕਮੇਟੀਆਂ ਦੇ ਕਾਮਿਆਂ ਨੇ ਸੰਚਾਲਨ ਕੀਤਾ।

-ਅਮੋਲਕ ਸਿੰਘ
98778-68710

# 'ਸਭ ਤੋਂ ਵੱਡੇ ਲੋਕਤੰਤਰ' ਦਾ ਕਰੂਰ ਚਿਹਰਾ: ਸਾਫ਼ ਹਵਾ ਦੀ ਮੰਗ ਵੀ ਦੇਸ਼ ਵਿਰੋਧੀ ਹੋ ਗਈ!

23 ਨਵੰਬਰ ਨੂੰ ਦਿੱਲੀ ਵਿਚ ਸਾਫ਼ ਹਵਾ ਦੀ ਮੰਗ ਲਈ ਕੀਤੇ ਪ੍ਰਦਰਸ਼ਨ ਨੇ 23 ਵਿਦਿਆਰਥੀਆਂ ਨੂੰ ਜੇਲ੍ਹ ਪਹੁੰਚਾ ਦਿੱਤਾ। ਕੇਰਲ ਦੇ ਆਦਿਵਾਸੀ ਪਿਛੋਕੜ ਵਾਲੇ ਵਿਦਿਆਰਥੀ ਅਕਸ਼ੈ ਦਾ ਪੁਲਿਸੀ ਦਰਿੰਦਿਆਂ ਵੱਲੋਂ ਜਿਵੇਂ ਬੇਕਿਰਕੀ ਨਾਲ ਸੜਕ ਉੱਪਰ ਗਲਾ ਘੁੱਟਿਆ ਗਿਆ ਉਸਨੇ ਅਮਰੀਕੀ ਪੁਲਿਸ ਅਧਿਕਾਰੀ ਵੱਲੋਂ ਅਫ਼ਰੀਕੀ-ਅਮਰੀਕੀ ਜਾਰਜ ਫਲੌਇਡ ਦਾ ਸਰੇਆਮ ਸੜਕ ਉੱਪਰ ਨੌਂ ਮਿੰਟ ਗਲਾ ਘੁੱਟਕੇ ਉਸਦਾ ਕਤਲ ਕਰਨ ਦੇ ਕਾਂਡ (2020) ਦੀ ਯਾਦ ਤਾਜ਼ਾ ਕਰਵਾ ਦਿੱਤੀ। ਭਾਜਪਾ ਦੀ ਸ਼ਾਖਾ ਬਣਕੇ ਕੰਮ ਕਰ ਰਹੀ ਦਿੱਲੀ ਪੁਲਿਸ ਵੱਲੋਂ ਇਸ ਰੋਸ ਪ੍ਰਦਰਸ਼ਨ ਉੱਪਰ 'ਮਾਓਵਾਦੀ' ਦਾ ਠੱਪਾ ਲਾ ਦਿੱਤਾ ਗਿਆ। ਇਸ ਸਾਧਾਰਨ ਪ੍ਰਦਰਸ਼ਨ ਨੂੰ ਪੁਲਿਸ ਵੱਡੀ 'ਸ਼ਹਿਰੀ ਨਕਸਲੀ' ਸਾਜ਼ਿਸ਼ ਬਣਾਕੇ ਪੇਸ਼ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਸੰਵੇਦਨਸ਼ੀਲ ਲੜਕੇ-ਲੜਕੀਆਂ ਨੂੰ ਜਾਬਰ ਯੂਏਪੀਏ ਕਾਨੂੰਨ ਯੂਏਪੀਏ ਲਗਾਕੇ ਜੇਲ੍ਹਾਂ ਵਿਚ ਸਾੜਨ ਦੀ ਕੋਸ਼ਿਸ਼ ਜਾਵੇਗੀ ਅਤੇ ਇਸ ਨੂੰ ਦਿੱਲੀ ਵਿਚ ਜਮਹੂਰੀ ਪ੍ਰਦਰਸ਼ਨਾਂ ਨੂੰ ਰੋਕਣ ਲਈ ਖ਼ੌਫ਼ ਦੀ ਮਿਸਾਲ ਬਣਾ ਕੇ ਵਰਤਿਆ ਜਾਵੇਗਾ।

ਪ੍ਰਦਰਸ਼ਨ ਦਾ ਸੱਦਾ 'ਦਿੱਲੀ ਕੋਆਰਡੀਨੇਸ਼ਨ ਕਮੇਟੀ ਫ਼ਾਰ ਕਲੀਨ ਏਅਰ' ਵੱਲੋਂ ਖ਼ਤਰਨਾਕ ਪ੍ਰਦੂਸ਼ਣ ਨੂੰ ਰੋਕਣ ਅਤੇ ਸਾਫ਼ ਹਵਾ ਯਕੀਨੀਂ ਬਣਾਉਣ ਲਈ ਕਦਮ ਚੁੱਕਣ ਦੀ ਮੰਗ ਤਹਿਤ ਦਿੱਤਾ ਗਿਆ ਸੀ। ਮੁਜ਼ਾਹਰਾ ਸ਼ੁਰੂ ਹੋਏ ਨੂੰ ਅਜੇ ਕੁਝ ਮਿੰਟ ਹੀ ਹੋਏ ਸਨ ਕਿ ਪੁਲਿਸ ਜਾਬਰ ਹਮਲਾ ਕਰਕੇ ਤੇ ਇਹ ਦੋਸ਼ ਲਗਾਕੇ ਉਨ੍ਹਾਂ ਨੂੰ ਗਿ ?ਰਫ਼ਤਾਰ ਕਰ ਲਿਆ ਕਿ ਉਹ ਮਾਰੇ ਗਏ ਮਾਓਵਾਦੀ ਕਮਾਂਡਰ ਮਾੜਵੀ ਹਿੜਮਾ ਦੇ ਹੱਕ ਵਿਚ ਨਾਅਰੇ ਲਗਾ ਰਹੇ ਸਨ। ਉਨ੍ਹਾਂ ਵਿਰੁੱਧ ਮਾਓਵਾਦੀ ਪੱਖੀ ਨਾਅਰੇ ਲਾਉਣ, ਬੈਰੀਕੇਡ ਤੋੜਨ, ਪੇਪਰ ਸਪ੍ਰੇ ਨਾਲ ਪੁਲਿਸ 'ਤੇ ਹਮਲਾ ਕਰਨ ਦੇ ਸੰਗੀਨ ਦੋਸ਼ ਲਗਾਕੇ ਦੋ ਕੇਸ ਦਰਜ ਕਰ ਲਏ ਗਏ। ਮੰਨ ਲਓ, ਕੁਝ ਲੜਕੇ-ਲੜਕੀਆਂ ਵੱਲੋਂ ਅਜਿਹੇ ਨਾਅਰੇ ਲਗਾ ਵੀ ਦਿੱਤੇ, ਬਸ ਏਨੇ ਨਾਲ ਹੀ ਅਮਨ-ਕਾਨੂੰਨ ਖ਼ਤਰੇ 'ਚ ਪੈ ਗਿਆ!

ਪ੍ਰਦੂਸ਼ਿਤ ਵਾਤਾਵਰਣ ਖ਼ ?ਲਾਫ਼ ਸ਼ਾਂਤਮਈ ਤਰੀਕੇ ਨਾਲ ਵਿਰੋਧ ਦਰਜ ਕਰਾਉਣ ਦੇ ਨਾਗਰਿਕ ਹੱਕ ਨੂੰ ਸੰਗੀਨ ਜੁਰਮ ਬਣਾ ਦਿੱਤਾ ਗਿਆ। ਕਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਪ੍ਰਭਾਵਿਤ ਕਰ ਰਹੇ ਪਬਲਿਕ ਸਿਹਤ ਸੰਕਟ ਨੂੰ ਘਟਾਉਣ ਲਈ ਕਦਮ ਚੁੱਕਣ ਦੀ ਬਜਾਏ ਦਿੱਲੀ ਪੁਲਿਸ-ਪ੍ਰਸ਼ਾਸਨ ਇਹ ਮੁੱਦਾ ਉਠਾਉਣ ਵਾਲੀਆਂ ਆਵਾਜ਼ਾਂ ਨੂੰ ਦਹਿਸ਼ਤਜ਼ਦਾ ਕਰਕੇ ਦਬਾਉਣ ਦੀ ਹੱਦ ਤੱਕ ਚਲਾ ਗਿਆ। 23 ਸ਼ਾਂਤਮਈ ਪ੍ਰਦਰਸ਼ਨਕਾਰੀਆਂ—ਜਿਨ੍ਹਾਂ ਵਿਚ 11 ਕੁੜੀਆਂ ਸ਼ਾਮਲ ਹਨ—ਨੂੰ ਗ੍ਰਿਫ਼ਤਾਰ ਕਰਕੇ, ਰਾਤ-ਭਰ ਹਿਰਾਸਤ ਵਿਚ ਰੱਖਿਆ ਗਿਆ। ਤਸ਼ੱਦਦ ਕਰਕੇ ਤਿੰਨ ਦਿਨਾਂ ਲਈ ਨਿਆਂਇਕ ਹਿਰਾਸਤ ਤਹਿਤ ਜੇਲ੍ਹ ਭੇਜ ਦਿੱਤਾ ਗਿਆ। ਬਾਰੀਕੀ 'ਚ ਪੁੱਛਗਿੱਛ ਕਰਨ ਦੀ ਲੋੜ ਦੀ ਦਲੀਲ ਦੇ ਕੇ ਹੋਰ ਪੁਲਿਸ ਰਿਮਾਂਡ ਲੈ ਲਿਆ ਗਿਆ। ਇਹ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਕਹਾਉਣ ਵਾਲੇ ਭਾਰਤੀ ਰਾਜ ਦਾ ਅਸਲੀ ਰੂਪ ਹੈ।

ਮੌਜੂਦਾ ਵਿਕਾਸ ਮਾਡਲ ਖ਼ਤਰਨਾਕ ਪ੍ਰਦੂਸ਼ਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਨਾਗਰਿਕਾਂ ਨੂੰ ਆਪਣੀ ਸਿਹਤ ਦੀ ਖ਼ਾਤਰ ਇਸ ਮਾਡਲ ਉੱਪਰ ਸਵਾਲ ਉਠਾਉਣ ਦਾ ਹੱਕ ਹੈ। ਦਿੱਲੀ ਪੁਲਿਸ ਵੱਲੋਂ ਮੁਤਵਾਜ਼ੀ ਵਿਕਾਸ ਮਾਡਲ ਦੀ ਗੱਲ ਕਰਨ ਅਤੇ ਝੂਠੇ ਮੁਕਾਬਲਿਆਂ ਵਿਰੁੱਧ ਆਵਾਜ਼ ਉਠਾਉਣ ਦੇ ਜਮਹੂਰੀ ਹੱਕ ਨੂੰ ਹੀ ਦੇਸ਼ ਵਿਰੋਧੀ ਜੁਰਮ ਬਣਾ ਦਿੱਤਾ। ਔਰਤਾਂ ਦੀ ਗ੍ਰਿਫ਼ਤਾਰੀ ਸੰਬੰਧੀ ਸੰਬੰਧੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ ਕਰਕੇ ਲੜਕੀਆਂ ਨੂੰ ਰਾਤ-ਭਰ ਹਿਰਾਸਤ ਵਿਚ ਰੱਖਿਆ ਗਿਆ, ਔਰਤ ਪ੍ਰਦਰਸ਼ਨਕਾਰੀਆਂ ਨਾਲ ਜਿਨਸੀ ਛੇੜਛਾੜ ਕੀਤੀ ਗਈ ਅਤੇ ਕੁਝ ਵਿਦਿਆਰਥੀਆਂ ਉੱਪਰ ਬੇਕਿਰਕੀ ਨਾਲ ਤਸ਼ੱਦਦ ਕੀਤਾ ਗਿਆ। ਪੁਲਿਸ ਅਧਿਕਾਰੀਆਂ ਵੱਲੋਂ ਵਕੀਲਾਂ ਨੂੰ ਪੁਲਿਸ ਥਾਣਿਆਂ ਵਿਚ ਜਾ ਕੇ ਹਿਰਾਸਤ ਵਿਚ ਲਏ ਗਏ ਪ੍ਰਦਰਸ਼ਨਕਾਰੀਆਂ ਨੂੰ ਮਿਲਣ ਵੀ ਨਹੀਂ ਦਿੱਤਾ ਗਿਆ। ਜੋ ਇਸਦਾ ਸਬੂਤ ਹੈ ਕਿ ਤਸ਼ੱਦਦ ਅਤੇ ਝੂਠੇ ਕੇਸਾਂ ਲਈ ਬਦਨਾਮ ਦਿੱਲੀ ਪੁਲਿਸ ਪ੍ਰਦਰਸ਼ਨਕਾਰੀਆਂ ਨਾਲ ਕੀਤੀ ਬਦਤਮੀਜ਼ੀ, ਵਹਿਸ਼ਤ ਅਤੇ ਤਸ਼ੱਦਦ ਨੂੰ ਲੁਕੋਣਾ ਚਾਹੁੰਦੀ ਹੈ। ਜੇਕਰ ਮੁਲਕ ਦੀ ਰਾਜਧਾਨੀ 'ਚ ਭਾਰਤੀ ਰਾਜ ਸਧਾਰਨ ਪ੍ਰਦਰਸ਼ਨਕਾਰੀਆਂ ਨਾਲ ਇਸ ਤਰੀਕੇ ਨਾਲ ਪੇਸ਼ ਆ ਸਕਦਾ ਹੈ ਤਾਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਦੂਰ-ਦਰਾਜ ਆਦਿਵਾਸੀ ਇਲਾਕਿਆਂ ਵਿਚ ਕਿੰਨੇ ਜ਼ੁਲਮ ਕੀਤੇ ਜਾ ਰਹੇ ਹੋਣਗੇ।

ਭਾਰਤ ਦੀਆਂ ਸਮੂਹ ਜਨਤਕ ਜਮਹੂਰੀ ਤਾਕਤਾਂ ਨੂੰ ਅਜਿਹੇ ਕੇਸਾਂ ਨੂੰ ਬੇਹੱਦ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਗਿ ?ਰਫ਼ਤਾਰ ਵਿਦਿਆਰਥੀਆਂ ਦੀ ਬਿਨਾਂਸ਼ਰਤ ਰਿਹਾਈ ਦੀ ਮੰਗ ਦੇ ਨਾਲ-ਨਾਲ ਜਾਬਰ ਸੱਤਾ ਵਿਰੁੱਧ ਸੰਘਰਸ਼ ਦੇ ਜਮਹੂਰੀ ਹੱਕ ਦੀ ਰਾਖੀ ਲਈ ਵੀ ਤਨਦੇਹੀ ਨਾਲ ਲੜਨਾ ਹੋਵੇਗਾ। ਝੂਠੇ ਕੇਸ, ਹਿਰਾਸਤ ਵਿਚ ਤਸ਼ੱਦਦ, ਖ਼ਾਸ ਕਰਕੇ ਲੜਕੀਆਂ ਨਾਲ ਜਿਨਸੀ ਛੇੜਛਾੜ, ਔਰਤਾਂ ਦੀ ਗ੍ਰਿਫ਼ਤਾਰੀ ਸੰਬੰਧੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ; ਝੂਠੇ ਮੁਕਾਬਲੇ, ਆਦਿਵਾਸੀਆਂ ਇਲਾਕਿਆਂ ਵਿਚ ਕਤਲੇਆਮ ਦੇ ਜਾਇਜ਼ ਮੁੱਦੇ ਉਠਾਉਣ ਵਾਲੇ ਵਿਦਿਆਰਥੀਆਂ, ਔਰਤਾਂ ਅਤੇ ਹੋਰ ਨਾਗਰਿਕਾਂ ਨੂੰ ਬਦਨਾਮ ਕਰਨ ਲਈ ਚਲਾਏ ਜਾ ਰਹੇ ਰਾਸ਼ਟਰ-ਵਿਰੋਧੀ ਹੋਣ ਦੇ ਝੂਠਾ ਬਿਰਤਾਂਤ ਵਿਰੁੱਧ ਮਜ਼ਬੂਤ ਲੋਕ-ਰਾਇ ਖੜ੍ਹੀ ਕਰਨ ਲਈ ਵੱਡਾ ਹੰਭਲਾ ਮਾਰਨ ਦੀ ਲੋੜ ਹੈ। ਕਾਰਗਰ ਵਿਰੋਧ ਦੀ ਅਣਹੋਂਦ 'ਚ ਫਾਸ਼ੀਵਾਦੀ ਆਰਐੱਸਐੱਸ-ਭਾਜਪਾ ਦਿਨੋ-ਦਿਨ ਲੋਕਾਂ ਨੂੰ ਝੂਠੇ ਬਿਰਤਾਂਤਾਂ ਰਾਹੀਂ ਦਹਿਸ਼ਤਜ਼ਦਾ ਕਰਕੇ ਹੋਰ ਵੀ ਬੇਕਿਰਕੀ ਨਾਲ ਕੁਚਲਣ ਅਤੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਬੇਰੋਕ-ਟੋਕ ਲਾਗੂ ਕਰਨ ਵੱਲ ਵਧ ਰਹੀ ਹੈ। ਕਿਸਾਨ ਅੰਦੋਲਨ, ਪੰਜਾਬ ਯੂਨੀਵਰਸਿਟੀ ਅੰਦੋਲਨ ਵਰਗੇ ਅੰਦੋਲਨਾਂ ਨੇ ਫਾਸ਼ੀਵਾਦੀ ਹਕੂਮਤ ਨੂੰ ਕਾਮਯਾਬੀ ਨਾਲ ਪਿੱਛੇ ਧੱਕਿਆ ਹੈ। ਜੇਕਰ ਉਪਰੋਕਤ ਜਮਹੂਰੀ ਸਰੋਕਾਰਾਂ ਨੂੰ ਲੈ ਕੇ ਅਜਿਹਾ ਵੱਡਾ ਲੋਕ ਵਿਰੋਧ ਖੜ੍ਹਾ ਨਹੀਂ ਹੁੰਦਾ ਤਾਂ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਬਹੁਤ ਹੀ ਖ਼ਤਰਨਾਕ ਦਿਨ ਦੇਖਣੇ ਪੈਣਗੇ।


-ਬੂਟਾ ਸਿੰਘ ਮਹਿਮੂਦਪੁਰ

# ਚੁਣੌਤੀਆਂ ਤੇ ਸੰਭਾਵਨਾਵਾਂ ਦਾ ਪ੍ਰਯੋਜਨਮੁਖੀ ਪ੍ਰਵਚਨ: ਪਰਵਾਸ ਦੇ ਸਰੋਕਾਰ

**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**98885-10185**

**ਪੁਸਤਕ ਦਾ ਸਿਰਲੇਖ : ਪਰਵਾਸ ਦੇ ਸਰੋਕਾਰ**
**ਲੇਖਕ ਦਾ ਨਾਂ : ਮਲਵਿੰਦਰ**
**ਪ੍ਰਕਾਸ਼ਕ : ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**
**ਪੰਨੇ : 116, ਮੁੱਲ : 220 ਰੁਪਏ ($ 10)**

'ਪਰਵਾਸ ਦੇ ਸਰੋਕਾਰ' ਪੁਸਤਕ ਦੀ ਆਮਦ ਨਾਲ ਮਲਵਿੰਦਰ ਆਪਣੀ 11ਵੀਂ ਪੁਸਤਕ ਲੈ ਕੇ ਆਪਣੇ ਪਾਠਕਾਂ ਨੂੰ ਮੁਖ਼ਾਤਿਬ ਹੋ ਰਿਹਾ ਹੈ। ਅਜੋਕੀ ਪੰਜਾਬੀ ਕਵਿਤਾ ਵਿੱਚ ਉਹ ਸਨਮਾਨਯੋਗ ਸਥਾਨ ਰੱਖਦਾ ਹੈ ਤੇ 9 ਪੁਸਤਕਾਂ ਦੀ ਰਚਨਾ ਕਰਕੇ ਪੰਜਾਬੀ ਕਾਵਿ ਸਾਹਿਤ ਵਿੱਚ ਉਸਨੇ ਚੰਗਾ ਨਾਮ ਕਮਾਇਆ ਹੈ। ਵਾਰਤਕ ਦੀ ਇਹ ਉਸਦੀ ਦੂਜੀ ਪੁਸਤਕ ਹੈ। ਇਸ ਵਿੱਚ ਉਹ ਕੈਨੇਡਾ ਜਾ ਕੇ ਰਹਿਣ ਦੇ ਆਪਣੇ ਕੁਝ ਕਠੋਰ ਤੇ ਕੁਝ ਖ਼ੁਸ਼ਨੁਮਾ ਅਨੁਭਵ ਉਲੀਕਦਾ ਹੈ। ਮਲਵਿੰਦਰ ਦੇ ਵਿਚਾਰ ਅਨੁਸਾਰ ਬਰੈਂਪਟਨ ਨਵਾਂ ਆਬਾਦ ਹੋ ਰਿਹਾ ਪੰਜਾਬ ਹੈ ਉਥੇ ਪੰਜਾਬੀ ਜੀਵਨ ਦੇ ਵਿਭਿੰਨ ਰੰਗ-ਢੰਗ ਵੇਖੇ ਜਾ ਸਕਦੇ ਹਨ। ਨੂੰਹਾਂ-ਪੁੱਤਰਾਂ,ਧੀਆਂ-ਜਵਾਈਆਂ ਦੇ ਮਾਪੇ ਉਥੇ ਬੜੀ ਤਾਂਘ ਨਾਲ ਜਾਂਦੇ ਹਨ। ਸੁਭਾਵਿਕ ਹੈ ਕਿ ਉਥੇ ਉਨ੍ਹਾਂ ਦਾ ਦਿਲ ਨਹੀਂ ਲੱਗਦਾ। ਜਦੋਂ ਪਰਿਵਾਰ ਦਾ ਪਰਵਾਸ ਹੁੰਦਾ ਹੈ ਤਾਂ ਨਵੀਆਂ ਚੁਣੌਤੀਆਂ ਆ ਘੇਰਦੀਆਂ ਹਨ। ਆਪਣਿਆਂ ਦੇ ਵਿਵਹਾਰ ਵਿੱਚੋਂ ਰਿਸ਼ਤਿਆਂ ਦੇ ਸਵਾਰਥੀ ਤੇ ਮਸਨੂਈ ਹੋਣ ਦੀ ਅਸਲੀਅਤ ਸਮਝ ਆਉਣ ਲੱਗਦੀ ਹੈ। ਲੇਖਕ ਹਿਤਾਂ ਦੇ ਟਕਰਾਓ ਤੇ ਸਵਾਰਥੀ ਬਿਰਤੀ ਤੋਂ ਪੀੜਤ ਲੋਕਾਂ ਦੇ ਦਰਦ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਮਲਟੀਕਲਚਰਡ ਸਮਾਜ ਵਿੱਚ ਰਹਿਣਾ ਉਨ੍ਹਾਂ ਲਈ ਕਈ ਸਮੱਸਿਆਵਾਂ ਤੇ ਮਾਨਸਿਕ ਗੁੰਝਲਾਂ ਪੈਦਾ ਕਰਦਾ ਹੈ। ਮਲਵਿੰਦਰ ਲਿਖਦਾ ਹੈ- 'ਇਸ ਪੁਸਤਕ ਵਿਚ ਮੈਂ ਪਰਵਾਸ ਹੰਢਾ ਰਹੇ ਵੱਖ-ਵੱਖ ਉਮਰ ਵਰਗ ਦੇ ਲੋਕਾਂ ਦੀ ਮਾਨਸਿਕਤਾ ਨੂੰ ਫੜਨ ਦਾ ਯਤਨ ਕੀਤਾ ਹੈ।' (ਪੰਨਾ 11)।




ਮਲਵਿੰਦਰ 2018 ਵਿੱਚ ਪਹਿਲੀ ਵਾਰ ਕੈਨੇਡਾ ਜਾਂਦਾ ਹੈ। ਉਸ ਪਿੱਛੋਂ ਉਸਦਾ ਉਥੇ ਜਾਣਾ-ਆਉਣਾ ਹੁਣ ਤੱਕ ਜਾਰੀ ਹੈ। ਆਪਣੀਆਂ ਕੈਨੇਡਾ ਦੀਆਂ ਫੇਰੀਆਂ ਦੌਰਾਨ ਮਲਵਿੰਦਰ ਵੱਖ ਵੱਖ ਤਰ੍ਹਾਂ ਦੇ ਅਨੁਭਵ ਗ੍ਰਹਿਣ ਕਰਦਾ ਹੈ। ਦੋ ਸੌ ਦੇ ਕਰੀਬ ਮੁਲਕਾਂ ਤੋਂ ਪਰਵਾਸ ਕਰਕੇ ਉਥੇ ਜਾ ਵੱਸੇ ਲੋਕ ਉਸ ਮੁਲਕ ਨੂੰ ਮਲਟੀਕਲਚਰਡ ਦੇਸ਼ ਬਣਾਉਂਦੇ ਹਨ। ਪੀੜ੍ਹੀ ਪਾੜੇ ਨਾਲ ਕਦਰਾਂ-ਕੀਮਤਾਂ ਤੇ ਸੱਭਿਆਚਾਰਕ ਮਾਨਤਾਵਾਂ ਵਿੱਚ ਤਣਾਓ ਆਉਂਦਾ ਹੈ ਤਾਂ ਘਰ-ਪਰਿਵਾਰ ਹਿੱਲਦੇ ਹਨ, ਰਿਸ਼ਤੇ ਲੜਖੜਾਉਂਦੇ ਹਨ ਤੇ ਸਮਾਜਿਕ ਤਾਣਾ-ਬਾਣਾ ਉਲਝਦਾ ਹੈ। ਮਲਵਿੰਦਰ ਲਿਖਦਾ ਹੈ- 'ਸਾਡਾ ਸੱਭਿਆਚਾਰ ਤੇ ਕਦਰਾਂ-ਕੀਮਤਾਂ, ਜਿਸਨੂੰ ਅਸੀਂ ਆਪਣਾ ਮਾਣ ਸਨਮਾਨ ਬਣਾ ਰੱਖਿਆ ਹੈ, ਸਾਡੇ ਘਰਾਂ ਵਿੱਚ, ਸੰਸਥਾਵਾਂ ਵਿੱਚ ਤੇ ਸਮਾਜ ਵਿੱਚ ਪ੍ਰੇਸ਼ਾਨੀਆਂ ਪੈਦਾ ਕਰ ਰਿਹਾ ਹੈ।...ਕਿੱਲੇ ਨਾਲ ਬੱਧੇ ਸੱਭਿਆਚਾਰ ਤੇ ਕਦਰਾਂ-ਕੀਮਤਾਂ ਨੂੰ ਖੋਲ੍ਹਣਾ ਪੈਣਾ ਹੈ। ਕਦਰਾਂ-ਕੀਮਤਾਂ ਨੂੰ ਲਚਕਦਾਰ ਬਣਾਉਣਾ ਪੈਣਾ ਹੈ।...ਜਿਨ੍ਹਾਂ ਲੋਕਾਂ ਨੇ ਕੈਨੇਡਾ ਦੇ ਸਿਸਟਮ ਨੂੰ ਸਮਝ ਲਿਆ ਹੈ, ਉਹ ਜਾਣਦੇ ਹਨ ਕਿ ਇਸ ਸਿਸਟਮ ਦੇ ਦਾਇਰੇ ਦੀ ਸਮਝ ਵਿੱਚ ਹੀ ਸਮੱਸਿਆਵਾਂ ਦਾ ਹੱਲ ਸੰਭਵ ਹੈ। (ਪੰਨੇ 13-14)। ਪਿਛਲੇ ਕੁਝ ਦਹਾਕਿਆਂ ਤੋਂ ਪੀੜ੍ਹੀ ਪਾੜੇ ਕਾਰਨ ਪੈਦਾ ਹੁੰਦਾ ਸੱਭਿਆਚਾਰਕ ਸੰਕਟ/ਤਣਾਓ ਹੁਣ ਵਿਸ਼ਵ ਵਿਆਪੀ ਚਲਨ ਬਣ ਗਿਆ ਹੈ। ਕੈਨੇਡਾ ਜਾ ਵੱਸੇ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਆਉਂਦੇ ਵਿਗਾੜਾਂ ਨੂੰ ਸਮਝਦਿਆਂ ਸੁੱਖ-ਸ਼ਾਂਤੀ ਪੂਰਵਕ ਜੀਵਨ ਜੀਉਣ ਦੀ ਸਲਾਹ ਦਿੰਦਿਆਂ ਮਲਵਿੰਦਰ ਲਿਖਦਾ ਹੈ-'ਇਸ ਮਲਟੀਕਲਚਰਡ ਸਿਸਟਮ ਵਿੱਚ ਵੀ ਕੁਝ ਗੱਲਾਂ ਚੰਗੀਆਂ ਹਨ।ਚੰਗੀਆਂ ਗੱਲਾਂ ਚੀਜ਼ਾਂ ਨੂੰ ਅਪਨਾ ਲੈਣਾ ਤੇ ਬਾਕੀਆਂ ਨੂੰ ਵਿਸਾਰ ਦੇਣਾ ਵਕਤ ਦੀ ਲੋੜ ਹੈ।' (ਪੰਨਾ 16)।

'ਸਾਡੇ ਰਹਿਣ-ਸਹਿਣ ਵਿੱਚ ਮੰਡੀ ਦਾ ਦਖ਼ਲ' ਵਿੱਚ ਮਲਵਿੰਦਰ ਕਬੀਲਾ ਸੱਭਿਆਚਾਰ ਤੋਂ ਲੈ ਕੇ ਮੰਡੀ ਸੱਭਿਆਚਾਰ, ਖਪਤ ਸੱਭਿਆਚਾਰ ਤੇ ਮਨੁੱਖ ਵੱਲੋਂ ਅਖੌਤੀ 'ਸਟੇਟਸ ਸਿੰਬਲ' ਦੇ ਸਿਰਜੇ ਜਾ ਰਹੇ ਭਰਮ ਦੀ ਗੱਲ ਕਰਦਾ ਹੈ। ਸਮਾਜਕ ਵਿਗਾੜ ਦੇ ਵਧ ਰਹੇ


















ਕਾਰਨਾ ਵਿੱਚੋਂ ਇਕ ਕਾਰਨ ਲੇਖਕ ਅਜਿਹੇ ਰੁਝਾਨ ਨੂੰ ਵੀ ਮੰਨਦਾ ਹੈ। ਲੇਖਕ ਇਸਨੂੰ 'ਵਿਕਸਤ ਸਮਾਜ ਦੀ ਅਵਿਕਸਿਤ ਜੀਵਨ ਜਾਚ' (ਪੰਨੇ 20-21) ਕਹਿੰਦਾ ਹੈ। 'ਪਰਵਾਸ ਦੀਆਂ ਚੁਣੌਤੀਆਂ ਦੇ ਨਵੇਂ ਮੁਹਾਂਦਰੇ' ਵਿੱਚ ਲੇਖਕ ਪਰਵਾਸ ਧਾਰਨ ਕਰਨ ਵਾਲੇ ਲੋਕਾਂ ਨੂੰ ਦਰਪੇਸ਼ ਨਿੱਤ ਨਵੀਆਂ ਚੁਣੌਤੀਆਂ ਵੱਲ ਸੰਕੇਤ ਕਰਦਾ ਹੈ। ਉਹ ਲਿਖਦਾ ਹੈ- 'ਪਰਵਾਸੀ ਬੰਦੇ ਨੂੰ ਬਹੁਤੇ ਝੱਖੜ ਆਪਣੇ ਨੰਗੇ ਪਿੰਡੇ 'ਤੇ ਆਪ ਹੀ ਝੱਲਣੇ ਪੈਂਦੇ ਹਨ।' (ਪੰਨਾ 22)। ਉਥੋਂ ਦੀਆਂ ਕਠਿਨ ਤੇ ਕਠੋਰ ਜੀਵਨ ਹਾਲਤਾਂ ਦੀ ਗੱਲ ਛੋਹ ਕੇ ਉਸਨੇ ਪਰਵਾਸ ਧਾਰਨ ਕਰਨ ਦੀਆਂ ਵਿਉਂਤਾਂ ਬਣਾ ਰਹੇ ਲੋਕਾਂ ਨੂੰ ਆਗਾਹ ਕਰਨ ਦਾ ਯਤਨ ਕੀਤਾ ਹੈ। 'ਭਾਈਚਾਰਕ ਸਾਂਝ ਤੋੜਦੀਆਂ ਭੀੜਾਂ' ਵਿੱਚ ਲੇਖਕ ਨੇ ਅਮਨ ਕਾਨੂੰਨ ਦੀ ਪ੍ਰਵਾਹ ਨਾ ਕਰਨ ਵਾਲੇ ਤੇ ਹੁੜਦੰਗ ਮਚਾਉਣ ਵਾਲੇ ਸਵਾਰਥੀ ਲੋਕਾਂ ਦੀ ਮਾਨਸਿਕਤਾ ਦੀ ਗੱਲ ਕੀਤੀ ਹੈ। ਪਵਿੱਤਰ ਅਸਥਾਨਾਂ ਦੀ ਆੜ ਹੇਠ ਅਜਿਹੇ ਲੋਕ ਚੱਲਦੇ ਕੰਮ ਵਿੱਚ ਵਿਘਨ ਪਾਉਣ ਦੀ ਤਾਕ ਵਿੱਚ ਰਹਿੰਦੇ ਹਨ। ਅਸੁਵਿਧਾਜਨਕ ਹਾਲਾਤ ਪੈਦਾ ਕਰਨਾ ਹੀ ਇਨ੍ਹਾਂ ਲੋਕਾਂ ਦਾ ਮੰਤਵ ਹੁੰਦਾ ਹੈ। ਇਸ ਪਿੱਛੇ ਏਜੰਸੀਆਂ ਵੀ ਕੰਮ ਕਰ ਰਹੀਆਂ ਹੋ ਸਕਦੀਆਂ ਹਨ। ਸਥਿਤੀ ਦੀ ਵਿਡੰਬਨਾ ਤੇ ਹੈਰਾਨੀ ਵਾਲੀ ਗੱਲ ਇਹ ਕਿ ਮੀਡੀਆ ਬਲਦੀ 'ਤੇ ਤੇਲ ਪਾਉਣ ਦੀ ਭੂਮਿਕਾ ਨਿਭਾ ਰਿਹਾ ਹੁੰਦਾ ਹੈ। ਲੇਖਕ ਦੇਸ਼ ਵਿਦੇਸ਼ ਵਿੱਚ ਕਾਰਜਸ਼ੀਲ ਅਜਿਹੀਆਂ ਫੁੱਟ ਪਾਊ ਤਾਕਤਾਂ ਤੋਂ ਸੁਚੇਤ ਰਹਿਣ ਦੀ ਲੋੜ ਵੱਲ ਧਿਆਨ ਦੇਣ 'ਤੇ ਬਲ ਦਿੰਦਾ ਹੈ। 'ਕੈਨੇਡਾ ਵਿਚ ਪੰਜਾਬੀ ਮਾਤ-ਭਾਸ਼ਾ ਦਾ ਵਰਤਮਾਨ ਤੇ ਭਵਿੱਖ' ਵਿੱਚ ਲੇਖਕ ਲਿਖਦਾ ਹੈ- 'ਵਿਦੇਸ਼ੀ ਭੋਇੰ 'ਤੇ ਜਾ ਕੇ ਆਪਣੀ ਭੋਇੰ, ਭਾਸ਼ਾ ਤੇ ਸੱਭਿਆਚਾਰ ਦਾ ਹੇਰਵਾ ਜਾਗਦਾ ਹੈ। ਅਸੀਂ ਇਸ ਗੱਲ ਲਈ ਫਿਕਰਮੰਦ ਹੁੰਦੇ ਹਾਂ ਕਿ ਸਾਡੇ ਬੱਚੇ ਆਪਣੀ ਭਾਸ਼ਾ ਅਤੇ ਰਿਸ਼ਤਿਆਂ ਨੂੰ ਵਿਸਰ ਨਾ ਜਾਣ।' (ਪੰਨੇ 29-30)। ਇਕੱਠਾਂ ਵਿੱਚ ਬੈਠਿਆਂ ਅਜਿਹੇ ਫਿਕਰ ਸਾਂਝੇ ਕੀਤੇ ਜਾਂਦੇ ਹਨ। ਪਿਛਲੇ ਤੀਹ ਸਾਲਾਂ ਤੋਂ 'ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ' ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਪ੍ਰਮੋਟ ਕਰਨ ਦੇ ਮੰਤਵ ਹਿਤ ਸਿਫਤੀ ਭੂਮਿਕਾ ਨਿਭਾਅ ਰਹੀ ਹੈ। ਕੁਝ ਗੁਰਦੁਆਰੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੀ ਸਿੱਖਿਆ ਦੇਣ ਦੀ ਜ਼ਿੰਮੇਵਾਰੀ ਬਾਖੂਬੀ ਨਿਭਾ ਰਹੇ ਹਨ। ਘਰਾਂ ਵਿੱਚ ਪੰਜਾਬੀ ਬੋਲਣ, ਪੰਜਾਬੀ ਅਖਬਾਰਾਂ ਪੜ੍ਹਨ, ਰੇਡੀਓ ਅਤੇ ਟੈਲੀਵਿਜ਼ਨ 'ਤੇ ਪੰਜਾਬੀ ਪ੍ਰੋਗਰਾਮ ਸੁਣਨ, ਵੇਖਣ ਨਾਲ ਵੀ ਪੰਜਾਬੀ ਭਾਸ਼ਾ ਪ੍ਰਤੀ ਪਿਆਰ ਪੈਦਾ ਕੀਤਾ ਜਾ ਸਕਦਾ ਹੈ ਤੇ ਇਸਨੂੰ ਆਪਣੇ ਬੱਚਿਆਂ ਦੇ ਦਿਲਾਂ ਤੱਕ ਅਸਰ ਕਰਨ ਯੋਗ ਬਣਾਇਆ ਜਾ ਸਕਦਾ ਹੈ। ਲੇਖਕ ਤਸੱਲੀ ਪ੍ਰਗਟ ਕਰਦਾ ਹੈ ਕਿ ਕੈਨੇਡਾ ਵਿੱਚ ਜੰਮੇ-ਪਲੇ ਬੱਚਿਆਂ ਨੂੰ ਪੰਜਾਬੀ ਪੜ੍ਹਨ, ਲਿਖਣ, ਬੋਲਣ ਲਈ ਸਿੱਖਿਆ ਪ੍ਰਦਾਨ ਕਰਨ ਦੇ ਉਚਿਤ ਉਪਰਾਲੇ ਹੋ ਰਹੇ ਹਨ ਤੇ ਉਨ੍ਹਾਂ ਯਤਨਾਂ ਦੇ ਬਿਹਤਰ ਨਤੀਜੇ ਵੀ ਸਾਹਮਣੇ ਆ ਰਹੇ ਹਨ।

ਬਰੈਂਪਟਨ ਨੂੰ ਕੇਂਦਰ ਵਿੱਚ ਰੱਖ ਕੇ ਮਲਵਿੰਦਰ ਦੱਸਦਾ ਹੈ ਕਿ ਪੰਜਾਬੀ ਦੀਆਂ ਦਰਜਨ ਤੋਂ ਵੱਧ ਹਫ਼ਤਾਵਾਰੀ ਅਖ਼ਬਾਰਾਂ ਉਥੋਂ ਛਪਦੀਆਂ ਹਨ। ਪੰਜਾਬ ਦੀਆਂ ਖਬਰਾਂ ਦੇ ਨਾਲ-ਨਾਲ ਉਹ ਵਿਸ਼ਵੀ ਪਾਸਾਰ ਵਾਲੇ ਸਰੋਕਾਰਾਂ ਨੂੰ ਵੀ ਉਭਾਰਦੀਆਂ ਹਨ। ਏਨੀਆਂ ਕੁ ਪੰਜਾਬੀ ਸਾਹਿਤ ਸਭਾਵਾਂ ਵੀ ਉਥੇ ਸਰਗਰਮ ਹਨ। ਪੰਜਾਬ ਦੀਆਂ ਸਾਹਿਤ ਸਭਾਵਾਂ ਵਾਂਗ ਉਥੇ ਵੀ ਧੜੇਬੰਦੀਆਂ ਹਨ। ਵਿਸ਼ਵ ਪੰਜਾਬੀ ਕਾਨਫਰੰਸ ਦੇ ਨਾਂ 'ਤੇ ਪੈਸੇ ਵਾਲੇ ਲੋਕ ਆਪਣੀ ਤੇ ਆਪਣਿਆਂ ਦੀ ਚੌਧਰ ਚਮਕਾਉਂਦੇ ਹਨ। ਮਲਵਿੰਦਰ ਲਿਖਦਾ ਹੈ- 'ਅਜਿਹੇ ਸਮਾਗਮ ਕੁਝ ਸਰਮਾਏਦਾਰਾਂ ਵੱਲੋਂ ਆਪਣੀ ਬੱਲੇ-ਬੱਲੇ ਕਰਵਾਉਣ ਲਈ ਕਰਵਾਏ ਜਾਂਦੇ ਮੇਲੇ ਬਣਕੇ ਰਹਿ ਜਾਂਦੇ ਹਨ।...ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਨਾਂ 'ਤੇ ਹੁੰਦੇ ਇਹ ਸਮਾਗਮ ਆਡੰਬਰ ਬਣਕੇ ਰਹਿ ਜਾਂਦੇ ਹਨ' (ਪੰਨਾ 39)। ਭਾਸ਼ਾ ਨੂੰ, ਸਾਹਿਤ ਨੂੰ, ਸੱਭਿਆਚਾਰ ਨੂੰ ਦਰਪੇਸ਼ ਸੰਕਟਾਂ 'ਤੇ ਵਿਚਾਰ ਕਰਨ ਅਤੇ ਅਜਿਹੇ ਰਲਦੇ-ਮਿਲਦੇ ਮਸਲਿਆਂ 'ਤੇ ਸੰਵਾਦ ਰਚਾਉਣ ਦੀ ਲੋੜ ਵੱਲ ਧਿਆਨ ਦੇਣਾ ਚਾਹੀਦਾ ਹੈ।

ਭਾਰਤ ਵਿੱਚ ਚੋਣਾਂ ਦਾ ਐਲਾਨ ਹੋਣ ਸਾਰ ਹੀ ਰਾਜਸੀ ਪਾਰਟੀਆਂ ਤੇ ਨੇਤਾਵਾਂ ਦਾ ਧੱਮੜਧੱਸਾ ਸ਼ੁਰੂ ਹੋ ਜਾਂਦਾ ਹੈ।ਚੋਣ ਜ਼ਾਬਤੇ ਦੀਆਂ ਉਲੰਘਣਾਵਾਂ ਹੋਣੀਆਂ ਆਮ ਜਿਹੀ ਗੱਲ ਬਣ ਗਈ ਹੈ। ਧਰਮ, ਜਾਤ, ਭਾਸ਼ਾ, ਖਿੱਤੇ, ਕਿੱਤੇ, ਨਸਲ ਆਦਿ ਦੇ ਆਦਿ ਦੇ ਆਧਾਰ 'ਤੇ ਨਫਰਤ ਫੈਲਾਉਣ ਵਾਲੇ ਭਾਸ਼ਣ ਕੀਤੇ ਜਾਂਦੇ ਹਨ। ਵੋਟਰਾਂ ਨੂੰ ਉਕਸਾਇਆ ਜਾਂਦਾ ਹੈ।ਆਮ ਨਾਗਰਿਕ ਲਈ ਦੋ-ਢਾਈ ਮਹੀਨੇ ਤ੍ਰਭਕੀ ਅਵਸਥਾ ਵਿੱਚੋਂ ਗੁਜ਼ਰਨ ਵਾਲੇ ਹੁੰਦੇ ਹਨ। ਚੋਣ ਡਿਊਟੀ 'ਤੇ ਤਾਇਨਾਤ ਅਧਿਕਾਰੀਆਂ/ਮੁਲਾਜ਼ਮਾਂ ਦੀ ਹਾਲਤ ਵੀ ਲਾਮ 'ਤੇ ਜਾਣ ਵਾਲੇ ਸਿਪਾਹੀ ਵਰਗੀ ਹੁੰਦੀ ਹੈ। ਪਲ-ਪਲ ਦੀ ਪ੍ਰੇਸ਼ਾਨੀ, ਹਰੇਕ ਪਲ ਦੀ ਨਵੀਂ ਚੁਣੌਤੀ, ਨਵੀਂ ਅੜਿੱਚਣ! ਲੇਖਕ ਇਸ ਦੇਸ਼ ਦੇ ਚੋਣ ਅਮਲ ਨੂੰ ਵਿਕਸਿਤ ਦੇਸ਼ਾਂ ਦੇ ਚੋਣ ਅਮਲ ਨਾਲ ਤੁਲਨਾਉਂਦਾ ਹੈ ਤੇ ਸਵਾਲ ਕਰਦਾ ਹੈ ਕਿ ਉਨ੍ਹਾਂ ਦੇਸ਼ਾਂ ਵਰਗਾ ਚੋਣ ਅਮਲ ਇਥੇ ਕਿਉਂ ਨਹੀਂ ਲਾਗੂ ਕੀਤਾ ਜਾ ਸਕਦਾ? ਸਿਹਤਮੰਦ ਸਾਹਿਤ ਸਵਾਲ ਉਠਾਉਂਦਾ ਹੈ ਤੇ ਸਿਸਟਮ ਕੋਲੋਂ ਜਵਾਬਾਂ ਦੀ ਤਵੱਕੋ ਵੀ ਕਰ ਰਿਹਾ ਹੁੰਦਾ ਹੈ।

ਲੇਖਕ ਨੂੰ ਰੰਜ ਹੈ ਕਿ ਉਸਨੂੰ ਸਕੂਲਾਂ ਦੀ ਉਸ ਸ਼੍ਰੇਣੀ ਦੇ ਸਕੂਲ ਵਿੱਚ ਪੜ੍ਹਨ ਦਾ ਮੌਕਾ ਮਿਲਿਆ, ਜਿਨ੍ਹਾਂ ਵਿੱਚ ਲਾਇਬਰੇਰੀ ਦਾ ਸੰਕਲਪ ਹੀ ਨਹੀਂ ਸੀ ਹੁੰਦਾ! ਲਾਇਬਰੇਰੀ ਦਾ ਪਤਾ ਹੀ ਉਸਨੂੰ ਕਾਲਜ ਆ ਕੇ ਲੱਗਦਾ ਹੈ। ਯੂਨੀਵਰਸਿਟੀ ਦੀ ਲਾਇਬਰੇਰੀ ਤਾਂ ਬਹੁਪੱਖੀ ਗਿਆਨ ਦਾ ਅਥਾਹ ਸਮੁੰਦਰ ਹੈ, ਜਿਸ ਨੂੰ ਵੇਖ ਕੇ ਉਹ ਅਚੰਭਿਤ ਹੁੰਦਾ ਹੈ। ਕੈਨੇਡਾ ਵਿੱਚ ਲਾਇਬਰੇਰੀਆਂ ਵਿੱਚ ਪ੍ਰਾਪਤ ਵਿਵਸਥਾ, ਸਹੂਲਤਾਂ ਤੇ ਸਿਸਟਮ ਦੀ ਗੱਲ ਕਰਦਿਆਂ ਉਹ ਖੁਸ਼ੀ ਵੀ ਮਹਿਸੂਸ ਕਰ ਰਿਹਾ ਹੈ ਤੇ ਹੈਰਾਨੀ ਵੀ ਕਿ ਅਸੀਂ ਉਸ ਪੱਧਰ ਤੱਕ ਪਹੁੰਚ ਸਕਣ ਦੀ ਕਲਪਨਾ ਵੀ ਨਹੀਂ ਕਰ ਸਕਦੇ !

ਕੈਨੇਡਾ ਗਏ ਵਿਦਿਆਰਥੀਆਂ ਨੂੰ ਜਦੋਂ ਮਹਿੰਗਾਈ, ਨਿੱਤ ਵਧਦੇ ਖਰਚਿਆਂ ਤੇ ਬੇਰੁਜ਼ਗਾਰੀ ਵਰਗੀਆਂ ਤਲਖ਼ ਤੇ ਕਠੋਰ ਹਾਲਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਗ਼ੈਰ ਸਮਾਜਿਕ ਕੰਮ ਕਰਨ ਲੱਗਦੇ ਹਨ। ਕਾਰਾਂ ਚੋਰੀ ਕਰਨ, ਸਟੋਰ ਲੁੱਟਣ, ਡਰੱਗਜ਼ ਦਾ ਧੰਦਾ ਕਰਨ, ਕਾਰਾਂ ਵਿੱਚ ਉੱਚੀ ਆਵਾਜ਼ ਵਿੱਚ ਗਾਣੇ ਲਗਾਉਣ, ਪਾਰਕਾਂ/ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿੱਚ ਗੇੜੇ ਲਗਾਉਣ, ਮਕਾਨ ਮਾਲਕਾਂ ਨਾਲ ਉਲਝਣ, ਉਨ੍ਹਾਂ ਨੂੰ ਬੇਸਮੈਂਟਾਂ ਦਾ ਕਿਰਾਇਆ ਦੇਣ ਤੋਂ ਟਾਲ਼ਾ ਵੱਟਣ, ਬੇਸਮੈਂਟਾਂ ਵਿੱਚ ਗੰਦ ਖਿਲਾਰਨ ਤੇ ਹੁੜਦੰਗ ਮਚਾਉਣ ਵਰਗੀਆਂ ਖਬਰਾਂ ਅਕਸਰ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਕੁਝ ਲੋਕ ਕਾਨੂੰਨ ਦੀ ਉਲੰਘਣਾ ਵੀ ਕਰਦੇ ਹਨ। ਅਜਿਹਾ ਕਰਨ ਵਾਲੇ ਅਨਸਰ ਬਹੁਤ ਘੱਟ ਹਨ ਪਰ ਖਬਰ ਛਪਦੀ ਹੈ ਤਾਂ ਬਦਨਾਮੀ ਸਾਰੇ ਭਾਈਚਾਰੇ ਦੀ ਹੁੰਦੀ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਪੱਕੇ ਹੋਣ ਲਈ ਲੋਕ ਜਾਇਜ਼-ਨਾਜਾਇਜ਼ ਢੰਗ-ਤਰੀਕੇ ਵਰਤਦੇ ਹਨ। ਅਜਿਹੇ ਕੰਮ ਕਰਵਾਉਣ ਦੇ ਲਾਰੇ ਲਾਉਣ ਵਾਲੇ ਵੀ ਉਨ੍ਹਾਂ ਦੀ ਚੰਗੀ ਲੁੱਟ ਕਰਦੇ ਹਨ। ਅਸਲੀਅਤ ਦਾ ਬੇਬਾਕੀ ਨਾਲ ਬਿਆਨ ਕਰਨਾ ਲੇਖਕ ਦੀ ਬਿਰਤਾਂਤਕਾਰੀ ਦਾ ਉੱਘੜਵਾਂ ਲੱਛਣ ਬਣਦਾ ਹੈ।

'ਫੁੱਲਾਂ ਦਾ ਸ਼ਹਿਰ ਬਰੈਂਪਟਨ' ਜਿਸਨੂੰ ਲੇਖਕ 'ਨਵਾਂ ਆਬਾਦ ਹੋ ਰਿਹਾ ਪੰਜਾਬ' ਕਹਿੰਦਾ ਹੈ, ਦੇ ਬਹੁਤੇ ਖੇਤਰਾਂ 'ਤੇ ਪੰਜਾਬੀਆਂ ਦਾ ਦਬਦਬਾ ਹੈ। ਰਾਜਸੀ ਖੇਤਰ, ਵਪਾਰਕ ਅਦਾਰੇ, ਬਿਜਲਈ ਮੀਡੀਆ, ਪ੍ਰਿੰਟ ਮੀਡੀਆ, ਪੱਤ੍ਰਕਾਰਿਤਾ, ਕਲਾ, ਖੇਡਾਂ, ਸੰਗੀਤ, ਟਰਾਂਸਪੋਰਟ ਆਦਿ ਖੇਤਰਾਂ ਵਿੱਚ ਪੰਜਾਬੀਆਂ ਦਾ ਬੋਲਬਾਲਾ ਹੈ। ਇਹ ਬਰੈਂਪਟਨ ਦੇ ਮਾਣ ਵਿੱਚ ਵਾਧਾ ਕਰਨ ਵਾਲੀ ਗੱਲ ਹੈ ਕਿ ਇਸ ਸ਼ਹਿਰ ਵਿੱਚ ਪੰਜਾਬੀ ਦੇ ਕਈ ਸੁਪ੍ਰਸਿੱਧ ਲੇਖਕ ਰਹਿ ਰਹੇ ਹਨ। ਇੰਜ, ਇਹ ਸ਼ਹਿਰ ਆਪਣੀ ਵੱਖਰੀ ਪਛਾਣ ਬਣਾਉਂਦਾ ਹੈ। ਝੀਲਾਂ ਇਥੋਂ ਦੇ ਕੁਦਰਤੀ ਸੁਹੱਪਣ ਵਿੱਚ ਵਾਧਾ ਕਰਦੀਆਂ ਹਨ। ਪਾਰਕਾਂ ਦੀ ਦਿੱਖ ਇਸ ਸ਼ਹਿਰ ਦੀ ਸੁੰਦਰਤਾ ਨੂੰ ਵਧਾਉਂਦੀ ਹੈ। ਇਸ ਸ਼ਹਿਰ ਵਿੱਚ ਸਥਿਤ ਗੁਰਦੁਆਰੇ ਤੇ ਮੰਦਿਰ ਸ਼ਰਧਾਲੂਆਂ ਲਈ ਆਸਥਾ ਦੇ ਕੇਂਦਰ ਹਨ।

ਕੈਨੇਡਾ ਮਾੜੇ ਦੌਰ ਵਿੱਚੋਂ ਲੰਘ ਰਿਹਾ ਹੈ। ਪਰਵਾਸੀਆਂ ਦੀ ਵਧ ਰਹੀ ਗਿਣਤੀ,ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਪੂੰਜੀਵਾਦ ਦੇ ਪਸਾਰੇ ਅਤੇ ਹੋਰ ਕਾਰਨਾਂ ਕਰਕੇ ਕੈਨੇਡਾ ਸਰਕਾਰ ਉਸ ਦੇਸ਼ ਵਿੱਚ ਪੜ੍ਹਨ ਤੇ ਰੁਜ਼ਗਾਰ ਦੀ ਭਾਲ ਵਿੱਚ ਗਏ ਵਿਦਿਆਰਥੀਆਂ ਉੱਤੇ ਲਗਾਈਆਂ ਜਾਂਦੀਆਂ ਸ਼ਰਤਾਂ ਨੂੰ ਸਖਤ ਕਰ ਰਹੀ ਹੈ, ਫੀਸਾਂ ਤੇ ਹੋਰ ਖਰਚਿਆਂ ਵਿੱਚ ਵਾਧਾ ਹਰ ਰਹੀ ਹੈ। ਇਸ ਨਾਲ ਕੈਨੇਡਾ ਜਾ ਕੇ ਵੱਸਣ ਦੇ ਚਾਹਵਾਨ ਪੰਜਾਬੀਆਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਪੰਜਾਬ ਵਿੱਚ ਚੰਗੀਆਂ ਨੌਕਰੀਆਂ ਕਰਕੇ, ਸੇਵਾ ਨਵ੍ਰਿਤੀ ਪਿੱਛੋਂ ਪੈਨਸ਼ਨ ਧਾਰਕ ਬਣਨ ਪਿੱਛੋਂ ਆਪਣੇ ਪੁੱਤਰਾਂ-ਨੂੰਹਾਂ, ਧੀਆਂ-ਜਵਾਈਆਂ ਕੋਲ ਕੈਨੇਡਾ ਜਾ ਕੇ ਰਹਿਣ ਵਾਲੇ ਲੋਕਾਂ ਦਾ ਅਕਸਰ ਉਧਰ ਦਿਲ ਨਹੀਂ ਲੱਗਦਾ। ਉਹ ਲਾਇਬ੍ਰੇਰੀਆਂ, ਪਾਰਕਾਂ, ਗੁਰਦੁਆਰਿਆਂ, ਮੰਦਿਰਾਂ ਆਦਿ ਵਿੱਚ ਜਾ ਕੇ ਆਪਣੇ ਆਪ ਨੂੰ ਆਹਰੇ ਲਗਾਉਣ ਦਾ ਯਤਨ ਕਰਦੇ ਹਨ। ਕੈਨੇਡਾ ਜਾ ਕੇ ਰਹਿ ਰਹੇ ਮਾਪਿਆਂ ਦੇ ਜੀਵਨ ਦੀ ਅਸਲੀਅਤ ਬਾਰੇ, ਕੈਨੇਡਾ ਵਿੱਚ ਵਧ ਰਹੇ ਅਪਰਾਧਾਂ ਬਾਰੇ, ਨਾਜਾਇਜ਼ ਢੰਗ-ਤਰੀਕੇ ਅਪਣਾਅ ਕੇ ਉਥੇ ਪੱਕੇ ਹੋਣ ਲਈ ਹੀਲੇ-ਵਸੀਲੇ ਜੁਟਾਉਣ ਬਾਰੇ ਤੇ ਉਥੋਂ ਦੀ ਅਰਥਵਿਵਸਥਾ ਦੇ ਲੜਖੜਾਉਣ ਦੀ ਅਸਲੀਅਤ ਬਾਰੇ ਇਸ ਪੁਸਤਕ ਦੀ ਬਿਰਤਾਂਤਕਾਰੀ ਉਦਾਹਰਣਾਂ ਸਹਿਤ ਉਸਰਦੀ ਹੈ।

ਸੌਕਰ ਸੈਂਟਰ ਵਰਗੀਆਂ ਸਹੂਲਤਾਂ ਤੇ ਸੁਵਿਧਾਵਾਂ, ਸਾਫ਼-ਸੁਥਰਾ ਵਾਤਾਵਰਨ ਬਣਾਈ ਰੱਖਣ ਲਈ ਕੀਤੇ ਜਾਂਦੇ ਉਪਰਾਲੇ, ਕੂੜੇ ਨੂੰ ਸਾਂਭਣ/ਸਮੇਟਣ ਲਈ ਕੀਤੇ ਗਏ ਪ੍ਰਬੰਧ ਵਿਉਂਤਬੱਧ ਤਰੀਕੇ ਨਾਲ ਕੀਤੇ ਜਾਂਦੇ ਹਨ। ਕੂੜਾ ਕਿਵੇਂ ਸਾਂਭਣਾ ਹੈ ਤੇ ਚੌਗਿਰਦਾ ਕਿਵੇਂ ਸਾਫ਼-ਸੁਥਰਾ ਰੱਖਣਾ ਹੈ, ਇਹ ਇਥੋਂ ਸਿੱਖਿਆ ਜਾ ਸਕਦਾ ਹੈ। ਇਸ ਸੰਦਰਭ ਵਿੱਚ ਮਲਵਿੰਦਰ ਪੰਜਾਬ ਦੇ ਸ਼ਹਿਰਾਂ ਵਿੱਚ ਕੰਮ ਕਰਦੇ ਸਫਾਈ ਕਰਮੀਆਂ ਤੇ ਸਫਾਈ ਪ੍ਰਬੰਧਾਂ ਤੇ ਪ੍ਰਬੰਧਕਾਂ ਦੀ ਗੱਲ ਵੀ ਕਰਦਾ ਹੈ। ਸਾਡੀ ਮਾਨਸਿਕਤਾ ਦੀ ਗੱਲ ਵੀ ਲੇਖਕ ਨਿਸੰਗਤਾ ਨਾਲ ਕਰਦਾ ਹੈ। ਲੇਖਕ ਸਮਝਦਾ ਹੈ ਕਿ ਇਸ ਸਬੰਧ ਵਿੱਚ ਸਾਨੂੰ ਕੈਨੇਡਾ ਦੇ ਪ੍ਰਬੰਧਨ ਤੋਂ ਸਬਕ ਸਿੱਖਣ ਦੀ ਲੋੜ ਹੈ।

ਕੈਨੇਡਾ ਨੂੰ ਸੁਪਨ ਲੋਕ ਤਸੱਵਰ ਕਰਨ ਵਾਲੇ ਪੰਜਾਬੀ ਜਦੋਂ ਉਥੇ ਪਹੁੰਚ ਕੇ ਪੰਜਾਬੀਆਂ ਦੀਆਂ 'ਖਰਮਸਤੀਆਂ, ਆਪਹੁਦਰਾਪਨ, ਫੁੱਕਰਾਪਨ ਅਤੇ ਹੁੱਲੜਬਾਜ਼ੀ' ਆਦਿ ਨੂੰ ਵੇਖਦੇ/ਜਾਣਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਸੁਪਨੇ ਚਕਨਾਚੂਰ ਹੁੰਦੇ ਜਾਪਦੇ ਹਨ। ਲੇਖਕ ਸਮਝਦਾ ਹੈ ਕਿ ਪਰਵਾਸ ਧਾਰਨ ਕਰਕੇ ਕੈਨੇਡਾ ਗਏ ਲੋਕਾਂ ਨੂੰ 'ਅਮਾਨਵੀ, ਦੂਸ਼ਿਤ, ਰੌਲੇ ਅਤੇ ਝਗੜੇ ਵਰਗੀਆਂ ਆਦਤਾਂ' (ਪੰਨਾ 78)ਨੂੰ ਤਿਆਗਣਾ ਪਵੇਗਾ।

ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਵੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਜਾਣ ਦੇ ਰੁਝਾਨ ਵਿੱਚ ਬਹੁਤ ਵਾਧਾ ਹੋਇਆ ਹੈ। ਵਿਦਿਆਰਥੀਆਂ ਨੂੰ ਸਟੱਡੀ ਵੀਜ਼ੇ ਤੋਂ ਇਨਕਾਰ ਹੋ ਜਾਣ ਦਾ ਫਿਕਰ ਸਤਾਉਂਦਾ ਰਹਿੰਦਾ ਹੈ। ਇਸ ਚਿੰਤਾ ਦਾ ਸੇਕ ਮਾਪਿਆਂ ਤੱਕ ਵੀ ਪਹੁੰਚਦਾ ਹੈ ਤਾਂ ਉਨ੍ਹਾਂ ਨੂੰ ਝੋਰਾ ਵੱਢ ਵੱਢ ਖਾਣ ਲੱਗਦਾ ਹੈ। ਸਵਾਲ ਬਹੁਤ ਵਾਜਬ ਹੈ ਕਿ ਕੀ ਥੁੜਿਆ ਇਹੋ ਜਿਹੇ ਕੈਨੇਡਾ ਜਾਣ ਦੇ ਝੱਲ ਤੋਂ? ਦੂਜੇ ਪਾਸੇ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਗਏ ਮਿਹਨਤ ਕਰਨ ਵਾਲੇ, ਸੰਘਰਸ਼ ਕਰਨ ਵਾਲੇ, ਨੌਕਰੀ ਲੱਭਣ, ਤਨਦੇਹੀ ਨਾਲ ਨੌਕਰੀ ਕਰਨ, ਰਹਿਣ, ਖਾਣ-ਪੀਣ ਦਾ ਪ੍ਰਬੰਧ ਕਰਨ ਅਤੇ ਕਾਮਯਾਬ ਹੋਣ ਵਾਲੇ ਬੱਚਿਆਂ ਨੂੰ ਲੇਖਕ ਸ਼ਾਬਾਸ਼ ਦਿੰਦਾ ਹੈ ਕਿ ਝੱਖੜ, ਹਨੇਰੀਆਂ ਵਿੱਚ ਵੀ ਉਹ ਲੜਖੜਾਏ ਨਹੀਂ, ਸਗੋਂ ਸਾਬਤ ਕਦਮੀ ਨਾਲ ਹਾਲਤਾਂ ਦਾ ਸਾਹਮਣਾ ਕਰਦੇ ਆਏ ਹਨ ਉਹ ਕਿਰਤ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ ਤੇ ਜ਼ਿੰਦਗੀ ਦੇ ਮਕਸਦ ਨੂੰ ਸਮਝਦੇ ਹਨ। ਉਹ ਲੱਖਾਂ ਰੁਪਏ ਖਰਚ ਕਰ ਕੇ ਉਨ੍ਹਾਂ ਨੂੰ ਕੈਨੇਡਾ ਭੇਜਣ ਵਾਲੇ ਆਪਣੇ ਮਾਪਿਆਂ ਦੇ ਪਿਆਰ, ਜਿਗਰੇ ਤੇ ਭਾਵਨਾਵਾਂ ਦੀ ਲਾਜ ਵੀ ਰੱਖਦੇ ਹਨ।

ਪੀ.ਆਰ. ਹਾਸਲ ਕਰਕੇ ਬੱਚੇ ਜਦੋਂ ਆਪਣੇ ਮਾਂ-ਬਾਪ ਨੂੰ ਆਪਣੇ ਕੋਲ ਕੈਨੇਡਾ (ਜਾਂ ਕਿਸੇ ਹੋਰ ਦੇਸ਼) ਬੁਲਾਉਂਦੇ ਹਨ ਤਾਂ ਪਹਿਲਾਂ ਇਕ-ਦੋ ਵਾਰ ਜਾਣ ਵੇਲੇ ਉਨ੍ਹਾਂ ਦਾ ਉਤਸ਼ਾਹ ਬਣਿਆ ਰਹਿੰਦਾ ਹੈ ਪਰ ਛੇਤੀ ਹੀ ਵਾਪਸ ਪੰਜਾਬ ਮੁੜਨ ਤੇ 'ਬਾਦਸ਼ਾਹਤ' ਵਰਗੀ ਜ਼ਿੰਦਗੀ ਦੇ ਰੰਗ ਮਾਨਣ ਲਈ ਕਾਹਲੇ ਪੈ ਜਾਂਦੇ ਹਨ। ਕੈਨੇਡਾ ਰਹਿ ਕੇ 'ਭੈਣ ਦੇ ਘਰ ਭਾਈ ਤੇ ਸਹੁਰੇ ਘਰ ਜਵਾਈ' (ਪੰਨਾ 85) ਵਾਲੀ ਫੀਲਿੰਗ ਆਉਣ ਲੱਗਦੀ ਹੈ। ਬੱਚਿਆਂ ਨੇ ਬਹੁਤ ਮਿਹਨਤ ਕਰਕੇ ਉਥੇ ਬਹੁਤ ਖੂਬਸੂਰਤ ਘਰ ਬਣਾ ਲਏ ਹਨ ਪਰ ਮਾਪਿਆਂ ਨੂੰ ਉਹ ਘਰ 'ਆਪਣੇ' ਕਦੇ ਨਹੀਂ ਲੱਗਦੇ। 'ਮਾਪੇ ਬੱਚਿਆਂ ਕੋਲ ਪ੍ਰਾਹੁਣਿਆਂ ਵਾਂਗ ਆਉਣਾ ਚਾਹੁੰਦੇ ਹਨ।' (ਪੰਨਾ 86)। ਇਹ ਜ਼ਿੰਦਗੀ ਦੀ ਅਸਲੀਅਤ ਹੈ। ਅਜਿਹੀ ਅਸਲੀਅਤ ਦੇ ਕੁਝ ਪਹਿਲੂ 'ਪਾਰਕਾਂ ਨੂੰ ਦੁੱਖ ਦੱਸਦੇ' ਵਿੱਚ ਵੀ ਪੇਸ਼ ਹੋਏ ਹਨ। ਪੰਜਾਬ ਤੋਂ ਆਪਣੇ ਧੀਆਂ-ਪੁੱਤਰਾਂ ਕੋਲ ਕੈਨੇਡਾ ਗਏ ਮਾਂ-ਬਾਪ ਬਹੁਤੀਆਂ ਹਾਲਤਾਂ ਵਿੱਚ ਉਥੇ ਘੁਟਨ ਮਹਿਸੂਸ ਕਰਦੇ ਹਨ। ਉਹ ਪੰਜਾਬ ਆਉਣ ਲਈ ਤਾਂਘਦੇ ਰਹਿੰਦੇ ਹਨ। ਆਪਣੇ ਦੁੱਖ ਦਰਦ ਉਹ ਪਾਰਕਾਂ, ਝੀਲਾਂ, ਬਿਰਖਾਂ, ਹਰਿਆਵਲ ਆਦਿ ਸਾਹਵੇਂ ਫਰੋਲਦੇ ਹਨ। ਔਖ ਤੇ ਮਜਬੂਰੀ ਦੀ ਜੂਨ ਹੰਢਾਅ ਰਹੇ ਮਾਪੇ ਜਿਵੇਂ ਉਸ 'ਨਿਰਦਈ ਧਰਤੀ' ਦੇ ਸਰਾਪ ਦੀ ਅਉਧ ਭੁਗਤ ਰਹੇ ਹੋਵਣ! ਇਸ ਪ੍ਰਸੰਗ ਵਿੱਚ ਲੇਖਕ ਲਿਖਦਾ ਹੈ- 'ਠਰ ਗਏ ਰਿਸ਼ਤਿਆਂ ਤੇ ਟੁੱਟ ਗਏ ਸੁਪਨਿਆਂ ਦਾ ਕੋਈ ਹੱਲ ਨਹੀਂ ਹੁੰਦਾ।' (ਪੰਨਾ 87)।

ਕੈਸਲੋ ਬੀਚ ਪਾਰਕ ਦੇ ਕੁਦਰਤੀ ਸੁਹੱਪਣ ਨਾਲ ਸਰਸ਼ਾਰ ਚੌਗਿਰਦੇ ਦੇ ਦ੍ਰਿਸ਼ ਨੂੰ ਚਿਤਰਦਿਆਂ ਮਲਵਿੰਦਰ ਅੰਦਰਲਾ ਕਵੀ ਜਾਗ ਪੈਂਦਾ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਕਵਿਤਾ ਰਚ ਰਿਹਾ ਹੋਵੇ! ਉਹ ਮਨਮੋਹਕ ਸਥਾਨ ਉਸਨੂੰ ਜਸ਼ਨ ਮਨਾ ਰਿਹਾ ਪ੍ਰਤੀਤ ਹੋ ਰਿਹਾ ਹੈ। ਕੈਸਲੋ ਬੀਚ ਪਾਰਕ ਦੇ ਖੂਬਸੂਰਤ ਪ੍ਰਾਕਿਰਤਕ ਨਜ਼ਾਰਿਆਂ ਨੂੰ ਲੇਖਕ ਬਾਖੂਬੀ ਚਿਤਰਦਾ ਹੈ। ਕੈਨੇਡਾ ਦੇ ਇਸ ਭੂਗੋਲਿਕ ਖਿੱਤੇ ਅਤੇ ਇਥੋਂ ਦੀਆਂ ਸਮਾਜਿਕ-ਸੱਭਿਆਚਾਰਕ ਵਿਲੱਖਣਤਾਵਾਂ ਦੀਆਂ ਵੱਡੀਆਂ ਸੰਭਾਵਨਾਵਾਂ ਦੀ ਗੱਲ ਵੀ ਉਹ ਕਰਦਾ ਹੈ। ਲੇਖਕ ਮਨੁੱਖ ਦੀਆਂ ਪ੍ਰਾਪਤੀਆਂ ਤੇ ਸੰਭਾਵਨਾਵਾਂ ਦਾ ਤੁਲਨਾਤਮਕ ਅਧਿਐਨ ਵੀ ਪ੍ਰਸਤੁਤ ਕਰਦਾ ਜਾਂਦਾ ਹੈ। ਇਹ ਪੁਸਤਕ ਮਨੁੱਖ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਤੇ ਆਪਸੀ ਸੰਚਾਰ ਸਥਾਪਤ ਕਰਨ ਦਾ ਕਾਰਗਰ ਮਾਧਿਅਮ ਬਣਦੀ ਹੈ। ਇਸ ਪੁਸਤਕ ਰਾਹੀਂ ਲੇਖਕ ਵੱਖ ਵੱਖ ਧਰਤੀਆਂ ਦੇ ਲੋਕਾਂ ਨੂੰ ਇਕ ਸੂਤਰ ਵਿੱਚ ਪਰੋਣ ਦਾ ਯਤਨ ਕਰਦਾ ਹੈ। 'ਡੂੰਘਾ ਵਾਹ ਲੈ ਹਲ਼ ਵੇ, ਤੇਰੀ ਘਰੇ ਨੌਕਰੀ' ਗੱਲ ਤਾਂ ਠੀਕ ਹੈ ਪਰ ਮਨ ਨੂੰ ਕੌਣ ਸਮਝਾਵੇ! ਵੇਖੋ ਵੇਖੀ ਮਨ ਤਾਂ ਅਗਲਾ ਦਿਨ ਚੜ੍ਹਨ ਤੋਂ ਪਹਿਲਾਂ ਉਡਾਰੀ ਮਾਰ ਕੇ ਇੰਗਲੈਂਡ, ਆਸਟਰੇਲੀਆ, ਕੈਨੇਡਾ, ਅਮਰੀਕਾ ਆਦਿ ਮੁਲਕਾਂ ਵਿੱਚ ਡੇਰਾ ਲਗਾ ਲੈਣਾ ਲੋਚਦਾ ਹੈ। ਲੋੜ ਹੈ ਕਿ ਘਰ ਰਹਿ ਕੇ, ਕਿਰਤ ਕਰਕੇ ਬਾਬੇ ਨਾਨਕ ਦੇ ਫਲਸਫੇ ਨੂੰ ਸਾਕਾਰ ਕਰਨ ਦਾ ਯਤਨ ਕਰਕੇ ਤਾਂ ਵੇਖੀਏ! ਟੋਰਾਂਟੋ ਸ਼ਹਿਰ ਦੀ ਖੂਬਸੂਰਤੀ, ਵੰਨ-ਸਵੰਨਤਾ, ਸ਼ੁੱਧ ਕੁਦਰਤੀ ਵਾਤਾਵਰਣ, ਪਾਰਕਾਂ, ਝੀਲਾਂ, ਖੇਡ ਮੈਦਾਨਾਂ, ਸੜਕਾਂ, ਗਲੀਆਂ ਆਦਿ ਦੀ ਖੂਬਸੂਰਤੀ ਮਨ ਨੂੰ ਭਾਉਂਦੀ ਹੈ। ਸਭ ਤੋਂ ਵਧ ਕੇ ਨਿਆਗਰਾ ਫਾਲਜ਼ ਦੇ ਅਦੁੱਤੀ ਦ੍ਰਿਸ਼ ਪੇਸ਼ ਕਰਨ ਵਾਲੇ ਨਜ਼ਾਰੇ ਮਨ ਨੂੰ ਟੁੰਬਣ ਵਾਲੇ ਹਨ।

ਅੰਮ੍ਰਿਤਸਰ ਤੋਂ ਦਿੱਲੀ, ਦਿੱਲੀ ਤੋਂ ਮੌਂਟਰੀਆਲ ਤੇ ਫਿਰ ਮੌਂਟਰੀਆਲ ਤੋਂ ਟੋਰਾਂਟੋ ਦੇ ਸਫ਼ਰ ਦੌਰਾਨ ਦੀਆਂ ਪ੍ਰੇਸ਼ਾਨੀਆਂ, ਅਟੈਚੀਆਂ ਦਾ ਵਜ਼ਨ ਨਿਸਚਿਤ ਭਾਰ ਨਾਲੋਂ ਵੱਧ ਹੋ ਜਾਣ ਦੀ ਚਿੰਤਾ, ਹੋਰ ਕਈ ਤਰ੍ਹਾਂ ਦੀਆਂ ਦੁਸ਼ਵਾਰੀਆਂ, ਥਾਂ ਥਾਂ ਚੈੱਕਿੰਗ, ਅੜਿੱਕੇ 'ਤੇ ਅੜਿੱਕਾ, ਕੋਰੋਨਾ ਕਾਰਨ ਵਧੀਆਂ ਪਾਬੰਦੀਆਂ ਲੇਖਕ ਤੇ ਉਸਦੇ ਪਰਿਵਾਰ ਦੇ ਸਫ਼ਰ ਨੂੰ ਬੋਝਲ ਬਣਾਈ ਰੱਖਦੀਆਂ ਹਨ।

'ਸੁਪਨੇ ਅੰਦਰ ਬੈਠੇ ਡਰ' ਵਿੱਚ ਮਾਪਿਆਂ ਤੇ ਸਕੂਲ ਪੜ੍ਹਦੇ ਬੱਚਿਆਂ ਵਾਸਤੇ ਬੁਲਿੰਗ ਤੇ ਡਰੱਗਜ਼ ਦੀ ਸਮੱਸਿਆ ਦੀ ਵਿਆਪਕਤਾ ਨੂੰ ਲੇਖਕ ਫਿਕਰਮੰਦੀ ਵਾਲੀ ਗੱਲ ਦੱਸਦਾ ਹੈ। ਬੱਚਿਆਂ ਨੂੰ ਇਸ ਤੋਂ ਬਚ ਕੇ ਰਹਿਣ ਦੀ ਨਸੀਹਤ ਕੀਤੀ ਜਾਂਦੀ ਹੈ। ਕੁਝ ਸੰਸਥਾਵਾਂ ਵੱਲੋਂ ਉਥੇ ਪੰਜਾਬੀ ਲਿਖਾਈ ਮੁਕਾਬਲੇ ਕਰਵਾਏ ਜਾਂਦੇ ਹਨ। ਜਿਨ੍ਹਾਂ ਵਿੱਚ ਬੱਚਿਆਂ ਨੂੰ ਹੋਰ ਵਿਸ਼ਿਆਂ ਤੋਂ ਇਲਾਵਾ ਬੁਲਿੰਗ ਤੇ ਡਰੱਗਜ਼ ਵਿਸ਼ਿਆਂ 'ਤੇ ਵੀ ਲਿਖਣ ਲਈ ਕਿਹਾ ਜਾਂਦਾ ਹੈ।

'ਟੋਰਾਂਟੋ ਵਿੱਚ ਸਾਹਿਤ ਸਭਾਵਾਂ, ਪੰਜਾਬੀ ਭਾਈਚਾਰਾ ਅਤੇ ਮੀਡੀਆ' ਬਾਰੇ ਮਲਵਿੰਦਰ ਖੁੱਲ੍ਹ ਕੇ ਗੱਲ ਕਰਦਾ ਹੈ। ਬਰੈਂਪਟਨ ਵਿੱਚ ਪੰਜਾਬੀ ਦੇ ਪ੍ਰਸਿੱਧ ਲੇਖਕ ਰਹਿ ਰਹੇ ਹਨ ਉਥੇ ਕੋਈ ਨਾ ਕੋਈ ਵੱਡਾ ਸਾਹਿਤਕ ਸਮਾਗਮ/ ਸੈਮੀਨਾਰ ਹੁੰਦਾ ਰਹਿੰਦਾ ਹੈ। ਪੰਜਾਬੀ ਦੀਆਂ ਕਈ ਹਫ਼ਤਾਵਾਰੀ ਅਖਬਾਰਾਂ ਵੀ ਉਥੋਂ ਨਿਕਲਦੀਆਂ ਹਨ। ਰੇਡੀਓ ਤੇ ਟੈਲੀਵਿਜ਼ਨ ਚੈਨਲ ਵੀ ਚੱਲ ਰਹੇ ਹਨ। ਚੰਗੀ ਗੱਲ ਇਹ ਕਿ ਕੁਝ ਸੰਸਥਾਵਾਂ ਵੱਲੋਂ ਇਥੇ ਅੰਤਰਰਾਸ਼ਟਰੀ ਪੱਧਰ ਦੇ ਸਮਾਗਮ/ਕਵੀ ਦਰਬਾਰ ਵੀ ਕਰਵਾਏ ਜਾਂਦੇ ਹਨ। ਇਹ ਸੰਸਥਾਵਾਂ ਸਮਾਜਿਕ ਚੇਤਨਾ ਦਾ ਪਾਸਾਰ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰਦੀਆਂ ਹਨ।

ਧੜਾ-ਧੜ ਵਧਦੇ ਪਰਵਾਸ ਨਾਲ ਕੰਮ-ਧੰਦਿਆਂ ਵਿੱਚ ਤੇ ਕਿਰਤ ਦੇ ਢੰਗ-ਤਰੀਕਿਆਂ ਵਿੱਚ ਬਹੁਤ ਵੱਡਾ ਪਰਿਵਰਤਨ ਵਾਪਰਿਆ ਹੈ। ਕਿਰਤ ਨੇ ਰੂਪ ਵਟਾ ਲਏ ਹਨ। ਕਿਰਤ ਵਿੱਚੋਂ ਕਿਰਤੀ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਕਰ ਰਿਹ ਹੈ। ਕੰਮ ਬਹੁਤ ਹਨ। ਕੰਮ ਕਰਨ ਲਈ ਸਕਿੱਲ ਚਾਹੀਦੀ ਹੈ, ਇਰਾਦਾ ਚਾਹੀਦਾ ਹੈ, ਇੱਛਾ ਸ਼ਕਤਿ ਚਾਹੀਦੀ ਹੈ। ਲੇਖਕ ਦਾ ਸਵਾਲ ਬਿਲਕੁਲ ਢੁੱਕਵਾਂ ਹੈ ਕਿ ਅੱਜ ਦੇ ਡਿਜੀਟਲ ਯੁੱਗ ਵਿੱਚ ਬੇਸ਼ੱਕ ਬਹੁਤ ਸਾਰੇ ਨਵੇਂ ਕਿੱਤੇ ਹੋਂਦ ਵਿੱਚ ਆ ਗਏ ਹਨ। ਪਰ ਅਸੀਂ ਕੰਮ ਕਰਨ ਤੋਂ ਝਿਜਕਦੇ ਕਿਉਂ ਹਾਂ?

ਕੈਨੇਡਾ ਦੇ ਸਮਾਜਕ-ਆਰਥਕ ਸਿਸਟਮ ਵਿੱਚ ਬਹੁਤ ਸਾਰੇ ਵਿਗਾੜ ਵੀ ਹਨ, ਜਿਨ੍ਹਾਂ ਬਾਰੇ ਮਲਵਿੰਦਰ ਖੁੱਲ੍ਹ ਕੇ ਗੱਲ ਕਰਦਾ ਹੈ। ਉਥੋਂ ਦੀ ਪ੍ਰਾਕ੍ਰਿਤਕ ਖੂਬਸੂਰਤੀ ਨੂੰ ਵੀ ਉਸਨੇ ਰੱਜ ਕੇ ਵੇਖਿਆ, ਮਾਣਿਆ ਤੇ ਸਲਾਹਿਆ ਹੈ ਅਤੇ ਉਸ ਬਾਰੇ ਲਿਖਿਆ ਵੀ ਹੈ।

ਮਲਵਿੰਦਰ ਠੀਕ ਲਿਖਦਾ ਹੈ- 'ਇਹ ਕਾਰਜ ਨਵੇਂ ਅਰਥਾਂ ਵਾਲਾ ਸਾਹਿਤ ਸਿਰਜਣ ਦੀਆਂ ਨਵੀਆਂ ਤੇ ਨਿਵੇਕਲੀਆਂ ਹੱਦਾਂ ਨਿਸਚਿਤ ਕਰਦਾ ਹੈ।' (ਪੰਨਾ 11) ਲੇਖਕ ਦੀ ਇਹ ਖਾਸੀਅਤ ਹੈ ਤੇ ਹੋਰ ਵਿਅਕਤੀਆਂ ਨਾਲੋਂ ਵੱਖਰਤਾ ਵੀ ਕਿ ਉਹ ਮਨੁੱਖਾਂ, ਘਟਨਾਵਾਂ, ਗੱਲਾਂ, ਵਰਤਾਰਿਆਂ, ਸਥਾਨਾਂ, ਮੌਸਮਾਂ, ਸਿਸਟਮ ਆਦਿ ਨੂੰ ਬਾਕੀਆਂ ਨਾਲੋਂ ਵਧੇਰੇ ਬਾਰੀਕੀ ਨਾਲ ਤੇ ਸ਼ਿੱਦਤ ਨਾਲ ਵੇਖਦਾ, ਸਮਝਦਾ, ਪੜਤਾਲਦਾ ਤੇ ਉਨ੍ਹਾਂ ਦਾ ਮੁਲਾਂਕਣ ਵੀ ਕਰਦਾ ਹੈ। ਮਲਵਿੰਦਰ ਦੀ ਕੈਨੇਡਾ ਫੇਰੀ ਕਿਸੇ ਸਾਧਾਰਨ ਵਿਅਕਤੀ ਦੀ ਫੇਰੀ ਨਹੀਂ, ਸਗੋਂ ਉਹ ਆਪਣੀ ਇਸ ਫੇਰੀ ਨੂੰ ਪ੍ਰਯੋਜਨਮੁਖੀ ਬਣਾਉਂਦਾ ਹੈ। ਆਪਣੀ ਯਾਤਰਾ ਤੇ ਠਾਹਰ ਦੇ ਅਨੁਭਵਾਂ ਨੂੰ ਆਪਣੀ ਕਲਾ ਦੀ ਛੋਹ ਪ੍ਰਦਾਨ ਕਰਦਾ ਹੈ ਤੇ ਲਿਖਦਾ ਹੈ। ਸਫ਼ਰ ਵਿੱਚ ਆਈਆਂ ਔਕੜਾਂ ਦੇ ਬਾਵਜੂਦ ਵੀ ਸਫ਼ਰ ਬਿਰਤਾਂਤ ਨੂੰ ਉਹ ਸੁਹਜ ਬਿਰਤੀ ਨਾਲ ਸਿਰਜਦਾ ਹੈ। ਉਸਦੀ ਲਿਖਤ ਵਿੱਚ ਉਸਦਾ ਸਵੈ ਸ਼ਾਮਲ ਰਹਿੰਦਾ ਹੈ। ਲੇਖਕ ਪਾਠਕ ਨੂੰ ਆਪਣੀ ਲਿਖਤ ਦੇ ਮੂਲ ਸੂਤਰ ਨਾਲ ਜੋੜ ਕੇ ਰੱਖਦਾ ਹੈ ਤੇ ਰੌਚਿਕਤਾ ਬਣਾਈ ਰੱਖਣ ਵਿੱਚ ਕਾਮਯਾਬ ਰਹਿੰਦਾ ਹੈ। ਆਪਣੇ ਵਿਚਾਰਾਂ ਦੇ ਸੁਹਜਮਈ ਪ੍ਰਗਟਾਵੇ ਲਈ ਉਹ ਉਨ੍ਹਾਂ ਦੀ ਕਲਾਤਮਿਕ ਅਭਿਵਿਅਕਤੀ ਕਰਦਾ ਹੈ। ਅਜਿਹਾ ਕੰਮ ਜਨੂੰਨ ਤੋਂ ਬਿਨਾਂ ਨਹੀਂ ਹੁੰਦਾ।ਆਪਣੇ ਵਿਚਾਰਾਂ ਨੂੰ ਉਹ ਤੱਤ, ਤੱਥ ਅਤੇ ਤਰਕ ਦੇ ਆਧਾਰ 'ਤੇ ਉਸਾਰਦਾ ਹੈ। ਕਿਸੇ ਦੇ ਪੇਸ਼ ਕੀਤੇ ਮਤ, ਤੱਥ, ਵਿਚਾਰ ਆਦਿ ਦੀ ਤਰਕ ਆਧਾਰਿਤ ਨਵ-ਨਿਰਮਾਣਕਾਰੀ ਕਰਨਾ ਵੀ ਉਹ ਜਾਣਦਾ ਹੈ ਹੈ। ਮਲਵਿੰਦਰ ਸੁਹਜ ਭੁੱਖ ਦੀ ਤ੍ਰਿਪਤੀ ਲਈ ਲਿਖਦਾ ਹੈ। ਰੂਹ ਦੇ ਰੱਜ ਵਾਸਤੇ ਲਿਖਦਾ ਹੈ। ਸਮਾਜ ਦੇ ਹਿਤਾਂ ਲਈ ਲਿਖਦਾ ਹੈ। ਫਿਰ ਵੀ ਉਸਦੀ ਲਿਖਣ ਦੀ ਭੁੱਖ ਬਣੀ ਰਹਿੰਦੀ ਹੈ।

ਮਲਵਿੰਦਰ ਕੋਲ ਵਿਚਾਰ ਹਨ, ਭਾਸ਼ਾ ਹੈ, ਸ਼ੈਲੀ ਹੈ। ਲੋੜ ਅਨੁਸਾਰ ਵਿਚਾਰਾਂ ਨੂੰ ਨਵਿਆਉਣ ਤੇ ਉਨ੍ਹਾਂ ਦੀ ਨਵ-ਉਸਾਰੀ ਕਰਨ ਦੇ ਹੁਨਰ ਦੀ ਵਰਤੋਂ ਕਰਨ ਦੀ ਵੀ ਉਸਨੂੰ ਜਾਚ ਹੈ।ਭਾਸ਼ਾ ਉਪਰ ਉਸਨੂੰ ਪਕੜ ਹੈ। ਚਿੰਨ੍ਹਾਂ, ਪ੍ਰਤੀਕਾਂ ਰਾਹੀਂ ਗੱਲ ਕਰਨ ਦੀ ਕਲਾ ਵਿੱਚ ਉਹ ਮਾਹਿਰ ਹੈ। ਵਾਰਤਕ ਲਿਖਦਿਆਂ ਉਸ ਵਿੱਚ ਕਾਵਿਕ ਅੰਸ਼ਾਂ ਦਾ ਸਮਾਵੇਸ਼ ਕਰ ਲੈਣਾ ਉਸ ਵਾਸਤੇ ਬਹੁਤ ਸਹਿਜ ਕਿਸਮ ਦੀ ਪ੍ਰਕਿਰਿਆ ਹੈ। ਇਹ ਉਸਦੀ ਵਾਰਤਕ ਕਲਾ ਦਾ ਉਘੜਵਾਂ ਲੱਛਣ ਬਣ ਕੇ ਉਭਰਨ ਵਾਲਾ ਪਹਿਲੂ ਹੈ। ਮਲਵਿੰਦਰ ਜਿਉਂ ਜਿਉਂ ਲਿਖਦਾ ਜਾਂਦਾ ਹੈ, ਆਪਣੀ ਲਿਖਣ ਕਲਾ ਦੇ ਹੁਨਰ ਨੂੰ ਤਰਾਸ਼ਦਾ ਜਾਂਦਾ ਹੈ। ਮੈਂ ਨਿਸਚੇ ਨਾਲ ਕਹਿ ਸਕਦਾ ਹਾਂ ਕਿ ਇਹ ਪੁਸਤਕ ਪਾਠਕਾਂ ਦੀ ਜਾਣਕਾਰੀ ਵਿੱਚ ਚੰਗਾ-ਚੋਖਾ ਵਾਧਾ ਕਰੇਗੀ, ਉਨ੍ਹਾਂ ਲਈ ਮਾਰਗ ਦਰਸ਼ਕ ਬਣੇਗੀ ਤੇ ਸੇਧ ਵੀ ਪ੍ਰਦਾਨ ਕਰੇਗੀ। ਨਾਲ ਹੀ, ਇਹ ਪੁਸਤਕ ਪਾਠਕਾਂ ਨੂੰ ਪਰਵਾਸ ਧਾਰਨ ਕਰਨ ਤੋਂ ਪਹਿਲਾਂ ਡੂੰਘੀ ਸੋਚ ਵਿਚਾਰ ਕਰਨ ਲਈ ਵੀ ਪ੍ਰੇਰਿਤ ਕਰੇਗੀ ਤੇ ਇਸ ਸਬੰਧ ਵਿੱਚ ਫੈਸਲਾ ਲੈਣ ਲਈ ਹਿੰਮਤ ਜੁਟਾਉਣ ਦਾ ਹੌਸਲਾ ਵੀ ਦੇਵੇਗੀ। ਮੈਂ ਉਮੀਦ ਕਰਦਾ ਹਾਂ ਕਿ ਪਰਵਾਸ ਦੀਆਂ ਚੁਣੌਤੀਆਂ ਤੇ ਸੰਭਾਵਨਾਵਾਂ ਨਾਲ ਓਤਪੋਤ ਇਹ ਪ੍ਰਯੋਜਨਮੁਖੀ ਤੇ ਪੁਖ਼ਤਾ ਪ੍ਰਵਚਨ ਪਾਠਕਾਂ ਦੇ ਹਿਰਦੇਪਟ 'ਤੇ ਚਿਰਾਂ ਤੱਕ ਅਸਰਅੰਦਾਜ਼ ਹੁੰਦੇ ਰਹਿਣਗੇ। ਮੈਂ ਇਸ ਮੁੱਲਵਾਨ ਪੁਸਤਕ ਦਾ ਹਾਰਦਿਕ ਸਵਾਗਤ ਕਰਦਾ ਹਾਂ।ਫ਼ਖ਼ਰ ਮਹਿਸੂਸ ਕਰਨ ਵਾਲੀ ਗੱਲ ਹੈ ਕਿ ਇਸ ਅਨੂਠੇ ਕਾਰਜ ਸਮੇਤ ਮਲਵਿੰਦਰ ਆਪਣੇ ਪਾਠਕਾਂ ਦੇ ਸਨਮੁੱਖ ਹੋ ਰਿਹਾ ਹੈ। ਇਸ ਬਹੁਮੁੱਲੇ ਦਸਤਾਵੇਜ਼ ਦੀ ਸਿਰਜਣਾ ਲਈ ਮੈਂ ਉਸਨੂੰ ਮੁਬਾਰਕਬਾਦ ਭੇਂਟ ਕਰਦਾ ਹਾਂ ਤੇ ਇਸ ਪੁਸਤਕ ਨੂੰ ਖੁਸ਼ਆਮਦੀਦ ਕਹਿੰਦਿਆਂ ਹੋਇਆਂ ਅਥਾਹ ਖੁਸ਼ੀ ਅਨੁਭਵ ਕਰ ਰਿਹਾ ਹਾਂ।



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਜਥੇਬੰਦਕ ਧਰਮਾਂ ਦਾ ਮਾਇਆ ਜਾਲ

ਲੜੀ ਨੰ. 24

# ਧਰਮ ਦੀ ਸਮੱਸਿਆ - ਪੁਜਾਰੀ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ 10-15 ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਨਕਲੀ ਧਰਮ ਦੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਾਮਾਤਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਬੇਹੋਸ਼ੀ ਤੋਂ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ, ਧਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁੱਝ ਧਰਮ ਦਾ ਅੰਸ਼ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ, ਧਰਮ ਦਾ ਰਾਜ ਸਥਾਪਿਤ ਕਰਨ ਅਤੇ ਧਰਮ ਨੂੰ ਖਤਰੇ ਦੇ ਨਾਂ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਅੱਜ ਵੀ ਦੁਨੀਆਂ ਦੇ ਵੱਖ-ਵੱਖ ਖਿਤਿਆਂ ਵਿੱਚ ਧਰਮ ਅਧਾਰਿਤ ਹਥਿਆਰਬੰਦ ਸੰਗਠਨ ਧਰਮ ਨੂੰ ਖਤਰਾ, ਧਰਮ ਦਾ ਰਾਜ ਜਾਂ ਧਰਮ ਦਾ ਪ੍ਰਸਾਰ ਦੇ ਨਾਮ ਹੇਠ ਮਾਨਵਤਾ ਦਾ ਖੂਨ ਵਹਾ ਰਹੇ ਹਨ। ਅੱਜ ਕਿਸੇ ਵੀ ਅਖੌਤੀ ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਕਾਬਿਜ਼ ਇਸ ਤਿਕੜੀ ਤੋਂ ਹੈ। ਇਨ੍ਹਾਂ ਤੇ ਕਾਬਿਜ਼ ਕੱਟੜਪੰਥੀ ਤਾਕਤਾਂ ਤੋਂ ਹੈ ਜੋ ਆਪਣੇ ਫਿਰਕੇ ਦੀਆਂ ਧਾਰਮਿਕ ਰਸਮਾਂ ਜਾਂ ਧਾਰਮਿਕ ਚਿੰਨ੍ਹਾਂ ਨੂੰ ਹੀ ਧਰਮ ਸਮਝਦੀਆਂ ਹਨ ਹੈ ਤੇ ਇਨ੍ਹਾਂ ਨੂੰ ਲੋਕਾਂ ਤੇ ਤਾਕਤ ਦੇ ਜ਼ੋਰ ਨਾਲ ਥੋਪਣਾ ਚਾਹੁੰਦੀਆਂ ਹਨ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਦੁਨੀਆਂ ਭਰ ਵਿੱਚ ਪ੍ਰਚਲਤ ਜਥੇਬੰਧਕ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਦੀ ਚੱਲ ਰਹੀ ਲੜੀਵਾਰ ਚਰਚਾ ਦੇ ਇਸ ਹਿੱਸੇ ਵਿੱਚ ਅਸੀਂ ਪੁਜਾਰੀਆਂ ਅਧਾਰਿਤ ਨਕਲੀ ਧਰਮ ਦੀ ਗੱਲ ਕਰਾਂਗੇ। ਵੈਸੇ ਤਾਂ ਹਰ ਨਕਲੀ ਧਰਮ ਵਿੱਚ ਪੁਜਾਰੀਆਂ ਦਾ ਹੀ ਪੂਰਾ ਬੋਲ-ਬਾਲਾ ਰਿਹਾ ਹੈ ਤੇ ਅੱਜ ਵੀ ਉਸੇ ਤਰ੍ਹਾਂ ਹੈ, ਸਗੋਂ ਨਵੇਂ ਹਾਲਾਤਾਂ ਵਿੱਚ ਜਾਂ ਲੋਕਤੰਤਰੀ ਸਿਸਟਮ ਦੇ ਇਸ ਦੌਰ ਵਿੱਚ ਧਰਮ ਦੀ ਅਜ਼ਾਦੀ ਦੇ ਨਾਮ ਤੇ ਪੁਜਾਰੀ ਪੁਰਾਣੇ ਸਮਿਆਂ ਨਾਲੋਂ ਵੀ ਵੱਧ ਸ਼ਕਤੀਸ਼ਾਲੀ ਹੋ ਕੇ ਉਭਰੇ ਹਨ। ਧਾਰਮਿਕ ਸ਼ਰਧਾ ਨੂੰ ਠੇਸ, ਧਾਰਮਿਕ ਚਿੰਨ੍ਹਾਂ ਤੇ ਹਮਲਾ, ਭਾਵਨਾਵਾਂ ਨੂੰ ਠੇਸ ਦੇ ਨਾਮ ਤੇ ਇਹ ਕਿਸੇ ਨੂੰ ਵੀ ਕਿਸੇ ਸਮੇਂ ਵੀ ਅਦਾਲਤਾਂ ਵਿੱਚ ਘਸੀਟ ਸਕਦੇ ਹਨ, ਜ਼ੇਲ ਦੀ ਹਵਾ ਖਵਾ ਸਕਦੇ ਹਨ। ਇਸ ਲਈ ਅੱਜ ਦੇ ਧਰਮ ਪੁਜਾਰੀ ਨਾਲ ਮੱਥਾ ਲਾਉਣਾ ਕੋਈ ਸੌਖਾ ਕੰਮ ਨਹੀਂ ਹੈ। ਇਸ ਤੋਂ ਪਹਿਲਾਂ ਕਿ ਅਸੀਂ ਪੁਜਾਰੀਆਂ ਅਧਾਰਿਤ ਨਕਲੀ ਧਰਮ ਦੀ ਚਰਚਾ ਨੂੰ ਅੱਗੇ ਤੋਰੀਏ, ਇਹ ਜਾਣ ਲੈਣਾ ਲਾਹੇਵੰਦ ਰਹੇਗਾ ਕਿ ਪੁਜਾਰੀ ਕਿਸਨੂੰ ਕਹਿੰਦੇ ਹਨ ਤੇ ਵੱਖ-ਵੱਖ ਧਾਰਮਿਕ ਫਿਰਕਿਆਂ ਵਿੱਚ ਇਹ ਕਿਨ੍ਹਾਂ ਨਾਵਾਂ ਨਾਲ ਜਾਣੇ ਜਾਂਦੇ ਹਨ। ਡਿਕਸ਼ਨਰੀ ਭਾਸ਼ਾ ਅਨੁਸਾਰ ਪੁਜਾਰੀ ਉਹ ਵਿਅਕਤੀ ਹੈ, ਜੋ ਆਪਣੇ ਸ਼ਰਧਾਲੂਆਂ ਲਈ ਦੇਵੀ-ਦੇਵਤੇ, ਗੁਰੂ, ਪੀਰ ਆਦਿ ਦੀ ਮੂਰਤੀ ਅੱਗੇ ਪੂਜਾ ਪਾਠ ਦੇ ਨਾਮ ਤੇ ਕਰਮਕਾਂਡ ਕਰਦਾ ਹੈ, ਆਪਣੇ ਗੁਰੂ, ਰਹਿਬਰ, ਪੈਗੰਬਰ, ਮਹਾਂਪੁਰਸ਼ ਆਦਿ ਦੀ ਵਿਚਾਰਧਾਰਾ ਸ਼ਰਧਾਲੂਆਂ ਤੱਕ ਪਹੁੰਚਾਂਦਾ ਹੈ, ਜਾਂ ਆਮ ਤੌਰ 'ਤੇ ਧਾਰਮਿਕ ਫਿਰਕਿਆਂ ਵਿੱਚ ਵੱਖ-ਵੱਖ ਢੰਗਾਂ ਦੀ ਪੂਜਾ ਪਾਠ ਕਰਦਾ ਜਾਂ ਕਰਵਾਉਂਦਾ ਹੈ, ਕਰਮਕਾਂਡ ਕਰਦਾ ਜਾਂ ਕਰਵਾਉਂਦਾ ਹੈ। ਉਸ ਕੋਲ ਆਪਣੇ ਕੋਲੋਂ ਦੇਣ ਲਈ ਕੁੱਝ ਨਹੀਂ ਹੁੰਦਾ, ਉਹ ਸਿਰਫ ਪ੍ਰਚਲਤ ਮਰਿਯਾਦਾ ਜਾਂ ਕਰਮਕਾਂਡ ਨਿਭਾਉਣ ਜਾਂ ਕਰਵਾਉਣ ਦਾ ਧੰਦਾ ਹੀ ਕਰਦਾ ਹੈ। ਉਹ ਆਪੇ ਬਣਾਏ ਕਰਮਕਾਂਡ ਆਪ ਕਰਨ ਜਾਂ ਸ਼ਰਧਾਲੂਆਂ ਤੋਂ ਕਰਵਾਉਣ ਦੀ ਫੀਸ ਵੀ ਚਾਰਜ ਕਰਦਾ ਹੈ। ਪੁਜਾਰੀ ਦਾ ਕੋਈ ਵੀ ਕੰਮ ਮੁਫਤ ਵਿੱਚ ਨਹੀਂ ਹੁੰਦਾ। ਇਹ ਵਿਅਕਤੀ ਦੇ ਜਨਮ ਤੋਂ ਪਹਿਲਾਂ (ਜਦੋਂ ਔਰਤ ਅਜੇ ਗਰਭਵਤੀ ਹੋਈ ਹੁੰਦੀ ਹੈ) ਤੋਂ ਆਪਣੇ ਕਰਮਕਾਂਡਾਂ ਤੇ ਪੂਜਾ ਪਾਠ ਦੀ ਫੀਸ ਸ਼ੁਰੂ ਕਰ ਲੈਂਦਾ ਹੈ ਤੇ ਵਿਅਕਤੀ ਦੇ ਮਰਨ ਤੋਂ ਬਾਅਦ ਵੀ ਇਸਦਾ ਕੰਮ ਖਤਮ ਨਹੀਂ ਹੁੰਦਾ। ਆਮ ਤੌਰ 'ਤੇ ਪੁਜਾਰੀ ਨੂੰ ਸ਼ਰਧਾਲੂ ਅਤੇ ਰੱਬ, ਦੇਵੀ-ਦੇਵਤਿਆਂ, ਗੁਰੂਆਂ, ਪੀਰਾਂ, ਪੈਗੰਬਰਾਂ, ਰਰਿਬਰਾਂ ਵਿੱਚ ਵਿਚੋਲਾ ਵੀ ਮੰਨਿਆ ਜਾਂਦਾ ਹੈ, ਜੋ ਕਿ ਗ੍ਰੰਥਾਂ ਵਿਚਲਾ ਪੈਗੰਬਰੀ ਸੁਨੇਹਾ ਸ਼ਰਧਾਲੂਆਂ ਤੱਕ ਪਹੁੰਚਾਂਦਾ ਹੈ ਤੇ ਸ਼ਰਧਾਲੂਆਂ ਦੀਆਂ ਮੰਗਾਂ ਦਾ ਅਰਦਾਸ ਜਾਂ ਪ੍ਰੇਅਰ ਰੂਪੀ ਸੁਨੇਹਾ ਰੱਬ, ਪੈਗੰਬਰ, ਗੁਰੂ ਜਾਂ ਦੇਵੀ-ਦੇਵਤੇ ਤੱਕ ਪਹੁੰਚਾਂਦਾ ਹੈ। ਉਸਦਾ ਇਹ ਧੰਦਾ ਝੂਠ, ਫਰੇਬ, ਸੋਸ਼ਣ ਅਧਾਰਿਤ ਅਤੇ ਮਨੁੱਖ ਦੀ ਅਗਿਆਨਤਾ ਆਸਰੇ ਚਲਦਾ ਹੈ। ਬੇਸ਼ਕ ਅਸਲੀ ਧਰਮ ਅਨੁਸਾਰ ਉਸਦਾ ਕੰਮ ਮਨੁੱਖ ਨੂੰ ਸੱਚ ਦੇ ਮਾਰਗ ਤੇ ਪਾਉਣਾ ਹੁੰਦਾ ਹੈ, ਪਰ ਉਸਨੂੰ ਪਤਾ ਹੈ ਕਿ ਜੇ ਉਹ ਮਨੁੱਖ ਨੂੰ ਸੱਚ ਦੇ ਮਾਰਗ ਤੇ ਤੋਰੇਗਾ ਤਾਂ ਉਸ ਕੋਲ ਪੈਸੇ ਦੇ ਕੇ ਅਰਦਾਸਾਂ ਕੋਣ ਕਰਾਏਗ? ਜੇ ਉਹ ਇਹ ਦੱਸ ਦੇਵੇ ਕਿ ਉਸਦੇ ਪੂਜਾ, ਪਾਠ, ਕਰਮਕਾਂਡ ਆਦਿ ਫੋਕਟ ਹਨ ਤਾਂ ਕੌਣ ਸਾਰੀ ਉਮਰ ਇਸਦੀ ਚਾਕਰੀ ਕਰੇਗਾ? ਇਸ ਲਈ ਪੁਜਾਰੀ ਕਦੇ ਮਨੁੱਖ ਨੂੰ ਅਸਲੀਅਤ ਤੱਕ ਪਹੁੰਚਣ ਨਹੀਂ ਦਿੰਦਾ, ਇਸ ਤਰ੍ਹਾਂ ਇਹ ਹਮੇਸ਼ਾਂ ਹਰਾਮ ਦੀ ਕਮਾਈ ਖਾਂਦਾ ਹੈ।

ਵੱਖ-ਵੱਖ ਧਾਰਮਿਕ ਫਿਰਕਿਆਂ ਵਿੱਚ ਪੁਜਾਰੀ ਜਾਂ ਪ੍ਰੀਸਟ ਨੂੰ ਵੱਖ-ਵੱਖ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ, ਜਿਵੇਂ ਯਹੂਦੀਆਂ ਵਿੱਚ ਕੋਹੇਨ ਜਾਂ ਰੈਬਈ, ਇਸਾਈਆਂ ਵਿੱਚ ਪ੍ਰੀਸਟ, ਪਾਦਰੀ, ਪੈਸਟਰ, ਮਨਿਸਟਰ, ਪ੍ਰੀਚਰ ਆਦਿ, ਮੁਸਲਮਾਨਾਂ ਵਿੱਚ ਮੁੱਲਾਂ (ਮੌਲਵੀ), ਕਾਜ਼ੀ, ਇਮਾਮ, ਸ਼ੇਖ, ਕਾਤਿਬ, ਖਲੀਫਾ, ਆਇਤੁਲਾ ਆਦਿ, ਹਿੰਦੂਆਂ ਵਿੱਚ ਪੁਜਾਰੀ, ਪ੍ਰੋਹਿਤ, ਬ੍ਰਾਹਮਣ, ਪੰਡਿਤ ਆਦਿ, ਬੋਧੀਆਂ ਵਿੱਚ ਭਿਕਸ਼ੂ, ਮੌਂਕ ਆਦਿ, ਜੈਨੀਆਂ ਵਿੱਚ ਮੁਨੀ, ਸਰੇਵੜੇ, ਅਚਾਰੀਆ ਆਦਿ, ਸਿੱਖਾਂ ਵਿੱਚ ਭਾਈ, ਗ੍ਰੰਥੀ, ਪਾਠੀ, ਗਿਆਨੀ, ਗੁਰੂ ਕਾ ਵਜ਼ੀਰ ਆਦਿ। ਇਸੇ ਤਰ੍ਹਾਂ ਵੱਡੇ ਧਾਰਮਿਕ ਫਿਰਕਿਆਂ ਵਿਚੋਂ ਨਿਕਲੇ ਛੋਟੇ ਫਿਰਕਿਆ, ਕਲਟਾਂ ਆਦਿ ਵਿੱਚ ਇਨ੍ਹਾਂ ਪੁਜਾਰੀਆਂ ਦੇ ਨਾਮ ਵੱਖਰੇ-ਵੱਖਰੇ ਹੋ ਸਕਦੇ ਹਨ। ਧਰਮ ਕੋਈ ਵੀ ਹੋਵੇ, ਆਮ ਤੌਰ 'ਤੇ ਪੁਜਾਰੀਆਂ ਲਈ ਧਰਮ ਧੰਦੇ ਤੋਂ ਵੱਧ ਕੁੱਝ ਨਹੀਂ ਹੁੰਦਾ। ਹਰ ਪੁਜਾਰੀ ਇਹੀ ਕੋਸ਼ਿਸ਼ ਕਰਦਾ ਹੈ ਕਿ ਧਰਮ-ਕਰਮ ਦੇ ਸਾਰੇ ਕੰਮ, ਕਰਮਕਾਂਡ, ਮਰਿਯਾਦਾਵਾਂ ਉਸ ਰਾਹੀਂ ਦਾਨ-ਦੱਛਣਾ ਦੇ ਕੇ ਹੀ ਕਰਵਾਏ ਜਾਣ। ਇਸੇ ਕਰਕੇ ਆਮ ਤੌਰ ਬਹੁਤੇ ਪੁਜਾਰੀ ਆਪਣੇ ਧਰਮ ਗ੍ਰੰਥਾਂ ਨੂੰ ਪੜ੍ਹਨ, ਉਨ੍ਹਾਂ ਦੀ ਵਿਆਖਿਆ ਕਰਨ ਦਾ ਅਧਿਕਾਰ ਆਪਣੇ ਕੋਲ ਹੀ ਰੱਖਦੇ ਹਨ। ਬਹੁਤ ਸਾਰੇ ਗ੍ਰੰਥ ਇਤਨੇ ਪੁਰਾਣੇ ਹੋ ਚੁੱਕੇ ਹਨ ਕਿ ਉਨ੍ਹਾਂ ਦੀ ਭਾਸ਼ਾ ਅੱਜ ਦਾ ਮਨੁੱਖ ਸਮਝ ਹੀ ਨਹੀਂ ਸਕਦਾ। ਸਿੱਖਾਂ ਦੇ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਤਕਰੀਬਨ ਸਾਰੇ ਜਥੇਬੰਦਕ ਧਰਮਾਂ ਦੇ ਗ੍ਰੰਥਾਂ ਨੂੰ ਉਨ੍ਹਾਂ ਦੇ ਗੁਰੂਆਂ, ਪੈਗੰਬਰਾਂ ਦੇ ਇਸ ਸੰਸਾਰ ਤੋਂ ਚਲੇ ਜਾਣ ਤੋਂ ਲੰਬਾ ਸਮਾਂ ਬਾਅਦ ਉਨ੍ਹਾਂ ਦੇ ਸ਼ਰਧਾਲੂਆਂ, ਵਿਦਵਾਨਾਂ ਜਾਂ ਪੁਜਾਰੀਆਂ ਵਲੋਂ ਲਿਖਿਆ ਗਿਆ ਸੀ। ਜਿਨ੍ਹਾਂ ਵਿੱਚ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਨੇ ਆਪਣੇ ਹਿੱਤ ਸੁਰੱਖਿਅਤ ਕਰਕੇ ਬਹੁਤ ਕੁੱਝ ਲਿਖਿਆ ਹੋਇਆ ਹੈ। ਸਿੱਖ ਧਰਮ ਦੇ ਗੁਰੂਆਂ ਨੇ ਆਪਣੀ ਬਾਣੀ ਨੂੰ ਪੁਜਾਰੀਆਂ ਦੇ ਪੁਰਾਣੇ ਤਜ਼ਰਬੇ ਨੂੰ ਸਾਹਮਣੇ ਰੱਖ ਆਪ ਕਲਮਬੱਧ ਕਰ ਲਿਆ ਤਾਂ ਕਿ ਪੁਜਾਰੀ ਬਾਅਦ ਵਿੱਚ ਕੋਈ ਹੇਰ-ਫੇਰੀ ਨਾ ਕਰ ਸਕਣ, ਪਰ ਪੁਜਾਰੀਆਂ ਨੇ ਉਸ ਲਈ ਵੀ ਰਾਹ ਲੱਭ ਲਿਆ ਕਿ ਉਸ ਗ੍ਰੰਥ ਦੇ ਮੁਕਾਬਲੇ ਤੇ ਹੋਰ ਗ੍ਰੰਥ ਖੜੇ ਕਰ ਦਿਉ ਜਾਂ ਉਸ ਗ੍ਰੰਥ ਦੀ ਵਿਚਾਰਧਾਰਾ ਨੂੰ ਪੜ੍ਹਨ ਵਿਚਾਰਨ ਦੀ ਥਾਂ ਪੂਜਾ ਪਾਠ ਜਾਂ ਮੰਤਰ ਪਾਠ ਬਣਾ ਦਿਉ ਤਾਂ ਕਿ ਲੋਕ ਉਸ ਸੱਚ ਤੱਕ ਆਪ ਨਾ ਪਹੁੰਚ ਸਕਣ। ਹੁਣ ਸਿੱਖ ਪੁਜਾਰੀਆਂ ਨੇ ਸਿੱਖ ਸਮਾਜ ਇਥੇ ਲਿਆ ਖੜਾ ਕੀਤਾ ਹੈ ਕਿ ਬਹੁਤੇ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨ ਤੋਂ ਅਸਮਰਥ ਹਨ ਜਾਂ ਉਹ ਉਸ ਇਨਕਲਾਬੀ ਵਿਚਾਰਧਾਰਾ ਨੂੰ ਆਪਣੇ ਸਮਾਜਿਕ ਸੰਸਕਾਰਾਂ ਨੂੰ ਨਿਭਾਉਣ ਲਈ ਹੀ ਵਰਤਦੇ ਹਨ ਜਾਂ ਆਪਣੀਆਂ ਮਨੋ ਕਾਮਨਾਵਾਂ ਦੀ ਪੂਰਤੀ ਲਈ ਪੁਜਾਰੀਆਂ ਤੋਂ ਮੰਤਰ ਰੂਪ ਵਿੱਚ ਪੜ੍ਹਾਉਂਦੇ ਹਨ। ਉਨ੍ਹਾਂ ਲਈ ਹੁਣ ਗੁਰੂ ਗ੍ਰੰਥ ਸਾਹਿਬ, ਜੀਵਨ ਜਾਚ ਦਾ ਸੋਮਾ ਨਾ ਹੋ ਕਿ ਪ੍ਰਚਲਤ ਸਮਾਜਿਕ ਕਰਮਕਾਂਡ ਨਿਭਾਉਣ ਜਾਂ ਆਪਣੀਆਂ ਦੁਨਿਆਵੀ ਮੰਗਾਂ ਦੀ ਪੂਰਤੀ ਲਈ ਬਿਨਾਂ ਸਮਝੇ ਮੰਤਰਾਂ ਵਾਂਗ ਪੜ੍ਹੇ ਜਾਂ ਪੜ੍ਹਾਏ ਜਾ ਰਹੇ ਹਨ। ਸਿੱਖ ਧਰਮ ਦੇ ਪੁਜਾਰੀਆਂ ਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਪੈਸਾ ਇਕੱਠਾ ਕਰਨ ਦਾ ਸਾਧਨ ਮਾਤਰ ਬਣਾ ਲਿਆ ਹੈ। ਇਸੇ ਤਰ੍ਹਾਂ ਹਰ ਧਾਰਮਿਕ ਫਿਰਕੇ ਦੀ ਮਰਿਯਾਦਾ ਜਾਂ ਧਾਰਮਿਕ ਚਿੰਨ੍ਹ ਵੀ ਪੈਗੰਬਰ ਜਾਂ ਗੁਰੂ ਦੇ ਸੰਸਾਰ ਤੋਂ ਚਲੇ ਜਾਣ ਬਾਅਦ ਉਸਦੇ ਨਾਮ ਤੇ ਫਿਰਕਾ ਖੜਾ ਕਰਕੇ ਉਸਨੂੰ ਜਥੇਬੰਦਕ ਰੂਪ ਦੇਣ ਲਈ ਪੁਜਾਰੀਆਂ ਜਾਂ ਸ਼ਰਧਾਲੂ ਵਿਦਵਾਨਾਂ ਜਾਂ ਉਸ ਸਮੇਂ ਸਮਾਜ ਵਿੱਚ ਪ੍ਰਚਲਤ ਮਾਨਤਾਵਾਂ, ਧਾਰਨਾਵਾਂ, ਵਿਸ਼ਵਾਸ਼ਾਂ, ਰਤਿਾਂ-ਰਸਮਾਂ ਅਧਾਰਿਤ ਹੁੰਦੇ ਹਨ। ਕਿਸੇ ਵੀ ਜਥੇਬੰਦਕ ਧਰਮ ਦੀ ਮਰਿਯਾਦਾ (ਸ਼ਰ੍ਹਾ) ਕਿਸੇ ਵੀ ਧਰਮ ਦੇ ਸੰਚਾਲਕ ਜਾਂ ਪੈਗੰਬਰ ਨੇ ਨਹੀਂ ਬਣਾਈ ਹੁੰਦੀ ਕਿਉਂਕਿ ਸਾਰੇ ਪੈਗੰਬਰ ਇਨਕਲਾਬੀ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਨੇ ਆਪਣੇ ਤੋਂ ਪਹਿਲੇ ਧਰਮਾਂ ਦੀਆਂ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਵਲੋਂ ਆਪਣੇ ਹਿੱਤਾਂ ਲਈ ਬਣਾਈਆਂ ਮਰਿਯਾਦਾਵਾਂ ਦਾ ਵਿਰੋਧ ਕੀਤਾ ਹੁੰਦਾ ਹੈ, ਉਹ ਹਮੇਸ਼ਾਂ ਪੁਰਾਣੀਆਂ ਗਲ਼ੀਆਂ ਸੜੀਆਂ ਕਰਮਕਾਂਡੀ ਰੀਤਾਂ, ਰਸਮਾਂ, ਪ੍ਰੰਪਰਾਵਾਂ ਦੇ ਵਿਰੋਧੀ ਹੁੰਦੇ ਹਨ, ਜੋ ਕਿ ਮਨੁੱਖ ਦੀ ਸਰੀਰਕ, ਮਾਨਸਿਕ, ਆਰਥਿਕ, ਰਾਜਨੀਤਕ ਤਰੱਕੀ ਲਈ ਬੇੜੀਆਂ ਬਣ ਚੁੱਕੇ ਹੁੰਦੇ ਹਨ। ਦੂਸਰਾ ਪੈਗੰਬਰਾਂ ਜਾਂ ਮਹਾਨ ਪੁਰਸ਼ਾਂ ਦਾ ਸੁਨੇਹਾ ਸਾਰੀ ਮਨੁੱਖਤਾ ਲਈ ਸਰਬ ਸਾਂਝਾ ਹੁੰਦਾ ਹੈ, ਜਦਕਿ ਮਰਿਯਾਦਾ ਤੇ ਚਿੰਨ੍ਹ ਸਮੇਂ, ਸਥਾਨ, ਇਲਾਕੇ, ਮੌਸਮ, ਸਭਿਆਚਾਰ ਆਦਿ ਦੇ ਅਨੁਸਾਰ ਹੁੰਦੇ ਹਨ, ਉਹ ਸਾਰੀ ਦੁਨੀਆਂ ਵਿੱਚ ਵਸਦੇ ਲੋਕਾਂ ਤੇ ਲਾਗੂ ਨਹੀਂ ਹੋ ਸਕਦੇ ਹੁੰਦੇ, ਭਾਵੇਂ ਕਿ ਜਦੋਂ ਧਰਮ ਆਪਣੀਆਂ ਹੱਦਾਂ ਤੋਂ ਬਾਹਰ ਫੈਲਦਾ ਹੈ ਤਾਂ ਪੁਜਾਰੀ ਉਨ੍ਹਾਂ ਮਰਿਯਾਦਾਵਾਂ ਜਾਂ ਧਾਰਮਿਕ ਚਿੰਨ੍ਹਾਂ ਆਦਿ ਨੂੰ ਸਾਰੀ ਮਨੁੱਖਤਾ ਤੇ ਥੋਪਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਕਰਕੇ ਹਰ ਧਾਰਮਿਕ ਫਿਰਕੇ ਵਿੱਚ ਸਮੇਂ ਸਮੇਂ, ਨਵੇਂ ਨਵੇਂ ਫਿਰਕੇ ਪੈਦਾ ਹੁੰਦੇ ਰਹਿੰਦੇ ਹਨ। ਆਮ ਤੌਰ ਤੇ ਇਹ ਮਰਿਯਾਦਾਵਾਂ ਇਸ ਢੰਗ ਨਾਲ ਬਣਾਈਆਂ ਜਾਂਦੀਆਂ ਹਨ ਕਿ ਆਮ ਸ਼ਰਧਾਲੂ ਵਿਅਕਤੀ ਇਨ੍ਹਾਂ ਦੇ ਬੰਧਨਾਂ ਵਿੱਚ ਫਸਿਆ ਸਾਰੀ ਉਮਰ ਅੰਧਵਿਸ਼ਵਾਸ਼ੀ ਬਣ ਕੇ ਇਨ੍ਹਾਂ ਦੇ ਨਕਲੀ ਧਰਮ ਵਾਂਗ ਨਕਲੀ ਮਰਿਯਾਦਾ ਤੇ ਚਿੰਨ੍ਹਾਂ ਦਾ ਭਾਰ ਢੋਂਹਦਾ ਰਹੇ ਤੇ ਕਿਸੇ ਗੱਲ ਤੇ ਕੋਈ ਸ਼ੰਕਾ ਨਾ ਕਰੇ। ਇਸ ਕਰਕੇ ਧਰਮਾਂ ਦੇ ਪੁਜਾਰੀ ਆਪਣੀ ਮਰਿਯਾਦਾ ਵਿੱਚ ਅਜਿਹਾ ਕਰਮਕਾਂਡੀ ਜਾਲ ਬੁਣਦੇ ਹਨ ਕਿ ਆਮ ਵਿਅਕਤੀ ਇਨ੍ਹਾਂ ਦੇ ਪੂਜਾ ਜਾਂ ਰੋਜ਼ਾਨਾ ਕੀਤੇ ਜਾਣ ਵਾਲੇ ਪਾਠਾਂ ਵਿੱਚ ਹੀ ਫਸਿਆ ਰਹੇ ਤੇ ਧਰਮ ਗ੍ਰੰਥਾਂ ਵਿੱਚ ਹੋਰ ਕੀ ਲਿਖਿਆ ਹੈ, ਉਸ ਬਾਰੇ ਨਾ ਜਾਣ ਸਕੇ। ਇਨ੍ਹਾਂ ਦੀਆਂ ਬਣਾਈਆਂ ਮਰਿਯਾਦਾਵਾਂ ਨੂੰ ਤੁਸੀਂ ਬਿਬੇਕ ਬੁੱਧ ਨਾਲ ਵਿਚਾਰ ਕੇ ਦੇਖੋ ਤਾਂ ਸਮਝ ਆਵੇਗੀ ਕਿ ਕਿਵੇਂ ਇਨ੍ਹਾਂ ਨੇ ਨਾ ਸਿਰਫ ਆਪਣੇ ਲਈ ਧਰਮ ਨੂੰ ਪੀੜ੍ਹੀ-ਦਰ-ਪੀੜ੍ਹੀ ਧੰਦਾ ਬਣਾਇਆ ਹੁੰਦਾ ਹੈ, ਸਗੋਂ ਇਨ੍ਹਾਂ ਦੀਆਂ ਮਰਿਯਾਦਾਵਾਂ ਸਮੇਂ ਦੇ ਹਾਕਮਾਂ ਤੇ ਮਲਕ ਭਾਗੋਆਂ ਦੇ ਹਿੱਤ ਪੂਰਦੀਆਂ ਹੁੰਦੀਆਂ ਹਨ। ਇਨ੍ਹਾਂ ਵਲੋਂ ਮਰਿਯਾਦਾ ਰਾਹੀਂ ਸ਼ਰਧਾਲੂਆਂ ਨੂੰ ਅਜਿਹੇ ਪਾਠ ਪੜ੍ਹਾਏ ਜਾਂਦੇ ਹਨ ਕਿ ਮਨੁੱਖ ਆਪਣੇ ਸਮੇਂ ਦੇ ਹਾਕਮਾਂ ਦੇ ਮਨੁੱਖਤਾ ਵਿਰੋਧੀ ਸਮਾਜਿਕ, ਅਰਥਿਕ ਤੇ ਰਾਜਨੀਤਕ ਵਰਤਾਰਿਆਂ ਵਿਰੁੱਧ ਖੜਨਾ ਤਾਂ ਦੂਰ, ਉਨ੍ਹਾਂ ਬਾਰੇ ਸੋਚ ਹੀ ਨਾ ਸਕੇ। ਸਗੋਂ ਉਹ ਇਸ ਦੁਨੀਆਂ ਨੂੰ ਭੁੱਲ ਭੁਲਾ ਕੇ ਅਗਲੀ ਕਿਸੇ ਕਲਪਿਤ ਦੁਨੀਆਂ ਦੇ ਸਵਰਗਾਂ ਨੂੰ ਭੋਗਣ ਲਈ ਨੇਮ ਨਾਲ ਮਰਿਯਾਦਾ ਨਿਭਾਉਂਦਾ ਰਹੇ। ਆਪੇ ਘੜੇ ਦੇਵੀ-ਦੇਵਤਿਆਂ ਦੇ ਨਾਮ ਤੇ ਬਣਾਏ ਮੰਤਰਾਂ ਜਾਂ ਰੱਬ ਦੇ ਨਾਮ ਦਾ ਸਿਮਰਨ ਕਰਦਾ ਰਹੇ, ਤਾਂ ਕਿ ਉਸਦਾ ਅੱਗਾ ਸੰਵਰ ਜਾਵੇ, ਭਾਵੇਂ ਉਸਦਾ ਅੱਜ ਨਰਕ ਬਣਿਆ ਰਹੇ।

ਜਿਸ ਤਰ੍ਹਾਂ ਕਿ ਅਸੀਂ ਨਕਲੀ ਧਰਮਾਂ ਦੀ ਚਰਚਾ ਵਿੱਚ ਅਕਸਰ ਜ਼ਿਕਰ ਕਰਦੇ ਹਾਂ ਕਿ ਅਗਰ ਇਹ ਮਨੁੱਖਤਾ ਵਿਰੋਧੀ ਵਰਤਾਰਾ ਹੈ ਤਾਂ ਫਿਰ ਲੋਕ ਇਨ੍ਹਾਂ ਦੇ ਮਾਇਆ ਜਾਲ ਵਿੱਚ ਫਸਦੇ ਕਿਉਂ ਹਨ? ਸਾਰੇ ਧਰਮਾਂ ਦੇ ਇਤਿਹਾਸ ਨੂੰ ਪੜ੍ਹ ਕੇ ਦੇਖ ਲਵੋ, ਹਰ ਧਰਮ ਦੇ ਪੈਗੰਬਰ ਨੇ ਆਪਣੇ ਸਮੇਂ ਦੇ ਧਰਮ ਪੁਜਾਰੀਆਂ, ਮਲਕ ਭਾਗੋਆਂ ਤੇ ਹਾਕਮਾਂ ਖਿਲਾਫ ਬਗਾਵਤ ਦਾ ਝੰਡਾ ਚੁੱਕਿਆ, ਜਿਸ ਧਰਮ ਜਾਂ ਫਿਰਕੇ ਵਿੱਚ ਉਹ ਪੈਦਾ ਹੋਏ ਸਨ, ਨਾ ਸਿਰਫ ਉਨ੍ਹਾਂ ਦੀਆਂ ਫੋਕਟ ਤੇ ਸਮਾਂ ਵਿਹਾ ਚੁੱਕੀਆਂ ਮਾਨਤਾਵਾਂ, ਰੀਤਾਂ ਰਸਮਾਂ ਨੂੰ ਨਕਾਰਿਆ, ਸਗੋਂ ਸਮੇਂ ਦੇ ਹਾਕਮਾਂ ਦੀਆਂ ਧੱਕੇਸ਼ਾਹੀਆਂ ਖਿਲਾਫ ਆਵਾਜ਼ ਬੁਲੰਦ ਕੀਤੀ। ਪਰ ਸਮਾਂ ਪਾ ਕੇ ਉਨ੍ਹਾਂ ਹੀ ਇਨਕਲਾਬੀ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਵਰਤ ਕੇ ਉਨ੍ਹਾਂ ਦੇ ਨਾਮ ਤੇ ਨਵਾਂ ਫਿਰਕਾ ਖੜਾ ਕਰ ਲਿਆ ਜਾਂਦਾ ਰਿਹਾ। ਪੁਜਾਰੀਆਂ ਦੀ ਬੜੀ ਕਮਾਲ ਦੀ ਕਾਰਾਗਿਰੀ ਹੈ ਕਿ ਪੈਗੰਬਰਾਂ ਦੀ ਉਨ੍ਹਾਂ ਦੇ ਐਨ ਉਲਟ ਵਿਚਾਰਧਾਰਾ ਨੂੰ ਕਿਵੇਂ ਉਹ ਆਪਣੇ ਹਿੱਤਾਂ ਲਈ ਵਰਤਣ ਵਿੱਚ ਕਾਮਯਾਬ ਹੋ ਜਾਂਦੇ ਰਹੇ ਹਨ। ਨਾ ਸਿਰਫ ਉਨ੍ਹਾਂ ਨੇ ਹਮੇਸ਼ਾਂ ਉਸ ਸੱਚ ਦੀ (ਅਸਲੀ ਧਰਮ ਦੀ) ਵਿਚਾਰਧਾਰਾ ਨੂੰ ਆਪਣੇ ਹਿੱਤਾਂ ਲਈ ਵਰਤਿਆ, ਸਗੋਂ ਉਸ ਵਿਚਾਰਧਾਰਾ ਦੇ ਅਨੁਆਈਆਂ ਨੂੰ ਵੀ ਆਪਣੇ ਹਿੱਤਾਂ ਲਈ ਵਰਤਣ ਵਿੱਚ ਕਾਮਯਾਬ ਰਹੇ। ਉਨ੍ਹਾਂ ਹਮੇਸ਼ਾਂ ਆਪਣੀ ਤਾਕਤ ਵਧਾਉਣ ਲਈ ਧਰਮ ਦੇ ਪ੍ਰਸਾਰ ਦਾ ਨਾਹਰਾ ਦੇ ਕੇ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਜਦੋਂ ਵੀ ਉਨ੍ਹਾਂ ਨੂੰ ਆਪਣੀ ਤਾਕਤ ਖਤਰੇ ਵਿੱਚ ਦਿਸੀ, ਧਰਮ ਨੂੰ ਖਤਰੇ ਦੇ ਨਾਮ ਤੇ ਲੱਖਾਂ ਹੀ ਧਰਮੀਆਂ ਨੂੰ ਆਪਣੇ ਧਰਮ ਯੁੱਧ ਦੀ ਅੱਗ ਦਾ ਬਾਲਣ ਬਣਾਇਆ। ਪੁਜਾਰੀਆਂ ਦਾ ਪਿਛਲੇ 5 ਹਜ਼ਾਰ ਸਾਲ ਤੋਂ ਧਰਮ ਦੇ ਨਾਮ ਤੇ ਸ਼ੈਤਾਨੀਅਤ ਦਾ ਇਹ ਧੰਦਾ ਚੱਲ ਰਿਹਾ ਹੈ, ਅੱਜ ਵੀ ਦੁਨੀਆਂ ਦੀ 90% ਤੋਂ ਵੱਧ ਆਬਾਦੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਸਦੇ ਮਾਇਆ ਜਾਲ ਵਿੱਚ ਫਸੀ ਹੋਈ ਹੈ। ਜਿਸ ਤਰ੍ਹਾਂ ਪਹਿਲਾਂ ਵੀ ਕਈ ਵਾਰ ਇਹ ਜ਼ਿਕਰ ਆ ਚੁੱਕਾ ਹੈ ਕਿ ਕੁਦਰਤੀ ਤੌਰ ਤੇ ਮਨੁੱਖ ਦੀਆਂ ਕੁੱਝ ਬੁਨਿਆਦੀ ਕਮਜ਼ੋਰੀਆਂ ਹਨ, ਜਿਨ੍ਹਾਂ ਨੂੰ ਧਰਮ ਗੁਰੂਆਂ ਨੇ ਕਾਮ (ਸੈਕਸ ਜਾਂ ਕਾਮਨਾ), ਕ੍ਰੋਧ, ਲੋਭ, ਮੋਹ, ਹੰਕਾਰ, ਡਰ, ਈਰਖਾ, ਨਫਰਤ ਆਦਿ ਨਾਮ ਦਿੱਤਾ ਹੈ। ਇਨ੍ਹਾਂ ਵਿਚੋਂ ਲਾਲਚ ਤੇ ਡਰ ਮਨੁੱਖ ਦੀਆਂ ਪ੍ਰਮੁੱਖ ਕਮਜ਼ੋਰੀਆਂ ਹਨ, ਜਿਨ੍ਹਾਂ ਦੇ ਅਧਾਰ ਤੇ ਪੁਜਾਰੀ ਨਕਲੀ ਧਰਮਾਂ ਦਾ ਧੰਦਾ ਸਦੀਆਂ ਤੋਂ ਚਲਾ ਰਹੇ ਹਨ। ਮਨੁੱਖ ਨੂੰ ਜਿਥੇ ਵੱਧ ਇਕੱਠਾ ਕਰਨ ਦਾ ਲਾਲਚ ਹੈ, ਉਥੇ ਇਸਦੇ ਖੁਸ ਜਾਣ ਦਾ ਡਰ ਹੈ। ਇਸੇ ਤਰ੍ਹਾਂ ਜਿਥੇ ਭਵਿੱਖ ਦੀ ਅਨਿਸਚਿਤਾ ਦਾ ਡਰ ਹੈ, ਉਥੇ ਅੱਜ (ਭਵਿੱਖ ਲਈ) ਵੱਧ ਪ੍ਰਾਪਤ ਕਰਨ ਦਾ ਲੋਭ ਹੈ। ਪੁਜਾਰੀ ਮਨੁੱਖ ਦੀ ਇਸ ਮਾਨਸਿਕਤਾ ਦਾ ਲਾਭ ਉਠਾਉਂਦਾ ਹੈ, ਉਹ ਮਨੁੱਖ ਨੂੰ ਪੂਜਾ ਦੇ ਅਜਿਹੇ ਚੱਕਰਾਂ ਵਿੱਚ ਪਾਉਂਦਾ ਹੈ ਕਿ ਉਸਦੇ ਮੰਤਰਾਂ-ਜੰਤਰਾਂ-ਤੰਤਰਾਂ, ਧਾਰਮਿਕ ਮਰਿਯਾਦਾਵਾਂ ਨੂੰ ਪੂਰੀ ਸ਼ਰਧਾ ਨਾਲ ਨਿਭਾਉਣ ਨਾਲ ਨਾ ਸਿਰਫ ਇਥੇ ਸਭ ਕੁੱਝ ਮਿਲ ਜਾਵੇਗਾ, ਸਗੋਂ ਅਗਲੇ ਜਨਮਾਂ ਜਾਂ ਸਵਰਗਾਂ ਵਿੱਚ ਵੀ ਸਭ ਸੁੱਖ ਸਹੂਲਤਾਂ ਰਾਖਵੀਆਂ ਹੋਣਗੀਆਂ। ਦੂਜੇ ਪਾਸੇ ਸ਼ਰਧਾਲੂ ਨੂੰ ਅਜਿਹੇ ਡਰਾਵੇ ਵੀ ਦਿੱਤੇ ਜਾਂਦੇ ਹਨ ਕਿ ਪੁਜਾਰੀ ਦੀ ਦੱਸੀ ਮਰਿਯਾਦਾ ਨੂੰ ਸ਼ਰਧਾ ਭਾਵਨਾ ਨਾਲ ਨਾ ਮੰਨਣ ਵਾਲਾ, ਨਾ ਸਿਰਫ ਇਥੇ ਹੀ ਦੁੱਖ ਪਾਉਂਦਾ ਹੈ, ਸਗੋਂ ਉਸਨੂੰ ਅਗਲੇ ਜਨਮਾਂ ਵਿੱਚ ਨਰਕਾਂ ਦੀ ਭੱਠੀ ਵਿੱਚ ਸੜਨਾ ਪੈਂਦਾ ਹੈ। ਇਸ ਤਰ੍ਹਾਂ ਪੁਜਾਰੀ ਸਦੀਆਂ ਤੋਂ ਡਰ ਤੇ ਲਾਲਚ ਦੀ ਖੇਡ ਆਪਣੇ ਸ਼ਰਧਾਲੂਆਂ ਨਾਲ ਖੇਡ ਕੇ ਧਰਮ ਦਾ ਧੰਦਾ ਚਲਾ ਰਿਹਾ ਹੈ। ਪੁਜਾਰੀਆਂ ਨੇ ਸਦੀਆਂ ਤੋਂ ਮਨੁੱਖ ਨੂੰ ਝੂਠੇ ਲਾਰਿਆਂ ਤੋਂ ਸਿਵਾਏ ਕੁੱਝ ਨਹੀਂ ਦਿੱਤਾ। ਸਗੋਂ ਮਨੁੱਖ ਦਾ ਧਰਮ ਦੇ ਨਾਮ ਤੇ ਸਰੀਰਕ, ਮਾਨਸਿਕ, ਆਰਥਿਕ ਸੋਸ਼ਣ ਹੀ ਕੀਤਾ ਹੈ। ਕਈ ਧਰਮਾਂ ਵਿੱਚ ਸ਼ੈਤਾਨ ਦਾ ਸੰਕਲਪ ਹੈ ਕਿ ਸ਼ੈਤਾਨ ਹੀ ਮਨੁੱਖ ਤੋਂ ਬੁਰੇ ਕੰਮ ਕਰਾਉਂਦਾ ਹੈ, ਜੇ ਅਸੀਂ ਪਿਛਲੇ 5 ਹਜ਼ਾਰ ਸਾਲ ਦਾ ਧਰਮਾਂ ਦਾ ਇਤਿਹਾਸ ਵਾਚਦੇ ਹਾਂ ਤਾਂ ਪਤਾ ਚਲਦਾ ਹੈ ਕਿ ਪੁਜਾਰੀ ਤੋਂ ਸਿਵਾਏ ਧਰਤੀ ਤੇ ਹੋਰ ਕੋਈ ਸ਼ੈਤਾਨ ਨਹੀਂ ਹੈ। ਇਸ ਕੋਲ

ਸ਼ੈਤਾਨੀਅਤ ਦੀ ਅਜਿਹੀ ਕਲਾ ਹੈ ਕਿ ਧਰਮ ਗੁਰੂਆਂ ਦੀ ਇਸਦੇ ਐਨ ਉਲਟ ਵਿਚਾਰਧਾਰਾ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਦੀ ਸਮਰੱਥਾ ਰੱਖਦਾ ਹੈ। ਜਿਸਦੀ ਤਾਜ਼ਾ ਮਿਸਾਲ ਗੁਰੂ ਨਾਨਕ ਸਾਹਿਬ ਹਨ। ਉਨ੍ਹਾਂ ਦੀ ਬਾਣੀ ਪੜ੍ਹ ਵਿਚਾਰ ਕੇ ਦੇਖੋ, ਤਾਂ ਸਪੱਸ਼ਟ ਪਤਾ ਲੱਗੇਗਾ ਕਿ ਉਹ ਹਰ ਧਰਮ ਦੇ ਪੁਜਾਰੀ ਦੇ ਸਖਤ ਵਿਰੋਧੀ ਸਨ, ਪਰ ਉਸਦੇ ਨਾਮ ਤੇ ਖੜੇ ਕੀਤੇ ਸਿੱਖ ਧਰਮ ਦੀ ਅੱਜ ਦੀ ਹਾਲਤ ਦੇਖੋ, ਪੁਜਾਰੀਆਂ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਗੁਰੂ ਨਾਨਕ ਜਿਸ ਵਿਚਰਧਾਰਾ ਨਾਲ ਇਨਕਲਾਬ ਲਿਆਉਣਾ ਚਾਹੁੰਦੇ ਸਨ, ਅੱਜ ਉਸਨੂੰ ਹੀ ਮੰਤਰ ਪਾਠਾਂ ਦੇ ਰੂਪ ਵਿੱਚ ਵਰਤ ਕੇ ਸਿੱਖਾਂ ਨੂੰ ਕਰਮਕਾਂਡੀ ਬਣਾ ਦਿੱਤਾ ਗਿਆ ਹੈ। ਗੁਰੂ ਨਾਨਕ ਸਾਹਿਬ ਸਮੇਤ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਾਰੀ ਬਾਣੀ ਹਰ ਤਰ੍ਹਾਂ ਦੇ ਪੂਜਾ ਪਾਠਾਂ, ਮੰਤਰਾਂ ਜੰਤਰਾਂ, ਕਰਮਕਾਂਡਾਂ, ਧਰਮ ਚਿੰਨ੍ਹਾਂ, ਪਾਖੰਡਾਂ ਆਦਿ ਦੇ ਵਿਰੋਧ ਵਿੱਚ ਖੜੀ ਹੈ, ਜਦਕਿ ਅੱਜ ਸਿੱਖ ਸਮਾਜ ਵਿੱਚ ਉਸ ਵਿਅਕਤੀ ਲਈ ਕੋਈ ਥਾਂ ਨਹੀਂ, ਜੋ ਨੇਮ ਨਾਲ ਪੂਜਾ ਪਾਠ ਨਹੀਂ ਕਰਦਾ, ਪੁਜਾਰੀਆਂ ਦੀ ਮਰਿਯਾਦਾ ਜਾਂ ਕਰਮਕਾਂਡਾਂ ਨੂੰ ਨਹੀਂ ਨਿਭਾਉਂਦਾ, ਧਾਰਮਿਕ ਚਿੰਨ੍ਹਾਂ ਨੂੰ ਧਾਰਨ ਨਹੀਂ ਕਰਦਾ। ਧਰਮਾਂ ਦੀ ਦੁਨੀਆਂ ਵਿੱਚ ਹਿੰਦੁਸਤਾਨ ਦੇ ਧਰਮਾਂ ਦਾ ਪੁਜਾਰੀ ਸਭ ਤੋਂ ਖਤਰਨਾਕ ਤੇ ਕਮੀਨਾ ਹੈ। ਇਸ ਕੋਲ ਦਇਆ ਨਾਮ ਦੀ ਕੋਈ ਚੀਜ਼ ਨਹੀਂ। ਆਪਣੇ ਹੀ ਸ਼ਰਧਾਲੂ ਜਿਹੜੇ ਇਸਨੂੰ ਰੱਬ ਵਾਂਗ ਪੂਜਦੇ ਹਨ, ਇਸਦੇ ਪੈਰੀਂ ਪੈਂਦੇ ਹਨ, ਉਨ੍ਹਾਂ ਤੇ ਹੀ ਸਰੀਰਕ, ਮਾਨਸਿਕ, ਅਰਥਿਕ ਸੋਸ਼ਣ ਰੂਪੀ ਛੁਰੀ ਚਲਾਉਣ ਲੱਗਾ, ਇਹ ਕਦੇ ਕਿਸੇ ਦਾ ਲਿਹਾਜ ਨਹੀਂ ਕਰਦਾ। ਇਸ ਵਲੋਂ ਧਰਮ ਦੇ ਨਾਮ ਤੇ ਫੈਲਾਈ ਕੁਰਪਸ਼ਨ ਕਰਕੇ ਹੀ ਅੱਜ ਹਿੰਦੁਸਤਾਨ ਦਾ ਹਰ ਸਿਸਟਮ ਕੁਰੱਪਟ ਹੋ ਕੇ ਰਹਿ ਗਿਆ ਹੈ। ਵੱਡੇ ਵੱਡੇ ਹਾਕਮ ਵੀ ਇਸਦਾ ਪਾਣੀ ਭਰਦੇ ਰਹੇ ਹਨ। ਇਸਨੇ ਵੱਡੇ ਵੱਡੇ ਗੁਰੂਆਂ, ਪੈਗੰਬਰਾਂ ਦੀ ਵਿਚਾਰਧਾਰਾ ਨੂੰ ਨਿਗਲ ਕੇ ਹਮੇਸ਼ਾਂ ਆਪਣੀ ਹਕੂਮਤ ਕਾਇਮ ਰੱਖੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਜਿਹੇ ਸ਼ਕਤੀਸ਼ਾਲੀ ਸ਼ੈਤਾਨ ਦੀ ਚੁੰਗਲ ਵਿੱਚ ਫਸੇ ਮਨੁੱਖ ਨੂੰ ਬਚਾਇਆ ਕਿਵੇਂ ਜਾਵੇ? ਮਨੁੱਖ ਕਿਵੇਂ ਪੁਜਾਰੀ ਦੇ ਮਾਇਆ ਜਾਲ ਵਿਚੋਂ ਨਿਕਲੇ? ਇਹ ਕੰਮ ਇਤਨਾ ਸੌਖਾ ਨਹੀਂ ਹੈ। ਸਭ ਤੋਂ ਪਹਿਲਾਂ ਮਨੁੱਖ ਨੂੰ ਧਰਮ ਬਾਰੇ ਸੱਚਾ ਗਿਆਨ ਲੈਣ ਦੀ ਲੋੜ ਹੈ। ਸਾਨੂੰ ਇਹ ਮੰਨ ਕੇ ਚੱਲਣਾ ਪਵੇਗਾ ਕਿ ਧਰਮ ਸ਼ਰਧਾ ਦਾ ਨਹੀਂ ਵਿਚਾਰ ਤੇ ਵਿਸ਼ਵਾਸ਼ ਦਾ ਹੈ। ਇਹ ਮੰਨਣ ਦਾ ਨਹੀਂ ਜਾਨਣ ਦਾ ਵਿਸ਼ਾ ਹੈ ਕਿਉਂਕਿ ਮੰਨਣ ਨਾਲ ਅੰਧ ਵਿਸ਼ਵਾਸ਼ ਪੈਦਾ ਹੁੰਦਾ ਹੈ ਤੇ ਜਾਨਣ ਨਾਲ ਵਿਸ਼ਵਾਸ਼ ਪੈਦਾ ਹੁੰਦਾ ਹੈ। ਪੁਜਾਰੀ ਮਨੁੱਖ ਨੂੰ ਵਾਰ-ਵਾਰ ਇਸੇ ਲਈ ਕਹਿੰਦੇ ਹਨ ਕਿ ਧਰਮ ਮੰਨਣ ਦਾ ਜਾਂ ਸ਼ਰਧਾ ਦਾ ਵਿਸ਼ਾ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਸ਼ਰਧਾ ਨਾਲ ਮੰਨਣ ਨਾਲ ਮਨੁੱਖ ਬੇਹੋਸ਼ ਹੁੰਦਾ ਹੈ ਤੇ ਜਾਨਣ ਨਾਲ ਮਨੁੱਖ ਜਾਗਰਤ ਹੁੰਦਾ ਹੈ। ਪੁਜਾਰੀਆਂ ਨੂੰ ਹਮੇਸ਼ਾਂ ਬੇਹੋਸ਼ ਸ਼ਰਧਾਲੂਆਂ ਦੀ ਲੋੜ ਹੁੰਦੀ ਹੈ, ਜੋ ਕਿ ਆਪਣਾ ਸੋਸ਼ਣ ਵੀ ਸ਼ਰਧਾ ਨਾਲ ਸ਼ਾਂਤ ਚਿੱਤ ਹੋ ਕੇ ਕਰਾ ਸਕਣ। ਜਾਗੇ ਹੋਏ ਇਨਸਾਨ ਦਾ ਸੋਸ਼ਣ ਕਰਨਾ ਆਸਾਨ ਕੰਮ ਨਹੀਂ, ਇਸੇ ਕਰਕੇ ਧਰਮ ਗੁਰੂ ਹਮੇਸ਼ਾਂ ਮਨੁੱਖ ਨੂੰ ਜਗਾਉਂਦੇ ਰਹੇ, ਪਰ ਪੁਜਾਰੀ ਹਮੇਸ਼ਾਂ ਸੁਆਉਂਦੇ ਰਹੇ ਹਨ। ਸਾਨੂੰ ਇਹ ਵਿਸ਼ਵਾਸ਼ ਵੀ ਪੱਕਾ ਕਰਨ ਦੀ ਲੋੜ ਹੈ ਕਿ ਧਰਮ ਧਰਤੀ ਤੇ ਵਸਦੇ ਮਨੁੱਖਾਂ ਨੇ ਇਥੇ ਵਸਦੇ ਮਨੁੱਖਾਂ ਲਈ ਹੀ ਬਣਾਇਆ ਸੀ, ਧਰਮ ਮਨੁੱਖ ਲਈ ਹੈ, ਮਨੁੱਖ ਧਰਮ ਲਈ ਨਹੀਂ। ਧਰਮ ਮਨੁੱਖ ਦੇ ਅੰਦਰ ਦੀ ਖੇਡ ਦਾ ਨਾਮ ਹੈ, ਧਰਮ ਮਨੁੱਖ ਦੇ ਅੰਦਰੋਂ ਜਾਗਣ ਦਾ ਨਾਮ ਹੈ। ਜੇ ਵਿਕਾਰ ਮਨੁੱਖ ਦੇ ਅੰਦਰ ਹਨ ਤੇ ਉਸ ਲਈ ਜੂਝਣਾ ਵੀ ਅੰਦਰੋਂ ਹੀ ਹੈ। ਇਸੇ ਤਰ੍ਹਾਂ ਸ਼ੁਭ ਗੁਣ, ਰੱਬੀ ਗੁਣ ਵੀ ਮਨੁੱਖ ਦੇ ਅੰਦਰ ਹੀ ਹਨ, ਇਨ੍ਹਾਂ ਨੂੰ ਜਗਾਉਣਾ ਵੀ ਅੰਦਰੋਂ ਹੀ ਪਵੇਗਾ। ਆਪਣੇ ਗੁਣਾਂ ਤੇ ਔਗੁਣਾਂ ਪ੍ਰਤੀ ਸੁਚੇਤ (ਜਾਗਿਆ) ਮਨੁੱਖ ਹੀ ਸੱਚਾ ਧਰਮੀ ਹੋ ਸਕਦਾ ਹੈ। ਉਸਨੂੰ ਹੀ ਆਪਣੇ ਅੰਦਰ ਤੇ ਬਾਹਰ ਉਸ ਰੱਬੀ ਜੋਤ ਦੇ ਦਰਸ਼ਨ ਹੋ ਸਕਦੇ ਹਨ, ਜਿਸ ਲਈ ਪੁਜਾਰੀ ਸਾਰੀ ਉਮਰ ਮਨੁੱਖ ਤੋਂ ਇੱਟਾਂ-ਪੱਥਰਾਂ ਦੇ ਧਰਮ ਅਸਥਾਨਾਂ ਤੇ ਨੱਕ ਰਗੜਾਉਂਦਾ ਹੈ, ਝੂਠੇ ਪੂਜਾ ਪਾਠਾਂ ਦੇ ਚੱਕਰ ਵਿੱਚ ਪਾਈ ਰੱਖਦਾ ਹੈ। ਧਰਮ ਗੁਰੂਆਂ ਨੇ ਮਨੁੱਖ ਨੂੰ ਸੁਨੇਹਾ ਦਿੱਤਾ ਸੀ ਕਿ ਰੱਬ ਨੂੰ ਬਾਹਰ ਕਿਤੇ ਭਾਲਣ ਦੀ ਲੋੜ ਨਹੀਂ, ਇਹ ਤੁਹਾਡੇ ਅੰਦਰ ਹੀ ਹੈ, ਇਸਨੂੰ ਅੰਦਰੋਂ ਹੀ ਲੱਭਣਾ ਪਵੇਗਾ। ਇਸ ਲਈ ਸਾਨੂੰ ਪੁਜਾਰੀਆਂ ਦੀਆਂ ਬਣਾਈਆਂ ਮਰਿਯਾਦਾਵਾਂ ਦੇ ਸੰਗਲ ਤੋੜਨੇ ਪੈਣਗੇ। ਉਸ ਦੀਆਂ ਨਕਲੀ ਰੀਤਾਂ-ਰਸਮਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਫੋਕਟ ਧਾਰਮਿਕ ਚਿਨ੍ਹਾਂ ਤੇ ਪ੍ਰਸ਼ਨ ਚਿੰਨ ਲਾਉਣਾ ਪਵੇਗਾ, ਉਸਤੇ ਕਿੰਤੂ ਪ੍ਰੰਤੂ ਕਰਨਾ ਪਵੇਗਾ, ਉਸਨੂੰ ਸਵਾਲ ਕਰਨੇ ਪੈਣਗੇ? ਜਦੋਂ ਤੱਕ ਅਸੀਂ ਸਵਾਲ ਨਹੀਂ ਕਰਾਂਗੇ, ਅੱਖਾਂ ਮੀਟ ਕੇ, ਸਿਰ ਸੁੱਟ ਕੇ ਸ਼ਰਧਾ ਨਾਲ ਸੱਤ ਬਚਨ ਕਹਿ ਕੇ ਤੁਰੇ ਰਹਾਂਗੇ, ਕੁੱਝ ਨਹੀਂ ਵਾਪਰੇਗਾ? ਸਾਨੂੰ ਪੁਜਾਰੀਆਂ, ਰਾਜਨੀਤਕਾਂ ਤੇ ਸਰਮਾਏਦਾਰਾਂ ਦੇ ਇਸ ਨਾਪਾਕ ਗੱਠਜੋੜ ਨੂੰ ਪਛਾਨਣਾ ਪਵੇਗਾ, ਪਛਾੜਨਾ ਪਵੇਗਾ, ਤੋੜਨ ਲਈ ਸੰਗਠਤ ਹੋਣਾ ਪਵੇਗਾ ਤਾਂ ਹੀ ਅਸੀਂ ਮਨੁੱਖਤਾ ਦੇ ਗਲ਼ ਵਿੱਚ ਪਏ ਸੰਗਲ ਤੋੜ ਸਕਾਂਗੇ। ਸਾਨੂੰ ਆਪਣੇ ਆਪੇ ਦੀ ਪਛਾਣ ਕਰਨੀ ਪਵੇਗੀ, ਧਰਮ ਗ੍ਰੰਥਾਂ ਨੂੰ ਆਪ ਪੜ੍ਹਨਾ, ਵਿਚਾਰਨਾ ਪਵੇਗਾ, ਜੋ ਕੁੱਝ ਵੀ ਇਨ੍ਹਾਂ ਵਿੱਚ ਮਨੁੱਖਤਾ ਵਿਰੋਧੀ ਹੈ, ਉਸਨੂੰ ਨਕਾਰਨਾ ਪਵੇਗਾ। ਉਸਤੇ ਸਵਾਲ ਖੜੇ ਕਰਨੇ ਪੈਣਗੇ? ਜੋ ਮਨੁੱਖਤਾ ਦੇ ਹਿੱਤ ਵਿੱਚ ਸਰਬ ਸਾਂਝਾ ਹੈ, ਉਹ ਹੀ ਅਸਲੀ ਧਰਮ ਹੋਵੇਗਾ। ਉਸਨੂੰ ਅਪਨਾ ਕੇ ਹੀ ਅਸੀਂ ਅਸਲੀ ਧਰਮ ਵਿੱਚ ਅੱਗੇ ਵਧ ਸਕਾਂਗੇ। ਸਾਨੂੰ ਰੱਬ ਦੇ ਹੁਕਮ (ਕੁਦਰਤ ਦੇ ਨਿਯਮਾਂ) ਨੂੰ ਸਮਝਣ ਲਈ ਉਸ ਨਾਲ ਸਿੱਧਾ ਸਬੰਧ ਬਣਾਉਣਾ ਪਵੇਗਾ, ਪੁਜਾਰੀ ਰੂਪੀ ਵਿਚੋਲਿਆਂ ਨੂੰ ਬਾਹਰ ਦਾ ਰਸਤਾ ਦਿਖਾਉਣਾ ਪਵੇਗਾ। ਪਰ ਇਹ ਸਭ ਕੁੱਝ ਤੁਹਾਡੇ ਆਪਣੇ ਤੋਂ ਸ਼ੁਰੂ ਹੋਣਾ ਹੈ, ਸਭ ਤੋਂ ਪਹਿਲਾਂ ਤੁਹਾਨੂੰ ਆਪਣੇ ਅੰਦਰ ਛੁਪੀਆਂ ਸੰਭਾਵਨਾਵਾਂ ਖੋਜਣੀਆਂ ਪੈਣਗੀਆਂ। ਤੁਹਾਡੇ ਅੰਦਰ ਵੀ ਉਹੀ ਚੇਤੰਨਤਾ ਵਸਦੀ ਹੈ, ਜੋ ਸਾਰੀ ਸ੍ਰਿਸ਼ਟੀ ਵਿੱਚ ਇੱਕ ਰਸ ਵਿਆਪਕ ਹੈ, ਇਸਨੂੰ ਜਾਣ ਲੈਣਾ, ਇਸ ਨਾਲ ਇਕਮਿਕਤਾ ਹਾਸਿਲ ਕਰ ਲੈਣੀ ਹੀ ਧਰਮ ਹੈ। ਜਿਵੇਂ ਇੱਕ ਸਾਇੰਸਦਾਨ ਮੈਟਰ ਦੀ ਖੋਜ ਕਰਨ ਲਈ ਪਿਛਲੇ ਸਾਰੇ ਸਾਇੰਸਦਾਨਾਂ ਦੀਆਂ ਖੋਜਾਂ ਨੂੰ ਪੜ੍ਹ ਕੇ, ਵਿਚਾਰ ਕੇ, ਉਸਤੋਂ ਸਹਾਇਤਾ ਲੈ ਕੇ ਨਵੀਂ ਖੋਜ ਕਰਦਾ ਹੈ, ਇਸੇ ਤਰ੍ਹਾਂ ਸਾਨੂੰ ਵੀ ਪਿਛਲੇ ਸਾਰੇ ਧਰਮ ਗੁਰੂਆਂ ਦੀਆਂ ਮਨ, ਆਤਮਾ, ਦਿਮਾਗ, ਚੇਤੰਨਤਾ ਬਾਰੇ ਖੋਜਾਂ ਨੂੰ ਪੜ੍ਹਨਾ, ਵਿਚਾਰਨਾ ਪਵੇਗਾ ਤਾਂ ਹੀ ਅਸੀਂ ਆਪਣੇ ਮਨ ਦੀ ਖੋਜ ਕਰ ਸਕਾਂਗੇ, ਪਰ ਜੇ ਅਸੀਂ ਪੁਜਾਰੀਆਂ ਮਗਰ ਲੱਗ ਕੇ ਫਿਰਕਿਆਂ ਦੀ ਸੋਚ ਵਿੱਚ ਬੱਝੇ ਰਹੇ ਤਾਂ ਕੋਈ ਆਤਮਿਕ ਤਰੱਕੀ ਨਹੀਂ ਹੋਵੇਗੀ। ਅਸੀਂ ਸਾਰੀ ਉਮਰ ਪੁਜਾਰੀ ਦੇ ਪੂਜਾ-ਪਾਠਾਂ, ਰੀਤਾਂ-ਰਸਮਾਂ, ਮਰਿਯਾਦਾਵਾਂ ਨਿਭਾਉਂਦੇ ਰਹਾਂਗੇ, ਪਰ ਸਿਵਾਏ ਸੋਸ਼ਣ ਤੇ ਅੰਧ ਵਿਸ਼ਵਾਸ਼ ਦੇ ਕੁੱਝ ਹੋਰ ਪੱਲੇ ਨਹੀਂ ਪਵੇਗਾ। ਜੇ ਧਰਮ ਮਨ, ਆਤਮਾ, ਚੇਤੰਨਤਾ ਦਾ ਵਿਸ਼ਾ ਹੈ ਤਾਂ ਤੁਹਾਡਾ ਮਨ, ਆਤਮਾ, ਚੇਤੰਨਤਾ ਤੁਹਡੇ ਕੋਲ ਹੈ, ਤੁਹਾਨੂੰ ਇਸਦੀ ਖੋਜ ਲਈ ਨਾ ਤੇ ਬਾਹਰ ਪੁਜਾਰੀਆ ਦੇ ਬਣਾਏ ਇੱਟਾਂ-ਪੱਥਰਾਂ ਦੇ ਧਰਮ ਮੰਦਰਾਂ ਦੀ ਲੋੜ ਹੈ ਤੇ ਨਾ ਹੀ ਇਨ੍ਹਾਂ ਪੁਜਾਰੀਆਂ ਦੀ। ਧਰਮਾਂ ਦੇ ਪੁਜਾਰੀ ਹਮੇਸ਼ਾਂ ਅਸਲੀ ਧਰਮ ਤੇ ਮਨੁੱਖ ਦੇ ਰਸਤੇ ਵਿੱਚ ਦੀਵਾਰ ਬਣ ਕੇ ਖੜੇ ਰਹੇ ਹਨ, ਸਾਨੂੰ ਇਸ ਦੀਵਾਰ ਨੂੰ ਪਾਸੇ ਕਰਨਾ ਪਵੇਗਾ ਤਾਂ ਹੀ ਅਸੀਂ ਅਸਲੀ ਧਰਮ ਦੇ ਰਾਹ ਤੇ ਤੁਰ ਸਕਾਂਗੇ।

# ਰੰਗ ਉਤਸਵ ਤਰ੍ਹਾਂ ਤਰ੍ਹਾਂ ਦੇ ਰੰਗ ਵਿਖੇਰਦਾ ਸ਼ਾਨਦਾਰ ਢੰਗ ਨਾਲ ਸੰਪੰਨ ਹੋਇਆ











**ਬਲਜਿੰਦਰ ਸਿੰਘ ਪਟਿਆਲਾ**

ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਆਯੋਜਿਤ ਚਾਰ ਰੋਜ਼ਾ ਰੰਗ ਉਤਸਵ ਤਰ੍ਹਾਂ ਤਰ੍ਹਾਂ ਦੇ ਸਵਾਲਾਂ ਨੂੰ ਅਤੇ ਨਵੀਆਂ ਚੁਣੌਤੀਆਂ ਨੂੰ ਕਬੂਲਦਾ ਹੋਇਆ ਸਮਾਪਤ ਹੋਇਆ। ਇਹ ਸਮਾਗਮ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗ਼ਦਰੀ ਗੁਲਾਬ ਕੌਰ ਨੂੰ ਸਮੱਰਪਿਤ ਕੀਤਾ ਗਿਆ ਸੀ। ਇਸ ਸਮਾਗਮ ਵਿੱਚ ਵੱਖ ਦਿਨਾਂ ਵਿੱਚ ਉਦਘਾਟਨ ਸਮਾਰੋਹ ਵਿੱਚ ਵੱਖ ਵੱਖ ਵਿਦਵਾਨਾਂ ਬੁੱਧੀਜੀਵੀਆਂ, ਇਨਕਲਾਬੀ ਕਾਰਕੁੰਨਾਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ ’ਤੇ ਡਾ. ਐਸ. ਪੀ. ਸਿੰਘ.ਸਾਬਕਾ ਵਾਇਸ ਚਾਂਸਲਰ, ਪ੍ਰੋ. ਮਨਜੀਤ ਸਿੰਘ ਛਾਬੜਾ, ਕਮਲਜੀਤ ਖੰਨਾ ਜਨਰਲ ਸਕੱਤਰ ਪਲਸ ਮੰਚ, ਡਾ. ਸੁਖਦੇਵ ਭੂੰਦੜੀ, ਮਾਸਟਰ ਜਸਦੇਵ ਸਿੰਘ ਲਲਤੋਂ, ਸੁਰਜੀਤ ਦੋਧਰ, ਜੋਗਿੰਦਰ ਅਜ਼ਾਦ, ਦਲਜੀਤ ਸਿੰਘ ਸਮਰਾਲਾ ਜ਼ਿਲ੍ਹਾ ਪ੍ਰਧਾਨ ਡੀ.ਟੀ.ਐਫ. ਡਾ. ਗੁਰਇਕਬਾਲ ਸਿੰਘ, ਵਿਜੇ ਮੋਗਾ, ਡਾ. ਹਰਕੇਸ਼ ਚੌਧਰੀ ਪ੍ਰਧਾਨ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ, ਡਾ. ਸੰਦੀਪ ਕਟਾਰੀਆ ਪ੍ਰਿੰਸੀਪਲ ਅਤੇ ਰਣਧੀਰ ਸਿੰਘ ਸੇਖੋਂ ਪ੍ਰਧਾਨ ਜੀ.ਟੀ.ਬੀ.ਨੈਸ਼ਨਲ ਕਾਲਜ ਦਾਖਾ, ਡਾ. ਅਵਤਾਰ ਸਿੰਘ ਪ੍ਰਿੰਸੀਪਲ, ਸੁਖਵੰਤ ਮੋਹੀ, ਪਰਮਜੀਤ ਪੰਮੀ ਆਦਿ ਨੇ ਭਾਗ ਲਿਆ। ਪਹਿਲੇ ਦਿਨ ਦੇ ਸਮਾਗਮ ਵਿੱਚ ਅਜਮੇਰ ਸਿੰਘ ਔਲਖ ਓਪਨ ਏਅਰ ਥੀਏਟਰ ਦਾ ਐਲਾਨ ਵੀ ਕੀਤਾ ਗਿਆ। ਇਸ ਸਮਾਗਮ ਵਿੱਚ ਗ਼ਦਰੀ ਸੂਰਮਾਂ ਲੋਕ ਕਲਾ ਮੰਚ ਰਜਿ. ਮੰਡੀ ਮੁੱਲਾਂਪੁਰ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਜੀਵਨ ਤੇ ਅਧਾਰਿਤ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਇਸ ਉਪਰੰਤ ਗੁਰਸ਼ਰਨ ਭਾਅ ਜੀ ਆਡੋਟੋਰੀਅਮ ਵਿੱਚ ਅਦਾਕਾਰ ਮੰਚ ਮੋਹਾਲੀ ਦੀ ਟੀਮ ਵੱਲੋਂ ਡਾ. ਸਾਹਿਬ ਸਿੰਘ ਜੀ ਦਾ ਲਿਖਿਆ ਅਤੇ ਨਿਰਦੇਸ਼ਿਤ ਨਾਟਕ ‘ਤੂੰ ਅਗਲਾ ਵਰਕਾ ਫੋਲ’ ਪੇਸ਼ ਕੀਤਾ ਗਿਆ। ਨਾਟਕ ਦੀ ਪੇਸ਼ਕਾਰੀ ਬੜੀ ਕਮਾਲ ਦੀ ਸੀ। ਡਾ. ਸਾਹਿਬ ਸਿੰਘ ਦੀ ਅਦਾਕਾਰੀ ਐਨੀ ਸਹਿਜ ਸੀ ਕਿ ਲਗਭਗ ਡੇਢ ਘੰਟੇ ਦੇ ਨਾਟਕ ਵਿੱਚ ਦਰਸ਼ਕਾਂ ਨੇ ਸਾਹਾਂ ਦੀ ਅਵਾਜ਼ ਵੀ ਨਹੀਂ ਆਉਣ ਦਿੱਤੀ। ਦੂਜੇ ਦਿਨ ਦਾ ਸਮਾਗਮ ਵੀ ਵੱਖੋ ਵੱਖਰੇ ਰੰਗਾਂ ਵਿੱਚ ਸੰਜੋਇਆ ਹੋਇਆ ਸੀ। ਸਭ ਤੋਂ ਪਹਿਲਾਂ ਉੱਘੇ ਕਵੀ ਸ਼ਬਦੀਸ਼ ਦੀਆਂ ਦੋ ਗ਼ਜ਼ਲਾਂ ਦਰਸ਼ਕਾਂ ਦੇ ਰੂਬਰੂ ਕੀਤੀਆਂ ਗਈਆਂ ਸਨ। ਉਸ ਉਪਰੰਤ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੀ ਟੀਮ ਵੱਲੋਂ ਦੇਸ਼ ਭਗਤੀ ਦੀ ਆੜ ਵਿੱਚ ਸਰਹੱਦਾਂ ਤੇ ਮਰਵਾਏ ਜਾਂਦੇ ਮਾਂਵਾਂ ਦੇ ਪੁੱਤਾਂ ਬਾਰੇ ਅਤੇ ਥੋਪੀਆਂ ਜਾਂਦੀ ਜੰਗਾਂ ਬਾਰੇ ਕੋਰੀਓਗ੍ਰਾਫੀ ਗੁਆਂਢਣੇ ਪੇਸ਼ ਕੀਤੀ ਗਈ। ਅਗਲੇ ਦਿਨ ਦਾ ਨਾਟਕ ਸੁਚੇਤਕ ਰੰਗ ਮੰਚ ਮੋਹਾਲੀ ਦੀ ਟੀਮ ਵੱਲੋਂ ਸ਼ਬਦੀਸ਼ ਦਾ ਲਿਖਿਆ ਅਤੇ ਅਨੀਤਾ ਸ਼ਬਦੀਸ਼ ਦੀ ਅਦਾਕਾਰੀ ਤੇ ਨਿਰਦੇਸ਼ਨਾਂ ਹੇਠ ਪੇਸ਼ ਹੋਣਾ ਸੀ। ਨਾਟਕ ਨੇ ਸਫ਼ਲ ਵਿੱਚ ਇਤਿਹਾਸ ਨਾਲ ਇਨਸਾਫ ਕਰਦਿਆਂ ਗ਼ਦਰੀ ਗੁਲਾਬ ਕੌਰ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕੀਤਾ। ਅਨੀਤਾ ਸ਼ਬਦੀਸ਼ ਦੀ ਅਦਾਕਾਰੀ ਨੂੰ ਦਰਸ਼ਕਾਂ ਨੇ ਖੂਬ ਪਸੰਦ ਕੀਤਾ। ਤੀਜੇ ਦਿਨ ਦਾ ਸਮਾਗਮ ਵੀ ਵੱਖੋ ਵੱਖਰੇ ਰੰਗਾਂ ਵਿੱਚ ਸੰਜੋਇਆ ਹੋਇਆ ਸੀ। ਪਹਿਲਾਂ ਪ੍ਰੋਗਰੈਸਿਵ ਕਵਿਤਾਵਾਂ ਦਾ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਉੱਘੇ ਕਵੀਆਂ ਨੇ ਭਾਗ ਲਿਆ। ਜਿਸ ਵਿੱਚ ਕਵੀ ਸਾਧੂ ਸਿੰਘ, ਤ੍ਰਿਲੋਚਨ ਲੋਚੀ, ਡਾਕਟਰ ਗੁਰਇਕਬਾਲ ਸਿੰਘ, ਅਮਰੀਕ ਸਿੰਘ ਤਲਵੰਡੀ, ਰਵਨੀਤ ਕੌਰ, ਜੋਗਿੰਦਰ ਨੂਰਮੀਤ, ਇਕਬਾਲ ਸਿੰਘ ਪੂੜੈਣ, ਸੰਦੀਪ ਕੌਰ ਢੋਟ, ਜਗਤਾਰ ਸਿੰਘ ਹਿੱਸੋਵਾਲ, ਕਵੀਆਂ ਨੇ ਭਾਗ ਲਿਆ। ਇਸ ਉਪਰੰਤ ਗਿੱਧਾ ਪ੍ਰੋਗਰੈਸਿਵ ਬੋਲੀਆਂ ਤੇ ਮੈਡਮ ਰਾਜਿੰਦਰ ਕੌਰ ਵੱਲੋਂ ਤਿਆਰ ਕਰਵਾਇਆ ਗਿਆ ਪੇਸ਼ ਹੋਇਆ। ਇਸ ਪੇਸ਼ਕਾਰੀ ਤੋਂ ਬਾਅਦ ਤੀਜੇ ਦਿਨ ਦਾ ਨਾਟਕ ਅਕਸ ਰੰਗਮੰਚ ਸਮਰਾਲਾ ਦੀ ਟੀਮ ਵੱਲੋਂ ਰਾਜਵਿੰਦਰ ਸਿੰਘ ਸਮਰਾਲਾ ਦੇ ਨਿਰਦੇਸ਼ਨ ਹੇਠ ਪੇਸ਼ ਹੋਇਆ। ਕੰਨਿਆ ਭਰੂਣ ਹੱਤਿਆ ਦੇ ਖਿਲਾਫ ਬਹੁਤ ਹੀ ਭਾਵੁਕ ਤੇ ਭਾਵਪੂਰਤ ਨਾਟਕ ਅੰਤ ਤੱਕ ਦਰਸ਼ਕਾਂ ਨੂੰ ਆਪਣੇ ਨਾਲ ਜੋੜੀ ਰੱਖਣ ਵਿਚ ਕਾਮਯਾਬ ਰਿਹਾ। ਦਰਸ਼ਕਾਂ ਨੇ ਨਾਟਕ ਨੂੰ ਖੂਬ ਸਰਾਹਿਆ। ਚਾਰ ਰੋਜ਼ਾ ਸਮਾਗਮ ਆਪਣੀ ਚਰਮ ਸੀਮਾ ਤੇ ਪਹੁੰਚ ਚੁੱਕਾ ਸੀ। ਹਰ ਦਿਨ ਦਰਸ਼ਕਾਂ ਦਾ ਉਤਸ਼ਾਹ ਵੱਧਦਾ ਜਾ ਰਿਹਾ ਸੀ। ਪ੍ਰਬੰਧਕ ਟੀਮ ਵੀ ਪੂਰੇ ਉਤਸ਼ਾਹ ਵਿੱਚ ਨਜ਼ਰ ਆ ਰਹੀ ਸੀ। ਗੁਰਸ਼ਰਨ ਕਲਾ ਭਵਨ ਦਾ ਆਡੋਟੋਰੀਅਮ ਛੋਟਾ ਪੈਦਾ ਨਜ਼ਰ ਆ ਰਿਹਾ ਸੀ। ਚੌਥੇ ਤੇ ਆਖਰੀ ਦਿਨ ਦੇ ਸਮਾਗਮ ਵਿੱਚ ਇਨਕਲਾਬੀ ਕਵੀਸ਼ਰੀ ਦਾ ਰੰਗ ਵਿਖੇਰਦਾ ਇੱਕ ਗੁਲਦਸਤਾ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਵੱਲੋਂ ਪੇਸ਼ ਹੋਇਆ। ਰੰਗ ਬੰਨ੍ਹ ਦਿੱਤਾ। ਇਸ ਉਪਰੰਤ ਜਾਨਵੀਂ ਸ਼ਰਮਾਂ ਨੇ ਤਿੰਨ ਪ੍ਰੋਗਰੈਸਿਵ ਕਲਚਰਲ ਗੀਤ ਪੇਸ਼ ਕੀਤੇ। ਜਾਨਵੀਂ ਸ਼ਰਮਾ ਦੀ ਆਵਾਜ਼ ਨੇ ਦਰਸ਼ਕਾਂ ਸਰੋਤਿਆਂ ਦਾ ਮਨ ਮੋਹ ਲਿਆ ਸੀ। ਇਸ ਉਪਰੰਤ ਚੋਥੇ ਦਿਨ ਦਾ ਨਾਟਕ ਲੋਕ ਕਲਾ ਮੰਚ (ਰਜਿ:) ਮੁੱਲਾਂਪੁਰ ਵੱਲੋਂ ਹਰਕੇਸ਼ ਚੌਧਰੀ ਦਾ ਲਿਖਿਆ ਅਤੇ ਨਿਰਦੇਸ਼ਿਤ ਨਾਟਕ ‘ਬੇੜੀਆਂ ਲੱਗੇ ਸੁਪਨੇ’ ਪੇਸ਼ ਕੀਤਾ ਗਿਆ। ਨਾਟਕ ਨੇ ਜਜ਼ਬਿਆਂ ਦੀ ਧੂਹ ਪਾਈ ਰੱਖੀ ਦਰਸ਼ਕਾਂ ਨੇ ਖੜੇ ਹੋ ਕੇ ਤਾੜੀਆਂ ਮਾਰਕੇ ਨਾਟਕ ਦਾ ਅਭੀਨੰਦਨ ਕੀਤਾ। ਚਾਰੇ ਦਿਨਾਂ ਦੇ ਸਮਾਗਮ ਵਿੱਚ ਵੱਖ ਵਿਦਵਾਨਾਂ ਅਤੇ ਇੰਨਕਲਾਬੀ ਸ਼ਖ਼ਸੀਅਤਾਂ ਨੇ ਆਪਣੇ ਵਿਚਾਰ ਵੀ ਪੇਸ਼ ਕੀਤੇ ਜਿਨ੍ਹਾਂ ਵਿੱਚ ਡਾਕਟਰ ਐਸ.ਪੀ.ਸਿੰਘ, ਕਮਲਜੀਤ ਖੰਨਾ, ਸੁਖਦੇਵ ਸਿੰਘ ਭੂੰਦੜੀ, ਪ੍ਰਿੰਸੀਪਲ ਸੰਦੀਪ ਕਟਾਰੀਆ, ਐਸ.ਅਸ਼ੋਕ. ਭੌਰਾ. ਜਸਦੇਵ ਲਲਤੋ ਪ੍ਰਮੁੱਖ ਹਨ। ਮੰਚ ਸੰਚਾਲਨ ਹਰਕੇਸ਼ ਚੌਧਰੀ ਨੇ ਬਾਖੂਬੀ ਨਿਭਾਇਆ। ਸਾਰੇ ਭਵਨ ਨੂੰ ਇਨਕਲਾਬੀ ਰੰਗਤ ਵਿੱਚ ਸਜਾਇਆ ਹੋਇਆ ਸੀ। ਇਸ ਸਾਰੇ ਸਮਾਗਮ ਨੂੰ ਕਾਮਯਾਬ ਕਰਨ ਵਿਚ ਕਮਲਜੀਤ ਮੋਹੀ, ਦੀਪਕ ਰਾਏ, ਰਣਵੀਰ ਸਿੰਘ, ਪ੍ਰਦੀਪ ਕੌਰ, ਨੈਨਾ ਸ਼ਰਮਾ, ਲਖਵੀਰ ਸਿੰਘ, ਭਾਗ ਸਿੰਘ, ਪ੍ਰਗਟ ਸਿੰਘ, ਗੁਰਜੀਤ ਸਿੰਘ, ਕਿਰਨਦੀਪ ਕੌਰ, ਜਸਰੀਨ ਕੌਰ, ਜਸਮੀਤ ਕੌਰ ਅਤੇ ਅੰਜੂ ਚੌਧਰੀ, ਨੀਰਜਾ ਬਾਂਸਲ, ਸੁਖਦੀਪ ਸਿੰਘ ਨੇ ਅਹਿਮ ਭੂਮਿਕਾ ਨਿਭਾਈ।

# ਇਜ਼ਰਾਇਲੀ ਹਿਰਾਸਤ ਵਿਚ ਜਿਨਸੀ ਜ਼ੁਲਮਾਂ ਦੀ ਦਿਲ-ਕੰਬਾਊ ਦਾਸਤਾਨ

*[ਟਰੰਪ ਦੀ 'ਸ਼ਾਂਤੀ ਯੋਜਨਾ' ਉੱਪਰ ਦਸਖ਼ਤ ਕੀਤੇ ਜਾਣ ਤੋਂ ਬਾਅਦ ਹੁਣ ਤੱਕ 490 ਵਾਰ ਯੁੱਧਬੰਦੀ ਦੀ ਉਲੰਘਣਾ ਕਰ ਚੁੱਕੀ ਇਜ਼ਰਾਇਲੀ ਹਕੂਮਤ ਦਾ ਖ਼ੂਨੀ ਚਿਹਰਾ ਵੱਖ-ਵੱਖ ਰੂਪਾਂ 'ਚ ਪੂਰੀ ਦੁਨੀਆ ਦੇ ਸਾਹਮਣੇ ਹੈ। ਪੀਸੀਐੱਚਆਰ ਨੇ ਆਪਣੀ ਰਿਪੋਰਟ ਨੇ ਹਿਰਾਸਤ ਵਿਚ ਲਏ ਫ਼ਲਸਤੀਨੀਆਂ ਉੱਪਰ ਕੀਤੇ ਜਾ ਰਹੇ ਭਿਆਨਕ ਜ਼ੁਲਮਾਂ ਦੀਆਂ ਨਵੀਆਂ ਪਰਤਾਂ ਸਾਹਮਣੇ ਲਿਆਂਦੀਆਂ ਹਨ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਰਿਪੋਰਟ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ]*

**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਮਨੁੱਖੀ ਹੱਕਾਂ ਲਈ ਫ਼ਲਸਤੀਨੀ ਕੇਂਦਰ (ਪੀਸੀਐੱਚਆਰ) ਨੇ ਦਿਲ ਦਹਿਲਾ ਦੇਣ ਵਾਲੀ ਰਿਪੋਰਟ ਜਾਰੀ ਕੀਤੀ ਹੈ, ਜਿਸ ਨੇ ਦੋਸ਼ ਲਗਾਇਆ ਹੈ ਕਿ ਇਜ਼ਰਾਇਲੀ ਫ਼ੌਜੀ ਤਾਕਤਾਂ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਇਜ਼ਰਾਇਲੀ ਜੇਲ੍ਹਾਂ ਅਤੇ ਫ਼ੌਜੀ ਕੈਂਪਾਂ ਵਿਚ ਰੱਖੇ ਫ਼ਲਸਤੀਨੀ ਕੈਦੀਆਂ, ਜਿਨ੍ਹਾਂ ਵਿਚ ਗਾਜ਼ਾ ਵਿੱਚੋਂ ਗ੍ਰਿਫ਼ਤਾਰ ਕੀਤੀਆਂ ਔਰਤਾਂ ਅਤੇ ਮਰਦ ਵੀ ਸ਼ਾਮਲ ਹਨ, ਦੇ ਵਿਰੁੱਧ "ਯੋਜਨਾਬੱਧ ਜਿਨਸੀ ਤਸੀਹਿਆਂ ਅਤੇ ਬਲਾਤਕਾਰਾਂ" ਨੂੰ ਅੰਜਾਮ ਦਿੱਤਾ ਗਿਆ ਹੈ।

ਪੀਸੀਐੱਚਆਰ ਦੇ ਮੁਤਾਬਕ, ਫ਼ੀਲਡ ਖੋਜਕਰਤਾਵਾਂ ਅਤੇ ਵਕੀਲਾਂ ਨੇ ਪਿਛਲੇ ਦਿਨੀਂ ਰਿਹਾਅ ਹੋਏ ਗਾਜ਼ਾ ਪੱਟੀ ਦੇ ਕਈ ਫ਼ਲਸਤੀਨੀ ਕੈਦੀਆਂ ਦੀਆਂ ਗਵਾਹੀਆਂ ਕਲਮਬੱਧ ਕੀਤੀਆਂ। ਇਨ੍ਹਾਂ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਜਿਨਸੀ ਤਸੀਹਿਆਂ ਨੂੰ ਪੂਰੀ ਤਰ੍ਹਾਂ ਯੋਜਨਾਬੱਧ ਅਤੇ ਵਿਉਂਤਬੱਧ ਤਰੀਕੇ ਨਾਲ ਅੰਜਾਮ ਦਿੱਤਾ ਗਿਆ, ਜਿਸ ਵਿਚ ਬਲਾਤਕਾਰ, ਜਬਰਦਸਤੀ ਕੱਪੜੇ ਲਾਹੁਣਾ, ਜਬਰਦਸਤੀ ਵੀਡੀਓ/ਫੋਟੋ ਬਣਾਉਣਾ, ਵਸਤੂਆਂ ਅਤੇ ਕੁੱਤਿਆਂ ਦੀ ਮੱਦਦ ਨਾਲ ਜਿਨਸੀ ਹਮਲੇ ਅਤੇ ਨਾਲ ਹੀ ਇਜ਼ਰਾਇਲੀ ਫ਼ੌਜੀਆਂ ਵੱਲੋਂ ਜਾਣ-ਬੁੱਝ ਕੇ ਕੀਤਾ ਜਾਣ ਵਾਲਾ ਮਨੋਵਿਗਿਆਨਕ ਅਪਮਾਨ ਸ਼ਾਮਲ ਹੈ।


ਪੀਸੀਐੱਚਆਰ ਦਾ ਕਹਿਣਾ ਹੈ ਕਿ ਇਹ ਗਵਾਹੀਆਂ ਕੋਈ ਟੁੱਟਵੀਆਂ ਘਟਨਾਵਾਂ ਨਹੀਂ ਹਨ ਸਗੋਂ ਗਾਜ਼ਾ ਪੱਟੀ ਵਿਚ ਰਹਿੰਦੇ 20 ਲੱਖ ਤੋਂ ਵੱਧ ਫ਼ਲਸਤੀਨੀਆਂ ਦੇ ਖ਼ ?ਲਾਫ਼ ਚੱਲ ਰਹੇ ਕਤਲੇਆਮ ਦੇ ਪ੍ਰਸੰਗ 'ਚ ਅਪਣਾਈ ਗਈ ਵਿਉਂਤਬੱਧ ਨੀਤੀ ਦਾ ਹਿੱਸਾ ਹਨ। ਇਸ ਵਿਚ ਉਹ ਹਜ਼ਾਰਾਂ ਕੈਦੀ ਵੀ ਸ਼ਾਮਲ ਹਨ ਜੋ ਜੇਲ੍ਹਾਂ ਅਤੇ ਫ਼ੌਜੀ ਕੈਂਪਾਂ ਵਿਚ ਬੰਦ ਹਨ ਅਤੇ ਜਿਨ੍ਹਾਂ ਤੱਕ ਇੰਟਰਨੈਸ਼ਨਲ ਰੈੱਡ ਕਰਾਸ ਕਮੇਟੀ ਸਮੇਤ ਅੰਤਰਰਾਸ਼ਟਰੀ ਨਿਗਰਾਨੀ ਸੰਸਥਾਵਾਂ ਦੀ ਪਹੁੰਚ ਨਹੀਂ ਹੈ।

ਇਹ ਗਵਾਹੀਆਂ, ਜੋ ਅਕਤੂਬਰ 2025 ਦੇ ਅਖ਼ੀਰ ਅਤੇ ਨਵੰਬਰ 2025 ਦੇ ਸ਼ੁਰੂ ਵਿਚ ਇਕੱਠੀਆਂ ਕੀਤੀਆਂ ਗਈਆਂ, ਉਨ੍ਹਾਂ ਮਰਦ ਅਤੇ ਔਰਤ ਕੈਦੀਆਂ ਦੇ ਬਿਆਨ ਹਨ ਜਿਨ੍ਹਾਂ ਨੂੰ 2023 ਦੇ ਅੰਤ ਤੋਂ ਲੈ ਕੇ ਗਾਜ਼ਾ ਪੱਟੀ ਦੇ ਹਸਪਤਾਲਾਂ, ਚੈੱਕਪੁਆਇੰਟਾਂ ਅਤੇ ਸ਼ਰਣ-ਸਥਾਨਾਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਪੀਸੀਐੱਚਆਰ ਨੇ ਕਿਹਾ ਕਿ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ "ਕਾਨੂੰਨੀ ਆਧਾਰ ਤੋਂ ਬਿਨਾਂ, ਸਿਰਫ਼ ਇਸ ਲਈ ਕੀਤੀਆਂ ਗਈਆਂ ਕਿਉਂਕਿ ਪੀੜਤ ਗਾਜ਼ਾ ਦੇ ਬਾਸ਼ਿੰਦੇ ਸਨ।" ਰਿਪੋਰਟ ਨੇ ਇਨ੍ਹਾਂ ਹਿਰਾਸਤਾਂ ਨੂੰ ਸਮੂਹਿਕ ਸਜ਼ਾ ਦੀ ਅਜਿਹੀ ਨੀਤੀ ਦੱਸਿਆ, ਜਿਸਦਾ ਮਕਸਦ ਫ਼ਲਸਤੀਨੀ ਨਾਗਰਿਕਾਂ ਨੂੰ ਵੱਧ ਤੋਂ ਵੱਧ ਮਨੋਵਿਗਿਆਨਕ ਅਤੇ ਸਰੀਰਕ ਨੁਕਸਾਨ ਪਹੁੰਚਾਉਣਾ ਹੈ।

ਪਿਛਲੇ ਮਹੀਨਿਆਂ 'ਚ, ਪੀਸੀਐੱਚਆਰ ਅਤੇ ਹੋਰ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਜ਼ਰਾਇਲੀ ਜੇਲ੍ਹਾਂ ਅਤੇ ਕੈਂਪਾਂ ਵਿਚ ਜਿਨਸੀ ਹਿੰਸਾ ਤੋਂ ਬਚੇ ਲੋਕਾਂ ਦੀਆਂ ਦਰਜਨਾਂ ਗਵਾਹੀਆਂ ਦਰਜ ਕੀਤੀਆਂ ਹਨ। ਹਾਲੀਆ ਪੀਸੀਐੱਚਆਰ ਰਿਪੋਰਟ ਵਿਚ ਦਰਜ ਵਿਅਕਤੀਗਤ ਗਵਾਹੀਆਂ ਭਾਵੇਂ ਬਹੁਤ ਹੀ ਦਹਿਲਾ ਦੇਣ ਵਾਲੀਆਂ ਹਨ, ਪਰ ਪੀਸੀਐੱਚਆਰ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਸ ਨੇ ਇਨ੍ਹਾਂ ਬਿਆਨਾਂ ਦੀ ਤਸਦੀਕ ਸਿੱਧੀਆਂ ਕਾਨੂੰਨੀ ਇੰਟਰਵਿਊ, ਮੈਡੀਕਲ ਸਬੂਤਾਂ ਅਤੇ ਕਈ ਰਿਹਾ ਹੋਏ ਕੈਦੀਆਂ ਦੀਆਂ ਗਵਾਹੀਆਂ ਨੂੰ ਮਿਲਾਕੇ ਕੀਤੀ ਹੈ।



**42 ਸਾਲਾ ਫ਼ਲਸਤੀਨੀ ਔਰਤ ਦੀ ਗਵਾਹੀ:** ਇਕ 42 ਸਾਲਾ ਫ਼ਲਸਤੀਨੀ ਔਰਤ ਨੂੰ ਨਵੰਬਰ 2024 'ਚ ਉੱਤਰੀ ਗਾਜ਼ਾ ਵਿਚ ਬਣਾਏ ਇਕ ਇਜ਼ਰਾਇਲੀ ਚੈੱਕਪੁਆਇੰਟ ਤੋਂ ਲੰਘਦਿਆਂ ਗ੍ਰਿਫ਼ਤਾਰ ਕਰ ਲਿਆ ਗਿਆ। ਪੀਸੀਐੱਚਆਰ ਦੇ ਸਟਾਫ਼ ਨੂੰ ਦਿੱਤੇ ਆਪਣੇ ਬਿਆਨ ਵਿਚ ਉਸ ਨੇ ਤਸ਼ੱਦਦ ਅਤੇ ਜਿਨਸੀ ਹਿੰਸਾ ਦੇ ਕਈ ਰੂਪਾਂ ਬਾਰੇ ਦੱਸਿਆ, ਜਿਨ੍ਹਾਂ ਵਿਚ ਇਜ਼ਰਾਇਲੀ ਸਿਪਾਹੀਆਂ ਦੁਆਰਾ ਚਾਰ ਵਾਰ ਉਸ ਨਾਲ ਬਲਾਤਕਾਰ ਕਰਨਾ, ਲਗਾਤਾਰ ਅਸ਼ਲੀਲ ਗਾਲ੍ਹਾਂ ਕੱਢਣਾ, ਉਸ ਨੂੰ ਨੰਗੀ ਕਰਕੇ ਵੀਡੀਓ/ਤਸਵੀਰਾਂ ਬਣਾਉਣਾ, ਬਿਜਲੀ ਦੇ ਝਟਕੇ ਦੇਣੇ ਅਤੇ ਸਾਰੇ ਸਰੀਰ ਉੱਪਰ ਬੇਰਹਿਮੀ ਨਾਲ ਮਾਰ-ਕੁੱਟ ਕਰਨਾ ਸ਼ਾਮਲ ਹੈ। ਉਸ ਨੇ ਕਿਹਾ:

"ਸਵੇਰੇ ਮੈਂ ਸਿਪਾਹੀਆਂ ਨੂੰ ਚੀਕਦੇ ਸੁਣਿਆ ਕਿ ਫ਼ਜਰ ਦੀ ਨਮਾਜ਼ ਪੜ੍ਹਨਾ ਮਨ੍ਹਾਂ ਹੈ। ਮੇਰਾ ਖ਼ਿਆਲ ਹੈ ਕਿ ਇਹ ਗਾਜ਼ਾ ਤੋਂ ਮੇਰੀ ਗ੍ਰਿਫ਼ਤਾਰੀ ਤੋਂ ਚੌਥੇ ਦਿਨ ਦੀ ਗੱਲ ਹੈ। ਸਿਪਾਹੀ ਮੈਨੂੰ ਇਕ ਅਜਿਹੀ ਜਗ ?ਹਾ ਲੈ ਗਏ ਜਿਸਨੂੰ ਮੈਂ ਨਹੀਂ ਜਾਣਦੀ, ਕਿਉਂਕਿ ਮੇਰੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਸੀ। ਉਨ੍ਹਾਂ ਨੇ ਮੈਨੂੰ ਕੱਪੜੇ ਲਾਹੁਣ ਦਾ ਹੁਕਮ ਦਿੱਤਾ। ਮੈਂ ਅਜਿਹਾ ਹੀ ਕੀਤਾ। ਉਨ੍ਹਾਂ ਨੇ ਮੈਨੂੰ ਮੂੰਹ ਭਾਰ ਲੋਹੇ ਦੀ ਮੇਜ਼ 'ਤੇ ਲਿਟਾਇਆ, ਮੇਰੀ ਛਾਤੀ ਅਤੇ ਸਿਰ ਨੂੰ ਜ਼ੋਰ ਨਾਲ ਦਬਾਇਆ ਗਿਆ, ਮੇਰੇ ਹੱਥ ਬੈੱਡ ਦੇ ਕੋਨੇ ਨਾਲ ਹੱਥਕੜੀਆਂ ਨਾਲ ਨੂੜ ਦਿੱਤੇ ਅਤੇ ਪੈਰਾਂ ਤੋਂ ਫੜਕੇ ਮੇਰੀਆਂ ਲੱਤਾਂ ਫੈਲਾ ਦਿੱਤੀਆ। ਮੈਨੂੰ ਮਹਿਸੂਸ ਹੋਇਆ ਕਿ ਕਿਸੇ ਦਾ ਮਰਦ-ਅੰਗ ਮੇਰੀ ਗੁਦਾ ਵਿਚ ਧੱਕਿਆ ਗਿਆ ਹੈ ਅਤੇ ਇਕ ਆਦਮੀ ਮੇਰਾ ਬਲਾਤਕਾਰ ਕਰ ਰਿਹਾ ਹੈ। ਮੈਂ ਚੀਕਣ ਲੱਗੀ ਤਾਂ ਉਨ੍ਹਾਂ ਨੇ ਮੇਰੀ ਪਿੱਠ ਅਤੇ ਸਿਰ ਕੁੱਟਣਾ ਸ਼ੁਰੂ ਕਰ ਦਿੱਤਾ, ਜਦੋਂ ਕਿ ਮੇਰੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਸੀ। ਮੈਂ ਚੀਕਦੀ ਰਹੀ ਅਤੇ ਮਾਰ ਖਾਂਦੀ ਰਹੀ ਅਤੇ ਮੈਨੂੰ ਕੈਮਰੇ ਦੀ ਆਵਾਜ਼ ਸੁਣ ਰਹੀ ਸੀ — ਇਸ ਲਈ ਮੈਨੂੰ ਲੱਗਾ ਕਿ ਉਹ ਮੇਰੀ ਵੀਡੀਓ ਬਣਾ ਰਹੇ ਹਨ। ਬਲਾਤਕਾਰ ਲਗਭਗ 10 ਮਿੰਟ ਤੱਕ ਚੱਲਿਆ। ਇਸ ਤੋਂ ਬਾਅਦ, ਉਨ੍ਹਾਂ ਨੇ ਮੈਨੂੰ ਤਕਰੀਬਨ ਇਕ ਘੰਟੇ ਤੱਕ ਉਸੇ ਹਾਲਤ ਵਿਚ ਪਈ ਰਹਿਣ ਦਿੱਤਾ — ਮੇਰੇ ਹੱਥ ਅਜੇ ਵੀ ਲੋਹੇ ਦੀਆਂ ਹੱਥਕੜੀਆਂ ਨਾਲ ਬਿਸਤਰੇ ਨਾਲ ਬੰਨ੍ਹੇ ਹੋਏ, ਮੇਰਾ ਮੂੰਹ ਬਿਸਤਰੇ 'ਤੇ, ਪੈਰ ਫਰਸ਼ 'ਤੇ ਸੀ ਅਤੇ ਮੈਂ ਪੂਰੀ ਤਰ੍ਹਾਂ ਨੰਗੀ ਸੀ।

ਫਿਰ, ਇਕ ਘੰਟੇ ਬਾਅਦ, ਮੇਰੇ ਨਾਲ ਦੁਬਾਰਾ ਉਸੇ ਹਾਲਤ ਵਿਚ ਬਲਾਤਕਾਰ ਕੀਤਾ ਗਿਆ, ਇਸ ਵਾਰ ਮੇਰੇ ਔਰਤ ਅੰਗ ਵਿਚ ਲਿੰਗ ਧੱਕੇ। ਮੈਂ ਚੀਕਦੀ ਰਹੀ ਅਤੇ ਉਹ ਮੈਨੂੰ ਕੁੱਟਦੇ ਰਹੇ। ਉੱਥੇ ਕਈ ਸਿਪਾਹੀ ਸਨ; ਮੈਂ ਉਨ੍ਹਾਂ ਨੂੰ ਹੱਸਦੇ ਸੁਣਿਆ ਅਤੇ ਕੈਮਰੇ ਦੀ ਕਲਿਕ ਦੀ ਆਵਾਜ਼ ਵੀ ਆਉਂਦੀ ਰਹੀ। ਇਹ ਬਲਾਤਕਾਰ ਬਹੁਤ ਤੇਜ਼ੀ ਨਾਲ ਕੀਤਾ ਗਿਆ ਬਲਾਤਕਾਰ ਦੌਰਾਨ ਉਹ ਆਪਣੇ ਹੱਥਾਂ ਨਾਲ ਮੇਰੇ ਸਿਰ ਅਤੇ ਪਿੱਠ 'ਤੇ ਕੁੱਟ-ਮਾਰ ਕਰਦੇ ਰਹੇ।

ਮੈਂ ਬਿਆਨ ਨਹੀਂ ਕਰ ਸਕਦੀ ਕਿ ਮੈਂ ਕਿਵੇਂ ਮਹਿਸੂਸ ਕਰ ਰਹੀ ਸੀ; ਹਰ ਪਲ ਮੈਨੂੰ ਮੌਤ ਦੀ ਖ਼ਵਾਇਸ਼ ਹੋ ਰਹੀ ਸੀ। ਮੇਰੇ ਨਾਲ ਬਲਾਤਕਾਰ ਕਰਨ ਤੋਂ ਬਾਅਦ, ਉਹ ਮੈਨੂੰ ਉਸੇ ਕਮਰੇ ਵਿਚ ਇਕੱਲੀ ਛੱਡ ਗਏ, ਹੱਥ ਹਾਲੇ ਵੀ ਬਿਸਤਰੇ ਨਾਲ ਬੰਨ੍ਹੇ ਹੋਏ ਅਤੇ ਕਈ ਘੰਟਿਆਂ ਤੱਕ ਬਿਨਾਂ ਕੱਪੜਿਆਂ ਦੇ। ਮੈਂ ਬਾਹਰ ਸਿਪਾਹੀਆਂ ਨੂੰ ਹਿਬਰਿਊ ਬੋਲੀ ਵਿਚ ਗੱਲਾਂ ਕਰਦੇ ਅਤੇ ਹੱਸਦੇ ਸੁਣ ਸਕਦੀ ਸੀ। ਬਾਅਦ ਵਿਚ, ਮੇਰੇ ਨਾਲ ਦੁਬਾਰਾ ਯੋਨੀ ਬਲਾਤਕਾਰ ਕੀਤਾ ਗਿਆ। ਮੈਂ ਚੀਕੀ, ਪਰ ਜਦੋਂ ਵੀ ਮੈਂ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ, ਉਹ ਮੈਨੂੰ ਕੁੱਟਦੇ ਰਹੇ। ਇਕ ਘੰਟੇ ਤੋਂ ਵੱਧ ਸਮੇਂ ਤੋਂ ਬਾਅਦ — ਸਮੇਂ ਬਾਰੇ ਮੈਨੂੰ ਪੱਕੀ ਜਾਣਕਾਰੀ ਨਹੀਂ — ਇਕ ਨਕਾਬਪੋਸ਼ ਸਿਪਾਹੀ ਅੰਦਰ ਆਇਆ, ਉਸ ਨੇ ਮੇਰੀਆਂ ਅੱਖਾਂ ਦੀ ਪੱਟੀ ਲਾਹ ਦਿੱਤੀ, ਆਪਣੇ ਚਿਹਰੇ ਨੂੰ ਢਕਣ ਲਈ ਪਾਇਆ ਕੱਪੜਾ ਚੁੱਕਿਆ; ਉਸ ਦੀ ਚਮੜੀ ਚਿੱਟੀ ਸੀ ਅਤੇ ਉਹ ਲੰਮਾ ਸੀ। ਉਸ ਨੇ ਪੁੱਛਿਆ ਕਿ ਕੀ ਮੈਂ ਅੰਗਰੇਜ਼ੀ ਬੋਲਦੀ ਹਾਂ; ਮੈਂ ਕਿਹਾ ਨਹੀਂ। ਉਸ ਨੇ ਕਿਹਾ ਕਿ ਉਹ ਰੂਸੀ ਹੈ ਅਤੇ ਮੈਨੂੰ ਆਪਣਾ ਲਿੰਗ ਫੜਕੇ ਹੱਥਰਸੀ ਕਰਨ ਦਾ ਹੁਕਮ ਦਿੱਤਾ। ਜਦੋਂ ਮੈਂ ਇਨਕਾਰ ਕੀਤਾ ਤਾਂ ਉਸ ਨੇ ਬਲਾਤਕਾਰ ਕਰਨ ਤੋਂ ਬਾਅਦ ਮੇਰੇ ਚਿਹਰੇ 'ਤੇ ਘਸੁੰਨ ਮਾਰਿਆ।

ਉਸ ਦਿਨ ਮੇਰੇ ਨਾਲ ਦੋ ਵਾਰ ਬਲਾਤਕਾਰ ਕੀਤਾ ਗਿਆ। ਮੈਂ ਪੂਰਾ ਦਿਨ ਉਸ ਕਮਰੇ ਵਿਚ ਨੰਗੀ ਪਈ ਰਹੀ, ਜਿੱਥੇ ਮੈਂ ਤਿੰਨ ਦਿਨ ਬਿਤਾਏ। ਪਹਿਲੇ ਦਿਨ ਮੇਰੇ ਨਾਲ ਦੋ ਵਾਰ ਬਲਾਤਕਾਰ ਕੀਤਾ ਗਿਆ; ਦੂਜੇ ਦਿਨ ਦੋ ਵਾਰ; ਤੀਜੇ ਦਿਨ ਮੈਂ ਬਿਨਾਂ ਕੱਪੜਿਆਂ ਦੇ ਸੀ ਜਦੋਂ ਉਹ ਦਰਵਾਜ਼ੇ ਦੀ ਝੀਤ ਵਿੱਚੋਂ ਮੈਨੂੰ ਦੇਖਦੇ ਰਹੇ ਅਤੇ ਮੇਰੀ ਫ਼ਿਲਮ ਬਣਾਉਂਦੇ ਰਹੇ। ਇਕ ਸਿਪਾਹੀ ਨੇ ਕਿਹਾ ਕਿ ਉਹ ਮੇਰੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਾਉਣਗੇ। ਉਸੇ ਕਮਰੇ ਵਿਚ ਰੱਖੇ ਜਾਣ ਸਮੇਂ ਮੈਨੂੰ ਮਾਹਵਾਰੀ ਸ਼ੁਰੂ ਹੋ ਗਈ; ਫਿਰ ਉਨ੍ਹਾਂ ਨੇ ਮੈਨੂੰ ਕੱਪੜੇ ਪਾਉਣ ਲਈ ਕਿਹਾ ਅਤੇ ਮੈਨੂੰ ਦੂਜੇ ਕਮਰੇ ਵਿਚ ਭੇਜ ਦਿੱਤਾ।

**35 ਸਾਲਾ ਫ਼ਲਸਤੀਨੀ ਮਰਦ ਦੀ ਗਵਾਹੀ:** ਇਕ 35 ਸਾਲਾ ਫ਼ਲਸਤੀਨੀ ਮਰਦ, ਜੋ ਬੱਚਿਆਂ ਦਾ ਬਾਪ ਹੈ, ਨੂੰ ਮਾਰਚ 2024 'ਚ ਗਾਜ਼ਾ ਸ਼ਹਿਰ ਦੇ ਅਲ-ਸ਼ਿਫ਼ਾ ਹਸਪਤਾਲ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ। ਉਸ ਨੇ ਪੀਸੀਐੱਚਆਰ ਦੇ ਫ਼ੀਲਡ ਖੋਜਕਰਤਾ ਨੂੰ 19 ਮਹੀਨੇ ਦੀ ਹਿਰਾਸਤ ਦੌਰਾਨ ਝੱਲੇ ਗਏ ਭਿਆਨਕ ਤਸੀਹਿਆਂ ਬਾਰੇ ਦੱਸਿਆ, ਜਿਸ ਵਿਚ ਜਬਰੀ ਕੱਪੜੇ ਲਾਹੁਣਾ, ਅਸ਼ਲੀਲ ਗਾਲ੍ਹਾਂ ਕੱਢਣਾ, ਉਸ ਨਾਲ ਅਤੇ ਉਸ ਦੇ ਪਰਿਵਾਰ ਨਾਲ ਬਲਾਤਕਾਰ ਦੀਆਂ ਧਮਕੀਆਂ ਦੇਣਾ, ਅਤੇ ਆਖਿ ?ਰਕਾਰ ਸਦੇ ਤੈਈਮਾਨ ਫ਼ੌਜੀ ਕੈਂਪ ਦੇ ਅੰਦਰ ਇਕ ਸਿਖਲਾਈਯਾਫ਼ਤਾ ਕੁੱਤੇ ਤੋਂ ਉਸ ਨਾਲ ਬਲਾਤਕਾਰ ਕਰਵਾਉਣਾ ਸ਼ਾਮਲ ਹੈ। ਉਸ ਨੇ ਕਿਹਾ:

"ਮੈਨੂੰ ਸਦੇ ਤੈਈਮਾਨ ਦੇ ਅੰਦਰ ਇਕ ਐਸੇ ਹਿੱਸੇ ਵਿਚ ਲਿਜਾਇਆ ਗਿਆ ਜਿਸ ਨੂੰ ਮੈਂ ਨਹੀਂ ਜਾਣਦਾ। ਉੱਥੇ ਪਹਿਲੇ ਕੁਝ ਹਫ਼ਤਿਆਂ ਦੌਰਾਨ, ਲਗਾਤਾਰ ਦਮਨਕਾਰੀ ਕਾਰਵਾਈਆਂ ਦਰਮਿਆਨ ਮੈਨੂੰ ਅਤੇ ਹੋਰ ਕੈਦੀਆਂ ਦੀ ਟੋਲੀ ਨੂੰ ਜ਼ਲੀਲ ਕਰਨ ਵਾਲੇ ਢੰਗ ਨਾਲ ਕੈਮਰਿਆਂ ਤੋਂ ਦੂਰ, ਸੈਕਸ਼ਨਾਂ ਦੇ ਦਰਮਿਆਨ ਇਕ ਗਲਿਆਰੇ ਵਰਗੀ ਥਾਂ 'ਤੇ ਲਿਜਾਇਆ ਗਿਆ। ਸਾਨੂੰ ਪੂਰੀ ਤਰ੍ਹਾਂ ਨੰਗੇ ਕਰ ਦਿੱਤਾ ਗਿਆ। ਸਿਪਾਹੀ ਕੁੱਤੇ ਲੈ ਕੇ ਆਏ ਜੋ ਸਾਡੇ ਉੱਤੇ ਚੜ੍ਹ ਗਏ ਅਤੇ ਕੁੱਤਿਆਂ ਨੇ ਮੇਰੇ ਉੱਤੇ ਪਿਸ਼ਾਬ ਕੀਤਾ। ਫਿਰ ਉਨ੍ਹਾਂ ਵਿੱਚੋਂ ਇਕ ਕੁੱਤੇ ਨੇ ਮੇਰੇ ਨਾਲ ਬਲਾਤਕਾਰ ਕੀਤਾ — ਕੁੱਤਾ ਜਾਣ-ਬੁੱਝ ਕੇ ਇਹ ਸਭ ਕਰ ਰਿਹਾ ਸੀ, ਉਹ ਠੀਕ-ਠੀਕ ਜਾਣਦਾ ਸੀ ਕਿ ਉਹ ਕੀ ਕਰ ਰਿਹਾ ਹੈ ਅਤੇ ਉਸ ਨੇ ਆਪਣਾ ਲਿੰਗ ਮੇਰੀ ਗੁਦਾ ਵਿਚ ਦਾਖ਼ਲ ਕਰ ਦਿੱਤਾ, ਜਦੋਂ ਕਿ ਸਿਪਾਹੀ ਸਾਡੀ ਕੁੱਟਮਾਰ ਕਰਦੇ ਰਹੇ, ਸਾਡੇ ਉੱਤੇ ਤਸ਼ੱਦਦ ਕਰਦੇ ਰਹੇ ਅਤੇ ਸਾਡੇ ਚਿਹਰਿਆਂ 'ਤੇ ਮਿਰਚ-ਸਪਰੇਅ ਛਿੜਕਦੇ ਰਹੇ। ਕੁੱਤੇ ਦਾ ਹਮਲਾ ਲਗਭਗ ਤਿੰਨ ਮਿੰਟ ਤੱਕ ਚੱਲਿਆ; ਕੁਲ ਜ਼ੁਲਮ ਲਗਭਗ ਤਿੰਨ ਘੰਟੇ ਤੱਕ ਚਲਦਾ ਰਿਹਾ। ਬੇਹੱਦ ਕੁੱਟਮਾਰ ਕਾਰਨ ਸਾਡੇ ਸਰੀਰ 'ਤੇ ਕਈ ਜ਼ਖ਼ਮ ਹੋ ਗਏ। ਮੈਂ ਮਾਨਸਿਕ ਤੌਰ 'ਤੇ ਬਹੁਤ ਟੁੱਟਿਆ ਹੋਇਆ ਅਤੇ ਬੇਇੰਤਹਾ ਅਪਮਾਨ ਮਹਿਸੂਸ ਕੀਤਾ; ਮੇਰਾ ਆਪਣੇ ਉੱਪਰ ਕਾਬੂ ਨਾ ਰਿਹਾ ਕਿਉਂਕਿ ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੇਰੇ ਨਾਲ ਅਜਿਹਾ ਕੁਝ ਹੋ ਸਕਦਾ ਹੈ। ਬਾਅਦ ਵਿਚ, ਇਕ ਡਾਕਟਰ ਨੇ ਮੇਰੇ ਸਿਰ 'ਤੇ ਤਸ਼ੱਦਦ ਕਾਰਨ ਹੋਏ ਜ਼ਖ਼ਮ 'ਤੇ ਬਿਨਾਂ ਸੁੰਨ ਕੀਤੇ ਸੱਤ ਟਾਂਕੇ ਲਾਏ। ਮੇਰੇ ਅੰਗ ਵਲੂੰਧਰੇ ਹੋਏ ਸਨ, ਹੱਥਾਂ-ਪੈਰਾਂ 'ਤੇ ਫਰੈਕਚਰ ਸੀ ਅਤੇ ਇਕ ਪਸਲੀ ਵਿਚ ਵੀ ਫਰੈਕਚਰ ਹੋ ਗਿਆ ਸੀ।

**41 ਸਾਲਾ ਫ਼ਲਸਤੀਨੀ ਪਿਤਾ ਦੀ ਗਵਾਹੀ:** ਇਕ 41 ਸਾਲਾ ਫ਼ਲਸਤੀਨੀ ਮਰਦ, ਜੋ ਬੱਚਿਆਂ ਦਾ ਬਾਪ ਹੈ, ਨੂੰ ਦਸੰਬਰ 2023 'ਚ ਘਰ ਤਬਾਹ ਹੋਣ ਜਾਣ ਤੋਂ ਬਾਅਦ ਕਾਮਲ ਐਡਵਨ ਹਸਪਤਾਲ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ। ਉਸ ਨੂੰ 22 ਮਹੀਨੇ ਦੀ ਇਜ਼ਰਾਇਲੀ ਹਿਰਾਸਤ ਦੌਰਾਨ ਜਿਨਸੀ ਤਸੀਹੇ ਦਿੱਤੇ ਗਏ, ਜਿਸ ਵਿਚ ਅਸ਼ਲੀਲ ਗਾਲ੍ਹਾਂ, ਇਹ ਧਮਕੀਆਂ ਕਿ ਉਸ ਦੀ ਪਤਨੀ ਨੂੰ ਉੱਥੇ ਨਜ਼ਰਬੰਦੀ ਕੈਂਪ ਵਿਚ ਲਿਆ ਕੇ ਉਸਦੇ ਸਾਹਮਣੇ ਬਲਾਤਕਾਰ ਕੀਤਾ ਜਾਵੇਗਾ, ਅਤੇ ਉਸਦੀ ਗੁਦਾ ਵਿਚ ਲੱਕੜ ਦਾ ਡੰਡਾ ਧੱਕਕੇ ਬਲਾਤਕਾਰ ਕੀਤਾ ਜਾਣਾ ਸ਼ਾਮਲ ਹੈ। ਪੀਸੀਐੱਚਆਰ ਦੇ ਖੋਜਕਰਤਾ ਨੂੰ ਦਿੱਤੀ ਆਪਣੀ ਗਵਾਹੀ ਵਿਚ ਉਸ ਨੇ ਬਲਾਤਕਾਰ ਦੀ ਘਟਨਾ ਬਾਰੇ ਦੱਸਿਆ:

"ਇਕ ਸਿਪਾਹੀ ਨੇ ਬਹੁਤ ਹੀ ਹਿੰਸਕ ਢੰਗ ਨਾਲ ਮੇਰੀ ਗੁਦਾ ਵਿਚ ਇਕ ਲੱਕੜ ਦਾ ਡੰਡਾ ਧੱਕਕੇ ਮੇਰੇ ਨਾਲ ਬਲਾਤਕਾਰ ਕੀਤਾ। ਲਗਭਗ ਇਕ ਮਿੰਟ ਬਾਅਦ ਉਸ ਨੇ ਇਸਨੂੰ ਬਾਹਰ ਕੱਢਿਆ ਅਤੇ ਫਿਰ ਹੋਰ ਜ਼ੋਰ ਨਾਲ ਅੰਦਰ ਘੁਸੇੜ ਦਿੱਤਾ, ਜਦੋਂ ਕਿ ਮੈਂ ਜ਼ੋਰ-ਜ਼ੋਰ ਨਾਲ ਚੀਕ ਰਿਹਾ ਸੀ। ਇਕ ਮਿੰਟ ਬਾਅਦ ਉਸ ਨੇ ਡੰਡਾ ਬਾਹਰ ਕੱਢਿਆ ਅਤੇ ਮੈਨੂੰ ਮੂੰਹ ਖੋਲ੍ਹਣ ਲਈ ਮਜਬੂਰ ਕੀਤਾ ਅਤੇ ਡੰਡਾ ਮੇਰੇ ਮੂੰਹ ਵਿਚ ਤੁੰਨ ਦਿੱਤਾ। ਬੇਅੰਤ ਦਰਦ ਕਾਰਨ ਕੁਝ ਮਿੰਟਾਂ ਲਈ ਮੈਂ ਬੇਹੋਸ਼ ਹੋ ਗਿਆ, ਫਿਰ ਇਕ ਔਰਤ ਅਫ਼ਸਰ ਅੰਦਰ ਆਈ ਅਤੇ ਉਸਨੇ ਉਨ੍ਹਾਂ ਨੂੰ ਮੇਰੀ ਕੁੱਟਮਾਰ ਬੰਦ ਕਰਨ ਲਈ ਕਿਹਾ। ਉਸ ਨੇ ਮੇਰੇ ਹੱਥਾਂ ਦੀਆਂ ਰੱਸੀਆਂ ਖੋਲ੍ਹੀਆਂ, ਮੈਨੂੰ ਪਹਿਨਣ ਲਈ ਇਕ ਚਿੱਟਾ ਗਾਊਨ ਅਤੇ ਪੀਣ ਲਈ ਪਾਣੀ ਦਾ ਕੱਪ ਦਿੱਤਾ, ਜੋ ਮੈਂ ਪੀ ਲਿਆ। ਮੈਨੂੰ ਅਹਿਸਾਸ ਹੋਇਆ ਕਿ ਮੇਰੀ ਗੁਦਾ ਤੋਂ ਖ਼ੂਨ ਵਹਿ ਰਿਹਾ ਸੀ ਅਤੇ ਮੈਂ ਟਾਇਲਟ ਜਾਣ ਦੀ ਇਜਾਜ਼ਤ ਮੰਗੀ। ਉਸ ਨੇ ਮੈਨੂੰ ਟਿਸ਼ੂ ਪੇਪਰ ਦਿੱਤੇ ਅਤੇ ਮੈਂ ਉੱਥੇ ਰੱਖੀ ਪਲਾਸਟਿਕ ਦੀ ਟਾਇਲਟ 'ਤੇ ਗਿਆ। ਉਨ੍ਹਾਂ ਨੇ ਮੇਰੀਆਂ ਅੱਖਾਂ ਦੀ ਪੱਟੀ ਲਾਹ ਦਿੱਤੀ; ਜਦੋਂ ਮੈਂ ਗੁਦਾ ਪੂੰਝੀ ਤਾਂ ਉੱਥੇ ਲਹੂ ਸੀ। ਮੈਂ ਸਫ਼ਾਈ ਕਰਕੇ ਬਾਹਰ ਆ ਗਿਆ। ਹੁਣ ਲਹੂ ਵਗਣਾ ਬੰਦ ਹੋ ਗਿਆ ਸੀ, ਮੈਂ ਦੁਬਾਰਾ ਚਿੱਟਾ ਗਾਊਨ ਪਹਿਨ ਲਿਆ। ਜਿਉਂ ਹੀ ਮੈਂ ਬਾਹਰ ਆਇਆ, ਉਨ੍ਹਾਂ ਨੇ ਮੁੜ ਮੇਰੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਅਤੇ ਮੇਰੇ ਹੱਥ ਪਲਾਸਟਿਕ ਦੀਆਂ ਰੱਸੀਆਂ ਨਾਲ ਪਿੱਛੇ ਬੰਨ੍ਹ ਦਿੱਤੇ। ਫਿਰ ਮੈਨੂੰ ਇਕ ਕਮਰੇ ਵਿਚ ਲਿਜਾਇਆ ਗਿਆ, ਜਿੱਥੇ ਮੈਨੂੰ ਹੋਰ ਕਈ ਕੈਦੀਆਂ ਦੇ ਨਾਲ ਲਗਭਗ ਅੱਠ ਘੰਟਿਆਂ ਤੱਕ ਰੱਖਿਆ ਗਿਆ; ਇਸ ਦੌਰਾਨ ਸਿਪਾਹੀ ਵਾਰ-ਵਾਰ ਵਾਪਸ ਆ ਕੇ ਸਾਨੂੰ ਬੇਕਿਰਕੀ ਨਾਲ ਕੁੱਟਦੇ ਰਹੇ ਅਤੇ ਬੇਇਜ਼ਤ ਕਰਦੇ ਰਹੇ।

**18 ਸਾਲਾ ਨੌਜਵਾਨ ਦੀ ਗਵਾਹੀ:** ਪੀਸੀਐੱਚਆਰ ਨੇ ਇਕ 18 ਸਾਲਾ ਨੌਜਵਾਨ ਦੀ ਗਵਾਹੀ ਵੀ ਦਰਜ ਕੀਤੀ, ਜਿਸ ਨੂੰ ਇਸ ਸਾਲ ਗਾਜ਼ਾ ਵਿਚ ਮਨੁੱਖੀ ਮਦਦ ਵੰਡਣ ਵਾਲੇ ਸਥਾਨ ਦੇ ਨੇੜੇ ਦੁਬਾਰਾ ਗ੍ਰਿਫ਼ਤਾਰ ਕੀਤਾ ਗਿਆ। ਉਸ ਨੇ ਦੱਸਿਆ ਕਿ ਉਸ ਨਾਲ ਅਤੇ ਹੋਰ ਕੈਦੀਆਂ ਨਾਲ ਕਿਵੇਂ ਬੋਤਲ ਉਨ੍ਹਾਂ ਦੀ ਗੁਦਾ ਵਿਚ ਧੱਕਦੇ ਬਲਾਤਕਾਰ ਕੀਤਾ ਗਿਆ।

"ਸਿਪਾਹੀਆਂ ਨੇ ਮੈਨੂੰ ਅਤੇ ਹੋਰ ਛੇ ਕੈਦੀਆਂ ਨੂੰ ਗੋਡਿਆਂ ਭਾਰ ਬੈਠਣ ਲਈ ਕਿਹਾ ਅਤੇ ਉਨ੍ਹਾਂ ਨੇ ਬੋਤਲ ਗੁਦਾ ਵਿਚ ਘੁਸੇੜਕੇ, ਅੰਦਰ ਬਾਹਰ ਕਰਦੇ ਹੋਏ ਸਾਡੇ ਨਾਲ ਬਲਾਤਕਾਰ ਕੀਤਾ। ਮੇਰੇ ਨਾਲ ਇਹ ਚਾਰ ਵਾਰ ਹੋਇਆ, ਹਰ ਵਾਰ ਲਗਭਗ ਦੱਸ ਵਾਰ ਬੋਤਲ ਅੰਦਰ-ਬਾਹਰ ਕੀਤੀ ਗਈ। ਮੈਂ ਦਰਦ ਨਾਲ ਚੀਕ ਰਿਹਾ ਸੀ ਅਤੇ ਮੇਰੇ ਨਾਲ ਦੇ ਬੰਦੇ ਵੀ ਚੀਕ ਰਹੇ ਸਨ। ਚਾਰ ਵਾਰ ਵਿੱਚੋਂ ਦੋ ਵਾਰ ਇਹ ਸਿਰਫ਼ ਮੇਰੇ ਨਾਲ ਹੋਇਆ, ਅਤੇ ਦੋ ਵਾਰ ਹੋਰਾਂ ਨਾਲ—ਇਕ ਵਾਰ ਛੇ ਲੋਕਾਂ ਨਾਲ ਅਤੇ ਇਕ ਵਾਰ ਬਾਰਾਂ ਜਣਿਆਂ ਨਾਲ। ਮੈਂ ਦੇਖਿਆ ਕਿ ਉਹ ਬਾਕੀਆਂ ਨਾਲ ਕੀ ਕਰ ਰਹੇ ਸਨ, ਓਦੋਂ ਮੈਂ ਸਮਝ ਗਿਆ ਕਿ ਅਜਿਹਾ ਬੋਤਲ ਨਾਲ ਕੀਤਾ ਜਾ ਰਿਹਾ ਹੈ। ਸਾਡੇ ਪਿੱਛੇ ਇਕ ਕੁੱਤਾ ਵੀ ਸੀ, ਜਿਵੇਂ ਉਹ ਕੁੱਤਾ ਵੀ ਸਾਡੇ ਨਾਲ ਬਲਾਤਕਾਰ ਕਰ ਰਿਹਾ ਹੋਵੇ। ਉਨ੍ਹਾਂ ਨੇ ਸਾਡਾ ਮਾਣ-ਸਨਮਾਨ ਪੂਰੀ ਤਰ੍ਹਾਂ ਕੁਚਲ ਦਿੱਤਾ ਅਤੇ ਸਾਡੀ ਆਤਮਾ ਤੇ ਜ਼ਿੰਦਗੀ ਦੀ ਉਮੀਦ ਤੋੜ ਦਿੱਤੀ। ਮੈਂ ਅੱਗੇ ਪੜ੍ਹਨਾ ਚਾਹੁੰਦਾ ਸੀ; ਹੁਣ ਜੋ ਮੇਰੇ ਨਾਲ ਹੋਇਆ, ਉਸ ਤੋਂ ਬਾਅਦ ਮੈਂ ਪੂਰੀ ਤਰ੍ਹਾਂ ਟੁੱਟ ਗਿਆ ਹਾਂ।

ਮਈ 2025 'ਚ ਪੀਸੀਐੱਚਆਰ ਨੇ 100 ਤੋਂ ਵੱਧ ਰਿਹਾਅ ਹੋਏ ਕੈਦੀਆਂ ਦੀਆਂ ਗਵਾਹੀਆਂ 'ਤੇ ਆਧਾਰਿਤ ਵਿਆਪਕ ਰਿਪੋਰਟ ਜਾਰੀ ਕੀਤੀ ਸੀ। ਉਸ ਰਿਪੋਰਟ ਵਿਚ ਇਜ਼ਰਾਇਲੀ ਜੇਲ੍ਹਾਂ ਅਤੇ ਫ਼ੌਜੀ ਕੈਂਪਾਂ ਦੇ ਅੰਦਰ ਵਿਆਪਕ ਤਸੀਹਿਆਂ, ਹਿਰਾਸਤ ਦੇ ਅਣਮਨੁੱਖੀ ਹਾਲਾਤਾਂ ਅਤੇ ਉੱਥੇ ਇਲਾਜ ਤੋਂ ਇਨਕਾਰ ਦਾ ਵੇਰਵਾ ਦਰਜ ਕੀਤਾ ਗਿਆ ਸੀ। ਰਿਪੋਰਟ ਨੇ ਨਤੀਜਾ ਕੱਢਿਆ ਕਿ ਆਈ.ਓ.ਐੱਫ. (Israeli Occupation Forces), ਖ਼ੁਫੀਆ ਏਜੰਸੀਆਂ ਅਤੇ ਇਜ਼ਰਾਇਲੀ ਜੇਲ੍ਹ ਪ੍ਰਬੰਧ ਦੇ ਸਟਾਫ਼ ਵੱਲੋਂ ਕੀਤਾ ਗਿਆ ਸਲੂਕ ਨਾ ਸਿਰਫ਼ ਅੰਤਰਰਾਸ਼ਟਰੀ ਕਾਨੂੰਨ ਤਹਿਤ ਤਸ਼ੱਦਦ ਦੀਆਂ ਸਾਰੀਆਂ ਸ਼ਰਤਾਂ 'ਤੇ ਪੂਰਾ ਉਤਰਦਾ ਹੈ, ਸਗੋਂ ਕਤਲੇਆਮ ਦੇ ਪੱਧਰ ਤੱਕ ਜਾਂਦਾ ਹੈ, ਖ਼ਾਸ ਤੌਰ 'ਤੇ ਕਤਲੇਆਮ ਦੇ ਹੇਠ ਲਿਖੇ ਕਾਰਿਆਂ ਦੇ ਰੂਪ ਵਿਚ: (1) ਕਿਸੇ ਸਮੂਹ ਦੇ ਮੈਂਬਰਾਂ ਨੂੰ ਗੰਭੀਰ ਸਰੀਰਕ ਜਾਂ ਮਾਨਸਿਕ ਨੁਕਸਾਨ ਪਹੁੰਚਾਉਣਾ; ਅਤੇ (2) ਸਮੂਹ ਉੱਤੇ ਜ਼ਿੰਦਗੀ ਦੇ ਅਜਿਹੇ ਹਾਲਾਤ ਥੋਪਣਾ ਜੋ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ 'ਤੇ ਉਸ ਦੀ ਜਿਸਮਾਨੀ ਤਬਾਹੀ ਸੋਚਕੇ ਬਣਾਏ ਗਏ ਹੋਣ।

ਪੀਸੀਐੱਚਆਰ ਦੇ ਮੁਤਾਬਿਕ, ਨਵੀਆਂ ਗਵਾਹੀਆਂ ਹਿਰਾਸਤ ਵਿਚ ਰੱਖੇ ਗਏ ਫ਼ਲਸਤੀਨੀਆਂ ਦੇ ਖ਼ ?ਲਾਫ਼ ਵਰਤੇ ਜਾ ਰਹੇ ਤਸ਼ੱਦਦ ਅਤੇ ਮਨੋਵਿਗਿਆਨਕ ਯੁੱਧ ਦੇ



"ਜਿਨਸੀ ਪਾਸਾਰ"ਦੇ ਹੋਰ ਸਬੂਤ ਮੁਹੱਈਆ ਕਰਦੀਆਂ ਹਨ।

ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ, ਜਿਨ੍ਹਾਂ ਵਿਚ ਜੈਨੇਵਾ ਕਨਵੈਨਸ਼ਨਜ਼, ਆਈਸੀਸੀ (International Criminal Court) ਦਾ ਰੋਮ ਸਟੈਟਿਊਟ ਅਤੇ ਤਸੀਹਿਆਂ ਵਿਰੁੱਧ ਯੂ.ਐੱਨ. ਦੀ ਕਨਵੈਨਸ਼ਨ ਸ਼ਾਮਲ ਹਨ, ਹਥਿਆਰਬੰਦ ਸੰਘਰਸ਼ ਦੇ ਦੌਰਾਨ ਕੀਤੀ ਗਈ ਜਿਨਸੀ ਹਿੰਸਾ ਅਤੇ ਬਲਾਤਕਾਰ ਨੂੰ ਯੁੱਧ ਜੁਰਮ ਅਤੇ ਮਾਨਵਤਾ ਦੇ ਖ਼ਿਲਾਫ਼ ਜੁਰਮ ਮੰਨਿਆ ਗਿਆ ਹੈ।

ਮਨੁੱਖੀ ਹੱਕਾਂ ਦੀਆਂ ਸੰਸਥਾਵਾਂ, ਜਿਵੇਂ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ, ਪਹਿਲਾਂ ਵੀ ਫ਼ਲਸਤੀਨੀ ਕੈਦੀਆਂ ਨਾਲ ਕੀਤੇ ਜਾ ਰਹੇ ਸਲੂਕ ਬਾਰੇ ਚਿੰਤਾਵਾਂ ਜ਼ਾਹਰ ਕਰ ਚੁੱਕੀਆਂ ਹਨ, ਹਾਲਾਂਕਿ ਇਸ ਪੱਧਰ 'ਤੇ ਯੋਜਨਾਬੱਧ ਜਿਨਸੀ ਹਿੰਸਾ ਦਾ ਦਸਤਾਵੇਜ਼ੀਕਰਨ ਬਹੁਤ ਘੱਟ ਹੋਇਆ ਹੈ।

**ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ:** ਫ਼ਲਸਤੀਨੀ ਕੈਦੀਆਂ ਖ਼ਿਲਾਫ਼ ਇਨ੍ਹਾਂ ਗੰਭੀਰ ਜੁਰਮਾਂ ਦੀ ਰੌਸ਼ਨੀ 'ਚ, ਪੀਸੀਐੱਚਆਰ ਅੰਤਰਰਾਸ਼ਟਰੀ ਭਾਈਚਾਰੇ — ਯੂ.ਐੱਨ. ਦੇ ਜਨਰਲ ਸਕੱਤਰ, ਯੂ.ਐੱਨ. ਦੇ ਸਪੈਸ਼ਲ ਪ੍ਰੋਸੀਜ਼ਰਜ਼ ਅਤੇ ਸਾਰੀਆਂ ਸੰਬੰਧਤ ਮਨੁੱਖੀ ਹੱਕ ਤੇ ਮਾਨਵਤਾਵਾਦੀ ਸੰਸਥਾਵਾਂ — ਨੂੰ ਅਪੀਲ ਕਰਦਾ ਹੈ ਕਿ ਉਹ ਫ਼ਲਸਤੀਨੀ ਕੈਦੀਆਂ ਖ਼ਿਲਾਫ਼ ਤਸ਼ੱਦਦ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਲਾਪਤਾ ਕਰਨ ਦੀ ਯੋਜਨਾਬੱਧ ਨੀਤੀ ਨੂੰ ਖ਼ਤਮ ਕਰਨ ਲਈ ਤੁਰੰਤ ਕਦਮ ਚੁੱਕਣ।

ਪੀਸੀਐੱਚਆਰ ਅੱਗੇ ਚੇਤਾਵਨੀ ਦਿੰਦਾ ਹੈ ਕਿ ਹਜ਼ਾਰਾਂ ਫ਼ਲਸਤੀਨੀ ਕੈਦੀ ਮੌਤ ਦੇ ਨਿਸ਼ਚਿਤ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ, ਕਿਉਂਕਿ 3 ਨਵੰਬਰ 2025 ਨੂੰ ਕਨੈਸੈੱਟ (Knesset) ਦੀ ਨੈਸ਼ਨਲ ਸਕਿਊਰਿਟੀ ਕਮੇਟੀ ਨੇ ਇਕ ਮਸੌਦਾ ਕਾਨੂੰਨ ਨੂੰ ਮਨਜ਼ੂਰੀ ਦਿੱਤੀ ਹੈ ਜੋ ਫ਼ਲਸਤੀਨੀ ਕੈਦੀਆਂ ਨੂੰ ਫਾਂਸੀ ਦੇਣ ਦੀ ਇਜਾਜ਼ਤ ਦਿੰਦਾ ਹੈ — ਪੀਸੀਐੱਚਆਰ ਦੇ ਮੁਤਾਬਿਕ ਉਨ੍ਹਾਂ ਵਿੱਚੋਂ ਕਈਆਂ ਤੋਂ ਤਸ਼ੱਦਦ ਕਰਕੇ ਜ਼ਬਰਦਸਤੀ ਇਕਬਾਲੀਆ ਬਿਆਨ ਲਏ ਗਏ ਹਨ।

ਸੰਸਥਾ ਨੇ ਮੰਗ ਕੀਤੀ ਹੈ ਕਿ ਇਜ਼ਰਾਇਲ 'ਤੇ ਅਜਿਹਾ ਠੋਸ ਦਬਾਅ ਬਣਾਇਆ ਜਾਵੇ ਕਿ ਉਹ ਮਨਮਾਨੇ ਢੰਗ ਨਾਲ ਹਿਰਾਸਤ ਵਿਚ ਰੱਖੇ ਗਏ ਸਾਰੇ ਫ਼ਲਸਤੀਨੀਆਂ ਨੂੰ ਰਿਹਾਅ ਕਰੇ, ਸਾਰੇ ਜਬਰੀ ਲਾਪਤਾ ਕੀਤੇ ਗਏ ਲੋਕਾਂ ਦੀ ਸਥਿਤੀ ਅਤੇ ਥਾਂ ਦਾ ਖ਼ੁਲਾਸਾ ਕਰੇ, ਅਤੇ ਰੈੱਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ ਨੂੰ ਸਾਰੇ ਹਿਰਾਸਤ ਕੇਂਦਰਾਂ ਤੱਕ ਤੁਰੰਤ ਅਤੇ ਬੇਰੋਕ-ਟੋਕ ਪਹੁੰਚ ਦੀ ਇਜਾਜ਼ਤ ਦੇਵੇ।

ਪੀਸੀਐੱਚਆਰ ਨੇ ਕਿਹਾ ਕਿ ਉਹ ਆਈਸੀਸੀ ਅਤੇ ਯੂ.ਐੱਨ. ਦੀਆਂ ਸੰਬੰਧਤ ਵਿਵਸਥਾਵਾਂ ਨੂੰ ਸਬੂਤ ਇਕੱਠੇ ਕਰਕੇ ਦੇਣਾ ਜਾਰੀ ਰੱਖੇਗਾ, "ਤਾਂ ਜੋ ਪੀੜਤਾਂ ਲਈ ਨਿਆਂ ਅਤੇ ਮੁਲਜ਼ਮਾਂ ਲਈ ਜਵਾਬਦੇਹੀ ਅਤੇ ਸਜ਼ਾ ਯਕੀਨੀ ਬਣਾਈ ਜਾ ਸਕੇ।

ਰਿਪੋਰਟ ਨੂੰ ਸਮੇਟਦਿਆਂ ਆਪਣੀ ਅਪੀਲ ਵਿਚ ਪੀਸੀਐੱਚਆਰ ਨੇ ਫ਼ਲਸਤੀਨੀ ਅਥਾਰਟੀ, ਗਾਜ਼ਾ ਦੀਆਂ ਸਿਹਤ ਅਥਾਰਟੀਜ਼ ਅਤੇ ਅੰਤਰਰਾਸ਼ਟਰੀ ਮਾਨਵਤਾਵਾਦੀ ਏਜੰਸੀਆਂ ਨੂੰ ਹਿੰਸਾ ਪੀੜਤਾਂ ਨੂੰ ਤੁਰੰਤ ਮਨੋਵਿਗਿਆਨਕ ਅਤੇ ਇਲਾਜ ਸਹਾਇਤਾ ਮੁਹੱਈਆ ਕਰਾਉਣ ਅਤੇ ਉਨ੍ਹਾਂ ਦੀ ਗੱਲ ਗੁਪਤ ਰੱਖਣ ਅਤੇ ਸੁਰੱਖਿਆ ਦੀ ਲੋੜ 'ਤੇ ਖ਼ਾਸ ਜ਼ੋਰ ਦਿੱਤਾ ਹੈ।

ਬਿਆਨ ਵਿਚ ਕਿਹਾ ਗਿਆ ਹੈ, "ਇਹ ਪੀੜਤ ਅਜਿਹੇ ਸਦਮਿਆਂ 'ਚੋਂ ਗੁਜ਼ਰ ਰਹੇ ਹਨ ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅੰਤਰਰਾਸ਼ਟਰੀ ਭਾਈਚਾਰਾ ਚੁੱਪ ਨਹੀਂ ਰਹਿ ਸਕਦਾ।

ਇਜ਼ਰਾਇਲੀ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਅਜੇ ਤੱਕ ਰਿਪੋਰਟ ਵਿਚ ਲਗਾਏ ਗਏ ਦੋਸ਼ਾਂ ਬਾਰੇ ਕੋਈ ਜਵਾਬ ਨਹੀਂ ਦਿੱਤਾ ਹੈ। ਹਾਲਾਂਕਿ, ਇਜ਼ਰਾਇਲ ਪਹਿਲਾਂ ਵੀ ਗਿਣ-ਮਿੱਥਕੇ ਤਸ਼ੱਦਦ ਢਾਹੁਣ ਦੇ ਦੋਸ਼ਾਂ ਤੋਂ ਮੁੱਕਰਦਾ ਰਿਹਾ ਹੈ ਅਤੇ ਅਕਸਰ ਆਪਣੀ ਉਹੀ ਪੁਰਾਣੀ ਬਚਾਅ ਦੀ ਕਹਾਣੀ ਦੁਹਰਾਉਂਦਾ ਹੈ: ਜੋ ਵੀ ਫ਼ਲਸਤੀਨੀਆਂ ਨਾਲ ਉਸਦੇ ਅਣਮਨੁੱਖੀ ਸਲੂਕ ਦੀ ਆਲੋਚਨਾ ਕਰਦਾ ਹੈ, ਉਸਨੂੰ "ਯਹੂਦੀ-ਵਿਰੋਧੀ"ਕਰਾਰ ਦੇ ਦਿੰਦਾ ਹੈ। ਜਿਉਂ-ਜਿਉਂ ਇਹ ਠੱਪਾ ਆਪਣਾ ਪ੍ਰਭਾਵ ਗੁਆ ਰਿਹਾ ਹੈ ਅਤੇ ਆਲੋਚਕਾਂ ਨੂੰ ਡਰਾਉਣ 'ਚ ਨਾਕਾਮ ਹੋ ਰਿਹਾ ਹੈ, ਇਜ਼ਰਾਇਲ ਆਪਣਾ ਮਨਪਸੰਦ ਦੂਜਾ ਬਚਾਅ ਅਖ਼ਤਿਆਰ ਕਰਦਾ ਹੈ — ਜੋ ਵੀ ਉਸ ਵੱਲੋਂ ਕੀਤੇ ਜਾ ਰਹੇ ਕਤਲੇਆਮ ਅਤੇ ਯੁੱਧ ਜੁਰਮਾਂ ਦਾ ਵਿਰੋਧ ਕਰੇ, ਉਸ ਉੱਤੇ "ਹਮਾਸ ਪੱਖੀ"ਜਾਂ ਘੱਟੋ-ਘੱਟ ਉਸਦੇ ਏਜੰਡੇ ਦਾ ਹਮਾਇਤੀ ਹੋਣ ਦਾ ਦੋਸ਼ ਲਾ ਦਿੱਤਾ ਜਾਂਦਾ ਹੈ।

ਇਜ਼ਰਾਇਲੀ ਹਾਕਮ ਇਸ ਗੱਲੋਂ ਵੱਧ ਫ਼ਿਕਰਮੰਦ ਦਿਸਦੇ ਹਨ ਕਿ ਇਜ਼ਰਾਇਲ ਦੀ ਸਾਖ ਅਤੇ ਫ਼ੌਜ ਦੀ ਕਾਨੂੰਨੀ ਪੁਜੀਸ਼ਨ 'ਤੇ ਕੀ ਅਸਰ ਪਵੇਗਾ, ਬਜਾਏ ਇਸਦੇ ਕਿ ਐਨਾ ਘਿਨਾਉਣਾ ਜੁਰਮ ਕੀਤਾ ਗਿਆ ਹੈ। "ਦੁਨੀਆ ਦੀ ਸਭ ਤੋਂ ਨੈਤਿਕ ਫ਼ੌਜ" ਹੋਣ ਦਾ ਇਜ਼ਰਾਇਲ ਦਾ ਪੁਰਾਣਾ ਦਾਅਵਾ ਇਸ ਮਹੀਨੇ ਪਹਿਲਾਂ ਹੀ ਚਕਨਾਚੂਰ ਹੋ ਗਿਆ।

ਜੁਲਾਈ 2024 ਵਿਚ, ਸਦੇ ਤੇਈਮਾਨ ਹਿਰਾਸਤ ਕੇਂਦਰ ਤੋਂ ਇਕ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ, ਜਦੋਂ ਨਿਗਰਾਨੀ ਕੈਮਰੇ ਦੀ ਫੁਟੇਜ ਵਿਚ ਇਕ ਫ਼ਲਸਤੀਨੀ ਕੈਦੀ ਨਾਲ ਬਲਾਤਕਾਰ ਕਰਦੇ ਇਜ਼ਰਾਇਲੀ ਸਿਪਾਹੀ ਫੜੇ ਗਏ, ਜੋ ਬਾਅਦ ਵਿਚ ਗੰਭੀਰ ਜ਼ਖ਼ਮੀ ਹੋ ਗਿਆ। ਇਸ ਮਹੀਨੇ ਦੇ ਸ਼ੁਰੂ 'ਚ ਇਜ਼ਰਾਇਲੀ ਡਿਫੈਂਸ ਫੋਰਸ ਦੀ ਸਰਵਉੱਚ ਕਾਨੂੰਨੀ ਅਧਿਕਾਰੀ ਯਿਫ਼ਾਤ ਟੋਮਰ-ਯੇਰੂਸ਼ਲਮੀ ਨੂੰ ਇਹ ਕਬੂਲ ਕਰ ਲੈਣ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਕਿ ਉਸੇ ਨੇ ਉਹ ਫੁਟੇਜ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਸੀ। ਅੰਤਰਰਾਸ਼ਟਰੀ ਕਰਿਮੀਨਲ ਕੋਰਟ ਵੱਲੋਂ ਯੁੱਧ ਜੁਰਮਾਂ ਲਈ ਦੋਸ਼ੀ ਠਹਿਰਾਏ ਗਏ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਟਿੱਪਣੀ ਕੀਤੀ ਕਿ ਵੀਡੀਓ ਦਾ ਲੀਕ ਹੋਣਾ — ਨਾ ਕਿ ਇਸ ਦੀ ਸਮੱਗਰੀ — "ਸ਼ਾਇਦ ਇਜ਼ਰਾਇਲ ਦੀ ਸਥਾਪਨਾ ਤੋਂ ਲੈ ਕੇ ਇਸ ਨੂੰ ਦਰਪੇਸ਼ ਸਭ ਤੋਂ ਗੰਭੀਰ ਪਬਲਿਕ ਰਿਲੇਸ਼ਨਜ਼ ਹਮਲਾ ਹੈ।

ਜਦੋਂ 2024 'ਚ ਜੁਰਮ ਕਰਨ ਵਾਲੇ ਉਨ੍ਹਾਂ ਸਿਪਾਹੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਇਜ਼ਰਾਇਲੀ ਸੜਕਾਂ 'ਤੇ ਉਤਰ ਆਏ — ਜੁਰਮ ਦੀ ਨਿਖੇਧੀ ਕਰਨ ਲਈ ਨਹੀਂ ਸਗੋਂ ਉਨ੍ਹਾਂ ਸਿਪਾਹੀਆਂ ਦੀ ਹਮਾਇਤ 'ਚ। ਪ੍ਰਦਰਸ਼ਨਕਾਰੀਆਂ ਵਿਚ ਰਾਜ-ਨੇਤਾ ਵੀ ਸ਼ਾਮਲ ਸਨ, ਜਿਨ੍ਹਾਂ ਵਿਚ ਅੱਤਵਾਦੀ ਵਿੱਤ ਮੰਤਰੀ ਬੇਜ਼ਾਲੇਏਲ ਸਮੋਤਰਿਕ ਵੀ ਸੀ, ਜਿਸ ਨੇ ਐਲਾਨ ਕੀਤਾ ਕਿ ਉਨ੍ਹਾਂ ਸਿਪਾਹੀਆਂ ਨਾਲ "ਨਾਇਕਾਂ ਵਾਲਾ ਸਲੂਕ"ਕੀਤਾ ਜਾਣਾ ਚਾਹੀਦਾ ਹੈ।

ਇਹ ਯੋਜਨਾਬੱਧ ਬਚਾਅ-ਤੰਤਰ ਇਹ ਯਕੀਨੀ ਬਣਾਉਂਦਾ ਹੈ ਕਿ ਫ਼ਲਸਤੀਨੀਆਂ ਉੱਪਰ ਹੋਣ ਵਾਲੇ ਜ਼ੁਲਮਾਂ ਨੂੰ ਕਾਨੂੰਨੀ ਜਾਂ ਨੈਤਿਕ ਨਾਕਾਮੀ ਦੀ ਬਜਾਏ ਮਹਿਜ਼ ਪਬਲਿਕ ਰਿਲੇਸ਼ਨਜ਼ ਸੰਕਟ ਵਜੋਂ ਹੀ ਦੇਖਿਆ ਜਾਵੇ।

# ਸਵੈ-ਮਾਣ ਦੀ ਤਾਕਤ



ਗੋਬਿੰਦਰ ਸਿੰਘ ਢੀਂਡਸਾ
25606600

ਸਵੈ-ਮਾਣ ਦੀ ਮਨੁੱਖੀ ਜੀਵਨ ਵਿੱਚ ਆਪਣੀ ਮਹੱਤਤਾ ਹੈ। ਸਵੈ-ਮਾਣ ਜਾਂ ਆਤਮ ਸਨਮਾਨ, ਇਸ ਸੰਬੰਧੀ ਚੇਤਨਤਾ ਤੁਹਾਡੇ ਸੰਜੋਗ ਹੋਣ ਦੀ, ਤੁਹਾਡੇ ਜ਼ਿੰਦਾ ਹੋਣ ਦੀ ਨਿਸ਼ਾਨੀ ਹੈ। ਆਪਣੀਆਂ ਖ਼ੁਦ ਦੀਆਂ ਨਜ਼ਰਾਂ ਵਿੱਚ ਆਪਣਾ ਸਨਮਾਨ ਕਰਨਾ ਹੀ, ਇਸ ਦੀ ਬੁਨਿਆਦ ਨੂੰ, ਨੀਂਹ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਸਵੈ-ਮਾਣ ਆਪਣੇ ਆਪ ਵਿੱਚ ਵਿਸ਼ਵਾਸ ਅਤੇ ਆਪਣੇ ਆਪ ਨੂੰ ਮਾਣ ਨਾਲ ਪੇਸ਼ ਲਿਆਉਣ ਦੀ ਲੀਹ ਹੈ, ਜੋ ਕਿ ਵਧੇਰੇ ਤੰਦਰੁਸਤੀ ਅਤੇ ਮਜ਼ਬੂਤ ਸਬੰਧਾਂ ਵੱਲ ਲੈ ਜਾਂਦੀ ਹੈ। ਇਸ ਵਿੱਚ ਸੀਮਾਵਾਂ ਨਿਰਧਾਰਤ ਕਰਨਾ, ਨਿੱਜੀ ਕਦਰਾਂ-ਕੀਮਤਾਂ ਪ੍ਰਤੀ ਸੱਚਾ ਰਹਿਣਾ ਅਤੇ ਨਿੱਜੀ ਖ਼ੁਦਮੁਖਤਿਆਰੀ ਅਤੇ ਵਿਸ਼ਵਾਸ ਦੀ ਭਾਵਨਾ ਵਿਕਸਤ ਕਰਨਾ ਸ਼ਾਮਲ ਹੈ। ਤੁਹਾਡਾ ਸਵੈ-ਮੁੱਲ ਕਿਸੇ ਹੋਰ ਦੀ ਪ੍ਰਵਾਨਗੀ 'ਤੇ ਨਿਰਭਰ ਨਹੀਂ ਕਰਦਾ।



ਸਤਿਕਾਰ ਉਹ ਚੀਜ਼ ਹੈ ਜੋ ਤੁਸੀਂ ਆਪਣੇ ਆਪ ਨੂੰ ਦਿੰਦੇ ਹੋ, ਕੋਈ ਵੀ ਇਸਨੂੰ ਖੋਹ ਨਹੀਂ ਸਕਦਾ। ਹਮੇਸ਼ਾ ਆਪਣੀ ਇੱਜ਼ਤ ਬਣਾਈ ਰੱਖੋ, ਭਾਵੇਂ ਕੋਈ ਵੀ ਸਥਿਤੀ ਹੋਵੇ। ਸੱਚਾ ਸਤਿਕਾਰ ਆਪਣੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਨਾਲ ਆਉਂਦਾ ਹੈ। ਜਦੋਂ ਅਸੀਂ ਆਪਣੇ ਬਾਰੇ ਚੰਗਾ ਸੋਚਦੇ ਹਾਂ, ਸਕਾਰਾਤਮਕ ਸੋਚ ਰੱਖਦੇ ਹਾਂ ਅਤੇ ਹਮੇਸ਼ਾ ਆਤਮਾ ਦੀ ਆਵਾਜ਼ ਸੁਣ ਕੇ ਨੇਕ ਭਲੇ ਕਰਮ ਕਰਦੇ ਹਾਂ ਤਾਂ ਇਸ ਨਾਲ ਸਾਡੇ ਅੰਦਰ ਆਤਮ ਸੰਤੁਸ਼ਟੀ ਅਤੇ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ, ਖ਼ੁਦ ਲਈ ਸਤਿਕਾਰ ਪੈਦਾ ਹੁੰਦਾ ਹੈ। ਆਪਣੇ ਆਪ ਬਾਰੇ ਉੱਤਮ ਅਤੇ ਚੰਗੀ ਸੋਚ ਰੱਖਣ ਨਾਲ ਆਤਮ ਸਨਮਾਨ ਦੀ ਪ੍ਰਾਪਤੀ ਹੁੰਦੀ ਹੈ। ਸਾਡੇ ਆਪਣੇ ਲੁਕਵੇਂ ਆਪੇ (ਸ਼ਖ਼ਸੀਅਤ) ਅਤੇ ਵਾਸਤਵਿਕ ਆਪੇ ਬਾਰੇ ਵਿਚਾਰਾਂ ਵਿੱਚ ਮੇਲ ਨਾਲ ਸਾਡਾ ਆਤਮ ਸਨਮਾਨ ਬਣਦਾ ਹੈ, ਜੋ ਕਿ ਸਾਡੀਆਂ ਆਪੇ ਬਾਰੇ ਭਾਵਨਾਵਾਂ ਦੇ ਸਕਾਰਾਤਮਕ ਜਾਂ ਨਕਾਰਾਤਮਕ ਹੋਣ ਉੱਤੇ ਨਿਰਭਰ ਕਰਦਾ ਹੈ। ਸਾਡਾ ਸ਼ੀਸ਼ੇ ਵਿੱਚੋਂ ਵੇਖਿਆ ਆਪਾ ਵੀ ਸਾਡੇ ਆਤਮ ਸਨਮਾਨ ਨੂੰ ਪ੍ਰਭਾਵਿਤ ਕਰਦਾ ਹੈ।

ਗੁੱਸਾ ਬਹੁਤ ਚਲਾਕ ਹੁੰਦਾ ਹੈ ਕਿ ਉਹ ਜ਼ਿਆਦਾਤਰ ਆਪਣੇ ਤੋਂ ਕਮਜ਼ੋਰ ਤੇ ਨਿਕਲਦਾ ਹੈ, ਓਦਾਂ ਹੀ ਹੰਕਾਰ (ਈਗੋ) ਅਤੇ ਸਵੈ-ਮਾਣ (ਸੈਲਫ਼ ਰਿਸਪੈਕਟ) ਵਿੱਚ ਵੀ ਬਹੁਤ ਬਾਰੀਕ ਰੇਖਾ ਜਿੰਨਾ ਹੀ ਅੰਤਰ ਹੁੰਦਾ ਹੈ। ਜੇਕਰ ਤੁਸੀਂ ਆਪਣੇ ਤੋਂ ਕਮਜ਼ੋਰ ਅੱਗੇ ਆਤਮ ਸਨਮਾਨ ਦੀ ਮੰਗ ਕਰਦੇ ਹੋ ਤਾਂ ਉਹ ਆਤਮ ਸਨਮਾਨ ਨਾ ਹੋ ਕੇ ਹੰਕਾਰ ਦਾ ਰੂਪ ਧਾਰ ਜਾਂਦਾ ਹੈ ਅਤੇ ਅਸਲ ਵਿੱਚ ਇਹ ਆਪਣੇ ਤੋਂ ਤਾਕਤਵਰ ਸਾਹਮਣੇ ਹੀ ਸਹੀ ਰੂਪ ਵਿੱਚ ਪੇਸ਼ ਆਉਂਦਾ ਹੈ, ਉੱਥੇ ਇੱਕ ਸਵੈ-ਮਾਣੀ ਇਨਸਾਨ ਦੀਆਂ ਲੱਤਾਂ ਹੀ ਇਹ ਭਾਰ ਚੁੱਕ ਸਕਦੀਆਂ ਹਨ। ਇਤਿਹਾਸ ਉਨ੍ਹਾਂ 'ਤੇ ਹੱਸਦਾ ਹੈ ਜੋ ਆਪਣੇ ਆਪ ਦਾ ਸਤਿਕਾਰ ਗੁਆ ਦਿੰਦੇ ਹਨ।

ਤੁਹਾਡਾ ਸਵੈ-ਮਾਣ ਸਭ ਤੋਂ ਮਹੱਤਵਪੂਰਨ ਚੀਜ਼ ਹੈ, ਇਹ ਦੂਜਿਆਂ ਦੀ ਖ਼ੁਸ਼ੀ ਤੋਂ ਪਹਿਲਾਂ ਆਉਂਦੀ ਹੈ। ਆਪਣੇ ਆਪ ਦੀ ਕਦਰ ਕਰਨ ਵਾਲਾ ਵਿਅਕਤੀ ਕਦੇ ਵੀ ਦਬਾਅ ਅੱਗੇ ਨਹੀਂ ਝੁਕਦਾ। ਸਵੈ-ਮਾਣ ਦੀ ਘਾਟ, ਘੱਟ ਸਵੈ-ਮਾਣ ਦਾ ਕਾਰਨ ਬਣ ਸਕਦੀ ਹੈ ਅਤੇ ਮਾਨਸਿਕ ਸਿਹਤ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ, ਜਦੋਂ ਕਿ ਇਹ ਸਵੈ-ਸੰਭਾਲ ਦਾ ਇੱਕ ਰੂਪ ਹੈ, ਇਹ ਮਾਨਸਿਕ ਸਿਹਤ ਨੂੰ ਵਧਾਉਂਦਾ ਹੈ ਅਤੇ ਦੂਜਿਆਂ ਨਾਲ ਨੁਕਸਾਨਦੇਹ ਤੁਲਨਾਵਾਂ ਨੂੰ ਰੋਕਦਾ ਹੈ। ਸਵੈ-ਮਾਣ ਇੱਕ ਅੰਦਰੂਨੀ ਮਾਰਗਦਰਸ਼ਕ ਵਜੋਂ ਕੰਮ ਕਰਦਾ ਹੈ, ਤੁਹਾਨੂੰ ਆਪਣੇ ਵਿਸ਼ਵਾਸਾਂ 'ਤੇ ਕਾਇਮ ਰਹਿਣ ਦਾ ਵਿਸ਼ਵਾਸ ਦਿੰਦਾ ਹੈ ਅਤੇ ਆਲੋਚਨਾ ਦਾ ਸਾਹਮਣਾ ਕਰਦੇ ਸਮੇਂ ਵੀ ਅੰਦਰੂਨੀ ਸ਼ਾਂਤੀ ਦੀ ਭਾਵਨਾ ਪ੍ਰਦਾਨ ਕਰਦਾ ਹੈ।

ਵਿਸ਼ਵਾਸ ਅਤੇ ਸਵੈ-ਵਿਸ਼ਵਾਸ ਨੂੰ ਵਧਾ ਕੇ, ਸਵੈ-ਮਾਣ ਤੁਹਾਨੂੰ ਜ਼ਿੰਦਗੀ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨ ਅਤੇ ਗਤੀ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ। ਸਵੈ-ਮਾਣ ਤੁਹਾਡੇ ਆਪਣੇ ਸਿਧਾਂਤਾਂ ਅਤੇ ਕਦਰਾਂ-ਕੀਮਤਾਂ 'ਤੇ ਅਧਾਰਤ ਹੈ, ਨਾ ਕਿ ਬਾਹਰੀ ਪ੍ਰਮਾਣਿਕਤਾ 'ਤੇ ਜਿਵੇਂ ਦੂਸਰੇ ਤੁਹਾਨੂੰ ਜਾਂ ਤੁਹਾਡੀਆਂ ਪ੍ਰਾਪਤੀਆਂ ਨੂੰ ਸਮਝਦੇ ਹਨ। ਸਵੈ-ਮਾਣ ਖ਼ੁਦਮੁਖਤਿਆਰੀ, ਆਜ਼ਾਦੀ ਅਤੇ ਸਵੈ-ਨਿਯੰਤਰਣ ਨੂੰ ਉਤਸ਼ਾਹਿਤ ਕਰਦਾ ਹੈ, ਤੁਹਾਨੂੰ ਅਜਿਹੇ ਫੈਸਲੇ ਲੈਣ ਵਿੱਚ ਮਦਦ ਕਰਦਾ ਹੈ ਜੋ ਤੁਹਾਡੇ ਨਾਲ ਮੇਲ ਖਾਂਦੇ ਹਨ, ਭਾਵੇਂ ਚੁਣੌਤੀਆਂ ਜਾਂ ਵੱਖੋ-ਵੱਖਰੇ ਵਿਚਾਰਾਂ ਦਾ ਸਾਹਮਣਾ ਕਰਨਾ ਪਵੇ।

ਸਵੈ-ਮਾਣ ਮਜ਼ਬੂਤ ਰਿਸ਼ਤੇ ਬਣਾਉਂਦਾ ਹੈ। ਜੋ ਲੋਕ ਆਪਣੇ ਆਪ ਦਾ ਸਤਿਕਾਰ ਕਰਦੇ ਹਨ ਉਹ ਅਕਸਰ ਵਧੇਰੇ ਭਰੋਸੇਮੰਦ ਹੁੰਦੇ ਹਨ ਅਤੇ ਸਿਹਤਮੰਦ ਸੀਮਾਵਾਂ ਨਿਰਧਾਰਤ ਕਰਨ ਦੇ ਬਿਹਤਰ ਯੋਗ ਹੁੰਦੇ ਹਨ, ਜਿਸ ਨਾਲ ਉਨ੍ਹਾਂ ਨੂੰ ਦੂਜਿਆਂ ਤੋਂ ਸਤਿਕਾਰ ਮਿਲ ਸਕਦਾ ਹੈ।ਤੁਹਾਡਾ ਸਵੈ-ਮੁੱਲ ਹੀ ਤੁਹਾਨੂੰ ਦੂਜਿਆਂ ਤੋਂ ਵੱਖਰਾ ਬਣਾਉਂਦਾ ਹੈ।

ਤੁਹਾਡੀ ਸੋਚ ਹੀ ਤੁਹਾਡੀ ਅਸਲ ਸ਼ਕਤੀ ਹੈ। ਅੰਦਰ ਦੀ ਸ਼ਕਤੀ ਨੂੰ ਪਛਾਣੋ, ਇਹ ਤੁਹਾਨੂੰ ਨਿਡਰ ਬਣਾਉਂਦੀ ਹੈ। ਹਰ ਇਨਸਾਨ ਨੂੰ ਕੁਝ ਨਾ ਕੁਝ ਸੀਮਾਵਾਂ ਨਿਰਧਾਰਤ ਕਰਨੀਆਂ ਚਾਹੀਦੀਆਂ ਹਨ। ਉਹਨਾਂ ਬੇਨਤੀਆਂ ਨੂੰ ਨਾਂਹ ਕਹਿਣਾ ਸਿੱਖੋ ਜੋ ਤੁਹਾਡੀ ਭਲਾਈ ਨਾਲ ਸਮਝੌਤਾ ਕਰਦੀਆਂ ਹਨ ਜਾਂ ਜਿਨ੍ਹਾਂ ਦਾ ਦੂਜਿਆਂ ਦੁਆਰਾ ਲਗਾਤਾਰ ਫਾਇਦਾ ਉਠਾਇਆ ਜਾਂਦਾ ਹੈ। ਸਵੈ-ਹਮਦਰਦੀ ਦਾ ਅਭਿਆਸ ਕਰੋ।ਆਪਣੀਆਂ ਕਮੀਆਂ ਨੂੰ ਸਵੀਕਾਰ ਕਰੋ, ਕਿਉਂਕਿ ਗਲਤੀਆਂ ਕਰਨ ਨਾਲ ਤੁਸੀਂ ਸਤਿਕਾਰ ਦੇ ਯੋਗ ਨਹੀਂ ਹੋ ਜਾਂਦੇ।

ਆਪਣੀ ਕੀਮਤ ਸਮਝੋ, ਤਾਂ ਹੀ ਦੂਸਰੇ ਵੀ ਤੁਹਾਡੀ ਕੀਮਤ ਜਾਣ ਸਕਣਗੇ। ਆਪਣੀਆਂ ਕਦਰਾਂ-ਕੀਮਤਾਂ ਅਨੁਸਾਰ ਜੀਓ। ਕਹਿਣੀ ਅਤੇ ਕਥਨੀ ਦੇ ਪੂਰੇ ਹੋਣਾ ਵੀ ਇੱਕ ਸਵੈ-ਮਾਣੀ ਇਨਸਾਨੀ ਦੀ ਪ੍ਰਮੁੱਖ ਨਿਸ਼ਾਨੀ ਹੈ। ਅਜਿਹੇ ਫੈਸਲੇ ਲਓ ਜੋ ਤੁਹਾਡੇ ਵਿਸ਼ਵਾਸਾਂ ਦੇ ਅਨੁਸਾਰ ਹੋਣ ਤਾਂ ਜੋ ਵਧੇਰੇ ਸੰਤੁਸ਼ਟ ਅਤੇ ਆਤਮਵਿਸ਼ਵਾਸੀ ਮਹਿਸੂਸ ਹੋ ਸਕੇ। ਆਪਣੇ ਆਪ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰੋ ਪਰ ਪ੍ਰਵਾਨਗੀ ਪ੍ਰਾਪਤ ਕਰਨ ਲਈ ਆਪਣੀ ਪਛਾਣ ਬਦਲਣ ਤੋਂ ਬਚੋ। ਆਪਣੇ ਚਰਿੱਤਰ, ਹੁਨਰ ਅਤੇ ਯੋਗਤਾਵਾਂ 'ਤੇ ਧਿਆਨ ਕੇਂਦਰਿਤ ਕਰੋ।

ਸਵੈ-ਮਾਣ ਦੀ ਤਾਕਤ ਨੂੰ ਪਛਾਣਨਾ ਚਾਹੀਦਾ ਹੈ ਅਤੇ ਆਪਣੇ ਸਵੈ-ਮਾਣ ਨਾਲ ਸਮਝੌਤੇ ਕਰਨ ਤੋਂ ਬਚਣਾ ਚਾਹੀਦਾ ਹੈ। ਸਵੈ-ਮਾਣ ਨਾਲ ਕੀਤਾ ਸਮਝੌਤਾ ਅਕਸਰ ਆਤਮਿਕ ਅਤੇ ਮਾਨਸਿਕ ਪੀੜਾ ਦਾ ਕਾਰਨ ਬਣਦਾ ਹੈ। ਸਵੈ-ਮਾਣ ਤੁਹਾਨੂੰ ਆਪਣੀ ਜ਼ਿੰਦਗੀ ਅਤੇ ਪ੍ਰਾਪਤੀਆਂ ਦੀ ਤੁਲਨਾ ਦੂਜੇ ਲੋਕਾਂ ਨਾਲ ਕਰਨ ਤੋਂ ਰੋਕਣ ਵਿੱਚ ਮਦਦ ਕਰਦਾ ਹੈ, ਖਾਸ ਕਰਕੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ। ਜੇ ਤੁਸੀਂ ਆਪਣਾ ਸਤਿਕਾਰ ਨਹੀਂ ਕਰ ਸਕਦੇ, ਤਾਂ ਕੋਈ ਹੋਰ ਕਿਵੇਂ ਕਰ ਸਕਦਾ ਹੈ? ਤੁਹਾਨੂੰ ਆਪਣੀ ਕਦਰ ਕਰਨੀ ਚਾਹੀਦੀ ਹੈ ਭਾਵੇਂ ਕੋਈ ਹੋਰ ਨਾ ਕਰੇ।

# ਪੰਜਾਬੀ ਕਲਮਾਂ ਅਤੇ ਕਲਾ ਮੰਚ ਚਿਲਾਵੈਕ ਵਲੋਂ ਢਾਹਾਂ ਇਨਾਮ ਜੇਤੂਆਂ ਭਗਵੰਤ ਰਸੂਲਪੁਰੀ ਤੇ ਮੁਦੱਸਰ ਬਸ਼ੀਰ ਦਾ ਸਨਮਾਨ

ਚਿਲਾਵੈਕ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਬੀਤੇ ਦਿਨ ਪੰਜਾਬੀ ਕਲਮਾਂ ਅਤੇ ਕਲਾ ਮੰਚ ਚਿੱਲਾਵੈਕ ਵੱਲੋਂ ਵਲੋਂ ਢਾਹਾਂ ਇਨਾਮ ਜੇਤੂਆਂ ਭਗਵੰਤ ਰਸੂਲਪੁਰੀ ਤੇ ਮੁਦੱਸਰ ਬਸ਼ੀਰ ਦਾ ਸਨਮਾਨ ਕੀਤਾ ਗਿਆ।



ਇਸ ਮੌਕੇ ਮਰਹੂਮ ਲੇਖਿਕਾ ਇੰਦਰਜੀਤ ਸਿੱਧੂ ਨੂੰ ਭਾਵਭਿੰਨੀ ਸ਼ਰਧਾਂਜਲੀ ਦਿੱਤੀ ਗਈ। ਉਨ੍ਹਾਂ ਦੀ ਜੀਵਨੀ ਅਤੇ ਲਿਖਤਾਂ ਬਾਰੇ ਭਰਪੂਰ ਗੱਲਬਾਤ ਹੋਈ। ਪਰਿਵਾਰਿਕ ਮੈਂਬਰਾਂ ਤੋਂ ਇਲਾਵਾ ਦੂਰੋਂ ਦੂਰੋਂ ਆਏ ਲੇਖਕਾਂ ਅਤੇ ਪਾਠਕਾਂ ਨੇ ਹਿੱਸਾ ਲਿਆ। ਗ਼ਮਗੀਨ ਮਾਹੌਲ ਵਿੱਚ ਵਾਰ ਵਾਰ ਉਹਨਾਂ ਦੇ ਪਰਿਵਾਰ ਅਤੇ ਸਨੇਹੀਆਂ ਦੀਆਂ ਅੱਖਾਂ ਵੈਰਾਗ ਨਾਲ ਨਮ ਹੋਈਆਂ। ਅੰਕੇਸ਼ਵਰ ਸਿੰਘ ਨੇ ਗੁਰਬਾਣੀ ਦੇ ਸ਼ਬਦ ਨਾਲ ਪ੍ਰੋਗਰਾਮ ਦਾ ਆਗਾਜ਼ ਕੀਤਾ। ਹਰ ਇੱਕ ਨੇ ਇੰਦਰਜੀਤ ਸਿੱਧੂ ਨਾਲ ਬਿਤਾਏ ਵਕਤ, ਉਹਨਾਂ ਦੀਆਂ ਲਿਖਤਾਂ, ਸਾਹਿਤ ਨੂੰ ਦੇਣ ਅਤੇ ਨਿੱਜੀ ਸਾਂਝ ਬਾਰੇ ਗੱਲਬਾਤ ਕੀਤੀ।

ਜੈਸਮੀਨ ਚਹਿਲ ਨੇ ਇੱਕ ਗੀਤ ਸੁਣਾ ਕੇ ਮਾਹੌਲ ਸੁਖਾਵਾਂ ਕੀਤਾ।

ਦੂਜੇ ਸੈਸ਼ਨ 'ਚ ਇਸ ਸਾਲ ਦੇ ਢਾਹਾਂ ਇਨਾਮ ਜੇਤੂ ਕਹਾਣੀਕਾਰ ਭਗਵੰਤ ਰਸੂਲਪੁਰੀ ਅਤੇ ਲਾਹੌਰ ਤੋਂ ਆਏ ਨਾਵਲਕਾਰ ਮੁਦੱਸਰ ਬਸ਼ੀਰ ਨੂੰ ਮੁਬਾਰਕਾਂ ਦੇਣ ਦਾ ਦੌਰ ਚਲਿਆ। ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਭਾਰਤ ਤੋਂ ਆਏ ਬੁੱਧੀਜੀਵੀ ਡਾ. ਸਰਬਜੀਤ ਕੌਰ ਸੋਹਲ, ਡਾ. ਰਾਜਿੰਦਰਪਾਲ ਬਰਾੜ, ਡਾ. ਚਰਨਜੀਤ ਕੌਰ ਬਰਾੜ ਨੇ ਮੁੱਖ ਮਹਿਮਾਨਾਂ ਦੀ ਭੂਮਿਕਾ ਨਿਭਾਈ।

ਮੰਚ ਵੱਲੋਂ ਜੇਤੂਆਂ ਅਤੇ ਮੁੱਖ ਮਹਿਮਾਨਾਂ ਨੂੰ ਯਾਦਗਾਰੀ ਸਨਮਾਨ ਚਿੰਨ ਭੇਟ ਕੀਤੇ ਗਏ। ਜੇਤੂਆਂ ਤੋਂ ਲਿਖਣ ਪ੍ਰੀਕਿਰਿਆ ਬਾਰੇ ਵਿਚਾਰ ਸੁਣੇ. ਰਸੂਲਪੁਰੀ ਨੇ ਕਿਹਾ ਕਿ 'ਡਲਿਵਰੀ ਮੈਨ' ਨੂੰ ਢਾਹਾਂ ਐਵਾਰਡ ਮਿਲਣ ਉਪਰੰਤ ਕਿਤਾਬ ਨੂੰ ਬਹੁਤ ਵੱਡਾ ਪਾਠਕ ਵਰਗ ਮਿਲਿਆ। ਬਸ਼ੀਰ ਨੇ ਕਿਹਾ ਕਿ 'ਗੋਇਲ' ਨਾਵਲ ਨੂੰ ਢਾਹਾਂ ਇਨਾਮ ਮਿਲਣਾ ਮੇਰੇ ਲਈ ਖ਼ੁਸ਼ੀ ਤੇ ਮਾਣ ਵਾਲੀ ਗੱਲ ਏ। ਉਪਰੰਤ ਵਿਸ਼ੇਸ਼ ਮਹਿਮਾਨਾਂ ਦੀ ਵੀ ਸਾਹਿਤ ਪ੍ਰਤੀ ਦੇਣ ਬਾਰੇ ਭਰਵੀਂ ਗੱਲ ਹੋਈ। ਹਰਕਰੀਤ ਚਾਹਲ ਦਾ ਨਵਾਂ ਨਾਵਲ "ਸੁੱਖਾਂ ਲੱਧੀ ਪੌਣ" ਨੂੰ ਰਿਲੀਜ਼ ਕੀਤਾ ਗਿਆ ਜਿਸ ਬਾਰੇ ਡਾ ਪੁਸ਼ਵਿੰਦਰ ਖੋਖਰ ਨੇ ਪਰਚਾ ਪੜ੍ਹਿਆ। ਪ੍ਰੀਤਪਾਲ ਪੂਨੀ ਨੇ ਨਾਵਲ ਦੀਆਂ ਕੁੱਝ ਪਰਤਾਂ ਨੂੰ ਬਾਖ਼ੂਬੀ ਫਰੋਲਿਆ।

ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਇੰਦਰਜੀਤ ਸਿੱਧੂ ਜੀ ਧੀ ਅਨਵੀਨ ਸਿੱਧੂ, ਹਿਨਾ, ਉਹਨਾਂ ਦੇ ਪੇਕੇ ਪਰਿਵਾਰ ਤੋਂ ਭਰਾ ਭਰਜਾਈ ਤੋਂ ਇਲਾਵਾ ਡਾ ਸਰਬਜੀਤ ਸੋਹਲ, ਡਾ ਰਜਿੰਦਰਪਾਲ ਬਰਾੜ, ਡਾ. ਚਰਨਜੀਤ ਕੌਰ ਬਰਾੜ, ਪ੍ਰਿੰਸੀਪਲ ਸੁਰਿੰਦਰ ਬਰਾੜ, ਮੀਰਾ ਗਿੱਲ, ਇਕਬਾਲ ਸਹੋਤਾ, ਡਾ ਪੁਸ਼ਵਿੰਦਰ ਖੋਖਰ, ਕਵਿੰਦਰ ਚਾਂਦ, ਅਮਰੀਕ ਪਲਾਹੀ, ਇੰਦਰਜੀਤ ਧਾਮੀ, ਬਲਦੇਵ ਬਾਠ, ਮਿਸਿਜ਼ ਬਾਠ, ਨਿਰਮਲ ਗਿੱਲ, ਪ੍ਰਿਤਪਾਲ ਪੂਨੀ , ਬਿੰਦੂ ਮਠਾੜੂ, ਜਸਬੀਰ ਮਾਨ, ਸਤਵੰਤ ਪੰਧੇਰ, ਨਗਿੰਦਰ ਢਿੱਲੋਂ, ਮੀਨੂ ਬਾਵਾ, ਹਰੀ ਸਿੰਘ ਤਾਤਲਾ, ਗੋਬਿੰਦਰ ਪੰਧੇਰ, ਰਿਸ਼ੀ, ਸੁਰਜੀਤ ਪਰਮਾਰ, ਹਰਕੀਰਤ ਚਹਿਲ, ਕੁਲਦੀਪ ਚਹਿਲ, ਜੈਸਮੀਨ ਚਹਿਲ, ਅੰਕੇਸ਼ਵਰ ਸਿੰਘ, ਨਿਵੇਦਿਤਾ ਸ਼ਰਮਾ, ਬਲਜਿੰਦਰ ਕੌਰ, ਹਸਨਦੀਪ ਅਤੇ ਬਹੁਤ ਹੋਰ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ। ਹਰਕੀਰਤ ਚਹਿਲ ਨੇ ਮੰਚ ਦੀ ਭੂਮਿਕਾ ਬਾਖ਼ੂਬੀ ਨਿਭਾਈ। ਤਕਰੀਬਨ ਚਾਰ ਘੰਟੇ ਚੱਲੇ ਇਸ ਸਫਲ ਸਾਹਿਤਕ ਪ੍ਰੋਗਰਾਮ ਨੇ ਅਮਿੱਟ ਪੈੜਾਂ ਛੱਡੀਆਂ।

# ਟਰੰਪ ਦੇ ਫਾਸ਼ੀਵਾਦੀ ਦੌਰ ਵਿੱਚ ਜ਼ੋਹਰਾਨ ਮਮਦਾਨੀ ਦੀ ਜਿੱਤ

*[ਡੈਮੋਕਰੇਟ ਸੋਸ਼ਲਿਸਟ ਜ਼ੋਹਰਾਨ ਮਮਦਾਨੀ ਦਾ ਨਿਊਯਾਰਕ ਸਿਟੀ ਦਾ ਮੇਅਰ ਬਣਨਾ ਵੱਡੇ ਮਹੱਤਵ ਵਾਲੀ ਘਟਨਾ ਹੈ। ਇਸ ਜਿੱਤ ਦੇ ਅਮਰੀਕਾ ਦੇ ਲੋਕਾਂ ਅਤੇ ਦੁਨੀਆ ਦੇ ਲੋਕਾਂ ਲਈ ਕੀ ਮਾਇਨੇ ਹਨ? ਕੀ ਮਮਦਾਨੀ ਦੀ ਜਿੱਤ ਡੈਮੋਕਰੇਟ ਕੈਂਪ ਵਿਚ ਟਰੰਪ ਵਿਰੁੱਧ ਜੂਝਣ ਲਈ ਨਵਾਂ ਜੋਸ਼ ਅਤੇ ਉਤਸ਼ਾਹ ਭਰ ਸਕੇਗੀ? ਡੈਮੋਕਰੇਟ ਸਿਆਸਤ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਕੀ ਹਨ। ਇਨ੍ਹਾਂ ਕੁਝ ਸਵਾਲਾਂ ਦੀ ਚਰਚਾ ਇਸ ਟਿੱਪਣੀ ਵਿਚ ਕੀਤੀ ਗਈ ਹੈ। -ਸੰਪਾਦਕ]*

**-ਬੂਟਾ ਸਿੰਘ ਮਹਿਮੂਦਪੁਰ**

ਪਿਛਲੇ ਦਿਨੀਂ ਡੈਮੋਕਰੇਟ ਸੋਸ਼ਲਿਸਟ ਜ਼ੋਹਰਾਨ ਮਮਦਾਨੀ ਨੇ ਸਾਬਕਾ ਗਵਰਨਰ ਐਂਡਰਿਊ ਕੂਓਮੋ ਅਤੇ ਰਿਪਬਲਿਕਨ ਕਰਟਿਸ ਸਲੀਵਾ ਨੂੰ ਹਰਾਕੇ 'ਆਲਮੀ ਵਿਤੀ ਸਰਮਾਏ ਦੀ ਰਾਜਧਾਨੀ' ਨਿਊ ਯਾਰਕ ਸਿਟੀ ਦਾ ਸਭ ਤੋਂ ਛੋਟੀ ਉਮਰ ਦਾ ਮੇਅਰ ਬਣਨ ਦਾ ਰਿਕਾਰਡ ਬਣਾਇਆ ਹੈ। ਮਮਦਾਨੀ ਮੁਸਲਮਾਨ ਹੈ ਜਿਸਨੇ ਯੂਗਾਂਡਾ ਵਿਚ ਭਾਰਤੀ ਮਾਪਿਆਂ ਦੇ ਘਰ ਜਨਮ ਲਿਆ। 34 ਸਾਲਾ ਮਮਦਾਨੀ ਸ਼ਹਿਰ ਦਾ ਪਹਿਲਾ ਮੁਸਲਮਾਨ ਅਤੇ ਦੱਖਣੀ ਏਸ਼ੀਆਈ ਮੂਲ ਦਾ ਪਹਿਲਾ ਮੇਅਰ ਹੈ। ਮਮਦਾਨੀ ਨੂੰ 50.6% ਵੋਟਾਂ ਮਿਲੀਆਂ, ਜਦਕਿ ਕੂਓਮੋ ਨੂੰ 41.2% ਵੋਟਾਂ ਮਿਲੀਆਂ। ਕੋਵਿਡ ਮਹਾਮਾਰੀ ਦੌਰਾਨ ਘੁਟਾਲਿਆਂ ਅਤੇ ਔਰਤਾਂ ਨਾਲ ਜਿਨਸੀ ਛੇੜਛਾੜ ਦੇ ਦੋਸ਼ਾਂ ਨਾਲ ਦਾਗ਼ੀ ਕੂਓਮੋ ਟਰੰਪ ਅਤੇ ਕਾਰਪੋਰੇਟ ਸਰਮਾਏਦਾਰੀ ਦਾ ਚਹੇਤਾ ਉਮੀਦਵਾਰ ਸੀ। ਫਿਰ ਵੀ, ਆਮ ਲੋਕਾਂ ਲਈ ਕਿਫ਼ਾਇਤੀ ਸਹੂਲਤਾਂ ਅਤੇ ਮਜ਼ਦੂਰ ਵਰਗ ਦੇ ਮੁੱਦਿਆਂ 'ਤੇ ਕੇਂਦਰਿਤ ਮਮਦਾਨੀ ਦੀ ਮੁਹਿੰਮ ਵੋਟਰਾਂ ਦਾ ਧਿਆਨ ਖਿੱਚਣ 'ਚ ਸਫ਼ਲ ਰਹੀ। ਉਸਨੂੰ ਵਿਰੋਧੀਆਂ ਦੇ ਘੋਰ ਨਸਲਵਾਦੀ ਅਤੇ ਇਸਲਾਮ ਨੂੰ ਹਊਆ ਬਣਾ ਕੇ ਪੇਸ਼ ਕਰਨ ਦੇ ਜ਼ਹਿਰੀਲੇ ਹਮਲੇ ਝੱਲਣੇ ਪਏ ਪਰ ਆਖਿਰਕਾਰ ਉਹ ਜਨ-ਸੰਖਿਆ ਦੀਆਂ ਵੰਡਾਂ ਤੋਂ ਪਾਰ ਵੋਟਾਂ ਹਾਸਲ ਕਰਕੇ ਵਿਰੋਧੀਆਂ ਨੂੰ ਮਾਤ ਦੇਣ 'ਚ ਸਫ਼ਲ ਹੋ ਗਿਆ।

ਉਸ ਵੱਲੋਂ ਤਜਵੀਜ਼ ਕੀਤੀਆਂ ਨੀਤੀਆਂ ਦਾ ਵੋਟ ਨਤੀਜਿਆਂ ਉੱਪਰ ਸਪਸ਼ਟ ਪ੍ਰਭਾਵ ਹੈ। ਉਸ ਨੇ ਉਨ੍ਹਾਂ ਸ਼ਿਕਾਇਤਾਂ ਨੂੰ ਮੁਖ਼ਾਤਿਬ ਹੋਕੇ ਠੋਸ ਨੀਤੀ ਪੇਸ਼ ਕੀਤੀ ਜਿਨ੍ਹਾਂ ਕਾਰਨ ਕਿਰਤੀ ਜਮਾਤ ਨੇ ਟਰੰਪ ਨੂੰ ਵੋਟ ਪਾਈ ਸੀ। ਮਮਦਾਨੀ ਨੇ ਕਿਰਾਏ ਸਥਿਰ ਰੱਖਣ ਦੀ ਨੀਤੀ ਅਮਲ ਵਿਚ ਲਿਆਉਣ, ਪਬਲਿਕ ਰਾਸ਼ਨ ਦੀਆਂ ਦੁਕਾਨਾਂ (ਗਰੌਸਰੀ ਸਟੋਰ) ਖੋਲ੍ਹਣ, ਬੱਚਿਆਂ ਦੀ ਸਰਵਵਿਆਪਕ ਦੇਖਭਾਲ ਵਿਵਸਥਾ ਦਾ ਵਿਸਤਾਰ ਕਰਨ, ਮੁਫ਼ਤ ਬੱਸਾਂ ਸ਼ੁਰੂ ਕਰਨ ਅਤੇ ਸਸਤੇ ਘਰ ਤੱਕ ਪਹੁੰਚ ਵਧਾਉਣ ਦਾ ਵਾਅਦਾ ਕੀਤਾ ਹੈ। ਇਨ੍ਹਾਂ ਵਾਅਦਿਆਂ ਨੂੰ ਅਮਲੀ ਰੂਪ ਦੇਣ ਲਈ ਉਸਨੇ ਕਾਰਪੋਰੇਟ ਟੈਕਸਾਂ 'ਚ ਵਾਧਾ ਕਰਨ ਅਤੇ ਕਰੋੜਪਤੀਆਂ ਉੱਪਰ ਹੋਰ ਟੈਕਸ ਲਾਉਣ ਦੀ ਤਜਵੀਜ਼ ਪੇਸ਼ ਕੀਤੀ ਹੈ। ਨਿਊ ਯਾਰਕ ਟਾਈਮਜ਼ ਦੁਆਰਾ ਚੋਣਾਂ ਤੋਂ ਬਾਅਦ ਪ੍ਰਕਾਸ਼ਿਤ ਅੰਕੜੇ ਦੱਸਦੇ ਹਨ ਕਿ ਉਨ੍ਹਾਂ ਵੋਟਰਾਂ ਨੇ ਬਹੁਗਿਣਤੀ 'ਚ ਮਮਦਾਨੀ ਦੀ ਹਮਾਇਤ ਕੀਤੀ ਜੋ ਕਿਰਾਏ ਦੇ ਰਿਹਾਇਸ਼ੀ ਮਕਾਨਾਂ ਵਿਚ ਰਹਿੰਦੇ ਹਨ (57%) ਅਤੇ ਜੋ ਪਬਲਿਕ ਆਵਾਜਾਈ ਸੇਵਾਵਾਂ ਉੱਪਰ ਸਫ਼ਰ ਕਰਦੇ ਹਨ (62%)। ਜਦਕਿ ਜਿਨ੍ਹਾਂ ਲੋਕਾਂ ਕੋਲ ਆਪਣੇ ਮਕਾਨ ਹਨ ਅਤੇ ਜੋ ਕਾਰਾਂ ਉੱਪਰ ਸਫ਼ਰ ਕਰਦੇ ਹਨ, ਉਨ੍ਹਾਂ ਵਿੱਚੋਂ ਅੱਧਿਓਂ ਵੱਧ ਨੇ ਕੂਓਮੋ ਨੂੰ ਵੋਟ ਪਾਈ।

ਪਰ ਅਜਾਰੇਦਾਰ ਕਾਰਪੋਰੇਟ ਸਰਮਾਏ ਨੂੰ ਆਮ ਲੋਕਾਂ ਨੂੰ ਕੁਝ ਰਾਹਤ ਦੇਣ ਵਾਲੀ ਸੁਧਾਰਾਂ ਦੀ ਇਹ ਤਜਵੀਜ਼ ਵੀ ਮਨਜ਼ੂਰ ਨਹੀਂ ਹੈ। ਸਾਰੇ ਕਾਰਪੋਰੇਟ ਮਮਦਾਨੀ ਵਿਰੁੱਧ ਇਕਜੁੱਟ ਸਨ। ਡੋਨਲਡ ਟਰੰਪ ਅਤੇ ਐਲਨ ਮਸਕ ਨੇ ਐਂਡਰਿਊ ਕੂਓਮੋ ਦੀ ਸਿੱਧੇ ਤੌਰ 'ਤੇ ਹਮਾਇਤ ਕੀਤੀ ਅਤੇ ਮਮਦਾਨੀ ਦੇ ਜਿੱਤਣ ਦੀ ਸੂਰਤ 'ਚ ਫੈਡਰਲ ਫੰਡ ਬੰਦ ਕਰ ਦੇਣ ਦੀ ਸਿੱਧੀ ਧਮਕੀ ਦਿੱਤੀ। ਸੰਗੀਨ ਦੋਸ਼ਾਂ ਨਾਲ ਕਲੰਕਿਤ ਕੂਓਮੋ ਦੀ ਹਮਾਇਤ ਕਰਦਿਆਂ ਟਰੰਪ ਨੇ ਕਿਹਾ: ਉਸੇ ਨੂੰ ਵੋਟ ਪਾਓ, ਉਹ ਸ਼ਾਨਦਾਰ ਕੰਮ ਕਰੇਗਾ। ਟਰੰਪ ਨੇ ਇੱਥੋਂ ਤੱਕ ਕਿਹਾ ਕਿ 'ਜੇ ਕਮਿਊਨਿਸਟ ਉਮੀਦਵਾਰ ਜ਼ੋਹਰਾਨ ਮਮਦਾਨੀ ਨਿਊ ਯਾਰਕ ਸ਼ਹਿਰ ਦੀ ਮੇਅਰ ਚੋਣ ਜਿੱਤ ਜਾਂਦਾ ਹੈ, ਤਾਂ ਇਹ ਬਹੁਤ ਹੀ ਅਸੰਭਵ ਹੈ ਕਿ ਮੈਂ ਆਪਣੇ ਪਿਆਰੇ ਪਹਿਲੇ ਘਰ (ਨਿਊ ਯਾਰਕ) ਨੂੰ ਜ਼ਰੂਰਤ ਅਨੁਸਾਰ ਘੱਟੋਘੱਟ ਰਾਸ਼ੀ ਤੋਂ ਵੱਧ ਕੋਈ ਫੈਡਰਲ ਫੰਡ ਦੇ ਸਕਾਂਗਾ, ਇਸ ਤੱਥ ਦੇ ਕਾਰਨ ਕਿ ਬਤੌਰ ਕਮਿਊਨਿਸਟ, ਮਹਾਨ ਸ਼ਹਿਰ ਦੇ ਸਫ਼ਲ ਹੋਣ, ਜਾਂ ਇੱਥੋਂ ਤੱਕ ਕਿ ਬਚ ਸਕਣ ਦੀ ਵੀ ਜ਼ੀਰੋ ਸੰਭਾਵਨਾ ਹੈ!' ਉਸ ਨੇ ਅੱਗੇ ਕਿਹਾ: 'ਮੈਂ ਇਕ ਅਜਿਹੇ ਡੈਮੋਕ੍ਰੇਟ ਨੂੰ ਜਿੱਤਦੇ ਦੇਖਣਾ ਪਸੰਦ ਕਰਾਂਗਾ, ਜਿਸ ਕੋਲ ਸਫ਼ਲਤਾ ਦਾ ਰਿਕਾਰਡ ਹੈ, ਨਾ ਕਿ ਇਕ ਅਜਿਹੇ ਕਮਿਊਨਿਸਟ ਨੂੰ ਜਿਸ ਕੋਲ ਕੋਈ ਤਜਰਬਾ ਨਹੀਂ ਹੈ ਅਤੇ ਜਿਸਦਾ ਰਿਕਾਰਡ ਪੂਰੀ ਤਰ੍ਹਾਂ ਨਾਕਾਮੀਆਂ ਨਾਲ ਭਰਿਆ ਹੈ।' ਟਰੰਪ ਦੀ ਧਮਕੀ ਸਪਸ਼ਟ ਸੀ: ਜੇਕਰ ਮਮਦਾਨੀ ਜਿੱਤਿਆ ਤਾਂ ਉਹ ਨਿਊ ਯਾਰਕ ਲਈ ਫੈਡਰਲ ਫੰਡ ਬੰਦ ਕਰ ਦੇਵੇਗਾ। ਟਰੰਪ ਨੇ ਪਹਿਲੇ ਅਮਰੀਕੀ ਹਾਕਮਾਂ ਵੱਲੋਂ ਅਮਰੀਕਾ ਸਮਾਜ ਵਿਚ ਬਣਾਏ ਕਮਿਊਨਿਜ਼ਮ ਦੇ ਹਊਏ ਦਾ ਚਲਾਕੀ ਨਾਲ ਲਾਹਾ ਲੈਣ ਲਈ ਮਮਦਾਨੀ ਨੂੰ ਕਮਿਊਨਿਸਟ ਕਹਿਕੇ ਭੰਡਿਆ ਜਦਕਿ ਉਸਦਾ ਕਮਿਊਨਿਜ਼ਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਇਕ ਪਾਸੇ ਟਰੰਪ ਹਮਲੇ ਕਰ ਰਿਹਾ ਸੀ, ਦੂਜੇ ਪਾਸੇ ਮਮਦਾਨੀ ਨੂੰ ਸਾਰੇ ਡੈਮੋਕਰੇਟਾਂ ਆਗੂਆਂ ਦੀ ਹਮਾਇਤ ਵੀ ਨਹੀਂ ਸੀ। ਜਦੋਂ ਜੂਨ ਵਿਚ ਚੋਣਾਂ ਦੇ ਪਹਿਲੇ ਪੜਾਅ ਵਿਚ ਡੈਮੋਕਰੇਟਾਂ ਵੱਲੋਂ ਆਪਣਾ ਉਮੀਦਵਾਰ ਚੁਣਿਆ ਗਿਆ, ਉਦੋਂ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਡੈਮੋਕਰੇਟਿਕ ਪਾਰਟੀ ਦਾ ਵੋਟ-ਆਧਾਰ ਮਜ਼ਬੂਤੀ ਨਾਲ ਮਮਦਾਨੀ ਦੇ ਹੱਕ 'ਚ ਹੈ। ਪਰ ਉਸਦੀ ਹਮਾਇਤ ਸਿਰਫ਼ ਡੈਮੋਕਰੇਟਾਂ ਦੇ 'ਖੱਬੇ' ਧੜੇ ਨੇ ਹੀ ਕੀਤੀ। ਜ਼ਿਆਦਾਤਰ ਸ਼ਕਤੀਸ਼ਾਲੀ ਡੈਮੋਕਰੇਟ ਸ਼ਖ਼ਸਾਂ ਨੇ ਉਸਦੀ ਹਮਾਇਤ ਨਹੀਂ ਕੀਤੀ। ਨਿਊਯਾਰਕ ਦੀ ਗਵਰਨਰ ਕੈਥੀ ਹੋਕੁਲ ਅਤੇ ਕਾਂਗਰਸ ਦੇ ਉਪਰਲੇ ਸਦਨ ਵਿਚ ਚੋਟੀ ਦੇ ਡੈਮੋਕਰੇਟ ਚੱਕ ਸ਼ੂਮਰ ਵਰਗੇ ਵੱਡੇ ਚਿਹਰੇ ਇਕ ਤਰ੍ਹਾਂ ਨਾਲ ਚੁੱਪ ਬੈਠੇ ਰਹੇ।

ਘੱਟਗਿਣਤੀ ਪਿਛੋਕੜ ਵਾਲੇ ਵਿਅਕਤੀ ਦਾ ਕਾਰਪੋਰੇਟ ਧਨਾਢਾਂ ਦੀ ਮਦਦ ਤੋਂ ਬਿਨਾਂ ਬਹੁਤ ਹੀ ਮਜ਼ਬੂਤ ਵਿਰੋਧੀਆਂ ਨੂੰ ਸਖ਼ਤ ਟੱਕਰ ਦੇਣਾ ਅਤੇ ਧਨਾਢਾਂ ਦੇ ਟਾਪੂ ਨਿਊ ਯਾਰਕ ਦੇ ਮੇਅਰ ਦੇ ਸਰਵਉੱਚ ਅਹੁਦੇ ਲਈ ਚੁਣੇ ਜਾਣਾ ਨਿਰਸੰਦੇਹ ਮਾਇਨੇ ਰੱਖਦਾ ਹੈ। ਲੋਕ-ਭਲਾਈ ਵਾਲੇ ਆਰਥਕ ਵਾਅਦੇ ਕਰਨ ਦੇ ਨਾਲ-ਨਾਲ ਮਮਦਾਨੀ ਨੇ ਆਵਾਸੀਆਂ ਪੱਖੀ ਤਜਵੀਜ਼ਾਂ ਪੇਸ਼ ਕੀਤੀਆਂ। ਉਸਨੇ ਨਿਊਯਾਰਕ ਨੂੰ "ਟਰੰਪ ਪਰੂਫ" ਬਣਾਉਣ ਦੀ ਗੱਲ ਕੀਤੀ ਅਤੇ ਪ੍ਰਵਾਸੀ ਭਾਈਚਾਰਿਆਂ ਦੀ ਸੁਰੱਖਿਆ, ਆਈ.ਈ.ਸੀ. (ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ) ਨੂੰ ਸਹਿਯੋਗ ਦੇਣਾ ਬੰਦ ਕਰਕੇ ਨਿਊ ਯਾਰਕ ਨੂੰ ਸਭ ਤੋਂ ਮਜ਼ਬੂਤ ਸ਼ਰਣ-ਸਥਾਨ ਬਣਾਉਣ, ਸ਼ਹਿਰ ਵਿੱਚੋਂ ਆਈਈਸੀ ਨੂੰ ਹਟਾਉਣ, ਇਮੀਗ੍ਰੇਸ਼ਨ ਕਾਨੂੰਨੀ ਸੇਵਾਵਾਂ ਵਿਚ 165 ਮਿਲੀਅਨ ਡਾਲਰ ਨਿਵੇਸ਼ ਕਰਨ ਅਤੇ ਅਦਾਲਤ ਵਿਚ ਟਰੰਪ ਦੀਆਂ ਨੀਤੀਆਂ ਵਿਰੁੱਧ ਕਾਨੂੰਨੀ ਲੜਾਈ ਦੇਣ ਲਈ 200 ਹੋਰ ਅਟਾਰਨੀ ਸ਼ਾਮਲ ਕਰਕੇ ਕਾਨੂੰਨ ਵਿਭਾਗ ਨੂੰ ਮਜ਼ਬੂਤ ਕਰਨ ਦਾ ਵਾਅਦਾ ਕੀਤਾ। ਇਸੇ ਕਰਕੇ ਬਹੁਤ ਸਾਰੇ ਲੋਕ ਉਸ ਦੀ ਜਿੱਤ ਨੂੰ ਅਮਰੀਕਾ ਵਿਚ ਨਵੀਂ ਸਿਆਸਤ ਦੀ ਸ਼ੁਰੂਆਤ ਵਜੋਂ ਦੇਖ ਰਹੇ ਹਨ। ਅਮਰੀਕੀ ਹੁਕਮਰਾਨ ਜਮਾਤ ਲੰਮੇ ਸਮੇਂ ਤੋਂ ਜਿਵੇਂ ਇਸਲਾਮਿਕ ਅਕੀਦੇ ਨੂੰ ਹਊਆ ਬਣਾ ਕੇ ਪੇਸ਼ ਕਰ ਰਹੀ ਹੈ, ਖ਼ਾਸ ਕਰਕੇ ਟਰੰਪ ਦੀ ਘੋਰ ਸੱਜੇਪੱਖੀ ਸਿਆਸਤ ਨੇ ਜਿਵੇਂ ਗ਼ੈਰਅਮਰੀਕੀ ਪਿਛੋਕੜ ਦੇ ਲੋਕਾਂ ਵਿਰੁੱਧ ਘੋਰ ਨਫ਼ਰਤ ਫੈਲਾਉਣ ਦੀ ਮੁਹਿੰਮ ਜੰਗੀ ਪੱਧਰ 'ਤੇ ਚਲਾਈ ਹੋਈ ਹੈ, ਅਜਿਹੇ ਵਿਰੋਧੀ ਹਾਲਾਤ 'ਚ ਮਮਦਾਨੀ ਵੱਲੋਂ ਅਮਰੀਕਾ ਦੇ ਵੰਨ-ਸੁਵੰਨਤਾ ਵਾਲੇ ਸਮਾਜ ਦੇ ਜ਼ਿਆਦਾਤਰ ਵਰਗਾਂ ਦਾ ਵਿਸ਼ਵਾਸ ਜਿੱਤਣਾ ਮਹੱਤਵਪੂਰਨ ਹੈ।

ਮਮਦਾਨੀ ਸਿਰਫ਼ ਟਰੰਪ ਦੀਆਂ ਘੋਰ ਸੱਜੇਪੱਖੀ ਨੀਤੀਆਂ ਦਾ ਹੀ ਆਲੋਚਕ ਨਹੀਂ ਹੈ, ਉਹ ਮੋਦੀ ਦੀ ਅਗਵਾਈ ਵਾਲੇ ਭਾਰਤ ਦੇ ਹਿੰਦੂਤਵ ਰਾਜ ਬਾਰੇ ਵੀ ਸਖ਼ਤ ਟਿੱਪਣੀਆਂ ਲਈ ਜਾਣਿਆ ਜਾਂਦਾ ਹੈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨਹਿਰੂ ਨੂੰ ਭੰਡਣ ਲਈ ਇਕ ਦਹਾਕੇ ਤੋਂ ਮੋਦੀ ਸਰਕਾਰ ਦਾ ਸਿਰ ਤੋਂ ਪੈਰਾਂ ਤੱਕ ਜ਼ੋਰ ਲੱਗਿਆ ਹੋਇਆ ਹੈ ਕਿਉਂਕਿ ਉਸਦਾ ਨਾਮਨਿਹਾਦ ਸਮਾਜਵਾਦੀ ਅਤੇ ਧਰਮਨਿਰਪੱਖ ਅਕਸ ਵੀ ਆਰਐੱਸਐੱਸ-ਭਾਜਪਾ ਦੇ ਫਿਰਕੂ ਪ੍ਰੋਜੈਕਟ ਦੇ ਰਾਹ ਵਿਚ ਅੜਿੱਕਾ ਬਣਦਾ ਹੈ। ਆਪਣੀ ਜਿੱਤ ਮੌਕੇ ਮਮਦਾਨੀ ਵੱਲੋਂ ਉਸ ਨਹਿਰੂ ਨੂੰ ਉਚੇਚੇ ਤੌਰ 'ਤੇ ਯਾਦ ਕਰਨਾ ਭਗਵਾ ਹਕੂਮਤ ਲਈ ਛੋਟੀ ਪ੍ਰੇਸ਼ਾਨੀ ਨਹੀਂ ਹੈ। ਅਮਰੀਕਾ ਦੀ ਸ਼ਹਿ 'ਤੇ ਇਜ਼ਰਾਇਲੀ ਵੱਲੋਂ ਗਾਜ਼ਾ ਵਿਚ ਕਤਲੇਆਮ ਨੂੰ ਉਸਨੇ ਨਸਲਕੁਸ਼ੀ ਕਿਹਾ ਹੈ। ਉਸਦੀ ਲੋਕ-ਭਲਾਈ ਸਟੇਟ ਪੱਖੀ ਸੋਚ ਅਤੇ ਉਦਾਰ ਨਜ਼ਰੀਆ ਦੁਨੀਆ ਭਰ ਦੇ ਘੋਰ ਸੱਜੇਪੱਖੀਆਂ ਨੂੰ ਗਵਾਰਾ ਨਹੀਂ ਹੈ।

ਇਨ੍ਹਾਂ ਸਾਲਾਂ ਵਿਚ ਅਮਰੀਕਾ ਵਿਚ ਘੋਰ ਸੱਜੇਪੱਖੀ ਗੁੱਟ ਦਾ ਰਾਜਨੀਤਕ ਰਸੂਖ਼ ਵਧਿਆ ਹੈ ਅਤੇ ਕਥਿਤ ਡੈਮੋਕਰੇਟ ਖ਼ੇਮੇ ਦਾ ਵੋਟ ਆਧਾਰ ਰਿਪਬਲਿਕਨਾਂ ਵੱਲ ਖਿਸਕਿਆ ਹੈ। 2020 ਅਤੇ 2024 ਦਰਮਿਆਨ ਉਨ੍ਹਾਂ ਸਾਰੇ 30 ਰਾਜਾਂ ਵਿਚ ਰਿਪਬਲਿਕਨਾਂ ਨੇ ਡੈਮੋਕਰੇਟਾਂ ਦਾ ਆਧਾਰ ਖੋਹਿਆ ਹੈ ਜੋ ਪਾਰਟੀ ਮੁਤਾਬਿਕ ਵੋਟਰਾਂ ਦੀ




ਰਜਿਸਟ੍ਰੇਸ਼ਨ ਨੂੰ ਟਰੈਕ ਕਰਦੇ ਹਨ। ਅਮਰੀਕਾ ਵਿਚ ਵੋਟ ਦੀ ਵਿਧੀ ਇਹ ਹੈ ਕਿ ਵੋਟਰਾਂ ਨੂੰ ਆਪਣੀ ਵੋਟ ਦੀ ਰਜਿਸਟ ?ੇਸ਼ਨ ਕਰਾਉਣ ਸਮੇਂ ਪਾਰਟੀ ਨਾਲ ਆਪਣਾ ਸੰਬੰਧ ਰਸਮੀਂ ਤੌਰ 'ਤੇ ਦਰਜ ਕਰਾਉਣਾ ਪੈਂਦਾ ਹੈ। ਰਜਿਸਟ੍ਰੇਸ਼ਨ ਡੇਟਾ ਪਾਰਟੀ ਦੀ ਤਾਕਤ ਦੇ ਮੁੱਖ ਸੂਚਕ ਦੇ ਰੂਪ 'ਚ ਕੰਮ ਕਰਦਾ ਹੈ। ਅਗਸਤ ਵਿਚ ਨਿਊਯਾਰਕ ਟਾਈਮਜ਼ ਦੇ ਇਕ ਵਿਸ਼ਲੇਸ਼ਣ ਨੇ ਦਰਸਾਇਆ ਕਿ ਇਸ ਅਰਸੇ ਵਿਚ 45 ਲੱਖ ਵੋਟਰ ਡੈਮੋਕਰੇਟਾਂ ਤੋਂ ਮੂੰਹ ਮੋੜ ਗਏ। ਜਦਕਿ ਨਿਊ ਯਾਰਕ ਵਿਚ ਫਰਵਰੀ ਤੋਂ ਲੈ ਕੇ ਮਮਦਾਨੀ ਦੀ ਮੁਹਿੰਮ ਨਾਲ ਨਵੇਂ ਡੈਮੋਕਰੇਟਿਕ ਵੋਟਰ ਭਰਤੀ ਕਰਨ 'ਚ ਮਦਦ ਮਿਲੀ। ਜਦੋਂ ਡੈਮੋਕਰੇਟਿਕ ਪਾਰਟੀ ਦੀ ਜ਼ਿਆਦਾਤਰ ਕੌਮੀ ਲੀਡਰਸ਼ਿਪ ਲੋਕਾਈ ਨੂੰ ਟਰੰਪ ਦੇ ਖੋਖਲੇ ਵਿਰੋਧ ਤੋਂ ਸਿਵਾਏ ਕੋਈ ਖ਼ਾਸ ਪੇਸ਼ਕਸ਼ ਨਹੀਂ ਕਰ ਰਹੀ, ਓਦੋਂ ਮਮਦਾਨੀ ਵੱਲੋਂ ਆਰਥਕ ਨਿਆਂ ਦੇ ਮੁੱਦਿਆਂ - ਕਿਰਾਇਆ ਨਾ ਵਧਾਉਣਾ, ਬੱਚਿਆਂ ਦੀ ਸਰਵਵਿਆਪਕ ਦੇਖਭਾਲ, ਮੁਫ਼ਤ ਬੱਸ ਸਫ਼ਰ ਵਗੈਰਾ - ਨੂੰ ਲੈਕੇ ਚਲਾਈ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਣਾ ਦਿਖਾਉਂਦਾ ਹੈ ਕਿ ਬੇਸ਼ੱਕ ਆਰਥਕ ਨਾਬਰਾਬਰੀ ਵਰਗੇ ਬੁਨਿਆਦੀ ਸਵਾਲਾਂ ਬਾਰੇ ਅਜੇ ਚੇਤਨਾ ਨਹੀਂ ਹੈ ਪਰ ਵਧ ਰਹੇ ਆਰਥਕ ਸੰਕਟ ਦੇ ਬੋਝ ਹੇਠ ਪਿਸ ਰਹੇ ਲੋਕਾਂ ਲਈ ਇਹ ਮੁੱਦੇ ਵੀ ਕਿੰਨੇ ਮਹੱਤਵਪੂਰਨ ਹਨ। ਅਮਰੀਕਾ ਦੇ ਹੋਰ ਮਹਾਂਨਗਰਾਂ ਦੇ ਮੁਕਾਬਲੇ ਨਿਊ ਯਾਰਕ ਵਿਚ ਮਹਿੰਗਾਈ ਦੀ ਮਾਰ ਹੋਰ ਵੀ ਜ਼ਿਆਦਾ ਹੈ। ਨਿਊ ਯਾਰਕ ਵਿਚ ਮਾਲੀ ਸਾਲ 2012 ਅਤੇ 2022 ਦਰਮਿਆਨ ਘਰਾਂ ਦੇ ਖ਼ਰਚੇ 68% ਤੋਂ ਵੀ ਵਧੇਰੇ ਵਧੇ ਹਨ ਜਦਕਿ ਕੌਮੀ ਔਸਤ ਵਾਧਾ ਦਰ 41.5% ਹੈ। ਇਸੇ ਤਰ੍ਹਾਂ ਭੋਜਨ ਦਾ ਖ਼ਰਚ ਇੱਥੇ 56% ਤੋਂ ਵੀ ਜ਼ਿਆਦਾ ਵਧਿਆ ਹੈ ਜਦਕਿ ਇਸਦੀ ਕੌਮੀ ਔਸਤ 46.4% ਹੈ।

ਨਵਉਦਾਰ ਆਰਥਕ ਮਾਡਲ, ਜੋ ਅਜਾਰੇਦਾਰ ਸਰਮਾਏਦਾਰੀ ਦਾ ਹੋਰ ਵੀ ਘਿਣਾਉਣਾ ਅਤੇ ਕਰੂਰ ਲੋਟੂ ਰੂਪ ਹੈ, ਆਰਥਕ ਪਾੜੇ ਅਤੇ ਨਾਬਰਾਬਰੀ ਨੂੰ ਹੋਰ ਡੂੰਘਾ ਕਰ ਰਿਹਾ ਹੈ। ਸੈਨੇਟਰ ਅਤੇ ਲੇਖਕ ਬਰਨੀ ਸੈਂਡਰਸ ਦੇ ਵਿਚਾਰਧਾਰਕ ਨਜ਼ਰੀਏ ਦੀਆਂ ਕੋਈ ਵੀ ਸੀਮਤਾਈਆਂ ਹੋਣ, ਉਸਨੇ ਆਪਣੀ ਕਿਤਾਬ 'ਇਟਸ ਓਕੇ ਟੂ ਬੀ ਐਂਗਰੀ ਅਬਾਊਟ ਕੈਪੀਟਲਿਜ਼ਮ' ਵਿਚ ਨਵ-ਉਦਾਰ ਆਰਥਿਕਤਾ ਨਾਲ ਬਣੀ ਅਮਰੀਕੀ ਸਮਾਜ ਦੀ ਸਮਾਜਿਕ, ਆਰਥਕ ਤੇ ਰਾਜਨੀਤਕ ਹਕੀਕਤ ਦੀ ਸੱਚੀ ਤਸਵੀਰ ਪੇਸ਼ ਕੀਤੀ ਹੈ। ਉਸਦਾ ਕਹਿਣਾ ਹੈ ਕਿ ਬੇਘਰੇ ਲੋਕਾਂ ਦੀ ਵਧ ਰਹੀ ਗਿਣਤੀ, ਬੇਰੁਜ਼ਗਾਰੀ, ਹਸਪਤਾਲਾਂ ਵਿਚ ਸਟਾਫ਼ ਦੀ ਘਾਟ, ਬੰਦ ਹੋ ਰਹੇ ਸਕੂਲ, ਪਹੁੰਚ ਤੋਂ ਬਾਹਰ ਹੋ ਰਹੀ ਪੜ੍ਹਾਈ, ਮਨੁੱਖੀ ਹੱਕਾਂ ਦਾ ਘਾਣ, ਮਹਿੰਗਾਈ, ਡਿਗ ਰਿਹਾ ਜੀਵਨ-ਪੱਧਰ, ਗੋਰੇ ਅਤੇ ਗ਼ੈਰ-ਗੋਰੇ ਤੇ ਭੂਰੇ ਪਰਿਵਾਰਾਂ ਦਰਮਿਆਨ ਵਿਆਪਕ ਨਬਰਾਬਰੀ ਦੇ ਹਾਲਾਤ, ਅਜਿਹੇ ਬੁਨਿਆਦੀ ਸਵਾਲ ਮੂੰਹ ਅੱਡੀ ਖੜ੍ਹੇ ਹਨ। ਪੌਣਪਾਣੀ ਪਰਿਵਰਤਨ, ਨਾਬਰਾਬਰੀ, ਕੱਟੜਵਾਦ, ਉਭਰਦਾ ਨਵ-ਫਾਸ਼ੀਵਾਦ, ਨਸਲਵਾਦ, ਬਦੇਸ਼ੀਆਂ ਪ੍ਰਤੀ ਨਫ਼ਰਤ, ਲਿੰਗਕ ਜਬਰ ਵਰਗੇ ਅਤਿ ਮਹੱਤਵਪੂਰਨ ਮੁੱਦਿਆਂ ਨਾਲ ਜੁੜੇ ਸਵਾਲ ਨਜ਼ਰਅੰਦਾਜ਼ ਹਨ। ਨਿਰਾਸ਼ਾ, ਮਾਯੂਸੀ, ਆਤਮਹੱਤਿਆ ਦੀਆਂ ਵਧ ਰਹੀਆਂ ਪ੍ਰਵਿਰਤੀਆਂ ਦੇ ਸਵਾਲ ਬਾਰੇ ਚੁੱਪ ਪਸਰੀ ਹੋਈ ਹੈ।

ਉਸਦਾ ਕਹਿਣਾ ਹੈ ਕਿ ਖਰਬਪਤੀਆਂ-ਅਰਬਪਤੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਤਿੰਨ ਖਰਬਪਤੀਆਂ ਕੋਲ ਅਮਰੀਕਾ ਦੀ ਅੱਧੀ ਤੋਂ ਵੱਧ ਆਬਾਦੀ ਨਾਲੋਂ ਵੀ ਵੱਧ ਯਾਨੀ 16 ਕਰੋੜ 50 ਲੱਖ ਡਾਲਰ ਦੌਲਤ ਹੈ। ਸਿਖ਼ਰਲੇ 1% ਵਰਗ ਦੀ ਦੌਲਤ ਹੇਠਲੇ 92% ਵਰਤ ਤੋਂ ਵੀ ਜ਼ਿਆਦਾ ਹੈ। ਕੋਵਿਡ ਮਹਾਮਾਰੀ ਦੌਰਾਨ ਵੀ ਉਨ੍ਹਾਂ ਦੀ ਦੌਲਤ ਅਤੇ ਮੁਨਾਫ਼ੇ ਛੜੱਪੇ ਮਾਰਕੇ ਵਧਦੇ ਰਹੇ। ਸਿਰਫ਼ ਤਿੰਨ ਕਾਰਪੋਰੇਟ ਵਾਲ ਸਟ ?ੀਟ ਫਰਮਾਂ - ਬਲੈਕ ਰੌਕ, ਵੈਨਗਾਰਡ ਅਤੇ ਸਟੇਟ ਸਟਰੀਟ - ਕੋਲ 20 ਲੱਖ ਖਰਬ ਡਾਲਰ ਦੇ ਸ਼ੇਅਰ ਹਨ। 20% ਤੋਂ ਵੱਧ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵੀ ਕਾਰਪੋਰੇਟ ਘਰਾਣਿਆਂ ਦੇ ਹੱਥ 'ਚ ਹਨ। ਕਾਰਪੋਰੇਟ ਘਰਾਣਿਆਂ ਦੇ ਸੀਈਓ ਆਪਣੇ ਮੁਲਾਜਮਾਂ ਦੇ ਮੁਕਾਬਲੇ 400 ਗੁਣਾਂ ਜ਼ਿਆਦਾ ਕਮਾਉਂਦੇ ਹਨ। ਕਾਰਪੋਰੇਟ ਲੁੱਟ ਦੇ ਕਾਰਨ ਹੀ ਅਮਰੀਕਾ ਵਿਚ ਢਾਈ ਕਰੋੜ ਦੇ ਲਗਭਗ ਲੋਕ ਬੇਰੁਜ਼ਗਾਰ ਹਨ। ਭੁੱਖਮਰੀ ਜ਼ੋਰਾਂ 'ਤੇ ਹੈ। ਲੋਕ ਬੇਘਰੇ ਹੋ ਰਹੇ ਹਨ ਜਦਕਿ ਕਾਰਪੋਰੇਟਾਂ ਕੋਲ ਵੱਡੇ-ਵੱਡੇ ਮਹਿਲ ਹਨ। ਟੈਕਸ ਦੇਣ ਵਾਲੇ ਆਮ ਅਮਰੀਕੀਆਂ ਦੀ ਕੀਮਤ 'ਤੇ ਮੁੱਠੀ ਭਰ ਕਾਰਪੋਰੇਟ ਅਤੇ ਉਨ੍ਹਾਂ ਦੇ ਉੱਚ ਅਧਿਕਾਰੀ ਅੱਯਾਸ਼ੀਆਂ ਕਰਦੇ ਹਨ। ਲੱਖਾਂ ਲੋਕਾਂ ਨੂੰ ਐਮਰਜੈਂਸੀ 'ਫੂਡ ਪੈਕੇਜ' ਲੈਣ ਲਈ ਕਈ-ਕਈ ਘੰਟੇ ਲਾਈਨ 'ਚ ਖੜ੍ਹਨਾ ਪੈਂਦਾ ਹੈ। ਹਰ ਸਾਲ 60 ਹਜ਼ਾਰ ਲੋਕ ਬਿਨਾਂ ਇਲਾਜ ਮਰ ਰਹੇ ਹਨ, ਸਾਢੇ ਅੱਠ ਕਰੋੜ ਲੋਕ ਆਪਣਾ ਬੀਮਾ ਨਹੀਂ ਕਰਵਾ ਸਕਦੇ ਜਦਕਿ ਹੈਲਥ ਬੀਮਾ ਕੰਪਨੀਆਂ ਬੇਥਾਹ ਮੁਨਾਫ਼ੇ ਕਮਾ ਰਹੀਆਂ ਹਨ। ਉਸਨੇ ਅਜਿਹੀਆਂ ਕੰਪਨੀਆਂ ਦੀ ਸੂਚੀ ਦਿੱਤੀ ਹੈ ਜਿਨ੍ਹਾਂ ਨੇ 2021 'ਚ 19 ਮਿਲੀਅਨ ਤੋਂ ਲੈ ਕੇ 60 ਬਿਲੀਅਨ ਡਾਲਰ ਤੱਕ ਮੁਨਾਫ਼ੇ ਕਮਾਏ। 6 ਲੱਖ ਅਮਰੀਕੀ ਲੋਕ ਨਸ਼ੀਲੀਆਂ ਦਵਾਈਆਂ ਕਾਰਨ ਮਰੇ ਹਨ। ਅਤਿਅੰਤ ਭੈੜੇ ਜੀਵਨ-ਹਾਲਾਤਾਂ ਕਾਰਨ ਨੌਜਵਾਨ ਮਾਨਸਿਕ ਤੌਰ 'ਤੇ ਟੁੱਟ ਜਾਂਦੇ ਹਨ ਅਤੇ ਲੱਖਾਂ ਨੌਜਵਾਨ ਦਿਲ ਦੇ ਰੋਗ, ਕੈਂਸਰ, ਡਾਇਬੀਟੀਜ਼, ਦਮਾ ਵਰਗੀਆਂ ਬੀਮਾਰੀਆਂ ਦੀ ਲਪੇਟ 'ਚ ਆ ਕੇ ਮਰ ਰਹੇ ਹਨ। ਉਸਦਾ ਮੰਨਣਾ ਹੈ "ਸੱਚ ਇਹ ਹੈ ਕਿ ਆਰਥਕ ਸੁਰੱਖਿਆ ਅਤੇ ਸਵੈਨਿਰਭਰਤਾ ਦੀ ਅਣਹੋਂਦ 'ਚ ਵਿਅਕਤੀ ਦੀ ਅਸਲੀ ਸੁਤੰਤਰਤਾ ਦੀ ਕੋਈ ਹੋਂਦ ਨਹੀਂ ਹੈ।" ਉਸ ਦਾ ਕਹਿਣਾ ਹੈ ਕਿ ਮੁਨਾਫ਼ਾਖ਼ੋਰ ਕਾਰਪੋਰੇਟਾਂ ਉੱਪਰ 60% ਟੈਕਸ ਲਗਾਇਆ ਜਾਣਾ ਚਾਹੀਦਾ ਹੈ।

ਇਹ ਅਜਾਰੇਦਾਰ ਕਾਰਪੋਰੇਟ ਸਰਮਾਏਦਾਰੀ ਪੱਖੀ ਆਰਥਕ ਮਾਡਲ ਵੱਲੋਂ ਮਚਾਈ ਆਰਥਕ-ਸਮਾਜਿਕ ਤਬਾਹੀ ਦੀ ਮੋਟੀ ਜਹੀ ਤਸਵੀਰ ਹੈ। ਇਹ ਸਿਰਫ਼ ਸਮਾਜਿਕ ਸੁਰੱਖਿਆ ਵਿਵਸਥਾ ਨੂੰ ਹੀ ਖ਼ਤਮ ਨਹੀਂ ਕਰ ਰਿਹਾ ਸਗੋਂ ਇਸਦੀ ਰਾਜਨੀਤਕ ਨੁਮਾਇੰਦਗੀ ਕਰਦੀ ਘੋਰ ਸੱਜੇਪੱਖੀ ਨਸਲੀ-ਰਾਸ਼ਟਰਵਾਦੀ ਧਾਰਾ ਬਹੁਸੱਭਿਆਚਾਰੀ ਕਦਰਾਂ-ਕੀਮਤਾਂ ਨੂੰ ਖ਼ਤਮ ਕਰਕੇ ਖੁੱਲ੍ਹੇਆਮ ਨਸਲਵਾਦੀ ਗ਼ਲਬਾ ਥੋਪਣ ਦੇ ਰਾਹ ਤੁਰੀ ਹੋਈ ਹੈ। ਜਿਉਂ-ਜਿਉਂ ਅਮਰੀਕੀ ਸਾਮਰਾਜਵਾਦ ਦੀ ਸੰਸਾਰ ਚੌਧਰ ਕਮਜ਼ੋਰ ਹੋ ਰਹੀ ਹੈ, ਇਸਦੀ ਹਕੂਮਤ ਹੋਰ ਵੀ ਜ਼ਿਆਦਾ ਖ਼ੂੰਖ਼ਾਰ ਅਤੇ ਹਮਲਾਵਰ ਹੁੰਦੀ ਜਾ ਰਹੀ ਹੈ। ਅਮਰੀਕੀ ਸਟੇਟ ਹਰ ਸਾਲ ਆਪਣੀ ਫ਼ੌਜ ਉੱਪਰ 775 ਅਰਬ ਡਾਲਰ ਖ਼ਰਚ ਕਰਦਾ ਹੈ। ਪ੍ਰਵਾਸੀ, ਧਾਰਮਿਕ ਤੇ ਹੋਰ ਘੱਟਗਿਣਤੀਆਂ ਅਤੇ ਹਾਸ਼ੀਏ 'ਤੇ ਧੱਕੇ ਸਮਾਜਿਕ ਸਮੂਹ ਟਰੰਪ ਪ੍ਰਸ਼ਾਸਨ ਦੇ ਲਗਾਤਾਰ ਨਿਸ਼ਾਨੇ 'ਤੇ ਹਨ। ਇਹ ਸਿਰਫ਼ ਅਮਰੀਕਾ ਵਿਚ ਹੀ ਨਹੀਂ ਹੋ ਰਿਹਾ, ਵਿਸ਼ਵ ਬੈਂਕ ਦੇ ਸਾਬਕਾ ਅਰਥਸ਼ਾਸਤਰੀ ਬਰੈਂਕੋ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਅਮਰੀਕਾ, ਯੂਰਪ, ਜਪਾਨ ਆਦਿ ਕਥਿਤ "ਸਰਮਾਏਦਾਰੀ ਕੋਰ" ਮੁਲਕਾਂ ਵਿਚ ਰੀਗਨ ਅਤੇ ਥੈਚਰ ਵਰਗਿਆਂ ਵੱਲੋਂ ਘੜੇ-ਤਰਾਸ਼ੇ ਨਵ-ਉਦਾਰ ਰਾਜਾਂ ਦੇ ਤਹਿਤ ਖ਼ੁਸ਼ਹਾਲ ਹੋਏ ਕੁਲੀਨ ਵਰਗ ਆਪਣੇ ਰਾਸ਼ਟਰਾਂ ਨੂੰ ਸੰਕੀਰਣ, ਨੀਵੇਂ ਅਤੇ ਕਠੋਰ ਸਮਾਜਾਂ ਵਿਚ ਮੁੜ-ਪ੍ਰਭਾਸ਼ਿਤ ਕਰ ਰਹੇ ਹਨ। ਉਹ ਬਹੁਸੱਭਿਆਚਾਰਵਾਦ ਅਤੇ ਔਰਤਾਂ ਲਈ ਸਮਾਨਤਾ ਦੀਆਂ ਪੁਰਾਣੀਆਂ ਵਚਨਬੱਧਤਾਵਾਂ ਨੂੰ ਤਿਲਾਂਜਲੀ ਦੇ ਰਹੇ ਹਨ। ਉਹ ਦੁਨੀਆ ਉੱਪਰ ਅਜਿਹੀ ਸਰਮਾਏਦਾਰੀ ਥੋਪ ਰਹੇ ਹਨ ਜਿਸ ਵਿਚ ਸੁਰੱਖਿਆ ਇਕਰਾਰਨਾਮੇ, ਯੂਨੀਅਨਾਂ ਅਤੇ ਇੱਥੋਂ ਤੱਕ ਕਿ ਨਾਮਨਿਹਾਦ ਐੱਚ.ਆਰ. (ਹਿਊਮੈਨ ਰਿਸੋਰਸਿਜ਼) ਵਿਭਾਗ ਵੀ ਨਹੀਂ ਹੈ।

ਇਨ੍ਹਾਂ ਘੋਰ ਪਿਛਾਖੜੀ ਨੀਤੀ ਹਮਲਿਆਂ ਕਾਰਨ ਸਮਾਜਿਕ ਬੇਚੈਨੀ ਵਧ ਰਹੀ ਹੈ। ਅਮਰੀਕੀ ਲੋਕ ਟਰੰਪਸ਼ਾਹੀ ਵਿਰੁੱਧ ਸੜਕਾਂ ਉੱਪਰ ਆ ਕੇ ਵਿਰੋਧ ਪ੍ਰਗਟਾ ਰਹੇ ਹਨ। ਪਿੱਛੇ ਜਹੇ ਮੁਲਕ ਦੇ 50 ਰਾਜਾਂ ਵਿਚ ਇਸ ਸੰਦੇਸ਼ ਨਾਲ ਦੋ ਦਿਨ ਰੋਹ ਭਰੇ ਵਿਰੋਧ-ਪ੍ਰਦਰਸ਼ਨ ਹੁੰਦੇ ਰਹੇ ਕਿ ਉਨ੍ਹਾਂ ਨੂੰ ਟਰੰਪ ਦੀ ਰਾਜਾਸ਼ਾਹੀ ਮਨਜ਼ੂਰ ਨਹੀਂ ਹੈ। ਰਿਪੋਰਟਾਂ ਅਨੁਸਾਰ ਇਨ੍ਹਾਂ ਮੁਜ਼ਾਹਰਿਆਂ ਵਿਚ 1 ਕਰੋੜ 20 ਲੱਖ ਦੇ ਕਰੀਬ ਲੋਕਾਂ ਨੇ ਹਿੱਸਾ ਲਿਆ।

ਟਰੰਪ ਰਾਜਨੀਤਕ ਵਿਰੋਧੀਆਂ ਪ੍ਰਤੀ ਘੋਰ ਅਸਹਿਣਸ਼ੀਲਤਾ ਲਈ ਜਾਣਿਆ ਜਾਂਦਾ ਹੈ ਅਤੇ ਉਸਦੀ ਬੌਖਲਾਹਟ ਤੇ ਹਲਕਾਅ ਵਧਦਾ ਜਾ ਰਿਹਾ ਹੈ। ਇਹ ਉਸਦੀ ਮਾਨਸਿਕ ਅਸਥਿਤਾ ਤੇ ਪਾਗਲਪਣ ਨਹੀਂ, ਸਗੋਂ ਸੋਚੀ-ਸਮਝੀ ਯੁੱਧਨੀਤੀ ਹੈ ਜਿਸ ਦੁਆਰਾ ਉਹ ਅਮਰੀਕਨ ਸਟੇਟ ਨੂੰ ਵਧੇਰੇ ਕਰੂਰ ਰੂਪ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਹੁਣ ਤਾਂ ਉਸ ਨੇ ਸਰੇਆਮ ਅਮਰੀਕਨ ਕਾਂਗਰਸ ਦੇ ਛੇ ਡੈਮੋਕਰੇਟ ਮੈਂਬਰਾਂ ਨੂੰ ਫਾਹੇ ਲਾਉਣ ਦੀ ਮੰਗ ਕਰ ਦਿੱਤੀ ਹੈ। ਦੁਨੀਆ ਵਿਚ ਜਮਹੂਰੀਅਤ ਦੇ ਆਪੇ ਬਣੇ ਰਖਵਾਲੇ ਦੇ ਮੁਖੀ ਵੱਲੋਂ ਆਪਣੇ ਰਾਜਨੀਤਕ ਵਿਰੋਧੀ ਦੀਆਂ ਹੱਤਿਆਵਾਂ ਦੀ ਵਕਾਲਤ ਸਮੁੱਚੀ ਮਾਨਵਤਾ ਲਈ ਬੇਹੱਦ ਖ਼ਤਰਨਾਕ ਸੰਦੇਸ਼ ਹੈ। ਆਲਮੀ ਕਾਰਪੋਰੇਟ ਸਰਮਾਇਆ ਇਕ ਵਾਰ ਫਿਰ ਖੁੱਲ੍ਹੀ ਖ਼ੂੰਖ਼ਾਰ ਫਾਸ਼ੀਵਾਦੀ ਤਾਨਾਸ਼ਾਹੀ ਥੋਪਣ ਲਈ ਤਾਹੂ ਹੈ। ਪਰ ਲੱਗਦਾ ਨਹੀਂ ਹੈ ਕਿ ਅਮਰੀਕਾ ਦੇ ਜ਼ਿਆਦਾਤਰ ਲੋਕ ਅਜੇ ਇਸ ਖ਼ਤਰੇ ਦੀ ਗੰਭੀਰਤਾ ਨੂੰ ਗਹਿਰਾਈ 'ਚ ਸਮਝ ਪਾ ਰਹੇ ਹਨ।

ਇਹ ਸਪਸ਼ਟ ਹੈ ਕਿ ਮਮਦਾਨੀ ਵਰਗਿਆਂ ਦੇ ਚੁਣੇ ਜਾਣ ਨਾਲ ਅਮਰੀਕਾ ਦੇ ਆਰਥਕ ਮਾਡਲ ਦੀ ਕਾਰਪੋਰੇਟ ਹਿਤੈਸ਼ੀ ਅਤੇ ਲੋਕ ਵਿਰੋਧੀ ਖ਼ਸਲਤ ਨਹੀਂ ਬਦਲ ਜਾਣੀ। ਪਰ ਇਹ ਸਪਸ਼ਟ ਸੰਕੇਤ ਹੈ ਕਿ ਕਥਿਤ ਨਵਉਦਾਰ ਆਰਥਕ ਮਾਡਲ ਆਮ ਅਮਰੀਕੀਆਂ ਨੂੰ ਬੁਰੀ ਤਰ੍ਹਾਂ ਨਪੀੜ ਰਿਹਾ ਹੈ, ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਬੁਨਿਆਦੀ ਲੋੜਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਲੋਕ ਤ੍ਰਾਹ-ਤ੍ਰਾਹ ਕਰ ਰਹੇ ਹਨ ਪਰ ਉਨ੍ਹਾਂ ਅੱਗੇ ਕੋਈ ਅਜਿਹਾ ਰਾਜਨੀਤਕ ਬਦਲ ਨਹੀਂ ਹੈ ਜੋ ਇਸ ਆਰਥਕ ਮਾਡਲ ਤੇ ਟਰੰਪ ਦੀ ਤਾਨਾਸ਼ਾਹੀ ਵਿਰੁੱਧ ਲੋਕਾਂ 'ਚ ਖੌਲ਼ ਰਹੀ ਬੇਚੈਨੀ ਨੂੰ ਰਾਜਨੀਤਕ ਅੰਦੋਲਨ ਦਾ ਰੂਪ ਦੇ ਸਕੇ ਅਤੇ ਹਾਕਮ ਜਮਾਤ ਨੂੰ ਇਸ ਆਰਥਕ ਮਾਡਲ ਨੂੰ ਰੱਦ ਕਰਨ ਲਈ ਮਜਬੂਰ ਕਰ ਸਕੇ।

ਡੈਮੋਕਰੇਟ ਆਗੂ ਜੇਕਰ ਚਾਹੁਣ ਤਾਂ ਮਮਦਾਨੀ ਦੀ ਜਿੱਤ ਤੋਂ ਸਬਕ ਲੈ ਕੇ 2026 'ਚ ਹੋਣ ਵਾਲੀਆਂ ਮੱਧਕਾਲੀ ਚੋਣਾਂ ਲਈ ਠੋਸ ਨੀਤੀ ਘੜਕੇ ਟਰੰਪ ਨੂੰ ਸਖ਼ਤ ਟੱਕਰ ਦੇ ਸਕਦੇ ਹਨ। ਪਰ ਆਪਣੀ ਜਮਾਤੀ ਖ਼ਸਲਤ ਕਾਰਨ ਡੈਮੋਕਰੇਟਿਕ ਪਾਰਟੀ ਘੋਰ ਪਿਛਾਖੜੀ ਟਰੰਪਸ਼ਾਹੀ ਵਿਰੁੱਧ ਫ਼ੈਸਲਾਕੁੰਨ ਲੜਾਈ ਨਹੀਂ ਲੜ ਸਕਦੀ। ਨਾ ਹੀ ਉਹ ਕਾਰਪੋਰੇਟ-ਹਿਤੈਸ਼ੀ ਨਵ-ਉਦਾਰ ਅਰਥਸ਼ਾਸਤਰ ਨੂੰ ਤਿਆਗ ਸਕਦੀ ਹੈ। ਸਮਾਜਵਾਦੀ ਤਾਕਤਾਂ ਇਸ ਕਦਰ ਕਮਜ਼ੋਰ ਹਨ ਕਿ ਉਹ ਕੋਈ ਗਿਣਨਯੋਗ ਭੂਮਿਕਾ ਨਿਭਾਉਣ ਦੀ ਹਾਲਤ 'ਚ ਨਹੀਂ ਹਨ। ਇਸ ਕਾਰਨ ਫ਼ਿਲਹਾਲ ਜੇਕਰ ਕਿਰਤੀ ਲੋਕਾਂ ਨੂੰ ਕੋਈ ਆਸ ਦੀ ਕਿਰਨ ਦਿਸਦੀ ਹੈ ਤਾਂ ਸਿਰਫ਼ ਮਮਦਾਨੀ, ਬਰਨੀ ਸੈਂਡਰਸ ਵਰਗਿਆਂ ਦੀਆਂ ਬਦਲਵੀਂਆਂ ਨੀਤੀ-ਤਜਵੀਜ਼ਾਂ ਵਿਚ ਦਿਸਦੀ ਹੈ, ਚਾਹੇ ਉਹ ਤਬਦੀਲੀ ਕਿੰਨੀ ਵੀ ਛੋਟੀ ਕਿਉਂ ਨਾ ਹੋਵੇ।

# ਹਰਦਿਆਲ ਝੀਤਾ ਦੀ ਕਾਵਿ-ਪੁਸਤਕ 'ਤੇਰੇ ਬਾਝੋਂ'...



ਡਾ. ਸੁਖਦੇਵ ਸਿੰਘ ਝੰਡ
647-567-9128

ਹਰਦਿਆਲ ਸਿੰਘ ਝੀਤਾ ਬੜਾ ਨਿੱਘਾ, ਮੁਹੱਬਤੀ ਤੇ ਮਿਲਾਪੜਾ ਇਨਸਾਨ ਹੈ। ਉਸ ਨੂੰ ਦੋਸਤਾਂ-ਮਿੱਤਰਾਂ, ਸਮਾਜਿਕ ਰਿਸ਼ਤਿਆਂ ਤੇ ਇਨਸਾਨੀ ਕਦਰਾਂ-ਕੀਮਤਾਂ ਦੀ ਖ਼ੂਬ ਪਹਿਚਾਣ ਹੈ। ਉਹ ਹਰੇਕ ਨਾਲ ਸੁਚੱਜੇ ਢੰਗ ਨਾਲ ਪੇਸ਼ ਆਉਂਦਾ ਹੈ ਅਤੇ ਬੜੇ ਸੁਹਜਮਈ ਸਲੀਕੇ ਨਾਲ ਗੱਲਬਾਤ ਕਰਦਾ ਹੈ। ਹਰਦਿਆਲ ਝੀਤਾ ਦੀ ਸ਼ਖ਼ਸੀਅਤ ਬਾਰੇ ਪੰਜਾਬੀ ਦੇ ਪ੍ਰੌੜ੍ਹ-ਲੇਖਕ ਪੂਰਨ ਸਿੰਘ ਦਾ ਕਹਿਣਾ ਹੈ, "ਉਸਦੇ ਆਚਾਰ, ਵਿਚਾਰ ਅਤੇ ਵਿਹਾਰ ਵਿੱਚ ਚੰਦਨ ਵਰਗੀ ਮਹਿਕ ਅਤੇ ਬੋਲਾਂ ਤੇ ਬਚਨਾਂ ਵਿੱਚ ਕਸਤੂਰੀ ਵਰਗੀ ਸੁਗੰਧੀ ਹੈ। ਉਸ ਦੀਆਂ ਤੋਰਾਂ ਤੇ ਤੱਕਾਂ ਵਿਚ ਨਿਰਛਲ ਮੁਹੱਬਤ, ਸੁੱਚੇ ਮੋਹ ਅਤੇ ਹਾਰਦਿਕ ਪਿਆਰ ਦੀ ਝਲਕ ਹੈ। ਉਹ ਮਾਨਵਤਾ ਦਾ ਪੁਜਾਰੀ ਹੈ ਅਤੇ ਕਰਤੇ ਦੀ ਕਿਰਤ ਵਿੱਚੋਂ ਵਿਸਮਾਦੀ ਨੂਰ ਤੇ ਰੂਹਾਨੀ ਝਲਕਾਰਾ ਦੇਖਣ ਵਾਲੀ ਵਾਲੀ ਦਿੱਭ ਦ੍ਰਿਸ਼ਟੀ ਹੈ।"

ਬਰੈਂਪਟਨ ਵਿਚ ਵਿਚਰਦਿਆਂ ਉਹ ਇੱਥੋਂ ਦੀਆਂ ਕਈ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਸਾਹਿਤਕ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ। ਆਪਣੇ ਸੁਹਿਰਦ ਯਤਨਾਂ ਨਾਲ ਉਸਦੇ ਵੱਲੋਂ ਬਰੈਂਪਟਨ ਵਿਚ ਪਿਛਲੇ ਕੁਝ ਸਾਲ ਪਹਿਲਾਂ 'ਕਲਮਾਂ ਦੀ ਸਾਂਝ ਸਾਹਿਤ ਸਭਾ' ਦਾ ਨਿਰਮਾਣ ਕੀਤਾ ਗਿਆ, ਜਿਸ ਦੀ ਨਿਯਮਤ ਮਹੀਨਾਵਾਰ ਇਕੱਤਰਤਾ ਹੁੰਦੀ ਹੈ। ਇਸ ਦੇ ਨਾਲ ਹੀ ਉਹ 'ਨਾਮਧਾਰੀ ਦਰਬਾਰ' ਨੂੰ ਸਮੱਰਪਿਤ ਹੈ, ਜਿਸ ਦੀ ਧਾਰਮਿਕ ਸੰਸਥਾਵਾਂ ਵਿਚ ਆਪਣੀ ਹੀ ਵੱਖਰੀ ਦਿੱਖ ਤੇ ਪਹਿਚਾਣ ਹੈ। ਪਾਠਕ ਭਲੀ-ਭਾਂਤ ਜਾਣਦੇ ਹਨ ਕੇ ਨਾਮਧਾਰੀ ਸੰਗਤ ਦਾ ਭਾਰਤ ਦੀ ਆਜ਼ਾਦੀ ਅਤੇ ਸਮਾਜ-ਸੁਧਾਰ ਵਿਚ ਵੱਡਾ ਯੋਗਦਾਨ ਹੈ।

ਹਰਦਿਆਲ ਝੀਤਾ ਦਾ ਸਾਰਾ ਪਰਿਵਾਰ ਧਾਰਮਿਕ ਵਿਚਾਰਾਂ ਦਾ ਧਾਰਨੀ ਹੈ ਅਤੇ ਨਾਮਧਾਰੀ ਦਰਬਾਰ ਨੂੰ ਪ੍ਰਨਾਇਆ ਹੋਇਆ ਹੈ। ਪਰਿਵਾਰ ਦੇ ਸਾਰੇ ਜੀਅ, ਬੱਚਿਆਂ ਸਮੇਤ ਗੁਰਬਾਣੀ ਕੀਰਤਨ ਕਰਦੇ ਹਨ। ਉਨ੍ਹਾਂ ਨੇ ਲੱਗਭੱਗ ਸਾਰੇ ਹੀ ਸੰਗੀਤਕ ਸਾਜ਼ ਘਰ ਵਿਚ ਰੱਖੇ ਹੋਏ ਹਨ ਅਤੇ ਰੋਜ਼ਾਨਾ ਇਨ੍ਹਾਂ ਦੇ ਨਾਲ ਗੁਰਬਾਣੀ ਕੀਰਤਨ ਦਾ ਅਭਿਆਸ ਕਰਦੇ ਹਨ। ਝੀਤਾ ਪਰਿਵਾਰ ਵੱਲੋਂ ਆਪਣੇ ਪਿਤਾ ਸ. ਮਿਹਰ ਸਿੰਘ ਝੀਤਾ ਤੇ ਮਾਤਾ ਪ੍ਰੀਤਮ ਕੌਰ ਝੀਤਾ ਦੀ ਯਾਦ ਵਿਚ 'ਕਲਮਾਂ ਦੀ ਸਾਂਝ ਸਾਹਿਤ ਸਭਾ' ਰਾਹੀਂ ਹਰ ਸਾਲ ਕਿਸੇ ਉੱਘੇ ਸਾਹਿਤਕਾਰ ਜਾਂ ਕਿਸੇ ਵਿਸ਼ੇਸ਼ ਖ਼ੇਤਰ ਵਿਚ ਯੋਗਦਾਨ ਪਾਉਣ ਵਾਲੇ ਵਿਅਕਤੀ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਹੁਣ ਤੀਕ ਉਨ੍ਹਾਂ ਵੱਲੋਂ ਬਰੈਂਪਟਨ ਦੀਆਂ ਤਿੰਨ ਪ੍ਰਮੁੱਖ ਸ਼ਖ਼ਸੀਅਤਾਂ ਪੰਜਾਬੀ ਲੇਖਕ ਪੂਰਨ ਸਿੰਘ ਪਾਂਧੀ, ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ ਅਤੇ ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਹਰਦਿਆਲ ਝੀਤਾ ਦੀਆਂ ਕਵਿਤਾਵਾਂ ਵਿੱਚ ਸਮਾਜਿਕ ਰਿਸ਼ਤਿਆਂ ਦੇ ਨਿੱਘ, ਵਿਯੋਗ, ਦਰਦ, ਵਿਛੋੜੇ ਅਤੇ ਧਾਰਮਿਕਤਾ ਦਾ ਰੰਗ ਸਾਫ਼ ਵਿਖਾਈ ਦਿੰਦਾ ਹੈ। ਉਸ ਦੀਆਂ ਕਵਿਤਾਵਾਂ ਵਿਚ ਮਾਨਵਤਾ, ਮਾਂ ਦਾ ਨਿਰਸਵਾਰਥ ਪਿਆਰ, ਮਾਂ-ਬੋਲੀ ਪ੍ਰਤੀ ਸਨੇਹ ਅਤੇ 'ਕਰਮ-ਭੂਮੀ ਕਨੇਡਾ' ਪ੍ਰਤੀ ਪਿਆਰ ਤੇ ਸਤਿਕਾਰ ਝਲਕਦਾ ਹੈ। ਵਿਯੋਗ ਤੇ ਵਿਛੋੜਾ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਦ੍ਰਿਸ਼ਟੀਗੋਚਰ ਹੈ, ਚਾਹੇ ਇਹ 1947 ਦੀ ਵੰਡ ਦੇ ਸਮੇਂ ਹਿੰਦੂ, ਸਿੱਖ ਤੇ ਮੁਸਲਮਾਨਾਂ ਦੀਆਂ ਆਪਸੀ ਖ਼ੂਨੀ ਝੜਪਾਂ ਤੇ ਦਰਦਨਾਕ ਕਤਲ ਹੋਣ ਜਾਂ ਉਸ ਦੇ ਵੱਲੋਂ ਨਿੱਜੀ-ਜੀਵਨ ਵਿੱਚ ਝੱਲੇ ਗਏ 'ਲੰਮੇਂ ਵਿਛੋੜੇ' ਦੀ ਦੁੱਖ-ਭਰੀ ਦਾਸਤਾਨ ਹੋਵੇ।

ਹੱਥਲੀ ਪੁਸਤਕ 'ਤੇਰੇ ਬਾਝੋਂ' ਉਸਦੀ ਪਲੇਠੀ ਕਾਵਿ-ਪੁਸਤਕ ਹੈ। ਇਸ ਵਿਚ ਉਸ ਨੇ ਕਈਆਂ ਕਵਿਤਾਵਾਂ ਵਿਚ ਆਤਮਾ ਤੇ ਪ੍ਰਮਾਤਮਾ ਦੇ ਵਿਛੋੜੇ ਅਤੇ ਹੋਰ ਕਈਆਂ ਵਿੱਚ ਆਪਣੀ ਧਰਮ-ਪਤਨੀ ਤੋਂ ਦੂਰ ਰਹਿ ਕੇ ਬਿਤਾਏ ਗਏ 18 ਸਾਲ ਲੰਮੇਂ ਵਿਛੋੜੇ ਦੀ ਗੱਲ ਕੀਤੀ ਹੈ। ਇਨ੍ਹਾਂ ਤੋਂ ਇਲਾਵਾ ਕਵਿਤਾਵਾਂ ਵਿੱਚ ਉਸਦੇ ਵੱਲੋਂ ਹੋਰ ਵੀ ਕਈ ਵੱਖ-ਵੱਖ ਵਿਸ਼ੇ ਲਏ ਹਨ, ਜਿਨ੍ਹਾਂ ਵਿੱਚੋਂ ਕੁਝ ਇੱਥੇ ਪਾਠਕਾਂ ਦੀ ਨਜ਼ਰ ਕਰਨੇ ਜ਼ਰੂਰੀ ਸਮਝਦਾ ਹਾਂ। ਇਨ੍ਹਾਂ ਕਵਿਤਾਵਾਂ ਵਿੱਚ ਉਸ ਨੇ 'ਖੁੱਲ੍ਹੀ ਕਵਿਤਾ' ਦੇ ਮਾਧਿਅਮ ਰਾਹੀਂ ਆਪਣੇ ਖ਼ਿਆਲ ਖੁੱਲ੍ਹ ਕੇ ਪ੍ਰਗਟ ਕੀਤੇ ਹਨ।

'ਖ਼ੁਮਾਰੀ' ਨਾਂ ਦੀ ਕਵਿਤਾ ਵਿਚ ਪ੍ਰਮਾਤਮਾ ਨੂੰ ਮੁਖ਼ਾਤਬ ਹੁੰਦਿਆਂ ਉਹ ਕਹਿੰਦਾ ਹੈ :

**ਤੇਰਾ ਤਸੱਵਰ ਕਰਦਿਆਂ ਹੀ**
**ਖਿੜ ਜਾਂਦੇ ਨੇ ਮੇਰੀ ਕਵਿਤਾ ਦੇ ਅੱਖਰ**
**ਚਹਿ-ਚਹਾਉਣ ਲੱਗ ਪੈਂਦਾ ਹੈ ਮੇਰਾ ਆਪਾ,**
**ਛਾ ਜਾਂਦੀ ਹੈ, ਇਕ ਖ਼ੁਮਾਰੀ ਮੇਰੇ ਉੱਪਰ।**
(ਪੰਨਾ-72)

ਹਰਦਿਆਲ ਝੀਤਾ ਦਾ ਇਹ ਵੀ ਦ੍ਰਿੜ੍ਹ ਵਿਸ਼ਵਾਸ ਹੈ ਕਿ ਰੱਬ ਦੀ ਹੋਂਦ ਨੂੰ ਉਸ ਦੇ ਆਪਣੇ ਹੀ ਬਣਾਏ ਹੋਏ 'ਬੰਦਿਆਂ' ਕੋਲੋਂ ਖ਼ਤਰਾ ਹੈ। ਕਥਿਤ ਧਰਮੀਆਂ ਨੂੰ ਸੰਬੋਧਿਤ ਹੋ ਕੇ ਉਹ ਕਹਿੰਦਾ ਹੈ :

**ਖ਼ਤਰਾ ਹੈ ਤੁਹਾਡੇ ਰੱਬ ਦੀ**
**ਹੋਂਦ ਨੂੰ**
**ਸਾਡੇ ਰਚਨਹਾਰ ਦੀ ਹੋਂਦ ਨੂੰ**
**ਖਤਰਾ ਹੈ**
**ਆਪਣੀ ਹੀ ਰਚਨਾ ਹੱਥੋਂ**
**ਹਾਂ ਸੱਚੀਂ ਹੀ ਖ਼ਤਰਾ ਹੈ ਰੱਬ**
**ਨੂੰ**
**ਆਪਣੇ ਬਣਾਏ ਬੰਦਿਆਂ**
**ਕੋਲੋਂ!**
(ਪੰਨਾ-51)

ਝੀਤਾ ਮਾਂ ਨੂੰ ਰੱਬ ਦਾ ਰੂਪ ਸਮਝਦਾ ਹੈ ਅਤੇ ਉਸ ਦੇ ਵਿੱਚੋਂ 'ਰੱਬ' ਨੂੰ ਵੇਖਦਾ ਤੇ ਮਹਿਸੂਸ ਕਰਦਾ ਹੈ। ਉਹ ਦਾ ਕਹਿਣਾ ਹੈ ਕਿ ਮਾਂ ਤਾਂ ਰੱਬ ਵਾਂਗ ਹਰ ਥਾਂ ਮੌਜੂਦ ਹੈ :

**ਮਾਂ!**
**ਰੱਬ ਵਾਂਗ**
**ਸਰਬ-ਵਿਆਪਕ ਹੁੰਦੀ ਹੈ**
**ਹਜ਼ਾਰਾਂ ਮੀਲ ਦੂਰ ਬੈਠੀ ਉਹ**
**ਸਭ 'ਹਬੀ-ਨਬੀ' ਜਾਣਦੀ ਹੈ, ਸਾਡੀ**
**ਜਾਣੀ-ਜਾਣ ਜੁ ਹੁੰਦੀ ਹੈ**
**ਮਾਂ!**
**ਰੱਬ ਵਾਂਗ!**
**'ਜਾਣੀ-ਜਾਣ' ਵੀ ਹੁੰਦੀ ਹੈ।**
(ਪੰਨਾ-74)

ਇਸ ਦੇ ਨਾਲ ਹੀ ਆਪਣੇ ਨਿੱਜੀ-ਵਿਛੋੜੇ ਬਾਰੇ ਗੱਲ ਕਰਦਿਆਂ ਪੁਸਤਕ ਦੇ ਸਿਰਲੇਖ ਨਾਂ ਦੀ ਕਵਿਤਾ 'ਤੇਰੇ ਬਾਝੋਂ' ਵਿਚ ਉਹ ਕਹਿੰਦਾ ਹੈ :

**ਚੁਸਕੀ ਚੁਸਕੀ ਜ਼ਹਿਰ ਪੀ ਰਿਹਾਂ**
**ਤੇਰੇ ਬਾਝੋਂ! ਤੂੰ ਕੀ ਜਾਣੇ,**
**ਕਿਵੇਂ ਜੀ ਰਿਹਾਂ**
**ਤੇਰੇ ਬਾਝੋਂ।**
**ਥੋੜ੍ਹਾ ਥੋੜ੍ਹਾ ਨਿਤ ਖੁਰਦਾ ਹਾਂ,**
**ਤੇਰੇ ਬਾਝੋਂ,**
**ਦਿਲ ਆਪਣੇ 'ਤੇ ਕੀ ਕੀ ਜਰਦਾਂ,**
**ਤੇਰੇ ਬਾਝੋਂ।**
(ਪੰਨਾ-90)

ਅਤੇ ਹੋਰ:


**ਉਹ ਮੈਨੂੰ ਅਕਸਰ ਆਖਦੀ,**
**ਖ਼ਿਆਲ ਰੱਖਿਆ ਕਰੋ ਆਪਣਾ**
**ਮੈਂ ਵੀ ਆਖਦਾ,**
**ਤੂੰ ਵੀ ਖ਼ਿਆਲ ਰੱਖੀਂ ਆਪਣਾ**
**ਸਾਨੂੰ ਦੋਹਾਂ ਨੂੰ ਪਤਾ ਹੈ**
**ਅਸੀਂ ਆਪਣੇ ਬਾਰੇ,**
**ਤਾਂ ਕਦੇ ਵੀ ਨਹੀਂ ਸੋਚਦੇ**
**ਫਿਰ ਖ਼ਿਆਲ ਕਿਵੇਂ ਰੱਖਾਂਗੇ**
**ਆਪੋ ਆਪਣਾ।**
(ਪੰਨਾ-93)

ਤੇ ਹੋਰ ਵੀ:

**ਤੂੰ ਮੇਰੇ ਲੜ ਲੱਗੀ**
**ਮੈਂ ਭਟਕਣਾ ਮਗਰ ਹੋ ਤੁਰਿਆ।**
**ਤੈਂ ਪਿਆਰ ਮੰਗਿਆ,**
**ਮੈਂ ਵਿਛੋੜਾ ਪਾਇਆ, ਤੇਰੀ ਝੋਲੀ।**
**ਤੈਂ ਖ਼ੁਸ਼ੀਆਂ ਮੰਗੀਆਂ,**
**ਮੈਂ ਪਰਦੇਸੀ ਹੋ ਗਿਆ।**
**ਤੈਂ ਜ਼ਿੰਦਗੀ ਮੰਗੀ,**
**ਮੈਂ ਆਪੇ ਤੋਂ ਵੀ ਜੁਦਾ ਹੋ ਗਿਆ।**
(ਪੰਨਾ-110)

ਲੜ ਛੱਡ ਕੇ ਬੰਨ੍ਹੀਆਂ ਪੀਲ਼ੀਆਂ ਪੱਗਾਂ ਵਾਲੇ ਅਜੋਕੇ 'ਭਗਤ ਸਿੰਘਾਂ' ਬਾਰੇ ਉਸਦਾ ਮੰਨਣਾ ਹੈ ਕਿ ਉਹ ਤਾਂ ਹੁਣ ਇਹ ਕਹਿ ਰਹੇ ਹਨ :

**ਭਗਤ ਸਿੰਘਾ ਤੈਨੂੰ ਸਲਾਮ!**
**ਤੇਰੀ ਕੁਰਬਾਨੀ ਨੂੰ ਸਲਾਮ!!**
**ਕੀ ਕਰੀਏ??**
**ਬਸ ਜੀਵੀ ਜਾ ਰਹੇ ਹਾਂ**
**ਤੇ ਸ਼ਾਇਦ**
**ਦਿਨ-ਕਟੀ ਹੀ ਕਰ ਰਹੇ ਹਾਂ**
**ਪਰ ਤੈਨੂੰ ਯਾਦ ਜ਼ਰੂਰ ਕਰਦੇ ਹਾਂ**
**ਸਾਲ ਵਿਚ**
**ਇਕ-ਦੋ ਵਾਰੀ ਹੀ**




**ਇਕ ਤੇਰੇ ਜਨਮ-ਦਿਨ ਵਾਲੇ ਦਿਨ,**
**ਤੇ ਦੂਜਾ ਤੇਰੇ ਸ਼ਹੀਦੀ ਦਿਹਾੜੇ 'ਤੇ।**
(ਪੰਨਾ-32)

ਏਸੇ ਤਰ੍ਹਾਂ, ਬਾਬੇ ਨਾਨਕ ਬਾਰੇ ਉਸ ਦਾ ਕਹਿਣਾ ਹੈ :

**ਅਸੀਂ ਤੇ ਨਾਨਕ**
**ਇਕ ਦੂਜੇ ਤੋਂ**
**ਕੋਹਾਂ ਦੂਰ ਖੜੇ ਹਾਂ,**
**ਧਰਮ ਦੇ ਠੇਕੇਦਾਰਾਂ ਹੱਥੋਂ**
**ਬਹੁਤਾ ਹੋ ਮਜਬੂਰ ਖੜੇ ਹਾਂ**
**ਅਸੀਂ ਤੇ ਨਾਨਕ**
**ਇਕ ਦੂਜੇ ਤੋਂ**
**ਕੋਹਾਂ ਦੂਰ ਖੜੇ ਹਾਂ।**
(ਪੰਨਾ-36)

ਮਾਂ-ਬੋਲੀ ਪੰਜਾਬੀ ਦੀ ਚਿੰਤਾ ਕਰਦਿਆਂ ਉਸ ਦੀ ਧਾਰਨਾ ਹੈ ਕਿ ਲੋਕ 'ਮਾਂ-ਬੋਲੀ ਦਿਵਸ' 'ਤੇ ਕੇਵਲ ਇਕ ਦਿਨ ਹੀ ਉਸ ਨੂੰ ਧੂਮ-ਧੜੱਕੇ ਨਾਲ ਯਾਦ ਕਰਦੇ ਹਨ ਅਤੇ ਬਾਅਦ ਵਿਚ ਸੱਭ ਭੁੱਲ-ਭੁਲਾਅ ਜਾਂਦੇ ਹਨ। ਉਹ ਆਪਣੀ ਮਾਂ-ਬੋਲੀ ਦੇ ਮੂੰਹੋਂ ਹੀ ਅਖਵਾਉਂਦਾ ਹੈ :

**ਮੇਰੇ ਇਕ ਦਿਨ ਦੇ**
**ਸ਼ੁਭ-ਚਿੰਤਕ**
**ਪਿਆਰਿਓ!**
**ਮੈਂ ਤੁਹਾਡੀ ਮਾਂ-ਬੋਲੀ**
**ਮੈਨੂੰ ਪਤਾ**
**ਤੁਸੀਂ ਅੱਜ ਦੇ ਦਿਨ**
**ਬਹੁਤ ਕਾਵਾਂ-ਰੌਲ਼ੀ**
**ਪਾਵੋਗੇ।**
**ਢੋਲ-ਢਮੱਕਿਆਂ ਨਾਲ**
**ਐਲਾਨਾਂ ਦੇ ਅੰਬਾਰ**
**ਲਗਾਵੋਗੇ। ....**
**ਤੁਹਾਡੇ ਅਹਿਦਨਾਮਿਆਂ**
**ਦਾ ਉੱਠਦਾ ਧੂੰਆਂ**
**ਉਡਾ ਕੇ ਲੈ ਜਾ ਰਿਹਾ**
**ਹੋਵੇਗਾ**
**ਤੁਹਾਥੋਂ ਦੂਰ**
**ਵਿਰਸੇ ਤੋਂ ਦੂਰ**
**ਸਭਿਆਚਾਰ ਤੋਂ ਦੂਰ**
**ਤੁਹਾਡੀਆਂ ਨਸਲਾਂ ਨੂੰ।**
(ਪੰਨਾ - 46)

ਹਰਦਿਆਲ ਝੀਤਾ ਦਿਨ-ਬਦਿਨ ਵਾਪਰਦੀਆਂ ਸਮਾਜਿਕ ਤੇ ਰਾਜਨੀਤਕ ਘਟਨਾਵਾਂ ਤੋਂ ਭਲੀ-ਭਾਂਤ ਵਾਕਿਫ਼ ਹੈ। ਗਵਾਂਢੀ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਹੋਰ ਦੇਸ਼ਾਂ ਵਾਂਗ ਕੈਨੇਡਾ ਉੱਪਰ ਟੈਰਿਫ਼ ਲਗਾਉਣ 'ਤੇ ਆਪਣੀ ਇਸ 'ਕਰਮ-ਭੂਮੀ' 'ਤੇ ਆਏ ਸੰਕਟ ਬਾਰੇ ਉਹ ਦੇਸ਼-ਵਾਸੀਆਂ ਨੂੰ ਸੰਭੋਧਿਤ ਹੈ :

**ਆਓ ਇਕ ਨਵਾਂ ਕੈਨੇਡਾ ਸਿਰਜੀਏ!**
**ਪਰ-ਉਪਕਾਰੀ ਦੇਸ਼ ਦੇ ਭਲੇ-ਮਾਣਸ ਵਾਸੀਓ,**
**ਆਓ ਸਾਰੇ ਇਕ ਹੋਈਏ!!**
**ਇਕ ਭੀੜ ਬਣ ਆਈ ਏ**
**ਸਾਡੇ ਮੁਲਕ 'ਤੇ**
**ਹੈਂਕੜਬਾਜ਼ 'ਕੋਝੇ' ਵਾਰ ਕਰਨ 'ਤੇ ਆ ਗਿਆ ਏ,**
**ਆਓ ਸਾਰੇ ਇਕ-ਜੁੱਟ ਹੋ ਜਾਈਏ,**
**ਤੇ ਮੂੰਹ-ਤੋੜਵਾਂ ਜਵਾਬ ਦੇਈਏ।**
(ਪੰਨਾ-43)

ਇਹ ਤਾਂ ਝੀਤਾ ਦੀਆਂ ਕਵਿਤਾਵਾਂ ਦੀਆਂ ਕੁਝ ਕੁ ਵੰਨਗੀਆਂ ਹਨ, ਜਿਨ੍ਹਾਂ ਵਿਚ ਉਸ ਨੇ ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਵਿਸ਼ੇ ਤਾਂ ਹੋਰ ਵੀ ਕਈ ਹਨ, ਪਰ ਸਾਰਿਆਂ ਬਾਰੇ ਇਸ ਸੀਮਤ ਜਿਹੇ ਆਰਟੀਕਲ ਵਿਚ ਵਿਚਾਰ ਕਰਨੀ ਮੁਸ਼ਕਲ ਹੈ।

ਪੁਸਤਕ ਵਿੱਚ 'ਥੋੜ੍ਹੇ ਸ਼ਬਦਾਂ ਵਾਲੀਆਂ ਨਜ਼ਮਾਂ' ਨਾਮਕ ਕਵਿਤਾ ਸਮੇਤ ਕੁਝ ਛੋਟੀਆਂ-ਛੋਟੀਆਂ ਕਵਿਤਾਵਾਂ 'ਬੰਦਾ', 'ਜ਼ਿੰਦਗੀ', 'ਝੋਲੀ', 'ਚਿਣਗ', 'ਤਮੰਨਾ', 'ਲੀਕ', 'ਭਟਕਣਾ', ਆਦਿ ਵੀ ਹਨ ਜੋ ਥੋੜ੍ਹੇ ਲਫ਼ਜ਼ਾਂ ਵਿੱਚ ਬੜਾ ਕੁਝ ਕਹਿ ਜਾਂਦੀਆਂ ਹਨ, ਮਸਲਿਨ 'ਲੀਕ' ਨਾਂ ਦੀ ਕਵਿਤਾ ਵਿੱਚ ਉਹ ਕਹਿੰਦਾ ਹੈ :

**ਮੈਂ ਲਿਖਦਾ-ਪੜ੍ਹਦਾ**
**ਵਾਰ-ਵਾਰ ਪੜ੍ਹਦਾ**
**ਫਿਰ ਉਸਨੂੰ ਸੁਣਾਉਂਦਾ,**
**ਉਹ ਸੁਣ ਕੇ**
**ਠੰਡਾ ਸਾਹ ਲੈ ਕੇ ਆਖਦੀ**
**ਕਦੇ ਮੇਰੇ ਬਾਰੇ ਵੀ ਕੁਝ ਲਿਖਿਆ ਕਰ।**
**ਮੈਨੂੰ ਲੱਗਦਾ**
**ਜਿਵੇਂ ਮੇਰੀ ਸਾਰੀ ਲਿਖਾਵਟ 'ਤੇ,**
**ਲੀਕ ਵੱਜ ਗਈ ਹੋਵੇ।**
(ਪੰਨਾ-107)

ਇਸ ਤਰ੍ਹਾਂ ਹਰਦਿਆਲ ਝੀਤਾ ਦੀ ਇਸ ਪਲੇਠੀ ਪੁਸਤਕ ਦੀਆਂ ਬਹੁਤ ਸਾਰੀਆਂ ਕਵਿਤਾਂ ਕਾਫ਼ੀ ਰੌਚਕ ਤੇ ਦਿਲਚਸਪ ਹਨ। ਪਰ ਇਨ੍ਹਾਂ ਵਿੱਚੋਂ ਕਈ ਕਵੀ ਦਾ ਹੋਰ ਗੰਭੀਰ ਧਿਆਨ ਮੰਗਦੀਆਂ ਹਨ। ਕਈ ਕਵਿਤਾਵਾਂ ਵਿੱਚ ਕੁਝ ਸ਼ਬਦਾਂ ਦੀ ਵਿਸ਼ੇਸ਼ਤਾ ਦਰਸਾਉਣ ਲਈ ਉਨ੍ਹਾਂ ਨੂੰ ਦੂਹਰੇ ਪੁੱਠੇ ਕੌਮਿਆਂ " " ਵਿੱਚ ਦਿੱਤਾ ਗਿਆ ਹੈ, ਜਦਕਿ ਇਨ੍ਹਾਂ ਕੌਮਿਆਂ ਨੂੰ ਆਮ ਹਾਲਤਾਂ ਵਿੱਚ ਕਿਸੇ ਵਿਅਕਤੀ ਵੱਲੋਂ ਕਹੇ ਗਏ ਸ਼ਬਦਾਂ ਨੂੰ ਹੂ-ਬ-ਹੂ ਦਰਸਾਉਣ ਲਈ ਵਰਤਿਆ ਜਾਂਦਾ ਹੈ। ਮੇਰੇ ਖ਼ਿਆਲ 'ਚ ਇੱਥੇ ਇਨ੍ਹਾਂ ਦੀ ਥਾਂ ਇਕਹਿਰੇ ਕੌਮੇ ' ' ਹੀ ਵਰਤੇ ਜਾਣੇ ਚਾਹੀਦੇ ਸਨ ਅਤੇ ਕਈ ਥਾਈਂ ਇਹ ਵਰਤੇ ਵੀ ਗਏ ਹਨ। ਕਈ ਸ਼ਬਦਾਂ ਵਿੱਚ ਬਿੰਦੀ ਦੀ ਅਣਹੋਂਦ ਰੜਕਦੀ ਹੈ ਤੇ ਕਈਆਂ ਵਿੱਚ ਇਸ ਦੀ ਵਰਤੋਂ ਬੇਲੋੜੀ ਵੀ ਕੀਤੀ ਗਈ ਹੈ, ਜਿਵੇਂ 'ਜ਼ੁਰਅੱਤ' (ਪੰਨਾ-44)। ਮੇਰੇ ਵਿਚਾਰ ਅਨੁਸਾਰ ਇਹ ਸ਼ਬਦ 'ਜੁਅਰਤ' ਹੋਣਾ ਚਾਹੀਦਾ ਹੈ। ਵੈਸੇ, ਕਈ ਇਸ ਦੇ ਸ਼ਬਦ-ਜੋੜ 'ਜੁਰਅਤ' ਵੀ ਲਿਖਦੇ ਹਨ, ਪਰ ਉਹ ਇਸ ਵਿੱਚ ਜ ਦੇ ਪੈਰ 'ਚ ਬਿੰਦੀ ਅਤੇ ਅ ਉੱਪਰ ਅੱਧਕ ਦੀ ਵਰਤੋਂ ਨਹੀਂ ਕਰਦੇ। ਇੰਜ ਹੀ, 'ਦੰਪਤੀ' ਸ਼ਬਦ ਵਿੱਚ 'ਪ' ਅੱਖਰ ਉੱਪਰ ਅੱਧਕ ਦੀ ਲੋੜ ਨਹੀਂ ਹੈ। (ਪੰਨਾ-68)

ਪੁਸਤਕ ਵਿੱਚ ਸ਼ਬਦ-ਜੋੜਾਂ ਦੀਆਂ ਕਈ ਹੋਰ ਵੀ ਗ਼ਲਤੀਆਂ ਰੜਕਦੀਆਂ ਹਨ, ਜਿਵੇਂ, ਅੰਗਰੇਜ਼ੀ ਦੇ ਸ਼ਬਦ 'Like' ਨੂੰ ਪੰਜਾਬੀ ਵਿੱਚ 'ਲਾਇਕ' ਲਿਖਿਆ ਗਿਆ ਹੈ (ਪੰਨਾ-47), ਜੋ ਅਸਲ 'ਚ 'ਲਾਈਕ' ਹੋਣਾ ਚਾਹੀਦਾ ਹੈ। 'ਬੁੱਲਾਂ' ਦੀ ਜਗ੍ਹਾ 'ਬੁੱਲ੍ਹਾਂ' ਲਿਖਣਾ ਬਣਦਾ ਹੈ। ਏਸੇ ਤਰ੍ਹਾਂ 'ਵਿੱਚ' ਸ਼ਬਦ ਨੂੰ ਛੋਟੇ ਰੂਪ 'ਚ ਲਿਖਣ ਲਈ 'ਪੁੱਠਾ' ਕੌਮਾ (Apostrophe) 'ਚੱਚਾ' ਅੱਖਰ (ਚ) ਦੇ ਖੱਬੇ ਪਾਸੇ ਲਗਾਇਆ ਜਾਂਦਾ ਹੈ, ਸੱਜੇ ਨਹੀਂ। (ਪੰਨਾ-64), ਪਰ ਮੈਂ ਸਮਝਦਾ ਹਾਂ ਕਿ ਇਸ ਵਿੱਚ ਲੇਖਕ ਦੀ ਓਨੀ ਗ਼ਲਤੀ ਨਹੀਂ, ਜਿੰਨੀ ਕਿ ਪੁਸਤਕ ਦਾ ਪਰੂਫ਼ ਪੜ੍ਹਨ ਵਾਲੇ ਦੀ ਹੈ। ਪਰੂਫ਼-ਰੀਡਰ ਜੇਕਰ ਇਸ ਵੱਲ ਜ਼ਰਾ ਵਧੇਰੇ ਧਿਆਨ ਦੇਣ ਤਾਂ ਗ਼ਲਤੀਆਂ ਦੀ ਗੁੰਜਾਇਸ਼ ਘੱਟ ਹੋ ਸਕਦੀ ਹੈ।

ਕੁਲ ਮਿਲਾ ਕੇ ਹਰਦਿਆਲ ਝੀਤਾ ਦਾ ਇਹ 'ਉਪਰਾਲਾ' ਬਹੁਤ ਵਧੀਆ ਕਿਹਾ ਜਾ ਸਕਦਾ ਹੈ ਜੋ ਉਸ ਨੇ ਆਪਣੀ ਇਸ ਪਲੇਠੀ ਪੁਸਤਕ ਨੂੰ ਪਾਠਕਾਂ ਸਾਹਮਣੇ ਲਿਆਉਣ ਨਾਲ ਕੀਤਾ ਹੈ। ਡਾ. ਅਰਵਿੰਦਰ ਸਿੰਘ ਢਿੱਲੋਂ ਤੇ ਪਿਆਰਾ ਸਿੰਘ ਕੁੱਦੋਵਾਲ ਵੱਲੋਂ ਲਿਖੀਆਂ ਗਈਆਂ ਭੂਮਿਕਾਵਾਂ ਅਤੇ ਪ੍ਰੌੜ੍ਹ-ਲੇਖਕ ਪੂਰਨ ਸਿੰਘ ਪਾਂਧੀ ਦੀ 'ਅਸ਼ੀਰਵਾਦ' ਰੂਪੀ ਚਾਰ ਪੰਨਿਆਂ ਦੀ ਸ਼ੁਰੂਆਤੀ ਲਿਖ਼ਤ ਪੁਸਤਕ ਦੇ ਮੁਹਾਂਦਰੇ ਨੂੰ ਹੋਰ ਵੀ ਖ਼ੂਬਸੂਰਤ ਬਣਾਉਂਦੀਆਂ ਹਨ। 'ਪ੍ਰੀਤ ਪਬਲੀਕੇਸ਼ਨ' ਨਾਭਾ ਵੱਲੋਂ ਇਹ ਪੁਸਤਕ ਡਾਹਡੀ ਪ੍ਰੀਤ ਨਾਲ ਛਾਪੀ ਗਈ ਹੈ। ਪਰ ਨਾਲ ਹੀ ਉਸਦੇ ਵੱਲੋਂ 124 ਪੰਨਿਆਂ ਦੀ ਇਸ ਪੁਸਤਕ ਦੀ ਰੱਖੀ ਗਈ ਕੀਮਤ 400 ਰੁਪਏ (8 ਡਾਲਰ) ਕੁਝ ਰੜਕਦੀ ਹੈ ਜੋ ਕਵਿਤਾ ਪਸੰਦ ਕਰਨ ਵਾਲੇ ਪਾਠਕਾਂ ਲਈ ਬੇਸ਼ੱਕ ਉਚੇਰੀ ਲੱਗਦੀ ਹੈ, ਪਰ ਫਿਰ ਵੀ ਇਹ ਪੁਸਤਕ ਉਨ੍ਹਾਂ ਦੇ ਲਈ ਪੜ੍ਹਨਯੋਗ ਹੈ। ਇਸ ਲਈ ਇਹ ਪੜ੍ਹਨ ਦੀ ਸਿਫ਼ਾਰਸ਼ ਕਰਦਾ ਹਾਂ।



## ਹੜ੍ਹ ਤੇ ਪੰਜਾਬੀ ਫ਼ਿਤਰਤ

ਪਹਾੜਾਂ ਵਿੱਚ ਏ ਵੱਸਿਆ ਮੀਂਹ ਭਾਰੀ, ਡੈਮ ਪਾਣੀ ਨਾਲ ਉੱਪਰ ਤੱਕ ਭਰਨ ਲੱਗੇ,
ਗੇਟ ਭਾਖੜਾ-ਡੈਮ ਦੇ ਖੋਲ੍ਹ ਦਿੱਤੇ, ਰਣਜੀਤ ਸਾਗਰ ਤੇ 'ਪੌਂਗ' ਰੀਸ ਕਰਨ ਲੱਗੇ,
ਓਧਰ ਪੰਜਾਬ 'ਚ ਵੀ ਲੱਗੀ ਝੜੀ ਭਾਰੀ, ਨਦੀਆਂ, ਨਾਲ਼ੇ, ਟੋਭੇ, ਸੱਭ ਤਰਨ ਲੱਗੇ,
ਕੰਢੇ 'ਧੁੱਸੀ' ਵਿਚਾਰੀ ਦੇ ਕੀ ਕਰਦੇ, ਆਖ਼ਰ ਉਹ ਵੀ ਭੁਰ-ਭੁਰ ਕੇ ਖਰਨ ਲੱਗੇ।

ਪਾਣੀ ਧੁੱਸੀ ਦਾ ਖੇਤਾਂ ਵਿੱਚ ਜਾ ਵੜਿਆ, ਹਜ਼ਾਰਾਂ ਪਿੰਡਾਂ ਵਿੱਚ ਹੀ ਫਿਰ ਗਿਆ ਏ,
ਬੱਚਾ, ਬੁੱਢਾ, ਜਵਾਨ, ਇਨਸਾਨ ਇੱਥੇ, ਚਹੁੰ-ਪਾਸਿਉਂ ਪਾਣੀ ਨਾਲ ਘਿਰ ਗਿਆ ਏ,
ਹੋਇਆ ਫ਼ਸਲਾਂ ਦਾ ਨੁਕਸਾਨ ਭਾਰੀ, ਮਿਹਨਤ ਲੱਖਾਂ ਦੀ 'ਤੇ ਪਾਣੀ ਫਿਰ ਗਿਆ ਏ,
ਨਾਲੇ ਕਈ-ਕਈ ਫੁੱਟ ਰੇਤ ਚੜ੍ਹ ਗਈ, ਚਿੰਤਾ ਉਹਦੀ ਵਿੱਚ ਸਿਰ ਫਿਰ ਗਿਆ ਏ।

ਹੜ੍ਹ ਪੀੜਤਾਂ ਨੂੰ ਰਾਹਤ ਦੇਣ ਦੇ ਲਈ, ਆਏ ਲੋਕ ਕਈ ਭਰੀਆਂ ਟਰਾਲੀਆਂ ਲੈ,
ਅੱਗੇ ਬੇੜੀਆਂ ਵਿੱਚ ਸਵਾਰ ਹੋਏ, ਲੰਗਰ/ਰਾਸ਼ਨ/ਬੋਤਲਾਂ ਪਾਣੀ ਵਾਲੀਆਂ ਲੈ,
ਹੜ੍ਹ-ਪੀੜਤ ਨੇ ਪੁੱਛਦੇ 'ਚਾਹ-ਪਾਣੀ', ਆਏ ਸੱਜਣ ਜੋ ਬੇੜੀਆਂ ਕਾਹਲ਼ੀਆਂ ਲੈ,
ਪੀੜਤ ਆਖਦੇ ਸਾਡੇ ਕੋਲ ਹੈ ਵਾਧੂ, ਨਾਲ ਤੱਕਦੇ ਨਜ਼ਰਾਂ ਮਿਹਰ ਵਾਲੀਆਂ ਲੈ।

ਅੰਬਰਸਰ ਦੀ ਡੀ.ਸੀ. ਨੇ ਪਹਿਲ ਕੀਤੀ, ਅਮਲਾ ਲੈ ਹੜ੍ਹ-ਮਾਰਿਆਂ ਕੋਲ ਪੁੱਜੀ,
ਸਾਰ ਉਨ੍ਹਾਂ ਦੀ ਉੱਥੇ ਜਾ ਲਈ ਉਸਨੇ, ਵੰਡਣ ਦੁੱਖ 'ਦੁਖਿਆਰਿਆਂ' ਕੋਲ ਪੁੱਜੀ,
ਪਰਿਵਾਰਾਂ ਜਿਨਿਆਂ ਨੂੰ ਸੀ ਮਿਲ ਸਕਦੀ, ਉਸ ਦਿਨ ਉਨ੍ਹਾਂ ਸਾਰਿਆਂ ਕੋਲ ਪੁੱਜੀ,
ਲਈਆਂ 'ਸੀਸਾਂ ਕਈ ਬਜ਼ੁਰਗਾਂ ਕੋਲੋਂ, ਹੋਰ ਵੀ 'ਕਿਸਮਤ-ਹਾਰਿਆਂ' ਕੋਲ ਪੁੱਜੀ।

ਇਹ ਫ਼ਿਤਰਤ ਏ ਸਾਡੇ ਪੰਜਾਬੀਆਂ ਦੀ, ਇੱਕ-ਦੂਸਰੇ ਦਾ ਦਰਦ ਵੰਡਾਵੰਦੇ ਨੇ,
ਜਿੱਥੇ ਕਿਤੇ ਵੀ ਮੁਸੀਬਤ ਹੈ ਆਣ ਪੈਂਦੀ, ਉੱਥੇ ਸੁੱਖ-ਸਹੂਲਤਾਂ ਪਹੁੰਚਾਉਂਦੇ ਨੇ,
ਭਾਵੇਂ ਕਾਲ ਹੋਵੇ ਜਾਂ ਭੁਚਾਲ ਹੋਵੇ, 'ਖ਼ਾਲਸਾ-ਏਡ' ਵਾਲੇ ਭਾਈ ਜਾ ਆਵੰਦੇ ਨੇ,
ਵੇਖ ਸਕਣ ਨਾ ਕਿਸੇ ਨੂੰ ਦੁਖੀ ਇਹ 'ਝੰਡ', ਤਾਂ ਹੀ 'ਪੰਜਾਬੀ' ਅਖਵਾਵੰਦੇ ਨੇ।

ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128

## ਜਿਉਂਣ ਸਿੰਘ

ਜਿਉਂਣ ਸਿੰਘ ਨੂੰ ਵੀ ਮੁੰਡਿਆਂ ਨੇ
ਕੈਨੇਡੇ ਮੰਗਾ ਲਿਆ
ਥੋੜ੍ਹੇ ਦਿਨ ਕੈਨੇਡਾ ਦੇ ਰੰਗ ਢੰਗ ਦੇਖਦਿਆਂ
ਹੈਰਾਨੀ ਨਾਲ ਵਾਹਵਾ ਨਿਕਲੇ
ਹੌਲੀ ਹੌਲੀ ਉਸ ਨੂੰ ਲੱਗਣ ਲੱਗਾ -
ਉਹ ਕਨੇਡਾ ਵਿੱਚ ਜਿਉਂਣ ਨਹੀਂ
ਦਿਨ ਕੱਟਣ ਆਇਆ
ਬਿਨਾਂ ਕਸੂਰ ਤੋਂ ਇਕ ਤਰ੍ਹਾਂ ਦਾ ਉਮਰ ਕੈਦੀ
ਮਗਰਲੇ ਪਹਿਰੇ ਆ ਕੇ
ਪਿੰਡ ਆਉਣ ਦੀ ਜਿਦ ਕੀਤੀ ਜਿਉਂਣ ਸਿੰਘ ਨੇ
ਉਹ ਆਪਣੇ ਪਿੰਡ ਮਰਨਾ ਚਾਹੁੰਦਾ ਸੀ
ਪਿੰਡ ਆ ਕੇ ਦੇਖੀਆਂ ਉਸ
ਜਹਾਜ਼ਾਂ ਵਾਲੀਆਂ ਉੱਚੀਆਂ ਕੋਠੀਆਂ
ਫਿਰਨੀ 'ਤੇ ਧੂੜ ਉਡਾਉਂਦੀਆਂ
ਭਾਂਤ ਸੁਭਾਂਤੀਆਂ ਕਾਰਾਂ
ਪੰਚਾਇਤ ਦੀਆਂ ਵੋਟਾਂ ਲਈ ਆਟੋ ਰਿਕਸ਼ਿਆਂ 'ਤੇ ਬੱਧੇ
ਰੌਲਾ ਪਾਉਂਦੇ ਲਾਊਡ ਸਪੀਕਰ
ਇਕ ਮੋਰਚਰੀ ਤੇ ਦੋ ਬਿਊਟੀ ਪਾਰਲਰ
ਗੁਰਦੁਆਰੇ ਦੇ ਗੇਟ ਲਾਗੇ ਲਿਸ਼ਕਦੀਆਂ ਦਾੜ੍ਹੀਆਂ
ਦਸਤਾਰਾਂ ਵਾਲਿਆਂ ਦੀਆਂ ਫੋਟੋਆਂ ਵਾਲੇ ਵੱਡੇ ਹੋਲਡਿੰਗ
ਪਿੰਡ ਦੇ ਪੀਣ ਲਈ
ਬੋਤਲਾਂ 'ਚ ਵਿਕਦਾ ਪਾਣੀ
ਮੋਬਾਇਲ ਫੋਨਾਂ ਵਿੱਚ ਵੜੇ ਨੀਵੀਂ ਪਾਈ
ਚੁੱਪ ਜਿਹੇ ਤੁਰੇ ਫਿਰਦੇ ਮੁੰਡੇ ਖੁੰਡੇ
ਸੱਥ ਵਿੱਚ ਖ਼ਬਰਾਂ ਦੀ ਚਰਚਾ ਬਿਲਕੁਲ ਜੱਗੋਂ ਤੇਰ੍ਹਵੀਂ
ਜਿਉਂਣ ਸਿੰਘ ਨੂੰ ਪਿੰਡ 'ਚੋਂ ਆਪਣੇ ਵਾਲਾ ਪਿੰਡ ਨਹੀਂ ਸੀ ਲੱਭ ਰਿਹਾ
ਪਿੰਡ ਆ ਕੇ ਵੀ ਦਿਨ ਕੱਟਦਾ ਹੀ ਮਰਿਆ

ਜਸਵੰਤ ਜ਼ਫ਼ਰ

## ਪੰਜਾਬੀ ਕਵੀ ਤੇ ਨਿਊਟਨ

ਬੜ੍ਹਾ ਵਧੀਆ "ਸੰਨੀ ਡੇਅ
ਸੂਰਜ ਵੀ ਪਸੀਨੋ ਪਸੀਨੀ
ਜਿਸ ਤਰ੍ਹਾਂ "ਰਣਸੀਂਹ" ਪਿੰਡ
ਦੇ ਅਖਾੜੇ ਵਿੱਚੋਂ ਕੁਸ਼ਤੀ
ਲੜ ਕੇ ਆਇਆ ਹੋਵੇ

ਕੁਝ ਪੰਜਾਬੀ ਕਵੀ
ਸਾਹਿਤ ਉਤਸਵ ਵਿੱਚ
ਆਪਣੀਆਂ ਕਵਿਤਾਵਾਂ
ਸੁਣਾਉਣ ਲਈ ਜਾ ਰਹੇ ਸਨ
ਖ਼ੁਸ਼ੀ ਉਨ੍ਹਾਂ ਦੇ ਚਿਹਰਿਆਂ ਤੋਂ
ਪਸੀਨੇ ਦੇ ਤੁਬਕਿਆਂ ਨਾਲ
ਡੁੱਲ੍ਹ ਡੁੱਲ੍ਹ ਪੈਂਦੀ ਸੀ

ਅੱਗੇ ਉਨ੍ਹਾਂ ਨੇ ਦਰਖ਼ਤ ਨਾਲ
ਢੋਅ ਲਾ ਕੇ ਬੈਠੇ
ਇੱਕ ਬੰਦੇ ਨੂੰ ਦੇਖਿਆ
ਬੜੀ ਹੈਰਾਨੀ ਨਾਲ?
ਕਵੀਆਂ ਨੇ ਪੁੱਛਿਆ!
ਇੱਥੇ ਇਕੱਲਾ ਬੈਠਾ ਕੀ ਕਰਦਾ ਹੈਂ?

ਉਸ ਨੇ ਕਿਹਾ!
ਮੈਂ ਸੇਬ ਦੇ ਥੱਲੇ ਡਿੱਗਣ ਦੀ
ਉਡੀਕ ਕਰ ਰਿਹਾ ਹਾਂ
ਸਾਰੇ ਕਵੀ ਇਕੱਠੇ ਹੀ ਬੋਲੇ ਸਾਲਿਆ!
ਉੱਪਰ ਚੜ੍ਹ ਕੇ ਤੋੜ ਲੈ
ਇਹ ਵੀ ਕੋਈ ਔਖਾ ਕੰਮ ਹੈ?

ਨਹੀਂ ਨਹੀਂ!
ਮੈਂ ਤਾਂ ਸਿਰਫ਼ ਇਹ ਦੇਖਣਾ ਹੈ
ਕਿ ਸੇਬ ਥੱਲੇ ਨੂੰ ਕਿਉਂ ਡਿੱਗਦਾ ਹੈ
ਉਤਾਂਹ ਨੂੰ ਕਿਉਂ ਨਹੀਂ ਜਾਂਦਾ?

ਸਾਰੇ ਕਵੀ ਹੱਥ ਤੇ ਹੱਥ ਮਾਰ ਕੇ ਹੱਸੇ
ਬੇਵਕੂਫ਼! ਮਹਾਂ ਬੇਵਕੂਫ਼!
ਤੂੰ ਚੁੱਪ ਕਰਕੇ ਸੇਬ ਖਾ
ਤੂੰ ਕੀ ਲੈਣਾ ਕਿੱਧਰ ਨੂੰ ਤੇ ਕਿਉਂ ਡਿੱਗਦਾ?

ਕਵੀਆਂ ਨੇ ਉਸ ਨੂੰ ਸੁਲ੍ਹਾ ਮਾਰੀ
ਤੂੰ ਸਾਡੇ ਨਾਲ ਚੱਲ
ਤੈਨੂੰ ਕਵਿਤਾ, ਗਜ਼ਲ ਲਿਖਣੀ ਸਖਾਵਾਂਗੇ
ਅਰੂਜ਼ ਤੇ ਪਿੰਗਲ ਨੂੰ
ਅਲਜ਼ਬਰੇ ਦੇ ਫਾਰਮੂਲੇ ਨਾਲ ਸਮਝਾਵਾਂਗੇ
ਸਮੁੰਦਰ ਚੋਂ ਪਾਣੀ ਨਹਿਰ ਵਿੱਚ ਪਾਵਾਂਗੇ
ਨਹਿਰ ਵਿੱਚੋਂ ਕਿਸੇ ਸੂਏ ਵਿੱਚ ਪਾਵਾਂਗੇ
ਸੂਏ ਵਿੱਚੋਂ ਕਿਸੇ ਖ਼ਾਲ ਵਿੱਚ ਪਾਵਾਂਗੇ
ਖ਼ਾਲ ਵਿੱਚ ਪਾ ਕੇ ਆਪਣੇ ਪਿੰਡ
'ਟੱਲੇਵਾਲ' ਲੈ ਜਾਵਾਂਗੇ
ਕਿੱਸੇ ਸਾਹਿਤ ਸਭਾ ਵਿੱਚ ਸੁਣਾਵਾਂਗੇ
ਵਾਹ! ਵਾਹ! ਕਰਵਾਵਾਂਗੇ
ਪੈੱਗ ਸ਼ੈੱਗ ਲਾਵਾਂਗੇ
ਕਿਸੇ ਨੱਚੀ ਨੂੰ ਦਿੱਲ ਦਾ ਮਾਸ ਖਵਾਵਾਂਗੇ
ਧੜਾ ਧੜ ਹੋ ਰਹੀਆਂ
ਪੰਜਾਬੀ ਵਰਲਡ ਕਾਨਫ਼ਰੰਸਾਂ ਵਿੱਚ
ਪੜ੍ਹ ਆਵਾਂਗੇ
ਕਿਸੇ ਅਵਾਰਡ ਸਨਮਾਨ ਨੂੰ
ਹੱਥ ਪੈਰ ਮਾਰਾਂਗੇ
ਕਿਸੇ ਦੀ ਪਿੱਠ ਖੁਰਕਾਂਗੇ
ਕਿਸੇ ਤੋਂ ਆਪਣੀ ਖੁਰਕਾਵਾਂਗੇ
ਕਿਸੇ ਯੂਨੀਵਰਸਿਟੀ ਦੇ ਸਲੇਬਸ ਦਾ
ਭਾਗ ਬਣਵਾਵਾਂਗੇ

ਉਹ ਬੰਦਾ ਹੱਸਿਆ!
ਕਹਿੰਦਾ ਬੱਸ!
ਤੁਹਾਡੀ ਇਹੋ ਜਿਹੀ ਕਵਿਤਾ ਨੂੰ
ਦੁਨੀਆਂ ਵਿੱਚ
ਕਿਸੇ ਨੇ ਵੀ ਪੁੱਛਣਾ ਨਹੀਂ
ਮੇਰੀ ਕਾਢ ਨੂੰ ਦੁਨੀਆਂ ਹਰ ਰੋਜ਼ ਵਰਤੇਗੀ
ਮੇਰੀ ਕਾਢ ਨੂੰ ਦੁਨੀਆਂ ਹਰ ਰੋਜ਼ ਵਰਤੇਗੀ

-ਸਨੀ ਧਾਲੀਵਾਲ ਐਡਮਿੰਟਨ

## ਦਿੱਲੀਏ ਦਿਆਲਾ ਵੇਖ....

ਦਿੱਲੀਏ ਦਿਆਲਾ ਵੇਖ ਦੇਗ 'ਚ ਉਬਲਦਾ ਨੀ,
ਅਜੇ ਤੇਰਾ ਦਿਲ ਨਾ ਠਰੇ।
ਮਤੀਦਾਸ ਤਾਈਂ ਚੀਰ ਆਰੇ ਵਾਂਗ ਜੀਭ ਤੇਰੀ,
ਅਜੇ ਤਾਈਂ ਮਨ ਮੱਤੀਆਂ ਕਰੇ।

ਲੋਕਾਂ ਦੀਆਂ ਭੁੱਖਾਂ ਉੱਤੇ ਫ਼ਤਹਿ ਸਾਡੀ ਦੇਗ਼ ਦੀ।
ਲੋਕਾਂ ਦਿਆਂ ਦੁੱਖਾਂ ਉੱਤੇ ਫ਼ਤਹਿ ਸਾਡੀ ਤੇਗ਼ ਦੀ।
ਅਸੀਂ ਤਾਂ ਆ ਮੌਤ ਦੇ ਚਬੂਤਰੇ 'ਤੇ ਆਣ ਖੜ੍ਹੇ।
ਇਹ ਤਾਂ ਭਾਵੇਂ ਖੜ੍ਹੇ ਨਾ ਖੜ੍ਹੇ।

ਤੇਰੇ ਤਾਂ ਪਿਆਦੇ ਨਿਰੇ ਖੇਤਾਂ ਦੇ ਪ੍ਰੇਤ ਨੀ।
ਤਿਲਾਂ ਦੀ ਪੂਲੀ ਵਾਂਗੂੰ ਝਾੜ ਲੈਂਦੇ ਖੇਤ ਨੀ।
ਵੇਖ ਕਿਵੇਂ ਨਰਮੇ ਦੇ ਢੇਰਾਂ ਦੇ ਵਿਚਾਲੇ ਲੋਕੀਂ,
ਸੌਂਦੇ ਨੇ ਘਰੋੜੇ ਤੇ ਰੜੇ।

ਲਾਲ ਕਿਲੇ ਵਿਚ ਲਹੂ ਲੋਕਾਂ ਦਾ ਜੋ ਕੈਦ ਹੈ।
ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ।
ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ,
ਤੇਰੇ ਮਹਿਲੀਂ ਵੜੇ ਕਿ ਵੜੇ।

ਸਿਰਾਂ ਵਾਲੇ ਲੋਕੀਂ ਬੀਜ ਚੱਲੇ ਆਂ ਬੇਓੜ ਨੀ।
ਇੱਕ ਦਾ ਤੂੰ ਮੁੱਲ ਭਾਵੇਂ ਰੱਖ ਦੀਂ ਕਰੋੜ ਨੀ।
ਲੋਕ ਐਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ,
ਸਿੰਘ ਤੈਥੋਂ ਜਾਣੇ ਨਾ ਫੜੇ।

ਸੱਚ ਮੁਹਰੇ ਸਾਹ ਤੇਰੇ ਜਾਣਗੇ ਉਤਾਹਾਂ ਨੂੰ।
ਗੱਲ ਨਹੀਂ ਆਉਣੀ ਤੇਰੇ ਝੂਠਿਆਂ ਗਵਾਹਾਂ ਨੂੰ।
ਸੰਗਤਾਂ ਦੀ ਸੱਥ ਵਿਚ ਜਦੋਂ ਤੈਨੂੰ ਖ਼ੂਨਣੇ ਨੀ,
ਲੈ ਕੇ ਫ਼ੌਜੀ ਖ਼ਾਲਸੇ ਖੜ੍ਹੇ।

ਦਿੱਲੀਏ ਦਿਆਲਾ ਵੇਖ ਦੇਗ 'ਚ ਉਬਲਦਾ ਨੀ,
ਅਜੇ ਤੇਰਾ ਦਿਲ ਨਾ ਠਰੇ।
ਮਤੀਦਾਸ ਤਾਈਂ ਚੀਰ ਆਰੇ ਵਾਂਗ ਜੀਭ ਤੇਰੀ,
ਅਜੇ ਤਾਈਂ ਮਨ ਮੱਤੀਆਂ ਕਰੇ।

-ਸੰਤ ਰਾਮ ਉਦਾਸੀ

## ਦੋ ਕਵਿਤਾਵਾਂ

### ਮਖੌਟੇ

ਤੇੜੋਂ ਨੰਗੇ ਨਹੀਂ,
ਪਰ ਭਰਮ ਇਹੋ ਜਿਹਾ—
ਕਿ ਨੰਗੇ ਨਹੀਂ।

ਕੱਪੜਿਆਂ ਦੀਆਂ
ਝਾਲਰਾਂ ਮਿਣਨ
ਮਖ਼ਮਲੀ ਲਿਬਾਸਾਂ ਦੀ
ਮੁਲਾਇਮ ਚਮਕ
ਜਾਂ ਫਿਰ ਮੂੰਹ ਤੇ ਚਾੜ੍ਹੇ
ਗੂੜ੍ਹੇ ਰੰਗਾਂ ਦੇ
ਮੁਲੰਮੇ?

ਜੇ ਅੰਤਸ ਹੀ ਹੋ ਜਾਵੇ
ਨਿਰਲੱਜ
ਨਗਨ
ਤੇ ਭੱਦਾ,
ਕਿਹੜੀਆਂ ਕਿਹੜੀਆਂ
ਓਟਾਂ
ਸਾਂਭਣਗੀਆਂ
ਅੰਤਸ ਨੂੰ?

ਬੇਹਤਰੀਨ ਪਹਿਨ ਕੇ ਵੀ
ਅਕਸਰ ਮਨੁੱਖ
ਹੋ ਸਕਦਾ ਹੈ
ਨਗਨ—

ਤਿੱਖੀਆਂ ਨਿਗਾਹਾਂ
ਹੇਠ ਹੀ ਨਹੀਂ,
ਬਲਕਿ
ਆਪਣੇ ਹੀ ਅੰਦਰ-
ਜਦੋਂ
ਪਹਿਲੀ ਵੇਰ
ਟਕਰਾਉਂਦੀਆਂ ਨੇ ਅੱਖਾਂ
ਸੱਚ ਦੇ ਦਰਪਣ ਨਾਲ।

ਉਦੋਂ—
ਸਾਰੇ ਮਖੌਟੇ
ਢਹਿ ਜਾਂਦੇ ਨੇ
ਤੇ ਲਿਬਾਸ
ਓਸੇ ਪਲ ਹੀ
ਹੋ ਜਾਂਦੇ ਨੇ
ਰਾਖ ਦੇ ਕਣ।

ਕਿਉਂਕਿ ਨੰਗਾਪਣ
ਬਾਹਰ ਨਹੀਂ—
ਸਭ ਤੋਂ ਪਹਿਲਾਂ
ਅਸੀਂ ਸਿਰਜਦੇ ਹਾਂ
ਆਪਣੀਆਂ ਹੀ
ਰਗਾਂ ਵਿਚ।

• • •

### ਚੁੱਪੀ

ਮੇਰੇ ਅੰਤਸ ਦੀ ਬੇਚੈਨੀ ਵਿੱਚ
ਧੜਕਦਾ ਹੈ
ਇੱਕ ਅਣਗੌਲਿਆ ਅਹਿਸਾਸ,
ਤੇ ਏਸੇ ਅਹਿਸਾਸ ਵਿੱਚੋਂ ਉੱਭਰ ਰਹੀ ਹੈ
ਧੁੰਦਲਕੇ ਦੀ
ਇੱਕ ਪਤਲੀ ਜਿਹੀ ਲਕੀਰ।

ਓਹਦੀ ਘਸਮੈਲੀ ਲੋਅ ਵਿੱਚ
ਸ਼ਾਮਲ ਹੈ
ਜੁਗਨੂੰਆਂ ਦੀ ਟਿਮਟਿਮ।

ਤੇ ਇਨ੍ਹਾਂ ਟਿਮਟਿਮਾਹਟਾਂ ਵਿੱਚ ਹੈ
ਖ਼ਾਸਿਅਤ ਦੀ ਛੋਹ,
ਕੂਲੀ ਕੂਲੀ,
ਨਰਮ ਨਰਮ,
ਰੇਸ਼ਮ ਜਿਹੀ।

ਭਾਵੇਂ ਦੂਬ ਦੀ ਹਰਿਆਲ ਵਿੱਚ ਹੀ ਹੈ
ਓਹਦੀ ਝਲਕ,
ਪਰ ਕਦੇ ਵੀ ਰੁਖ਼ਸਤ ਨਹੀਂ ਹੁੰਦੀ
ਮਿਲਣੇ ਦੀ ਲਲਕ।

ਤੁਰ ਪੈਂਦੇ ਹਾਂ ਅਸੀਂ
ਹੁੰਦਿਆਂ,
ਨਾ ਹੁੰਦਿਆਂ ਵੀ,
ਚਾਹੁੰਦਿਆਂ,
ਨਾ ਚਾਹੁੰਦਿਆਂ ਵੀ,
ਚਾਹਤ ਦੀਆਂ ਕੰਡਿਆਲੀਆਂ
ਪਗਡੰਡੀਆਂ 'ਤੇ,
ਕੁੱਝ ਲੱਭਣ—
ਦੁਰਲੱਭ ਜਿਹਾ।

ਪਰ ਬੇਚੈਨੀ ਵਿੱਚੋਂ ਵੀ ਖਿੜਦੀ ਐ
ਤਮਾਮ ਜ਼ਿੰਦਗੀ...
ਮੋਹ ਸੰਗ ਭਿੱਜੀ,
ਬੋਹੜ ਦੀ ਚਾਦਰ ਜਿੰਨੀ ਸੰਘਣੀ,
ਸੋਹਜ ਨਾਲ ਤਰ-ਬਤਰ,
ਤੇ ਮੁਸਕਰਾਉਂਦੀ ਹੋਈ,
ਜਿਵੇਂ ਮਹਿਕਦੀਆਂ ਨੇ ਗੁਲਾਬੀ
ਪੰਖੜੀਆਂ,
ਹਮੇਸ਼ਾ।

ਪਰ
ਅਜਿਹਾ ਵੀ ਹੋ ਸਕਦਾ ਹੈ
ਜੀਵਨ ਤਾਂ
ਜਮ੍ਹਾਂ ਸਾਡੇ ਵਰਗਾ—
ਕਿਤੋਂ ਟੁੱਟਿਆ,
ਕਿਤੋਂ ਉਧੜਿਆ,
ਕਿਤੋਂ ਖਿੱਲਰਿਆ,
ਕਿਤੋਂ ਸੰਵਰਿਆ;
ਕਦੇ ਸੁਰਖ ਗੁਲਮੋਹਰ ਜਿਹਾ,
ਤੇ ਕਦੇ ਹੁੰਦਾ ਹੈ
ਅੰਨ੍ਹੀ ਬੋਲੀ ਰਾਤੇ
ਸਹਿਕਦੇ ਜੰਗਲ ਵਰਗਾ,
ਬੀਆਬਾਨ ਤੇ
ਸੁੰਨਸਾਨ।

ਦੂਰ ਦੂਰ ਤੱਕ ਕੁੱਝ ਵੀ ਨਹੀਂ
ਅਨੰਤ ਭਟਕਣ ਦੇ ਸਿਵਾ,
ਜਾਂ
ਸਾਂ ਸਾਂ ਕਰਦੀ ਬੀਹੜ ਬਿਨਾਂ।

ਹੌਲੀ ਹੌਲੀ
ਫੈਲਣ ਲੱਗਦੇ ਨੇ ਝਾੜ,
ਅੰਦਰ ਕਿਧਰੇ,
ਜੋ ਹੁੰਦੇ ਨੇ
ਨਿੱਘੇ ਨਿੱਘੇ ਬਿਰਖ ਕਦੇ,
ਖੁੱਲ੍ਹ-ਦਿਲੇ,
ਬੇ-ਫ਼ਿਕਰੇ,
ਬਾ-ਆਬਾਦ,
ਜੋ ਫੋਲਣ ਲੱਗਦੇ ਨੇ
ਕੱਕੀ ਰੇਤ,
ਸਾਡੀਆਂ ਪੈੜਾਂ ਦੇ ਨਿਸ਼ਾਨ
ਢੂੰਡਦੇ...
ਚੁੱਪਚਾਪ,
ਮੌਨ,
ਤੇ ਇਕਲਾਪਾ ਢੋਂਦੇ।

ਫਿਰ ਵੀ
ਉਮੀਦ ਤਾਂ ਰਹਿੰਦੀ ਹੀ ਹੈ
ਚਮਕਦੀ
ਪੂਰਨਮਾਸ਼ੀ ਦੇ ਚੰਨ ਵਾਂਗਰ,
ਤਲਾਸ਼ਦੀ
ਰਾਤ ਰਾਣੀ ਦੇ ਮਹਿਕਦੇ ਫੁੱਲ
ਨਿਰੰਤਰ।

-ਪੰਕਜੇਸ਼ਵਰ

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਔਰਤਾਂ ਦੇ ਹਾਰ-ਸ਼ਿੰਗਾਰ ਵਾਲ਼ੇ ਗਹਿਣਿਆਂ ਦੇ ਸ੍ਰੋਤ

ਜਸਵਿੰਦਰ ਸੰਧੂ ਅਤੇ
ਪੂਰਨ ਸਿੰਘ ਪਾਂਧੀ
ਬ੍ਰੈਂਪਟਨ, ਕਨੇਡਾ



ਔਰਤਾਂ ਦੇ ਹਾਰ-ਸ਼ਿੰਗਾਰ ਨੂੰ ਸਾਡੇ ਭਾਰਤੀ ਸਮਾਜ ਵਿੱਚ ਕਾਫ਼ੀ ਮਹੱਤਤਾ ਦਿੱਤੀ ਜਾਂਦੀ ਹੈ। ਇਤਿਹਾਸ ਵੀ ਇਸ ਦੀਆਂ ਅਨੇਕਾਂ ਉਦਾਹਰਣਾਂ ਨਾਲ਼ ਭਰਿਆ ਪਿਆ ਹੈ। ਇੱਥੋਂ ਤੱਕ ਕਿ ਝਾਂਸੀ ਦੇ ਕੋਲ਼ ਖਜੁਰਾਹੋ ਦੇ ਮੰਦਰਾਂ 'ਚ ਵੀ ਤੁਸੀਂ ਇਸ ਦੀਆਂ ਝਲਕੀਆਂ ਦੇਖ ਸਕਦੇ ਹੋ। ਓਥੇ ਇਹ ਮੰਦਰਨੁਮਾ ਇਮਾਰਤਾਂ ਬਾਰ੍ਹਵੀਂ ਸਦੀ ਤੋਂ ਪਹਿਲਾਂ ਚੰਦੇਲਾ ਰਾਜ ਵਿੱਚ ਬਣਾਈਆਂ ਗਈਆਂ ਸਨ। ਪਰ ਓਥੇ ਦਰਸਾਈ ਗਈ ਇੱਕ ਜਵਾਨ ਔਰਤ ਦੇ ਮੋਢੇ ਤੇ ਪਤਲੀ ਜਿਹੀ ਵੱਧਰੀ ਵਾਲ਼ਾ ਅਜੋਕੀ ਕਿਸਮ ਦਾ ਛੋਟਾ ਜਿਹਾ ਪਰਸ (ਬਟੂਆ) ਵੀ ਦੇਖ ਸਕਦੇ ਹੋ ਜੋ ਅੱਜ-ਕੱਲ੍ਹ ਦੀਆਂ ਫੈਸ਼ਨਦਾਰ ਜਵਾਨ ਕੁੜੀਆਂ ਵਾਂਙੂੰ ਹੀ ਸਮਾਨ ਸਾਂਭਣ ਨਾਲ਼ੋਂ ਜ਼ਿਆਦਾ ਦਿਖਾਵੇ ਵਾਲ਼ੀ ਚੀਜ਼ ਹੀ ਲਗਦਾ ਹੈ। ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਕੁਦਰਤੀ ਜੀਵਾਂ ਨਾਲ਼ੋਂ ਵੱਖਰੀ ਕਿਸਮ ਦਾ ਵਤੀਰਾ ਇਨਸਾਨਾਂ ਵਿੱਚ ਕਿਉਂ ਤੇ ਕਦੋਂ ਸ਼ੁਰੂ ਹੋਇਆ ਹੋਊ ? ਜਾਨਵਰਾਂ ਵਿੱਚ ਤਾਂ ਤੁਸੀਂ ਇਹ ਵਤੀਰਾ ਬਹੁਤ ਵਾਰ ਦੇਖਿਆ ਹੋਣਾ ਹੈ ਟੀਵੀ ਬਗੈਰਾ, ਫਿਲਮਾਂ ਜਾਂ ਹੋ ਸਕਦਾ ਹੈ ਕੁਦਰਤ ਵਿੱਚ ਵੀ। ਪਰ ਕੁਦਰਤ ਵਿੱਚ ਇਹ ਦਿਖਾਵਾ ਹਮੇਸ਼ਾ ਜਾਂ ਘੱਟੋ-ਘੱਟ 99.9 ਪ੍ਰਤੀਸ਼ਤ ਤੁਸੀਂ ਨਰ ਨੂੰ ਹੀ ਕਰਦੇ ਦੇਖਿਆ ਹੋਊ। ਮਾਦਾ ਨੂੰ ਤਾਂ ਵਿਚਾਰੀਆਂ ਜਾਂ ਕਹਿ ਲਓ ਕਿ ਮੂਕ ਦਰਸ਼ਕ ਬਣ ਕੇ ਦੇਖਦੀਆਂ/ ਮਾਣਦੀਆਂ ਨੂੰ ਹੀ ਦੇਖਿਆ ਹੋਣਾ ਹੈ। ਜਾਣੀ ਕਿ ਕੁਦਰਤ ਵੱਲੋਂ ਪਣਪਿਆ ਇਹ ਵਤੀਰਾ ਕੇਵਲ ਨਰਾਂ ਦਾ ਕੰਮ ਹੁੰਦਾ ਹੈ ਜੋ ਆਪਣੇ ਲਈ ਸਾਥਣ/ਸਾਥਣਾਂ ਦੀ ਭਾਲ਼ ਕਰ ਰਹੇ ਹੁੰਦੇ ਹਨ। ਅਮਰੀਕਣ ਪ੍ਰੋ: ਕ੍ਰਿਸਟੀਨ ਬੋਕ (1984, ਜੋ ਕੀੜਿਆਂ ਦੇ ਸਾਥੀ-ਚੋਣ ਤੇ ਕੰਮ ਕਰ ਰਹੀ ਹੈ) ਦਾ ਕਹਿਣਾ ਹੈ ਕਿ ਇੱਕ gregarious cricket Amphiacusta maya (ਐਂਫੀਆਕੁਸਟਾ ਮਾਇਆ) ਨਾਂ ਦਾ ਟਿੱਡਾ ਬਥੇਰੇ ਤਰ੍ਹਾਂ ਦੇ ਇਸ਼ਾਰੇ ਕਰਦਾ ਹੈ ਜਿਨ੍ਹਾਂ 'ਚ ਉਹਦੇ ਗੀਤ ਆਦਿ ਗਾ ਕੇ ਜਾਂ ਕਹਿ ਲਓ ਕਿ ਅਵਾਜ਼ਾਂ ਮਾਰਨ ਦਾ ਕੰਮ ਵੀ ਹੁੰਦਾ ਹੈ। ਪਰ ਪ੍ਰੋ: ਬੋਕ ਨੇ ਦੇਖਿਆ ਹੈ ਕਿ ਬੋਲਣ ਜਾਂ ਨਾ ਬੋਲਣ ਦਾ ਕੋਈ ਫਰਕ ਨੀ ਪੈਂਦਾ ਉਨ੍ਹਾਂ ਟਿੱਡੀਆਂ ਤੇ। ਉਸ ਨੇ ਇਹ ਤਜਰਬਾ ਅੱਧੇ ਟਿੱਡਿਆਂ ਦੀਆਂ ਅਵਾਜ਼ਾਂ ਖਤਮ ਕਰਕੇ ਦੂਜਿਆਂ ਆਮ ਰੌਲ਼ਾ ਪਾਉਣ ਵਾਲ਼ੇ ਟਿੱਡਿਆਂ ਨਾਲ਼ ਮੁਕਾਬਲਾ ਕਰਵਾਕੇ ਦੇਖਿਆ ਸੀ, ਜਿਸਦੇ ਨਤੀਜੇ 'ਚ ਕੋਈ ਫਰਕ ਨੀ ਆਇਆ ਭਾਵੇਂ ਕੁਦਰਤ ਵਿੱਚ ਇਹ ਕੰਮ ਚਲਦਾ ਹੈ।

ਸਾਥੀ ਭਾਲਣ ਦੇ ਮਾਮਲੇ ਤੇ ਇੱਕ ਏਆਈ ਝਾਤ (AI Overview) ਅਨੁਸਾਰ ਜਾਨਵਰਾਂ ਵਿੱਚ ਆਮ ਕਰਕੇ ਨਰਾਂ ਦੁਆਰਾ ਕਈ ਤਰਾਂ ਦੀਆਂ ਮਿਲਣ-ਰੀਤਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਜਿਵੇਂ ਮੋਰ ਆਪਣੇ ਖੂਬਸੂਰਤ ਖੰਭ ਫੈਲਾ ਕੇ ਮੋਰਨੀਆਂ ਨੂੰ ਰਿਝਾਉਣ ਲਈ ਪੇਸ਼ ਕਰਦਾ ਹੈ, ਫੇਰ ਨਾਚ ਵੀ ਕਰਕੇ ਦਿਖਾਉਂਦਾ ਹੈ। ਜਾਨਵਰਾਂ ਵਿੱਚ ਇਹ ਵਰਤਾਰਾ ਨਾਚ ਦਿਖਾਉਣਾ, ਆਪਣੇ ਖੂਬਸੂਰਤ ਖੰਭਾਂ ਦੀ ਨੁਮਾਇਸ਼ ਕਰਨਾ, ਸੁਰੀਲੀਆਂ ਅਵਾਜ਼ਾਂ ਕੱਢ ਕੇ ਆਪਣੇ ਸਾਥੀ ਨੂੰ ਲੁਭਾਉਣਾ, ਆਪਣੀ ਤਾਕਤ ਦਿਖਾ ਕੇ ਵਿਰੋਧੀ ਨੂੰ ਪਛਾੜਨ ਦੇ ਨਾਲ਼ ਨਾਲ਼ ਮਾਦਾ ਨੂੰ ਪ੍ਰਭਾਵਿਤ ਕਰਨਾ, ਜਾਂ ਸੁਗੰਧ ਨਾਲ਼ ਵੀ ਮਾਦਾ ਨੂੰ ਆਪਣੇ ਵੱਲ ਆਕ੍ਰਿਸ਼ਤ ਕਰਨ ਦੀ ਕੋਸ਼ਿਸ਼ ਆਦਿ ਸਭ ਇਸੇ ਵਰਤਾਰੇ ਦੇ ਅੰਗ ਹੋ ਸਕਦੇ ਹਨ। ਪਰ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਇਹ ਸਭ ਮਿਲਣ-ਰੀਤਾਂ ਤਕਰੀਬਨ ਹਰ ਪ੍ਰਜਾਤੀ ਦੇ ਨਰਾਂ ਦੁਆਰਾ ਹੀ ਪੇਸ਼ ਕੀਤੀਆਂ ਜਾਂਦੀਆਂ ਹਨ। ਲੜ ਕੇ ਬਹਾਦਰੀ ਦਿਖਾਉਣ ਵਾਲ਼ੇ ਵੀ ਨਰ ਹੀ ਹੁੰਦੇ ਹਨ ਅਤੇ ਨਾਚ ਕਰਨ ਵਾਲ਼ੇ ਵੀ। ਜਾਣੀ ਕਿ ਕੁਦਰਤੀ ਵਿਕਾਸ ਨਰਾਂ ਨੂੰ ਇਸ ਪਾਸੇ ਧੱਕਦਾ ਰਿਹਾ ਹੈ।

ਕਈ ਜਾਨਵਰਾਂ 'ਚ ਤਾਂ ਨਰ ਸਿਰ.ਫ ਬੱਚਿਆਂ ਦੀ ਪੈਦਾਇਸ਼ ਲਈ ਹੀ ਕੰਮ ਆਉਂਦੇ ਹਨ। ਸ਼ਹਿਦ ਦੀਆਂ ਮੱਖੀਆਂ 'ਚ ਰਾਣੀ ਨਾਲ਼ ਸੰਭੋਗ ਕਰਨ ਵਾਲ਼ੇ ਇੱਕ ਤੋਂ ਬਗੈਰ ਸਾਰੇ ਵੈਸੇ ਹੀ ਮਰ ਜਾਂਦੇ ਹਨ। ਉਨ੍ਹਾਂ ਦਾ ਆਪਣੀ ਕਲੋਨੀ/ਮਖਿਆਲ਼ ਦੇ ਛੱਤੇ ਬਣਾਉਣ ਜਾਂ ਉਸ ਨੂੰ ਬਚਾਉਣ ਲਈ ਵੀ ਕੋਈ ਕੰਮ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਕੋਲ਼ ਡੰਗ ਵੀ ਨਹੀਂ ਹੁੰਦਾ। ਇਹ ਸਭ ਕੰਮ ਮਾਦਾ ਮੱਖੀਆਂ ਦੇ ਜ਼ੁੰਮੇ ਹੀ ਹੁੰਦਾ ਹੈ। ਉਹੀ ਆਪਣੀ ਰਾਣੀ ਦੀ ਹਰ ਤਰ੍ਹਾਂ ਦੀ ਸੇਵਾ ਕਰਦੀਆਂ ਹਨ ਅਤੇ ਉਹੀ ਛੱਤੇ ਦੀ ਉਸਾਰੀ ਕਰਦੀਆਂ ਹਨ, ਸ਼ਹਿਦ ਵੀ ਉਹੀ ਬਣਾਉਂਦੀਆਂ ਹਨ ਫੁੱਲਾਂ ਤੋਂ ਪਰਾਗਕਣ ਕੱਠੇ ਕਰ ਕੇ ਅਤੇ ਜਦੋਂ ਲੋੜ ਪੈਂਦੀ ਹੈ ਤਾਂ ਦੁਸ਼ਮਣ ਤੇ ਹਮਲਾ ਕਰਨ ਵੇਲ਼ੇ ਆਪਣੀ ਜਾਨ ਗੁਆ ਕੇ (ਆਤਮਘਾਤੀ ਹਮਲੇ) ਛੱਤੇ ਅਤੇ ਆਪਣੇ ਮਖਿਆਲ਼ ਦੀ ਰਾਖੀ ਕਰਦੀਆਂ ਸ਼ਹੀਦ ਹੋ ਜਾਂਦੀਆਂ ਹਨ। ਭ੍ਰਿੰਡਾਂ ਤੇ ਭੂੰਡਾਂ 'ਚ ਵੀ ਇਹੀ ਕੰਮ ਹੈ ਨਰ ਭ੍ਰਿੰਡਾਂ ਤੇ ਭੂੰਡਾਂ ਦਾ। ਇਨ੍ਹਾਂ ਦੀਆਂ ਮਾਦਾਵਾਂ ਹੀ ਛੱਤਾ ਬਣਾਉਂਦੀਆਂ ਤੇ ਬਚਾਉਂਦੀਆਂ ਹਨ ਅਤੇ ਸਭ ਲਈ ਖਾਣ-ਪੀਣ ਦਾ ਪ੍ਰਬੰਧ ਕਰਦੀਆਂ ਹਨ। ਨਰ ਸਿਰ.ਫ ਔਲਾਦ ਪੈਦਾ ਕਰਨ ਦਾ ਕੰਮ ਕਰਕੇ ਮਰ ਜਾਂਦੇ ਹਨ।

ਪਰ ਸਵਾਲ ਇਹ ਉੱਠਦਾ ਹੈ ਕਿ ਮਨੁੱਖਾਂ (ਜੋ ਇੱਕ ਸਮਾਜਿਕ ਜਾਨਵਰ ਹੈ) ਵਿੱਚ ਇਹ ਗੀਤ ਉਲਟ ਕਿਵੇਂ ਤੇ ਕਿਉਂ ਹੋ ਗਈ ? ਅਸੀਂ ਦੇਖਦੇ ਹਾਂ ਕਿ ਸਾਡੀਆਂ ਔਰਤਾਂ ਹੀ ਜ਼ਿਆਦਾ ਗਹਿਣੇ ਬਗੈਰਾ ਪਾਉਂਦੀਆਂ ਹਨ ਅਤੇ ਨਾਲ਼ ਹੀ ਹੋਰ ਬਹੁਤ ਤਰਾਂ ਦੇ ਹਾਰ-ਸ਼ਿੰਗਾਰ ਕਰਦੀਆਂ ਹਨ ਜਦੋਂ ਕਿ ਮੁਕਾਬਲਤਨ ਆਦਮੀ ਇਸ ਤੋਂ ਉਲਟ ਬਹੁਤ ਘੱਟ ਮਾਤਰਾ ਜਾਂ ਘੱਟ ਹੱਦ ਤੱਕ ਇਸ ਦਿਖਾਵੇਬਾਜ਼ੀ 'ਚ ਸ਼ਾਮਲ ਨਜ਼ਰ ਆਉਂਦੇ ਹਨ। ਰਿਬੈਕਾ ਰਸਲ (2010) ਦਾ ਕਹਿਣਾ ਹੈ ਕਿ ਮਨੁੱਖੀ ਸਰੀਰ ਦਾ ਸ਼ਿਗਾਰੇਜਾਣਾ ਕੋਈ ਕਿਸੇ ਇਕੱਲੇ ਸੱਭਿਆਚਾਰ ਜਾਂ ਕਬੀਲੇ ਦਾ ਕਿਰਦਾਰ ਨਹੀਂ ਰਿਹਾ, ਸਗੋਂ ਇਹ ਹਰ ਕਬੀਲੇ ਤੇ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਰਿਹਾ ਹੈ ਜੋ ਅੱਜ ਬਹੁਤ ਪ੍ਰਫੁੱਲਤ ਹੋ ਕੇ ਸਾਡੇ ਸਾਹਮਣੇ ਹੈ। ਇਸਦਾ ਅੰਦਾਜ਼ਾ ਦੁਨੀਆਂ 'ਚ ਚੱਲ ਰਹੀ ਇਸ ਸਨਅਤ ਦਾ ਸਾਲਾਨਾ ਵਪਾਰ



ਦੇਖ ਕੇ ਲਾਇਆ ਜਾ ਸਕਦਾ ਹੈ ਜੋ ਇੱਕ ਏਆਈ ਝਾਤ (AI Overview) ਅਨੁਸਾਰ $356 ਤੋਂ 375 ਅਰਬ/ਬਿਲੀਅਨ ਅਮਰੀਕੀ ਡਾਲਰ ਬਣਦਾ ਹੈ। ਪੁਰਾਤੱਤਵੀ ਖੋਜਾਂ ਮੁਤਾਬਕ ਇਹ ਗਹਿਣੇ ਆਦਿ ਇੱਕ ਲੱਖ ਸਾਲ ਪਹਿਲਾਂ ਵੀ ਔਰਤਾਂ ਵੱਲੋਂ ਪਹਿਨੇ ਜਾਂਦੇ ਲੱਭੇ ਗਏ ਹਨ। ਪਰ ਓਦੋਂ ਇਨ੍ਹਾਂ ਦੀ ਮਹੱਤਤਾ ਸਰੀਰ ਦੀ ਦਿਖਾਵਟ ਵਧਾਉਣ ਲਈ ਨਹੀਂ ਸਗੋਂ ਕੁਦਰਤੀ ਖਤਰਿਆਂ ਤੋਂ ਬਚਣ ਲਈ ਜਾਂ ਉਨ੍ਹਾਂ ਖਤਰਿਆਂ ਦੇ ਕਾਰਕਾਂ (ਕਰਨ ਵਾਲ਼ਿਆਂ) ਨੂੰ ਖ਼ੁਸ਼ ਕਰਨ ਲਈ ਟੂਣੇ-ਟਾਮਣੇ ਆਦਿ ਵੱਲੋਂ ਕੀਤੀ ਜਾਂਦੀ ਆਂਕੀ ਗਈ ਹੈ, ਕਿਉਂਕਿ ਉਸ ਸਮੇਂ ਲੋਕ ਇਹ ਸਮਝਦੇ ਸਨ ਕਿ ਕੋਈ ਨਾ ਕੋਈ ਅਦਿੱਖ ਸ਼ਕਤੀ ਇਨ੍ਹਾਂ ਖਤਰਿਆਂ ਲਈ ਜ਼ਿੰਮੇਵਾਰ ਹੁੰਦੀ ਹੈ। ਮੋਰੋਕੋ 'ਚੋਂ ਡੇਢ ਕੁ ਲੱਖ ਸਾਲ ਪਹਿਲਾਂ ਦੇ ਬਣੇ ਗਹਿਣੇ ਵੀ ਬ੍ਰਾਮਦ ਹੋਏ ਹਨ, ਜੋ ਇਸ ਕਹਾਣੀ ਨੂੰ ਹੋਰ ਵੀ ਪਿੱਛੇ ਲੈ ਜਾਂਦੇ ਹਨ। ਓਥੇ ਬਿਜ਼ਮੂਨ ਗੁਫ਼ਾ 'ਚੋਂ 33 ਸਮੁੰਦਰੀ ਘੋਗਿਆਂ ਦੇ ਸ਼ੰਖਨੁਮਾ ਖੋਲ਼ਾਂ 'ਚ ਮੋਰੀਆਂ ਕੀਤੇ ਹੋਏ ਗਹਿਣੇ ਮਿਲੇ ਹਨ।

**ਔਰਤਾਂ ਦੇ ਗਹਿਣੇ ਉਨ੍ਹਾਂ ਦੇ ਸਮਾਜਿਕ ਬੰਦਿਸ਼ਾਂ ਦੇ ਚਿੰਨ** : ਰਿਬੈਕਾ ਰਸਲ (2010) ਕਹਿੰਦੀ ਹੈ ਕਿ ਸਾਡਾ ਸਰੀਰ ਸਾਡੀਆਂ ਚਾਹਤਾਂ ਅਤੇ ਮਾਨਸਿਕ ਉਡਾਰੀਆਂ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ। ਜਿਓਰਗਾ ਇਰਵਿੰਗ (1932) ਦਾ ਵਿਚਾਰ ਗਹਿਣਿਆਂ ਬਾਰੇ ਤਾਂ ਇਹ ਹੈ ਕਿ ਮਨੁੱਖੀ ਕਰਮ ਵਿਕਾਸ ਵਿੱਚ ਅਵਾਜ਼ ਤੋਂ ਬਾਅਦ ਗਹਿਣਿਆਂ ਨੇ ਵੀ ਬਹੁਤ ਵੱਡਾ ਹਿੱਸਾ ਪਾਇਆ ਹੈ। ਉਸ ਦਾ ਇਹ ਵੀ ਕਹਿਣਾ ਹੈ ਕਿ ਹਰ ਸੱਭਿਆਚਾਰ ਦੇ ਗਹਿਣੇ ਉਸਦੇ ਔਰਤਾਂ ਵੱਲ ਸਮਾਜ ਦੇ ਵਰਤਾਰੇ ਤੇ ਵਤੀਰੇ ਨਾਲ਼ ਵੀ ਸਬੰਧ ਰੱਖਦੇ ਸਨ/ਹਨ। ਅਸੀਂ ਵੀ ਇਸ ਖਿਆਲ ਨਾਲ਼ ਸਹਿਮਤ ਹਾਂ ਕਿ ਔਰਤਾਂ ਦੇ ਗਹਿਣੇ ਹਰ ਇੱਕ ਸਮਾਜ ਦੇ ਆਪਣੀਆਂ ਔਰਤਾਂ ਬਾਰੇ ਵਿਚਾਰਾਂ ਅਨੁਸਾਰ ਬਣੇ ਹੁੰਦੇ ਹਨ; ਕੁੱਝ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਇਹ ਗਹਿਣੇ ਵੱਖੋ-ਵੱਖਰੇ ਸਮਾਜਾਂ ਵਿੱਚ ਆਦਮੀਆਂ ਨੇ ਆਪਣੀਆਂ ਔਰਤਾਂ ਨੂੰ ਕਾਬੂ ਰੱਖਣ ਲਈ ਬਣਾਏ ਹੋਏ ਸੰਦ ਸਨ ਜੋ ਅੱਗੇ ਵਿਕਸਤ ਹੋ ਕੇ ਅੱਜ-ਕੱਲ੍ਹ ਗਹਿਣਿਆਂ ਦੇ ਰੂਪ ਵਿੱਚ ਸਾਡੇ ਸਾਹਮਣੇ ਆਏ ਹੋਏ ਹਨ। ਇੱਕ ਤੈਲਗੂ ਭਾਸ਼ਾ ਦੇ ਭਾਰਤੀ ਲਿਖਾਰੀ ਤਾਪੀ ਧਰਮਾ ਰਾਓ ਨੇ ਅਜਿਹੇ ਇੱਕ ਵਿਸ਼ੇ ਤੇ "ਇਨੂਪਾਕੱਚਡਾਲੂ" ਨਾਂ ਦੀ ਕਿਤਾਬ ਲਿਖੀ ਸੀ ਜੋ 2013 'ਚ ਛਪੀ ਸੀ। ਜਿਸ ਦਾ ਪੰਜਾਬੀ ਅਨੁਵਾਦ "ਲੋਹੇ ਦੀਆਂ ਕਮਰ ਪੇਟੀਆਂ" ਬਣਦਾ ਹੈ, ਪਰ ਇਹ ਵੀ ਕਿਹਾ ਗਿਆ ਹੈ ਕਿ ਸਹੀ ਤਰਾਂ ਉਸ ਸ਼ਬਦ ਦਾ ਅਨੁਵਾਦ ਨਹੀਂ ਕਰਦਾ (ਤੇਜਿੰਦਰ ਵਿਰਲੀ, 2025, ਨਵਾਂ- ਜ਼ਮਾਨਾ 9-ਨਵੰਬਰ)। ਇਹ ਤਾਂ ਸਰਾ ਸਰ ਔਰਤ ਨੂੰ ਆਪਣੇ ਯੌਨ-ਸੋਸ਼ਣ ਲਈ ਕਾਬੂ 'ਚ ਰੱਖਣ ਦਾ ਕਾਰਾ ਸੀ ਜੋ ਓਰਤ ਨੂੰ ਦੂਜਿਆਂ ਮਰਦਾਂ ਨਾਲ਼ ਭੋਗ ਕਰਨ ਤੋਂ ਵਰਜਿਤ ਕਰਨ ਲਈ ਸੀ। ਇਹ ਤਕਨੀਕ ਯੂਰਪੀ ਦੇਸ਼ਾਂ ਵਿੱਚ ਵੀ ਅਪਣਾਈ ਗਈ। ਇਹ ਤਾਂ ਬੁਰਕੇ ਨਾਲ਼ੋਂ ਵੀ ਜ਼ਿਆਦਾ ਘਟੀਆ ਤੇ ਮਾਰੂ ਬੰਦਿਸ਼ ਦਾ ਰੂਪ ਸੀ।

ਜੇ ਅਸੀਂ ਆਪਣੇ ਘਰੇਲੂ ਜਾਨਵਰਾਂ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗ ਸਕਦਾ ਹੈ ਕਿ ਕਿਸੇ ਨੂੰ ਤਾਂ ਅਸੀਂ ਨਕੇਲ ਪਾਈ ਹੋਈ ਹੈ ਕਿਉਂਕਿ ਨੱਕ ਕਾਫ਼ੀ ਸੰਵੇਦਨਸ਼ੀਲ (ਨਾਜ਼ੁਕ) ਅੰਗ ਹੁੰਦਾ ਹੈ ਜਿਸ ਕਾਰਨ ਜਾਨਵਰ ਨੂੰ ਤਕਲੀ.ਫ ਹੁੰਦੀ ਹੈ ਤੇ ਨਕੇਲ ਦੀ ਪਤਲੀ ਜਿਹੀ ਰੱਸੀ ਵੀ ਉਸ ਨੂੰ ਕਾਬੂ 'ਚ ਰੱਖਣ ਲਈ ਕਾਫੀ ਹੁੰਦੀ ਹੈ। ਇਸੇ ਤਰਾਂ ਕੰਨਾਂ ਤੋਂ ਵੀ ਕੰਟਰੋਲ ਕੀਤਾ ਜਾ ਸਕਦਾ ਹੈ ਪਸ਼ੂਆਂ ਨੂੰ। ਸੀਲ ਡੰਗਰਾਂ-ਪਸ਼ੂਆਂ ਦੇ ਗਲ਼ਾਂ 'ਚ ਸੰਗਲ਼ ਪਾ ਕੇ ਕਾਬੂ 'ਚ ਰੱਖਣਾ ਅਸੀਂ ਆਮ ਹੀ ਦੇਖਦੇ ਹਾਂ। ਸਭ ਮੱਝਾਂ, ਗਾਂਵਾਂ ਅਤੇ ਕੁੱਤਿਆਂ ਆਦਿ ਦੇ ਸੰਗਲ਼-ਸੰਗਲ਼ੀਆਂ ਹੀ ਪਾਈਆਂ/ਪਾਏ ਜਾਂਦੇ ਨੇ। ਇਹ ਉਦਾਹਰਣਾਂ ਕਾਫ਼ੀ ਨੇ ਔਰਤਾਂ ਦੇ ਗਹਿਣਿਆਂ ਦੇ ਸ੍ਰੋਤ ਸਮਝਣ ਲਈ। ਗਲ਼ੇ ਦਾ ਹਾਰ, ਵਿੰਨ੍ਹੇ ਕੰਨ, ਨੱਕ ਦੀ ਨੱਥ ਜਾਂ ਕੋਕਾ, ਕੜੇ, ਝਾਂਜਰਾਂ, ਬਾਜੂ-ਬੰਦ ਆਦਿ ਕੀ ਉਨ੍ਹਾਂ ਦੀ ਅਜ਼ਾਦੀ ਰੋਕਣ ਦੀਆਂ ਤਰਤੀਬਾਂ 'ਚੋਂ ਨਿੱਕਲ਼ੇ/ਜਨਮੇ ਮਹਿਸੂਸ ਹੁੰਦੇ ? ਜਿਵੇਂ ਚਿਰਾਂ ਤੋਂ ਚੱਲੀਆਂ ਆਉਂਦੀਆਂ ਰੀਤਾਂ ਸਾਡੇ ਰਿਵਾਜ ਬਣ ਕੇ ਸਾਡੇ ਸਮਾਜ ਦੇ ਸਥਾਈ ਅੰਗ ਬਣ ਜਾਂਦੇ ਨੇ, ਉਸੇ ਤਰਾਂ ਇਹ ਵੀ ਛੋਟੇ ਰੂਪਾਂ ਵਿੱਚ ਔਰਤਾਂ ਨੇ ਗਹਿਣਿਆਂ ਦੇ ਰੂਪ ਵਿੱਚ ਅਪਣਾ ਲਏ। ਇਹ ਵੀ ਸੰਭਾਵਨਾ ਹੈ ਕਿ ਔਰਤਾਂ ਇਹ ਕੁੱਝ ਆਪਣੀ ਮਜਬੂਰੀ ਨਾ ਜ਼ਾਹਰ ਹੋਣ ਦੇਣ ਕਾਰਨ ਬੰਦਿਸ਼ਾਂ ਨੂੰ ਆਪਣੇ ਗਹਿਣਿਆਂ ਦੇ ਰੂਪ ਵਿੱਚ ਵਿਕਸਤ ਕਰ ਲਿਆ ਹੋਵੇ। ਖੈਰ ਇਹ ਤਾਂ ਖੋਜੀਆਂ ਲਈ ਵਿਸ਼ਾ ਹੈ ਇਨ੍ਹਾਂ ਚੀਜ਼ਾਂ ਨੂੰ ਸਾਬਤ ਕਰਨ ਦਾ ਜਾਂ ਝੂਠ ਸਾਬਤ ਕਰਨ ਦਾ! ਪਰ ਜੇ ਦੇਖਿਆ ਜਾਵੇ ਕੀ ਕੋਈ ਮਰਦ ਇਮਾਨਦਾਰੀ ਨਾਲ਼ ਇਹ ਦੱਸ ਸਕੂ ਕਿ ਕੋਈ ਔਰਤ ਉਸ ਨੂੰ ਉਸਦੇ ਗਹਿਣਿਆਂ ਕਾਰਨ ਪਸੰਦ ਸੀ/ਹੈ ? ਸ਼ਾਇਦ ਕੋਈ ਲਾਲਚੀ ਬੰਦਾ ਇਹ ਕਹਿ ਵੀ ਦੇਵੇ, ਪਰ ਉਸਦੀ ਪੋਲ ਖੁੱਲ੍ਹਣ ਨੂੰ ਵੀ ਦੇਰ ਨੀ ਲੱਗਣੀ। ਇੱਕ ਗੋਰੇ ਮਖੌਲੀਏ ਨੇ ਇੱਕ ਟੀਵੀ ਸ਼ੋਅ ਵਿੱਚ (ਜਿਸ ਵਿੱਚ ਜ਼ਿਆਦਾਤਰ ਔਰਤਾਂ ਬੈਠੀਆਂ ਸਨ) ਕਿਹਾ ਕਿ ਸਾਨੂੰ ਮਰਦਾਂ ਨੂੰ ਬਿਸਤਰਿਆਂ ਦੀਆਂ ਚਾਦਰਾਂ ਜਾਂ ਕਮਰਿਆਂ ਦੇ ਪੜਦੇ ਬਦਲਿਆਂ 'ਚ ਕੋਈ ਦਿਲਚਸਪੀ ਨਹੀਂ ਹੁੰਦੀ, ਬਾਕੀ ਤੁਸੀਂ ਸਮਝਦਾਰ ਹੀ ਹੋ ਕਿ ਅਸੀਂ ਤਰੀ.ਫ ਕਿਉਂ ਕਰਦੇ ਹਾਂ ? ਗਹਿਣੇ, ਸੁਰਖੀ/ਲਿੱਪਸਟਿੱਕ, ਸੁਰਮਾ ਆਦਿ ਵੀ ਉਸੇ ਸ਼ ?ਰੇਣੀ 'ਚ ਆਉਂਦੇ ਹਨ। ਕਈ ਸਮਾਜੀ-ਗੁੱਟਾਂ 'ਚ ਤਾਂ ਅਜਿਹੇ ਕੰਮਾਂ ਨੂੰ ਹੋਰ ਬਹੁਤ ਅੱਗੇ ਲੈ ਗਏ ਹਨ, ਜਿਵੇਂ ਕਾਫ਼ੀ ਮੁਸਲਿਮ ਸੱਭਿਆਚਾਰਾਂ ਵਿੱਚ ਔਰਤਾਂ ਨੂੰ ਬੁਰਕੇ ਪਹਿਨਣ ਦੀ ਹਦਾਇਤ ਹੈ। ਉਹ ਬੁਰਕੇ ਬਗੈਰ ਬਾਹਰ ਹੀ ਨਹੀਂ ਨਿੱਕਲ਼ ਸਕਦੀਆਂ। ਅ.ਫਗਾਨਿਸਤਾਨ ਦੀ ਤਾਲਿਬਾਨੀ ਸਰਕਾਰ ਨੇ ਇਨ੍ਹਾਂ ਬੰਦਿਸ਼ਾਂ ਨੂੰ ਆਖਰ ਹੀ ਬਖਸ਼ ਦਿੱਤੀ ਹੈ। ਚੰਗੀਆਂ ਭਲੀਆਂ ਸਰਕਾਰੀ ਨੌਕਰੀਆਂ ਤੇ ਲੱਗੀਆਂ ਔਰਤਾਂ ਨੂੰ ਘਰਾਂ 'ਚ ਬਿਠਾ ਦਿੱਤਾ ਹੈ। ਕੁੜੀਆਂ ਨੂੰ ਪੜ੍ਹਨ ਦੀ ਮਨਾਹੀ ਹੈ। ਇਹ ਸਭ ਉਨ੍ਹਾਂ ਨੂੰ ਮਰਦਾਂ ਤੇ ਨਿਰਭਰ ਹੋਣ-ਰਹਿਣ ਲਈ ਕਰਿਆ ਹੋਇਆ ਹੀ ਸਮਝ ਆ ਸਕਦਾ ਹੈ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਹਰ ਉਮਰ ਦੇ ਨਾਲ਼ ਜੋ ਵੀ ਸਾਡੇ ਰੰਗ-ਰੂਪ ਦਾ ਨਜ਼ਾਰਾ ਹੁੰਦਾ ਹੈ ਉਹ ਅਨੁਕੂਲ ਹੀ ਹੁੰਦਾ ਹੈ। ਉਸ ਨੂੰ ਬਦਲਣ ਦੀ ਕੋਸ਼ਿਸ਼ ਤੁਹਾਨੂੰ ਕਈ ਤਰਾਂ ਦੀ ਤਕਲੀ.ਫ ਦੇ ਸਕਦੀ ਹੈ। ਕੁਦਰਤੀ ਤੌਰ ਤੇ ਬੰਦੇ ਦੀ ਦਾਹੜੀ ਤੇ ਅੰਦਰੂਨੀ ਬਣਤਰ ਮੁਤਾਬਕ ਸਟੀਰੌਇਡਾਂ ਕਾਰਨ ਸਾਡੇ ਮਜਬੂਤ ਪੱਠੇ (ਮਸਲ) ਸਾਨੂੰ ਵੀ ਜਾਨਵਰਾਂ ਦੇ ਤੁਲ ਹੀ ਦਰਸਾ ਰਹੇ ਹਨ। ਬੱਬਰ ਸ਼ੇਰ ਦੀ ਗਰਦਣ ਦੁਆਲ਼ੇ ਲੰਬੇ ਵਾਲ਼ ਸਾਡੀ ਦਾਹੜੀ ਦੇ ਤੁਲ ਹਨ। ਸੋ ਕੁਦਰਤੀ ਤਾਂ ਸਾਡੀ ਬੰਦਿਆਂ ਦੀ ਮਜਬੂਰੀ ਹੈ ਆਪਣੀ ਤਾਕਤ ਜਾਂ ਖੂਬਸੂਰਤੀ ਦਿਖਾ ਕੇ ਔਰਤ ਜਾਂ ਔਰਤਾਂ ਨੂੰ ਆਪਣੇ ਵੱਲ ਖਿੱਚਹਣ ਦੀ। ਪਰ ਆਪਣੀ ਇਸ ਥੋੜ੍ਹੀ ਜਿਹੀ ਵਧੀਕ ਤਾਕਤ ਦਾ ਇਸਤੇਮਾਲ ਕਰਕੇ ਅਸੀਂ ਔਰਤਾਂ ਨੂੰ ਕਮਜ਼ੋਰ ਜਾਂ ਨੀਵਾਂ ਦਰਸਾਉਣ ਵੱਲ ਕਾ.ਫੀ ਦਿਮਾਗ ਤੇ ਸਮਾਂ ਬਰਬਾਦ ਕਰ ਲਿਆ ਹੈ। ਅੱਜ-ਕੱਲ੍ਹ ਤਾਂ ਵਿਸ਼ਵ-ਪੱਧਰੀ ਔਰਤ ਖੂਬਸੂਰਤੀ ਮੁਕਾਬਲੇ ਵੀ ਸਿਰਜ ਲਏ ਨੇ ਜੋ ਇਸੇ ਦਿਸ਼ਾ ਵਿੱਚ ਇੱਕ ਹੋਰ ਮਿਸਲ/ ਮਿਜ਼ਾਈਲ ਹੈ।

ਇਹ ਵੰਡੀਆਂ ਖੇਢ ਮੁਕਾਬਲਿਆਂ ਵਿੱਚ ਵੀ ਦੇਖੀਆਂ ਜਾ ਸਕਦੀਆਂ ਹਨ। ਸ਼ਤਰੰਜ ਵਰਗੀਆਂ ਖੇਢਾਂ ਜਿਸ ਵਿੱਚ ਜ਼ਿਆਦਾਤਰ ਦਿਮਾਗ ਦੀ ਹੀ ਵਰਤੋਂ ਹੁੰਦੀ ਹੈ ਹੁਣ ਤੱਕ ਵੀ ਔਰਤਾਂ ਤੇ ਮਰਦਾਂ ਲਈ ਕਿਉਂ ਵੱਖਰੀਆਂ ਹਨ ? ਹਾਲਾਂਕਿ ਦੁਨੀਆਂ ਦੇ ਮਹਾਨ ਚੈੱਸ ਖਿਢਾਰੀ ਗੈਰੀ ਕੈਸਪਾਰੋਵ ਨਾਲ਼ ਖੇਢ ਰਹੀ ਜੂਦਿਤ ਪੋਲਗਰ ਨਾਲ਼ ਇੱਕ ਰੁਮਾਂਚਿਕ ਮੁਕਾਬਲੇ 'ਚ ਉਸਨੂੰ ਤਕੜੀ ਟੱਕਰ ਦਿੱਤੀ ਸੀ ਜਦੋਂ ਉਹ ਡੀਪ-ਬਲੂ ਵਰਗੇ ਕੰਪਿਊਟਰਾਂ ਨੂੰ ਵੀ ਮਾਤ ਦੇ ਚੁੱਕਿਆ ਸੀ। ਹੰਗੇਰੀਅਨ ਪੋਲਗਰ ਭੈਣਾਂ (ਸੂਜ਼ਨ, ਸੋ.ਫੀਆ ਤੇ ਜੂਦਿਤ) ਨੇ ਸ਼ਤਰੰਜ ਦੀ ਦੁਨੀਆਂ 'ਚ ਤਰਥੱਲੀ ਪਾ ਦਿੱਤੀ ਸੀ ਜਦੋਂ ਉਹ ਚੈੱਸ ਖੇਢਣ 'ਚ ਅੱਗੇ ਆਉਣ ਲੱਗੀਆਂ। ਅਜੇ ਤੱਕ ਸ਼ਤਰੰਜ ਵਿਕਾਸ ਵਿੱਚ ਇਹ ਭੈਣਾਂ ਹਿੱਸਾ ਪਾ ਰਹੀਆਂ ਹਨ।

ਸਾਨੂੰ ਸਭ ਨੂੰ, ਪਰ ਖਾਸ ਕਰਕੇ ਔਰਤਾਂ ਨੂੰ ਇਸ ਪਾਸੇ ਖ਼ਾਸ ਖਿਆਲ ਕਰਨਾ ਚਾਹੀਦਾ ਹੈ ਕਿ ਫਾਲਤੂ ਦਿਖਾਵੇ ਲਈ ਬਣਾਏ ਗਹਿਣੇ ਅਤੇ ਰਿਵਾਜ ਜਾਣੀ ਕਿ ਉਨ੍ਹਾਂ ਨੂੰ ਕਾਬੂ ਕਰਨ ਲਈ ਬਣਾਏ ਗਏ ਸੰਦ ਹੁਣ ਛੱਡ ਦੇਣੇ ਚਾਹੀਦੇ ਹਨ। ਇਹ ਸਭ ਸਾਡੇ ਹਿਸਾਬ ਨਾਲ਼ ਸਮਾਜਿਕ ਤਰੱਕੀ ਦੇ ਰਾਹ ਦਾ ਰੋੜਾ ਹਨ ਅਤੇ ਸਾਡੇ ਸ੍ਰੋਤਾਂ ਤੇ ਸਮੇਂ ਨੂੰ ਵਿਅਰਥ ਗੁਆਉਣ ਦੇ ਤਰੀਕੇ ਹਨ।

**ਹਵਾਲੇ:**

ਬੋਕ ਕ੍ਰਿਸਟੀਨ (1984) (1984) Male displays and female preferences in the courtship of a gregarious cricket. Animal Behaviour, Volume 32, Issue 3, August 1984, Pages 690-697.

ਰਿਬੈਕਾ ਰੌਸ ਰਸਲ (2010) Gender and Jewelry: A Feminist Analysis By (Rebecca Ross Russell). https://www.amazon.ca/Gender-Jewelry-Rebecca-Ross-Russell/dp/1452882533

Irving, Georga (1932). "History of jewelry."

ਵਿਰਲੀ, ਤੇਜਿੰਦਰ (2025) ਔਰਤਾਂ ਤੇ ਤਸ਼ੱਦਦ ਦੀ ਗਾਥਾ, ਲੋਹੇ ਦੀਆਂ ਕਮਰ-ਪੇਟੀਆਂ। ਨਵਾਂ ਜ਼ਮਾਨਾ 9 ਨਵੰਬਰ, 2025. ਸ.ਫਾ 11.

# ਬਿਨਾਂ ਡਾਕਟਰ ਦੀ ਪਰਚੀ ਵਾਲੀ ਦਵਾਈ, ਰੈਪਰ ਵਾਲੀ ਦਵਾਈ ਦੀ ਦਿਲਚਸਪ ਕਹਾਣੀ

**ਹਰਜੀਤ ਸਿੰਘ ਗਿੱਲ**
647 542 0007 (ਕਨੇਡਾ)
+919888945127 (ਭਾਰਤ)

ਸਾਡੇ ਜ਼ਿਆਦਾਤਰ ਲੋਕਾਂ ਨੂੰ ਆਦਤ ਹੁੰਦੀ ਹੈ ਕਿ ਬਿਮਾਰ ਹੋਣ ਉਤੇ ਸਰੀਰ ਵਿਚ ਦਿਖਣ ਵਾਲੇ ਆਮ ਲੱਛਣਾਂ ਦੇ ਆਧਾਰ ਉਤੇ ਉਹ ਦਵਾਈ ਖਾ ਲੈਂਦੇ ਹਨ। ਕਈ ਵਾਰ ਜਦੋਂ ਦਵਾਈਆਂ ਰਿਐਕਸ਼ਨ ਕਰ ਜਾਂਦੀਆਂ ਹਨ ਤਾਂ ਜਾਨ ਤੱਕ ਖਤਰੇ ਵਿਚ ਪੈ ਜਾਂਦੀ ਹੈ। ਇਸ ਲਈ ਡਾਕਟਰ ਦੀ ਸਲਾਹ ਤੋਂ ਬਿਨਾਂ ਦਵਾਈ ਨਹੀਂ ਖਾਣੀ ਚਾਹੀਦੀ ਹੈ। ਦੁਨੀਆ ਭਰ ਵਿਚ ਪ੍ਰਚੱਲਤ ਨਿਯਮਾ ਅਤੇ ਕਨੂੰਨਾਂ ਮੁਤਾਬਕ ਹਰ ਫਾਰਮੇਸੀ ਤੇ ਕੁਆਲੀਫਾਈਡ ਫਾਰਮਾਸਿਸਟ (Pharmacists) ਦਾ ਹਾਜ਼ਰ ਹੋਣਾ ਅਤਿਅੰਤ ਜਰੂਰੀ ਹੁੰਦਾ ਹੈ ਤਾਂ ਜੋ ਮਰੀਜ ਨੂੰ ਪਹਿਲੀ ਵਾਰ ਦਿੱਤੀ ਕਿਸੇ ਦਵਾਈ ਬਾਰੇ ਸਮਝਾਇਆ ਜਾ ਸਕੇ ਅਤੇ ਡਾਕਟਰ ਵਲੋਂ ਕਿਸੇ ਵੀ ਦਵਾਈ ਦੀ ਤਬਦੀਲੀ ਦੇ ਸਮੇ ਉਹ ਮਰੀਜ ਨੂੰ ਉਸ ਬਦਲਵੀਂ ਦਵਾਈ ਦੇ ਬਾਰੇ ਵਿਸਥਾਰ ਵਿੱਚ ਜਾਣਕਾਰੀ ਦੇ ਸਕੇ। ਇਸ ਤੋਂ ਇਲਾਵਾਂ WHO ਵਿਸ਼ਵ ਸਿਹਤ ਸੰਸਥਾ ਦੀ ਬਣਾਈ ਨਿਯਮਾਵਲੀ ਵਿੱਚ ਦਿੱਤੀ ਜਾਣ ਵਾਲੀ ਦਵਾਈ (DRUG) ਬਾਰੇ ਮੁਕੰਮਲ ਜਾਣਕਾਰੀ ਵਾਲਾ ਲਿਖਤੀ ਨੋਟ, ਜਿਸ ਵਿੱਚ ਦਵਾਈ ਵਿਚਲੇ ਸਾਲਟ ਅਤੇ ਸਾਇਡ ਆਫੈਕਟ ਦੀ ਜਾਣਕਾਰੀ ਦਿੱਤੀ ਹੁੰਦੀ ਹੈ ਦੇਣਾ ਵੀ ਲਾਜਮੀ ਹੁੰਦਾ ਹੈ। ਪਰ ਭਾਰਤ ਸਮੇਤ ਬਹੁਤ ਸਾਰੇ ਹੋਰ ਅਵਿਕਸਤ ਅਤੇ ਵਧੇਰੇ ਸੰਘਣੀ ਅਬਾਦੀ ਵਾਲੇ ਮੁਲਕਾਂ ਵਿੱਚ ਇਹਨਾਂ ਨਿਯਮਾਂ ਦੀ ਪਾਲਣਾ ਘੱਟ ਵੱਧ ਹੀ ਹੁੰਦੀ ਹੈ। ਫ਼ਾਰਮੇਸੀ (ਕੈਮਿਸਟ ਸ਼ਾਪ) ਦੇ ਲਾਇਸੈਂਸ ਦੇਣ ਸਮੇਂ ਕੁਆਲੀਫਾਈਡ ਫਾਰਮਾਸਿਸਟ ਦਾ ਸਰਟੀਫਿਕੇਟ ਤਾਂ ਨਾਲ ਲਾ ਦਿੱਤਾ ਜਾਂਦਾ ਹੈ ਪਰ ਫਾਰਮਾਸਿਸਟ ਦਾ ਕੈਮਿਸਟ ਸ਼ਾਪ ਤੇ ਹਾਜਰ ਰਹਿਣਾ ਜਰੂਰੀ ਨਹੀਂ ਸਮਝਿਆ ਜਾਂਦਾ। ਇਸ ਕਰਕੇ ਕੁਆਲੀਫਾਈਡ ਫਾਰਮਾਸਿਸਟ ਦਾ ਸਰਟੀਫਿਕੇਟ ਪ੍ਰਾਪਤ ਲੋਕਾਂ ਦਾ ਨਾਂਅ ਸਿਰਫ ਲਾਇਸੈਂਸ ਲੈਣ ਲਈ ਵਰਤਿਆ ਜਾਂਦਾ ਹੈ ਅਤੇ ਫਾਰਮਿਸਟ ਸਾਹਿਬ ਕੋਈ ਹੋਰ ਲਾਹੇਵੰਦਾ ਧੰਦਾ ਕਰ ਰਹੇ ਹੁੰਦੇ ਹਨ, ਪਰ ਕੈਮਿਸਟ ਸ਼ਾਪ ਤੋਂ ਮਹੀਨਾ ਵਾਰ ਬੱਝਵੇ ਪੈਸੇ ਪ੍ਰਾਪਤ ਕਰਦੇ ਹਨ। ਇਸ ਭ੍ਰਿਸ਼ਟ ਗੈਰ ਕਨੂੰਨੀ ਧੰਦੇ ਵਿੱਚ ਡਰੱਗ ਇੰਸਪੈਕਟਰ ਤੋਂ ਲੈ ਕੇ ਉੱਪਰ ਤਕ ਸਭ ਮਿਲੀ ਭੁਗਤ ਨਾਲ ਕਮਾਈਆਂ ਕਰਦੇ ਹਨ। ਤੁਸੀਂ ਕਿਸੇ ਵੀ ਮੈਡੀਕਲ ਸਟੋਰ ਤੋਂ ਬਿਨਾਂ ਡਾਕਟਰ ਦੀ ਪਰਚੀ ਦੀ ਦਵਾਈ ਸੋਖਿਆ ਹੀ ਖਰੀਦ ਕੇ ਖਾ ਸਕਦੇ ਹੋ। ਪਰ ਅੱਜ ਕੱਲ ਨਸ਼ੇ ਦਾ ਕਾਰੋਬਾਰ ਪ੍ਰਚੱਲਤ ਹੋਣ ਕਰਕੇ ਕੁਝ ਕੁ ਨਸ਼ੀਲੇ ਪਦਾਰਥ ਵਾਲੀਆਂ ਦਵਾਈਆਂ ਜਿਨ੍ਹਾਂ ਵਿੱਚ ਨੀਦ ਨਾ ਆਉਣ ਅਤੇ ਦਿਮਾਗੀ ਹਲਾਤ ਰਿਲੈਕਸ ਕਰਨ ਵਾਲੀਆਂ ਦਵਾਈਆਂ ਮਿਲਣ ਵਿੱਚ ਥੋੜੀ ਦਿੱਕਤ ਜ਼ਰੂਰ ਹੁੰਦੀ ਹੈ ਪਰ ਪੇਡੂ ਅਤੇ ਦੂਰ ਦਰਾਜ ਦੇ ਖ਼ੇਤਰਾਂ ਵਿੱਚ ਨਸ਼ੀਲੇ ਅਤੇ ਕੈਮੀਕਲ ਯੁਕਤ ਕੈਪਸੂਲ ਵੇਚਣ ਦਾ ਧੰਦਾ ਜੋਰਾਂ ਤੇ ਚੱਲ ਰਿਹਾ ਹੈ।

ਸ਼ੋਸ਼ਲ ਮੀਡੀਆ ਦੇ ਇਸ ਚੇਤਨਤਾ ਵਾਲੇ ਇਸ ਦੌਰ ਵਿੱਚ ਸਗੋਂ ਹੋਰ ਵੀ ਅੰਧਕਾਰ ਫੈਲਿਆ ਹੋਇਆ ਹੈ। ਹਰ ਨੀਮ ਹਕੀਮ ਨਵੇਂ ਨਕੋਰ ਨੁਖਸੇ ਪੇਸ਼ ਕਰ ਰਿਹਾ ਹੈ। ਖਾਸ ਕਰਕੇ ਆਯੁਰਵੈਦਿਕ ਦਵਾਈਆਂ (ਦੇਸੀ ਦਵਾਈਆਂ) ਦੇ ਨੁਸਖ਼ਿਆਂ ਦੀ ਭਰਮਾਰ ਹੈ। ਜੋ ਕੈਂਸਰ ਵਰਗੇ ਭਿਆਨਕ ਅਤੇ ਗੰਭੀਰ ਰੋਗਾਂ ਦਾ ਇਲਾਜ਼ ਕਰਨ ਦੇ ਫਰਜ਼ੀ ਦਾਹਵੇ ਕਰਦੇ ਹਨ। ਹੋਰ ਤਾਂ ਹੋਰ ਮਰਦਾਨਗੀ ਅਤੇ ਜਿਸਮਾਨੀ ਤਾਕਤ ਵਧਾਉਣ ਅਤੇ ਸੜਕਾਂ ਤੇ ਸਿਲਾਜੀਤ ਵੇਚਣ ਵਾਲਿਆਂ ਦਾ ਧੰਦਾ ਵੀ ਹੁਣ ਸ਼ੋਸ਼ਲ ਮੀਡੀਆ ਅਤੇ ਯੂ ਟਿਊਬ 'ਤੇ ਬੇਖੌਫ਼ ਅਤੇ 3-X ਰੀਲਾਂ ਵਾਲੀਆਂ ਘਟੀਆ ਤਸਵੀਰਾਂ ਸਮੇਤ ਚੱਲ ਰਿਹਾ ਹੈ। ਰਾਤ ਨੂੰ ਸੌਣ ਸਮੇਂ ਕਿਹੜਾ ਨੁਖਸਾ ਅਜਮਾਉਣਾ ਹੈ, ਸਵੇਰੇ ਉਠਦਿਆਂ ਨਿਰਣੇ ਕਾਲਜ਼ੇ ਕੀ ਖਾਣਾ ਅਤੇ ਪੀਣਾ ਹੈ, ਪਾਣੀ ਗਰਮ ਜਾਂ ਠੰਡਾ ਪੀਣਾ ਹੈ, ਬਹਿ ਕੇ ਜਾਂ ਖਲੋ ਕੇ ਜਾਂ ਫ਼ਿਰ ਲੇਟ ਕੇ ਪੀਣਾ ਹੈ ਵਰਗੇ ਹਾਸੋਹੀਣੇ ਤਰਕ- ਵਿਤਰਕ ਦਿੱਤੇ ਜਾ ਰਹੇ ਹਨ।

ਇੱਕ ਹੋਰ ਚਲਣ ਸਾਡੇ ਲੋਕਾਂ ਵਿੱਚ ਆਮ ਹੀ ਚਲਦਾ ਹੈ ਕੋਈ ਕਿਸੇ ਦਵਾਈ ਦਾ ਜ਼ਿਕਰ ਕਰ ਦੇਵੇ ਕਿ ਫਲਾਨੀ ਦਵਾਈ ਬੜੀ ਪ੍ਰਭਾਵੀ (EFFECTIVE) ਹੈ ਅਤੇ ਮੇਰੀ ਫਲਾਂ ਅਤੇ ਫਲਾਂ ਬਿਮਾਰੀ ਦੀ ਪੁਰਾਣੀ ਸਮੱਸਿਆ ਯਕਦਮ ਠੀਕ ਹੋ ਗਈ ਹੈ ਅਸੀਂ ਬਿਨਾ ਸੋਚੇ ਸਮਝੇ ਅਤੇ ਬਿਨਾ ਕਿਸੇ ਡਾਕਟਰ ਦੀ ਸਲਾਹ ਦੇ ਝੱਟਪੱਟ ਉਹ ਦਵਾਈ ਖਾਣ ਲੱਗਦੇ ਹਾਂ ਨਤੀਜਾ ਭਾਵੇ ਕੁਝ ਵੀ ਨਿਕਲੇ। ਇਥੇ ਮੈ ਖੁਦ ਆਪਣੇ ਨਾਲ ਬੀਤੀ ਇੱਕ ਘਟਨਾ ਦਾ ਜਿਕਰ ਕਰਨਾ ਮੁਨਾਸਿਬ ਸਮਝਦਾ ਹਾਂ। ਇਸੇ ਸਾਲ 2025 ਦੇ ਫਰਵਰੀ ਮਹੀਨੇ ਦੀ ਗੱਲ ਹੈ ਹਰ ਵਰ੍ਹੇ ਦੀ ਤਰਾਂ ਅਸੀਂ ਪਰਿਵਾਰ ਸਮੇਤ ਆਪਣੇ ਸਥਾਈ ਘਰ ਭਾਰਤ ਵਿੱਚ ਸੀ। ਜਿਵੇ ਕਿ ਆਪਣੇ ਭਾਈਚਾਰੇ ਵਿੱਚ ਮਹਿਮਾਨ ਨਿਵਾਜੀ ਦਾ ਇੱਕ ਬਹੁਤ ਵਧੀਆ ਰਿਵਾਜ਼ ਹੈ ਮੇਰੇ ਆਂਢੀ -ਗੁਆਂਢੀ ਅਤੇ ਦੋਸਤ ਮਿੱਤਰ ਹਰ ਰੋਜ ਖਾਣ ਪੀਣ ਦੇ ਮੁਹੱਬਤੀ ਸੱਦੇ ਦਿੰਦੇ ਰਹਿੰਦੇ ਸਨ। ਲਗਾਤਾਰ ਚੱਲ ਰਹੇ ਦਾਅਵਤਾ ਦੇ ਸਿਲਸਲੇ ਨੂੰ ਬਰੇਕ ਦੇਣ ਲਈ ਅਸੀਂ ਬਹਾਨੇ ਬਣਾ ਰਹੇ ਸੀ ਪਰ ਮੇਰਾ ਇੱਕ ਗੁਆਂਢੀ ਪਰਿਵਾਰ ਜਬਰੀ ਟਹਿਲ ਸੇਵਾ ਕਰਨ ਲਈ ਜਾਣਿਆ ਜਾਂਦਾ ਹੈ ਅਤੇ ਉਹ ਬਾਰ ਬਾਰ ਇਨਵਾਇਟ ਕਰ ਰਿਹਾ ਸੀ ਮੈ ਟਾਲਣ ਦੇ ਮਕਸਦ ਨਾਲ ਪੇਟ ਖਰਾਬ ਹੋਣ ਦਾ ਬਹਾਨਾ ਮਾਰਿਆ ਤਾਂ ਕਹਿਣ ਲੱਗੇ ਕਿ ਹੋਇਆ ਤੇਰੇ ਪੇਟ ਨੂੰ ? ਮੈਂ ਕਿਹਾ ਯਾਰ ਅਪਸੈਟ ਜਿਹਾ ਕੰਮ ਹੈ ਖਾਣਾ ਖਾਦਿਆਂ ਸਾਰ ਪੇਟ ਭਾਰਾ ਭਾਰਾ ਲੱਗਣ ਲਗਦਾ ਹੈ ਜਿਵੇ ਟਾਇਲਟ ਜਾਣ ਦੀ ਹਾਯਤ ਹੋਈ ਹੋਵੇ। ਕਹਿਣ ਲੱਗੇ ਇਹ ਕਿ ਇਹ ਕਿਹੜੀ ਵੱਡੀ ਗੱਲ ਹੈ ਮੇਰੇ ਨਾਲ ਵੀ ਅਕਸਰ ਇਹੋ ਕੁਝ ਬੜੇ ਚਿਰ ਤੋਂ ਹੁੰਦਾ ਸੀ। ਮੇਰੇ ਇੱਕ ਜਾਣਕਾਰ ਨੇ ਦਵਾਈ ਦੱਸੀ ਹੈ ਥੋੜੀ ਜਿਹੀ ਮਹਿੰਗੀ ਜਰੂਰ ਹੈ ਪਰ ਛੇ ਗੋਲੀਆਂ ਦੇ ਕੋਰਸ ਕਰਨ ਨਾਲ ਸਭ ਸੈੱਟ ਹੋ ਗਿਆ ਹੈ। ਮੈਂ ਤੁਹਾਨੂੰ ਵੀ ਦਵਾਈ ਲਿਆ ਦੇਵਾਂਗਾ ਅਜੇ ਕੱਲ ਪਰਸੋ ਹੀ ਮੈ ਕੋਰਸ ਖ਼ਤਮ ਕਰਕੇ ਹਟਿਆ ਹਾਂ। ਮੈ ਸਿਰਸ਼ਟਾਚਾਰ ਵੱਜੋਂ ਕਿਹਾ ਕਿ ਮੈਨੂੰ ਦਵਾਈ ਦਾ ਨਾਮ ਦੱਸ ਦਿਓ ਮੈ ਅੱਜ ਕੋਈ ਹੋਰ ਦਵਾਈ ਲੈਣ ਲਈ ਬਜ਼ਾਰ ਜਾਣਾ ਹੀ ਹੈ। ਉਹਨਾਂ ਕਿਹਾ ਨਾਮ ਤਾਂ ਇਸ ਵੇਲੇ ਯਾਦ ਨਹੀਂ ਮੇਰੇ ਕੋਲ ਖਾਲੀ ਰੈਪਰ ਪਿਆ ਹੈ ਮੈ ਤੁਹਾਨੂੰ ਵੱਟਸਐਪ (WHATSAPP) ਕਰ ਦਿੰਦਾ ਹਾਂ। ਉਹਨਾਂ ਦੇ ਭੇਜੇ ਰੈਪਰ ਦੀ ਤਸਵੀਰ ਟੈਲੀਫੋਨ ਵਿੱਚੋ ਵਿਖਾ ਕੇ ਮੈ ਆਪਣੇ ਕੈਮਿਸਟ ਮਿੱਤਰ ਰਿਸ਼ੀ ਕੋਲ ਪਹੁੰਚਿਆ ਜੋ ਦਵਾਈਆਂ ਦੇ ਥੋਕ ਵਿਕਰੇਤਾ (WHOLESALE MARKET) ਹਨ ਅਤੇ K C MEDICAL STORE ਚਲਾਉਦੇ ਹਨ।

ਉਹ ਦਵਾਈ ਦਾ ਰੈਪਰ ਵੇਖ ਕੇ ਕਹਿਣ ਲੱਗੇ ਕਿਉਂ ਚਾਹੀਦੀ ਹੈ ਇਹ ਦਵਾਈ ?

ਮੇਰੇ ਇਹ ਦੱਸਣ ਤੇ ਕਿ ਪੇਟ ਦੀ ਕਿਸੇ ਲਾਗ ਵਾਲੀ ਬੀਮਾਰੀ ਲਈ ਕਿਸੇ ਮਿੱਤਰ ਨੇ ਦੱਸਿਆ ਹੈ ਕਿ ਇਹ ਬਹੁਤ ਪ੍ਰਭਾਵਸ਼ਾਲੀ ਅਸਰਦਾਰ ਦਵਾਈ ਹੈ।

ਇਹ ਸੁਣ ਕੇ ਰਿਸ਼ੀ ਹੱਸਣ ਲੱਗੇ ਅਤੇ ਕਿਹਾ ਕਿਸੇ ਨੇ ਤੁਹਾਨੂੰ ਗਲਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਸ ਦਵਾਈ ਦਾ ਪੇਟ ਦੀ ਕਿਸੇ ਬਿਮਾਰੀ ਨਾਲ ਕੋਈ ਸਿੱਧਾ ਸਬੰਧ ਹੈ ਹੀ ਨਹੀਂ ਅਤੇ ਇਹ ਤਾਂ ਕਿਸੇ ਖ਼ਾਸ ਕਿਸਮ ਦੀ ਐਲਰਜੀ ਦੀ ਦਵਾਈ ਹੈ। ਫਿਰ ਉਹਨਾਂ ਨੇ ਰੈਪਰ ਵੇਖ ਕੇ ਦਵਾਈ ਲੈਣ ਦੇ ਖ਼ਤਰਿਆਂ ਬਾਰੇ ਮੈਨੂੰ ਸਮਝਾਇਆ ਅਤੇ ਇਕ ਅਜੀਬੋ-ਗਰੀਬ ਦਿਲਚਸਪ ਕਿੱਸਾ ਸੁਣਾਇਆ।

ਰਿਸ਼ੀ ਦੇ ਦੱਸਣ ਅਨੁਸਾਰ ਕੋਈ ਡੇਢ ਕੁ ਸਾਲ ਪਹਿਲਾ ਇੱਕ ਬਜ਼ੁਰਗ ਉਹਨਾਂ ਦੀ ਦੁਕਾਨ ਤੇ ਇਸ ਤਰਾਂ ਹੀ ਇੱਕ ਪੁਰਾਣਾ ਰੈਪਰ ਲੈ ਕੇ ਦਵਾਈ ਲੈਣ ਆਇਆ ਸੀ। ਉਸ ਨੇ ਵੀ ਰੁਟੀਨ ਅਨੁਸਾਰ ਇਹ ਪੁੱਛ ਕੇ ਕਿ ਕਿੰਨੇ ਸਮੇ ਲਈ ਚਾਹੀਦੀ ਹੈ ਲੜਕੇ ਨੂੰ ਅਵਾਜ਼ ਦੇ ਕੇ ਕਿਹਾ ਕਿ ਬਾਪੂ ਜੀ ਨੂੰ ਇੱਕ ਮਹੀਨੇ ਦੀ ਇਹ ਦਵਾਈ ਦੇ ਦੇਵੋ। ਅੱਜ ਕਲ ਹਰ ਦਵਾਈ ਤੇ ਹਰ ਪੱਤੇ ਤੇ ਕੁਝ ਕੁ ਜਾਣਕਾਰੀਆਂ ਅੰਕਿਤ ਹੁੰਦੀਆਂ ਹਨ, ਜਿਵੇ ਦਵਾਈ ਬਣਾਉਣ ਵਾਲੀ ਕੰਪਨੀ ਦਾ ਨਾਂ, ਦਵਾਈ ਦਾ ਨਾਂ, ਦਵਾਈ ਨੂੰ ਬਣਾਉਣ ਦੀ ਮਿਤੀ (MANUFATURING DATE) ਅਤੇ ਮਿਆਦ ਖ਼ਤਮ ਹੋਣ ਦੀ ਮਿਤੀ (EXPIEY DATE) ਅਤੇ ਵੱਧ ਤੋਂ ਵੱਧ ਖਰੀਦ ਮੁੱਲ (MAXIMUM RETAIL PRICE) ਵੀ ਲਿਖੀ ਹੁੰਦੀ ਹੈ।



ਕਿਉਂਕਿ ਇਹ RETAIL CHEMIST SHOP ਨਾ ਹੋ ਕੇ WHOLESALE CHEMIST ਬਜ਼ਾਰ ਦੇ ਵਿੱਚ ਦੁਕਾਨ ਹੈ ਜਿਥੋਂ RETAIL CHEMIST SHOP, ਡਾਕਟਰ ਅਤੇ ਹਸਪਤਾਲ ਵਾਲੇ ਹੀ ਵਧੇਰੇ ਦਵਾਈਆਂ ਖਰੀਦਦੇ ਹਨ ਸੋ ਇਥੇ ਦਵਾਈ MAX RETAIL PRICE ਦੇ PRINT RATE ਤੋਂ ਸਸਤੀ ਮਿਲ ਜਾਂਦੀ ਹੈ ਜੋ ਤਕਰੀਬਨ 20 ਤੋਂ 25% ਸਸਤੀ ਮਿਲਦੀ ਹੈ। ਬਜ਼ੁਰਗ ਦੀ ਦਵਾਈ ਦੀ ਕੀਮਤ ਹਰ ਪੱਤੇ ਦੇ ਹਿਸਾਬ ਨਾਲ 50 ਰੁਪਏ ਤੋਂ ਕੁਝ ਕੁ ਵੱਧ ਬਣਦੀ ਸੀ ਪਰ ਬਜ਼ੁਰਗ ਨੇ 50 ਰੁਪਏ ਦੇ ਹਿਸਾਬ ਪੈਸੇ ਲੈ ਲੈਣ ਲਈ ਤਰਲਾ ਜਿਹਾ ਮਾਰਿਆ। ਰਿਸ਼ੀ ਨੇ ਦੱਸਿਆ ਕਿ ਬਜ਼ੁਰਗ ਬਹੁਤ ਚੱਲਣ ਫਿਰਨ ਜੋਗਾ ਵੀ ਨਹੀਂ ਸੀ ਅਤੇ ਖੂੰਡੀ ਦੇ ਸਹਾਰੇ ਰਿਕਸ਼ੇ ਤੇ ਬੈਠ ਕੇ ਮੁਸ਼ਕਲ ਨਾਲ ਬਜ਼ਾਰ ਦਵਾਈ ਆਇਆ ਲਗਦਾ ਸੀ। ਉਸ ਨੇ ਕਿਹਾ ਮੈਨੂੰ ਬਜ਼ੁਰਗ ਦੀ ਹਾਲਤ ਤੇ ਤਰਸ ਜਿਹਾ ਆਇਆ ਅਤੇ ਮੈ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੋਈ ਗੱਲ ਨਹੀਂ ਬਾਪੂ ਜੀ ਜਿੰਨੇ ਦੇਣੇ ਨੇ ਦੇ ਦਿਓ। ਸੋ ਬਜ਼ੁਰਗ 50 ਰੁਪਏ ਦੇ ਹਿਸਾਬ ਨਾਲ ਪੈਸੇ ਦੇ ਕੇ ਖ਼ੁਸ਼ੀ ਨਾਲ ਧੰਨਵਾਦ ਕਰਦਾ ਹੋਇਆ ਚਲਾ ਗਿਆ ਅਤੇ ਫਿਰ ਇਹ ਦਵਾਈ ਲੈ ਕੇ ਜਾਣ ਦਾ ਸਿਲਸਲਾ ਡੇੜ ਸਾਲ ਤੀਕ ਇਵੇ ਹੀ ਚਲਦਾ ਰਿਹਾ, ਬਾਪੂ ਜੀ ਆਉਦੇ ਅਤੇ ਮਹੀਨੇ ਦੀ ਦਵਾਈ ਲੈ ਕੇ ਜਾਂਦੇ ਰਹੇ। ਫਿਰ ਇੱਕ ਦਿਨ ਅਚਾਨਕ ਹੋਇਆ ਇਹ ਕਿ ਕਾਫੀ ਤੇਜ ਬਾਰਸ਼ ਹੋ ਰਹੀ ਸੀ ਬਾਪੂ ਜੀ ਰਿਕਸ਼ਾ ਤੇ ਬੈਠ ਕੇ ਦਵਾਈ ਲੈਣ ਪਹੁੰਚ ਗਏ। ਮੀਹ ਦੀ ਵਜ੍ਹਾ ਕਰਕੇ ਅਤੇ ਬਜ਼ੁਰਗ ਨਾਲ ਪਛਾਣ ਬਣੀ ਹੋਣ ਕਾਰਨ ਦੁਕਾਨਦਾਰ ਯਨੀ ਕਿ ਰਿਸ਼ੀ ਨੇ ਬਾਪੂ ਜੀ ਨੂੰ ਚਾਹ ਪੀਣ ਅਤੇ ਥੋੜੀ ਦੇਰ ਰੁਕ ਜਾਣ ਲਈ ਕਿਹਾ ਕਿ ਬਾਰਸ਼ ਥੰਮ ਲੈਣ ਦਿਉ ਫਿਰ ਚਲੇ ਜਾਣਾ। ਬਜ਼ੁਰਗ ਨੇ ਚਾਹ ਪੀਣ ਅਤੇ ਰੁਕ ਜਾਣ ਦਾ ਸੱਦਾ ਪ੍ਰਵਾਨ ਕਰ ਲਿਆ ਅਤੇ ਰਸਮੀ ਗੱਲਬਾਤ ਦਾ ਸਿਲਸਲਾ ਸ਼ੁਰੂ ਹੋ ਗਿਆ।

ਰਿਸ਼ੀ ਨੇ ਪੁੱਛਿਆ ਬਾਪੂ ਜੀ ਕਿਥੋਂ ਆਉਂਦੇ ਹੋ ?

ਬਜ਼ੁਰਗ ਨੇ ਦੱਸਿਆ ਮਜੀਠਾ ਰੋਡ ਤੋਂ।

ਰਿਸ਼ੀ ਨੇ ਕਿਹਾ ਉੱਥੇ ਤਾਂ ਵੱਡੇ ਹਸਪਤਾਲ ਦੇ ਨੇੜੇ ਹੋਣ ਕਰਕੇ ਬਹੁਤ ਸਾਰੀਆਂ ਦਵਾਈਆਂ ਦੀਆਂ ਦੁਕਾਨਾਂ ਹਨ ਉਥੋਂ ਕਿਉਂ ਨਹੀਂ ਲੈਂਦੇ ?

ਬਜ਼ੁਰਗ ਨੇ ਕਿਹਾ ਬੇਟਾ ਜਿਹੜਾ ਪੱਤਾ ਤੇਰੇ ਕੋਲੋਂ ਮੈਂ 50 ਰੁਪਏ ਦਾ ਲੈਂਦਾ ਹਾਂ ਉਹ ਮੈਨੂੰ 80 ਰੁਪਏ ਦਾ ਦਿੰਦੇ ਨੇ ਅਤੇ ਫਿਰ ਉਹ ਰਿਸ਼ੀ ਦੀ ਤਾਰੀਫ ਕਰਦਾ ਹੋਇਆ ਕਹਿਣ ਲੱਗਾ ਪੁੱਤਰਾ ਇੱਕ ਤੂੰ ਅਤੇ ਦੂਸਰਾ ਡਾਕਟਰ ਮਾਨ ਜਿਉਂਦਾ ਰਵੇ ਜਿਸ ਦਿਨ ਦੀ ਉਹਦੀ ਦਵਾਈ ਖਾਣ ਲੱਗਾ ਇੱਕ ਦਿਨ ਵੀ ਮੇਰਾ ਬਲੱਡ ਪ੍ਰੈਸ਼ਰ ਉਪਰ ਥੱਲੇ ਨਹੀਂ ਹੋਇਆ।

ਰਿਸ਼ੀ ਕਹਿੰਦਾ ਮੇਰਾ ਮੱਥਾ ਠਣਕਿਆ ਅਤੇ ਮੈ ਪੁੱਛ ਲਿਆ ਬਾਪੂ ਜੀ ਇਹ ਦਵਾਈ ਤੁਸੀਂ ਆਪਣੇ ਖਾਣ ਲਈ ਲੈ ਕੇ ਜਾਂਦੇ ਹੋ ?

ਦਰਅਸਲ ਇਹ ਦਵਾਈ ਬਲੱਡ ਪ੍ਰੈਸ਼ਰ ਦੀ ਹੈ ਹੀ ਨਹੀਂ ਸੀ।

ਰਿਸ਼ੀ ਅਨੁਸਾਰ ਮੈਂ ਬਜ਼ੁਰਗ ਨੂੰ ਇਸ ਬਾਰੇ ਹੋਰ ਕੁਝ ਨਾ ਕਿਹਾ ਅਤੇ ਗੱਲਬਾਤ ਅੱਗੇ ਤੋਰਦੇ ਹੋਏ ਬਾਪੂ ਤੋਂ ਉਸ ਦੇ ਬੱਚਿਆਂ ਦੀ ਗੱਲ ਤੋਰ ਲਈ ਉਹਨਾਂ ਨੇ ਆਪਣੇ ਮੁੰਡੇ ਦਾ ਨਾਂਅ ਲਿਆ ਤਾ ਰਿਸ਼ੀ ਨੇ ਐਵੇ ਹੀ ਕਹਿ ਦਿੱਤਾ ਅੱਛਾ! ਅੱਛਾ! ਉਹ ਤਾਂ ਮੇਰਾ ਪੁਰਾਣਾ ਦੋਸਤ ਹੈ ਅਗਲੀ ਵੇਰ ਆਪਣੇ ਮੁੰਡੇ ਨੂੰ ਨਾਲ ਲੈ ਕੇ ਆਇਓ ਅਤੇ ਮੇਰੇ ਬਾਰੇ ਦੱਸਣਾ ਕਿ ਮੈ ਯਾਦ ਕੀਤਾ ਹੈ ਅਤੇ ਉਸ ਨੂੰ ਮਿਲਣਾ ਹੈ। ਇਸ ਤਰਾਂ ਹੀ ਹੋਇਆ ਅਤੇ ਕੁਝ ਦਿਨਾਂ ਬਾਅਦ ਦੋਹਵੇਂ ਪਿਓ ਪੁੱਤਰ ਦੁਕਾਨ ਤੇ ਆਏ। ਰਿਸ਼ੀ ਨੇ ਦੱਸਿਆ ਮੈ ਬਜ਼ੁਰਗ ਸਾਹਮਣੇ ਡਰਾਮੇ ਭਰਿਆ ਵਿਖਾਵਾ ਕਰਦਾ ਹੋਇਆ ਉਸ ਦੇ ਬੇਟੇ ਨੂੰ ਉੱਠ ਕੇ ਮਿਲਿਆ ਅਤੇ ਜੱਫੀ ਵਿੱਚ ਲੈ ਕੇ ਬਜ਼ੁਰਗ ਤੋਂ ਥੋੜ੍ਹਾ ਹਟਵਾ ਦੂਰ ਲੈ ਗਿਆ ਅਤੇ ਬਜ਼ੁਰਗ ਦੀ ਖਾਧੀ ਜਾਣ ਵਾਲੀ ਦਵਾਈ ਬਾਰੇ ਪੁੱਛ ਗਿੱਛ ਕੀਤੀ। ਉਸ ਦੇ ਲੜਕੇ ਨੇ ਦੱਸਿਆ ਕਿ ਇਹ ਹਰ ਰੋਜ ਦਵਾਈ ਖਾਣ ਵੇਲੇ ਤੈਨੂੰ ਯਾਦ ਕਰਦੇ ਹਨ ਅਤੇ ਅਸੀਸਾਂ ਦਿੰਦੇ ਰਹਿੰਦੇ ਹਨ। ਪਰ ਜਦੋ ਮੈਂ ਉਸ ਨੂੰ ਦਵਾਈ ਦੀ ਅਸਲ ਜਾਣਕਾਰੀ ਦਿੱਤੀ ਕਿ ਇਹ ਦਵਾਈ ਜਿਹੜੀ ਤੁਹਾਡੇ ਪਿਤਾ ਜੀ ਪਿਛਲੇ ਲੰਮੇ ਸਮੇਂ ਤੋਂ ਖਾ ਰਹੇ ਹਨ ਅਸਲ ਵਿੱਚ ਔਰਤਾਂ ਦੇ ਕਿਸੇ ਰੋਗ ਦੀ ਦਵਾਈ ਹੈ ਤਾਂ ਉਸ ਨੇ ਮੱਥੇ ਤੇ ਹੱਥ ਮਾਰਿਆ ਤੇ ਕਿਹਾ ਕਿ ਡੇੜ ਕੁ ਸਾਲ ਪਹਿਲਾਂ ਮੇਰੀ ਪਤਨੀ ਨੂੰ ਮਹਾਂਵਾਰੀ (MENSTRUATION) ਦੀ ਕੋਈ ਸਮੱਸਿਆ ਚੱਲ ਸੀ ਅਤੇ ਉਹ ਇਹ ਦਵਾਈ ਖਾ ਰਹੀ ਸੀ। ਪਿਤਾ ਜੀ ਨੇ ਕਿਧਰੇ ਗਲਤੀ ਨਾਲ ਉਸ ਦਾ ਖਾਲੀ ਪੱਤਾ ਆਪਣੀ ਦਵਾਈ ਸਮਝ ਕਿ ਚੁੱਕ ਲਿਆ ਹੋਵੇਗਾ। ਪਰ ਹੈਰਾਨੀ ਵਾਲੀ ਗੱਲ ਇਹ ਰਹੀ ਕਿ ਬਜ਼ੁਰਗ ਦਾ ਆਪਣੇ ਡਾਕਟਰ ਤੇ ਭਰੋਸਾ ਏਨਾ ਪਰਪੱਕ ਸੀ ਕਿ ਸ਼ਾਇਦ ਮਾਨਸਿਕ ਤੌਰ ਤੇ ਡਾਕਟਰ ਤੇ ਬਣੇ ਭਰੋਸੇ ਕਰਕੇ ਹੀ ਗਲਤ ਦਵਾਈ ਦਾ ਕੋਈ ਬੁਰਾ ਅਸਰ ਨਹੀਂ ਹੋਇਆ ਅਤੇ ਉਹਨਾਂ ਦਾ ਬਲੱਡ ਪ੍ਰੈਸ਼ਰ ਵੀ ਸਥਿਰ (STABLE) ਰਿਹਾ। ਇਸ ਨੂੰ ਕ੍ਰਿਸ਼ਮਾ ਹੀ ਕਿਹਾ ਜਾ ਸਕਦਾ ਹੈ। ਪਰ ਹਰ ਇੱਕ ਨਾਲ ਅਜਿਹਾ ਨਹੀਂ ਵਾਪਰਦਾ ਅਤੇ ਗਲਤ ਦਵਾਈ ਦੇ ਭੈੜੇ SIDE EFFECTS ਹੋ ਸਕਦੇ ਹਨ। ਦੂਸਰਾ ਜਿਸ ਬਿਮਾਰੀ ਦੀ ਡਾਕਟਰ ਵਲੋਂ ਦੱਸੀ (PRESCRIBED) ਦਵਾਈ ਦੀ ਤੁਹਾਨੂੰ ਜਰੂਰਤ ਸੀ ਤੁਸੀਂ ਉਹ ਵੀ ਨਹੀਂ ਲੈ ਰਹੇ ਹੁੰਦੇ ਤਾਂ ਤੁਹਾਡੀ ਬਿਮਾਰੀ ਵਧ ਸਕਦੀ ਹੈ ਸਿਹਤ ਵਿਗੜ ਸਕਦੀ ਹੈ ਅਤੇ ਤੁਹਾਡੇ ਲਈ ਵੱਡਾ ਸੰਕਟ ਪੈਦਾ ਹੋ ਸਕਦਾ ਹੈ। ਵੈਸੇ ਡਾਕਟਰਾਂ ਦਾ ਮੰਨਣਾ ਹੈ ਕਿ ਬਹੁਤ ਵਾਰ ਮਰੀਜ ਦੀ ਮਾਨਸਿਕ ਸੰਤੁਸ਼ਟੀ ਵਾਸਤੇ ਫਰਜ਼ੀ (DUMMY) ਦਵਾਈਆਂ ਦੀ ਵਰਤੋਂ ਵੀ ਅਕਸਰ ਹੀ ਕੀਤੀ ਜਾਂਦੀ ਹੈ।




Galaxy Kitchen Cabinets Ltd.
Residential & Commercial
• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058


Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way
Burnaby, B.C. V5J 3H4


THE HARP GREWAL
ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC., BROKERAGE
HIGHER STANDARDS


Baljinder Singh
Graphic Designer
All types of Newspaper Advts. Newspaper
Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com


Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program,
Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM(37326)
Special Packages Available For All Occasions in Calgary


Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313


ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2


Hiring Drivers/Owners/Operators
GALAXY
Frightline inc.
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
*2 Years Experience
* Clean Current Abstract
* Ability to Cross Border
* Positive, Professional Attitude
For:
*GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2




ਇਹ ਕਿਤਾਬਾਂ ਕੈਨੇਡਾ ਤੋਂ ਪ੍ਰਾਪਤ ਕਰਨ ਲਈ ਮਾ. ਭਜਨ (ਕੈਲਗਰੀ) 403-455-4220 'ਤੇ ਸੰਪਰਕ ਕਰੋ।

# ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਮੌਕੇ ਬਖਸ਼ੀਵਾਲਾ 'ਚ ਹੋਇਆ ਵਿਸ਼ਾਲ ਇਕੱਠ





**ਪਾਵੇਲ ਕੁਸਾ**

ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਮੌਕੇ ਉਸਦੀ ਜਨਮ ਭੂਮੀ ਬਖਸ਼ੀਵਾਲਾ 'ਚ ਹੋਇਆ ਵਿਸ਼ਾਲ ਇਕੱਠ ਵਿਰਸੇ ਤੇ ਵਰਤਮਾਨ ਦੇ ਬਹੁ-ਪਰਤੀ ਰਿਸ਼ਤੇ ਨੂੰ ਉਜਾਗਰ ਕਰਦਾ ਹੈ ਕਿ ਵਰਤਮਾਨ ਦੀ ਘਾਲਣਾ ਦਾ ਸਫ਼ਰ ਵਿਰਸੇ ਦੇ ਅਣਗੌਲੇ ਅਣਜਾਣੇ ਅਧਿਆਇ ਦੇ ਸਨਮੁੱਖ ਵੀ ਲਿਜਾ ਖੜ੍ਹਾਉਂਦਾ ਹੈ।

ਇਕ ਸਦੀ ਪਹਿਲਾਂ ਗੁਲਾਬ ਕੌਰ ਅੰਦਰ ਲਟ ਲਟ ਬਲੇ ਗ਼ਦਰ ਦੇ ਜਜ਼ਬੇ ਤੋਂ ਇਹ ਪਿੰਡ ਅਣਜਾਣ ਸਨ। ਗ਼ਦਰ ਦਾ ਇਹ ਜਜ਼ਬਾ ਵਿਦੇਸ਼ੀ ਧਰਤੀਆਂ ਤੋਂ ਮਿਲੀ ਚੇਤਨਾ ਦੀ ਛਿਣਗ ਨਾਲ ਜਾਗਿਆ ਸੀ। ਇਹਨਾਂ ਪਿੰਡਾਂ ਦੀ ਲੋਕਾਈ ਲਈ ਇਹ ਘਾਲਣਾ ਓਦੋਂ ਕਿਤੇ ਦੂਰ ਵਾਪਰ ਰਿਹਾ ਵਰਤਾਰਾ ਸੀ। ਇਹਨਾਂ ਪਿੰਡਾਂ ਨੂੰ ਓਦੋਂ ਸਿਆਣ ਨਹੀਂ ਸੀ ਕਿ ਉਨ੍ਹਾਂ ਦੀ ਮਿੱਟੀ ਦੀ ਜਾਈ ਗਦਰ ਲਹਿਰ ਦੀਆਂ ਮੂਹਰਲੀਆਂ ਸਫਾਂ ਜੂਝੀ ਤੇ ਸ਼ਾਨ ਨਾਲ ਪੁੱਗੀ ਹੈ। ਪਰ ਜਿਵੇਂ ਵਾਪਰਦਾ ਹੈ ਕਿ ਇਹਨਾਂ ਪਿੰਡਾਂ ਦੀਆਂ ਜੂਹਾਂ 'ਚ ਗੁਲਾਬ ਕੌਰ ਦੇ ਵਿਰਸੇ ਦੀ ਮਹਿਕ ਬੀਜੀ ਹੋਈ ਹੈ। ਅੱਜ ਪੰਜਾਬ ਦੀ ਜੁਝਾਰ ਕਿਸਾਨ ਲਹਿਰ ਦੇ ਔਰਤਾਂ ਦੇ ਕਾਫ਼ਲੇ ਨੇ ਉਸ ਮਹਿਕ ਨੂੰ ਮੁੜ ਸੱਜਰੀ ਕੀਤਾ ਹੈ। ਉਸਨੂੰ ਮਹਿਕਾਇਆ ਹੈ। ਇਸ ਮਹਿਕ ਨਾਲ ਇਹ ਸੱਚ ਵੀ ਮਹਿਕ ਉਠਦਾ ਹੈ ਕਿ ਸੰਗਰਾਮੀ ਵਿਰਸਾ ਲੋਕਾਂ ਲਈ ਪ੍ਰੇਰਨਾ ਹੁੰਦਾ ਹੈ ਤੇ ਨਾਲ ਹੀ ਅੱਜ ਦੇ ਸਮੇਂ 'ਚ ਜ਼ਿੰਦਗੀ ਦੀ ਸ਼ਾਨ ਲਈ ਹੋ ਰਿਹਾ ਸੰਗਰਾਮ ਲੋਕਾਂ ਨੂੰ ਆਪਣੇ ਵਿਰਸੇ ਦੀਆਂ ਗੁੰਮਨਾਮ ਕਹਾਣੀਆਂ ਨਾਲ ਵੀ ਸੰਵਾਦ ਕਰਵਾਉਂਦਾ ਹੈ। ਸਦੀ ਪਹਿਲਾਂ ਜਿੱਥੇ ਗੁਲਾਬ ਕੌਰ ਦਾ ਜ਼ਿਕਰ ਨਹੀਂ ਸੀ ਤੁਰਿਆ, ਅੱਜ ਉਹਨੂੰ ਖ਼ਲਕਤ ਸਿਜਦਾ ਕਰ ਰਹੀ ਹੈ। ਲੋਕਾਂ ਦੀ ਮੁਕਤੀ ਦੇ ਲੇਖੇ ਲੱਗੇ ਸਾਹ ਸਦੀ ਮਗਰੋਂ ਵੀ ਲੋਕਾਂ ਦੀਆਂ ਲਹਿਰਾਂ ਚ ਧੜਕ ਉੱਠਦੇ ਹਨ।

ਬਖਸ਼ੀਵਾਲਾ, ਜਖੇਪਲ, ਉਗਰਾਹਾਂ ਤੇ ਸੁਨਾਮ ਇਲਾਕੇ ਦੇ ਇਹ ਪਿੰਡ ਅੱਜ ਪੰਜਾਬ ਦੀ ਜੁਝਾਰ ਕਿਸਾਨ ਲਹਿਰ ਦੀਆਂ ਪੈੜਾਂ ਵਾਲੇ ਪਿੰਡ ਹਨ। ਇਹਨਾਂ ਪਿੰਡਾਂ ਨੇ ਕਿਸਾਨ ਹੱਕਾਂ ਦੀ ਚੇਤਨਾ ਦਾ ਤੈਅ ਹੁੰਦਾ ਸਫ਼ਰ ਹੰਢਾਇਆ ਹੈ। ਇਸ ਸਫ਼ਰ ਰਾਹੀਂ ਇਹਨਾਂ ਪਿੰਡਾਂ ਦੀ ਲੋਕਾਈ ਵਾਇਆ ਕਿਸਾਨ ਲਹਿਰ ਆਪਣੇ ਪਿੰਡਾਂ ਦੀ ਸੰਗਰਾਮਣ ਦੇ ਮਿਸਾਲੀ ਕਾਰਨਾਮਿਆਂ ਦੇ ਰੂ-ਬ-ਰੂ ਹੋ ਰਹੀ ਹੈ। ਉਸ 'ਤੇ ਮਾਣ ਕਰ ਰਹੀ ਹੈ। ਉਸ ਦੀ ਜੁਝਾਰ ਗਾਥਾ ਗਾ ਰਹੀ ਹੈ। ਇਸ ਸਫ਼ਰ ਤੋਂ ਬਗੈਰ ਵਿਸ਼ਾਲ ਲੋਕਾਈ ਦਾ ਗੁਲਾਬ ਕੌਰ ਦੀ ਘਾਲਣਾ ਤੱਕ ਇਉਂ ਪੁੱਜਣਾ ਕਠਿਨ ਕਾਰਜ ਸੀ। ਹੁਣ ਲਾਜ਼ਮੀ ਹੀ ਇਹ ਕਹਾਣੀ ਅਜੋਕੇ ਦੌਰ ਅੰਦਰ ਜੂਝਦੀਆਂ ਕਿਸਾਨ ਸੰਗਰਾਮਣਾਂ ਲਈ ਇਰਾਦਿਆਂ ਨੂੰ ਚੰਡਣ ਦੀ ਪ੍ਰੇਰਨਾ ਬਣਨੀ ਹੈ। ਗੁਲਾਬ ਕੌਰ ਦੇ ਹਾਣ ਦੇ ਇਰਾਦਿਆਂ ਦਾ ਸਵਾਲ ਸਾਹਮਣੇ ਆਉਣਾ ਹੈ। ਇਉਂ ਅੱਜ ਦੇ ਸੰਗਰਾਮਾਂ ਨੇ ਵਿਰਸੇ ਦੇ ਵਿਸਰੇ ਪੰਨਿਆਂ ਨੂੰ ਵੀ ਪੜ੍ਹ ਲੈਣ ਦੀ ਨਜ਼ਰ ਤੇ ਜਾਂਚ ਦੱਸਣੀ ਹੈ।

# ਪੰਜਾਬੀ ਸਭਿਆਚਾਰ ਮੰਚ ਟਰਾਂਟੋ ਵੱਲੋ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਸਮਾਗਮ ਕਰਵਾਇਆ



ਟੋਰਾਂਟੋ, (ਮਹਿੰਦਰ ਸਿੰਘ ਮੋਹੀ) : ਹਰ ਸਾਲ ਦੀ ਤਰਾਂ ਇਸ ਵਾਰ ਵੀ ਪੰਜਾਬੀ ਸਭਿਆਚਾਰ ਮੰਚ ਟਰਾਂਟੋ ਵਲੋਂ ਕੈਸੀਕੈਮਬਲ ਕਮਿਉਨੀਟੀ ਸੈਂਟਰ ਵਿਖੇ ਗਦਰ ਪਾਰਟੀ ਦੇ ਪ੍ਰਮੁੱਖ ਜਰਨੈਲ ਕਰਤਾਰ ਸਿੰਘ ਸਰਾਭਾ ਦੀ ਦੇਸ਼ ਦੀ ਅਜ਼ਾਦੀ ਲਈ ਕੀਤੀ ਕੁਰਬਾਨੀ ਨੂੰ ਯਾਦ ਕਰਨ ਲਈ ਸਮਾਗਮ ਕਰਵਾਇਆ ਗਿਆ। ਇਸ ਵਿੱਚ ਵਖ ਵਖ ਬੁਲਾਰਿਆ ਨੇ ਕਰਤਾਰ ਸਿੰਘ ਸਰਾਭਾ ਦਾ ਭਾਰਤ ਦੇਸ਼ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਕੇਵਲ 19 ਸਾਲ ਦੀ ਛੋਟੀ ਉਮਰ ਵਿੱਚ ਆਪਣੀ ਜਿੰਦਗੀ ਕੁਰਬਾਨ ਕਰਨ ਬਾਰੇ ਆਪੋ ਆਪਣੇ ਵਿਚਾਰ ਪੇਸ਼ ਕੀਤੇ।ਹਰਚੰਦ ਸਿੰਘ ਬਾਸੀ ਵਲੋਂ ਸਟੇਜ ਸੰਚਾਲਨ ਦੀ ਜਿੰਮੇਵਾਰੀ ਵਧੀਆ ਢੰਗ ਨਾਲ ਨਿਭਾਈ। ਵੱਡੀ ਗਿਣਤੀ ਵਿੱਚ ਸੰਵੇਦਨਸ਼ੀਲ ਤੇ ਸੂਝਵਾਨ ਦਰਸ਼ਕਾਂ ਨੇ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਇਸ ਨੌਜਵਾਨ ਨਾਇਕ ਦੀ ਨਿਭਾਈ ਭੂਮਿਕਾ ਨੂੰ ਸਜਦਾ ਕਰਨ ਤੇ ਉਸ ਦੀ ਇਤਿਹਾਸਕ ਕੁਰਬਾਨੀ ਨੂੰ ਯਾਦ ਕਰਨ ਲਈ ਹਾਜਰੀ ਭਰੀ। ਮਹਿੰਦਰ ਸਿੰਘ ਮੋਹੀ ਨੇ ਕਰਤਾਰ ਸਿੰਘ ਸਰਾਫਾ ਦੇ ਜੀਵਨ ਬਾਰੇ ਵਿਚਾਰ ਪੇਸ਼ ਕਰਦਿਆ ਉਹਨਾਂ ਵਲੋਂ ਸਾਥੀਆਂ ਨਾਲ ਰਲ ਕੇ ਅਮਰੀਕਾ ਤੇ ਕਨੇਡਾ ਵਿੱਚ ਗਦਰ ਪਾਰਟੀ ਦੀ ਸਥਾਪਨਾ ਵਿੱਚ ਮੋਹਰੀ ਰੋਲ ਨਿਭਾਉਣ, ਗਦਰ ਅਖਬਾਰ ਰਾਹੀਂ ਭਾਰਤ ਨੂੰ ਗੁਲਾਮੀ ਤੋਂ ਅਜਾਦ ਕਰਨ ਲਈ ਧੂੰਆਂ ਧਾਰ ਪ੍ਰਚਾਰਕ ਕਰਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਨੇ ਇਸ ਸਬੰਧ ਵਿੱਚ ਗਦਰੀ ਬਾਬਾ ਕਪੂਰ ਸਿੰਘ ਮੋਹੀ ਦਾ ਵੀ ਖਾਸ ਤੌਰ ਤੇ ਜਿਕਰ ਕੀਤਾ ਜੋ ਗਦਰ ਪਾਰਟੀ ਦੇ ਹੁਕਮ ਤੇ ਕਨੇਡਾ ਤੋਂ ਆਪਣੇ ਸਾਥੀਆ ਨਾਲ ਭਾਰਤ ਲਈ ਚਲ ਪਏ ਤੇ ਫੜੇ ਜਾਣ ਤੇ 20 ਸਾਲ ਅੰਡੇਮਾਨ ਨਿਕੋਬਾਰ ਦੇ ਕਾਲੇ ਪਾਣੀਆ ਵਿੱਚ ਨਰਕ ਭੋਗਣਾ ਪਿਆ। ਕਾਮਰੇਡ ਸੁਖਦੇਵ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆ ਕਰਤਾਰ ਸਿੰਘ ਸਰਾਭਾ ਦੀ ਅਦੁੱਤੀ ਕੁਰਬਾਨੀ ਨੂੰ ਯਾਦ ਕੀਤਾ। ਰੋਬਰਟ ਪੋਸਟ ਸੀਨੀਅਰ ਕਲੱਬ ਦੇ ਮੈਂਬਰ ਸੂਬੇਦਾਰ ਹਰਬੰਸ ਸਿੰਘ ਤੇ ਹੋਰ ਸੂਝਵਾਨ ਵਿਦਵਾਨਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਤੇ ਮਹਾਨ ਸ਼ਹੀਦ ਦੀ ਕੁਰਬਾਨੀ ਤੇ ਕਵਿਤਾਵਾਂ ਦਾ ਗਾਇਨ ਵੀ ਕੀਤਾ। ਹਰਚੰਦ ਸਿੰਘ ਬਾਸੀ ਨੇ ਸਰਾਭਾ ਜੀ ਦੀ ਸੰਖੇਪ ਪਰ ਸ਼ੰਘਰਸ਼ਸ਼ੀਲ ਜਿੰਦਗੀ ਦਾ ਸਾਰਾ ਇਤਿਹਾਸ ਦਰਸ਼ਕਾਂ ਸਾਹਮਣੇ ਰਖਿਆ। ਮੰਚ ਦੇ ਪ੍ਰਧਾਨ ਤੇ ਸ਼ਹੀਦੀ ਸਮਾਗਮ ਦੇ ਮੁੱਖ ਆਰਗੇਨਾਈਜਰ ਬਲਦੇਵ ਸਿੰਘ ਸਹਿਦੇਵ ਨੇ ਕਰਤਾਰ ਸਿੰਘ ਸਰਾਭਾ ਦੇ ਦੇਸ਼ ਦੀ ਅਜ਼ਾਦੀ ਲਈ ਨਿਭਾਏ ਇਨਕਲਾਬੀ ਰੋਲ ਦਾ ਅਤੇ ਉਹਨਾਂ ਦੀ ਛੋਟੀ ਉਮਰ ਵਿੱਚ ਹੋਈ ਸ਼ਹੀਦੀ ਦਾ ਵਰਨਣ ਦਰਸ਼ਕਾਂ ਨੂੰ ਭਾਵਕ ਕਰ ਗਿਆ। ਉਹਨਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਗਦਰ ਪਾਰਟੀ ਵਿੱਚ ਹਰ ਧਰਮ, ਇਲਾਕੇ ਤੇ ਵਰਗ ਦੇ ਬਹਾਦਰ ਯੋਧੇ ਸ਼ਾਮਲ ਸਨ ਤੇ ਉਹਨਾਂ ਦਾ ਇਕੋ ਇਕ ਨਿਸ਼ਾਨਾ ਭਾਰਤ ਦੇਸ਼ ਦੀ ਅਜ਼ਾਦੀ ਸੀ, ਜਿਸ ਲਈ ਉਹ ਅਮਰੀਕਾ ਤੇ ਕਨੇਡਾ ਵਰਗੇ ਦੇਸ਼ਾ ਨੂੰ ਤਿਆਗ ਕੇ ਆਪਣੇ ਦੇਸ਼ ਲਈ ਵਹੀਰਾ ਘਤ ਕੇ ਚਲ ਪਏ ਸਨ। ਅਖੀਰ ਵਿੱਚ ਉਨ੍ਹਾਂ ਨੇ ਕੈਸੀਕੈਮਬਲ ਸੀਨੀਅਰਜ ਕਲੱਬ ਦੇ ਪ੍ਰਧਾਨ ਸੁਭਾਸ਼ ਖੁਰਮੀ ਐਸੋਸੀਏਸ਼ਨ ਆਫ ਸੀਨੀਅਰਜ ਕਲੱਬ ਦੇ ਪ੍ਰਧਾਨ ਜੰਗੀਰ ਸਿੰਘ ਸੈਂਬੀ, ਸਕੱਤਰ ਪ੍ਰੀਤਮ ਸਿੰਘ ਸਰਾਂ, ਲਾਲ ਸਿੰਘ, ਬਲਵਿੰਦਰ ਸਿੰਘ ਸਿੱਧੂ, ਸਰੋਕਾਰਾਂ ਦੀ ਅਵਾਜ ਦੇ ਦਵਿੰਦਰ ਸਿੰਘ ਤੂਰ, ਗੁਰਸੇਵਕ ਸਿੰਘ, ਸਤਨਾਮ ਸਿੰਘ ਬਰਾੜ ਤੇ ਹੋਰ ਬਹੁਤ ਸਾਰੇ ਕਲੱਬਾਂ ਦੇ ਅਹੁਦੇਦਾਰਾਂ ਤੇ ਸੁਹਿਰਦ ਸਾਥੀਆਂ ਦਾ ਸਹਿਯੋਗ ਦੇਣ ਤੇ ਗਦਰੀ ਯੋਧੇ ਦੀ ਕੁਰਬਾਨੀ ਨੂੰ ਸਿਜਦਾ ਕਰਨ ਲਈ ਪਹੁੰਚਣ ਤੇ ਧੰਨਵਾਦ ਕੀਤਾ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

# ਬੌਬੀ ਢਿੱਲੋਂ, ਸੀਨੀਅਰ ਅਦਾਕਾਰ ਅੰਦਰੋਂ ਬਾਹਰੋਂ ਖਰਾ ਇਨਸਾਨ







ਉਸ ਦਾ ਨਾਮ ਬਲਜਿੰਦਰ ਢਿੱਲੋਂ ਹੈ ਪਰ ਸਾਰੇ ਉਸ ਨੂੰ ਬੌਬੀ ਭਾਅ ਜੀ ਕਹਿੰਦੇ ਨੇ ਉਸ ਨੂੰ ਦੇਖ ਕੇ ਉਸ ਦੀਆਂ ਗੱਲਾਂ ਸੁਣ ਕੇ, ਉਸ ਦੀਆਂ ਨਿੱਕੀਆਂ ਨਿੱਕੀਆਂ ਸ਼ਰਾਰਤਾਂ ਦੇਖ ਸੁਣ ਕੇ ਮਹਿਸੂਸ ਹੁੰਦੈ ਕਿ ਉਹ ਬੌਬੀ ਹੀ ਹੈ..ਇਕ ਦਿਨ ਸਵੇਰੇ 10 ਵਜੇ ਰਿਹਰਸਲ ਸੀ, ਉਹ ਰਿਹਰਸਲ ਹਾਲ ਦੇ ਸਾਹਮਣੇ ਪਹੁੰਚ ਕੇ ਗੱਡੀ 'ਚ ਬੈਠਾ ਫੋਨ ਤੋਂ ਗਰੁੱਪ 'ਚ ਸੰਦੇਸ਼ ਭੇਜ ਦੇਵੇਗਾ, ਅੱਜ ਰਿਹਰਸਲ ਸ਼ਾਮ ਨੂੰ ਸਾਢੇ ਛੇ ਵਜੇ ਐ ਨਾ ਮੈਂ ਪ੍ਰੇਸ਼ਾਨ ਹੋ ਜਾਂਦਾ ਹਾਂ, ਕਮਲ ਨਾਲ ਗੱਲ ਕਰਦਾ ਹਾਂ, ਉਹ ਬੌਬੀ ਭਾਅ ਨੂੰ ਫੋਨ ਲਾ ਲੈਂਦੀ ਐ...ਤੇ ਬੌਬੀ ਹੱਸਦਾ ਹੋਇਆ ਅੰਦਰ ਆ ਵੜਦਾ ਹੈ ਚਿਹਰੇ 'ਤੇ ਮੁਸਕਰਾਹਟ ਉਹਦੇ ਵੀ, ਮੇਰੇ ਵੀ! ਏਦਾਂ ਦੀਆਂ ਇੱਲਤਾਂ ਮੈਨੂੰ ਚੰਗੀਆਂ ਲੱਗਦੀਆਂ!

ਬੌਬੀ ਢਿੱਲੋਂ ਸੀਨੀਅਰ ਅਦਾਕਾਰ ਐ, ਪਰ ਉਹ ਏਨੇ ਪਿਆਰ ਨਾਲ ਗੱਲ ਸੁਣਦੈ ਤੇ ਏਨੇ ਸਤਿਕਾਰ ਨਾਲ ਮੰਨਦੈ ਕਿ ਆਪਣੇ ਆਪ ਮੂੰਹੋਂ ਨਿਕਲਦਾ ਐ, ਬੌਬੀ ਭਾਅ ਜੀ ਲਵ ਯੂ! ਜਦ ਪਹਿਲੇ ਸਾਲ ਉਸ ਨੇ "ਤੇਰੀ ਕਹਾਣੀ ਮੇਰੀ ਕਹਾਣੀ" ਵਿੱਚ ਕਿਰਦਾਰ ਨਿਭਾਇਆ ਤਾਂ ਰਿਹਰਸਲ ਦੌਰਾਨ ਮੈਂ ਮਹਿਸੂਸ ਕੀਤਾ ਕਿ ਉਹ ਸਾਰੇ ਸੰਵਾਦ ਇੱਕੋ ਤਰ੍ਹਾਂ ਬੋਲ ਰਹੇ ਨੇਆਰਾਮ ਨਾਲ ਗੱਲ ਕੀਤੀ, ਸ਼ਬਦਾਂ ਤੇ ਵਾਕਾਂ ਦੇ ਅਰਥ ਮੁਤਾਬਿਕ ਬੋਲਣ ਵਾਲੇ ਪਾਸੇ ਤੋਰਨ ਦੀ ਕੋਸ਼ਿਸ਼ ਕੀਤੀ ਉਹ ਤੁਰ ਪਿਆ ਇੱਕ ਦਿਨ ਮੈਂ ਕੁਝ ਸੰਵਾਦ ਬੋਲ ਕੇ ਦਿਖਾਏ, ਉਸ ਜੱਫੀ ਪਾ ਲਈ ਉਹ ਜੱਫੀ ਅੱਜ ਤੱਕ ਸਲਾਮਤ ਐ!

"ਐਲ ਐਮ ਆਈ ਏ" ਨਾਟਕ ਵਿੱਚ ਬੌਬੀ ਦਾ ਕਮਾਲ ਦੇਖਣ ਨੂੰ ਮਿਲਿਆ ਏਸ ਵਾਰ ਉਨ੍ਹਾਂ ਨੂੰ ਸਭ ਤੋਂ ਔਖੀ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਉਹਨੇ ਹੱਸ ਕਬੂਲਿਆ। ਉਹ ਸਹਿਜੇ ਸਹਿਜੇ ਕਿਰਦਾਰ ਨੂੰ ਫੜਦਾ ਐ, ਪਰ ਇੱਕ ਵਾਰ ਪਕੜ 'ਚ ਆ ਗਿਆ, ਫੇਰ ਛੱਡਦਾ ਨਹੀਂ। ਇਹ ਕਿਰਦਾਰ ਕੁਝ ਦਿਨ ਪਹਿਲਾਂ ਪਕੜ 'ਚ ਆ ਗਿਆ ਸੀ..ਇੱਕ ਦੋ ਦਿਨ ਮੈਂ ਬੌਬੀ ਨੂੰ ਕੁਝ ਵੀ ਨਾ ਕਿਹਾ। ਢਿੱਲੋਂ ਸਾਹਿਬ ਦੀ ਸ਼ਰਾਰਤ ਫਿਰ ਜਾਗੀ..ਕਮਲ ਨੂੰ ਕਹਿੰਦੇ, ਵੀਰ ਜੀ ਮੈਨੂੰ ਰੋਕ ਕੇ ਕੋਈ ਡਾਇਲਾਗ ਠੀਕ ਕਰਨ ਲਈ ਨਹੀਂ ਕਹਿ ਰਹੇ ਜਾਂ ਤਾਂ ਮੈਂ ਬਹੁਤ ਵਧੀਆ ਕਰ ਰਿਹਾ ਹਾਂ ਜਾਂ ਵੀਰ ਜੀ ਨੂੰ ਲਗਦਾ ਹੋਊ ਕਿ ਇਹ ਐਨਾ ਕੁ ਹੀ ਵਧੀਆ ਕਰ ਸਕਦਾ ਆ! ਮੈਨੂੰ ਇਹ ਸ਼ਰਾਰਤ ਵੀ ਪਸੰਦ ਆਈ!..27 ਸਤੰਬਰ ਨੂੰ ਪ੍ਰੋਗਰੈਸਿਵ ਕਲਾ ਮੰਚ ਦੀ ਪੇਸ਼ਕਾਰੀ ਦੌਰਾਨ ਬੌਬੀ ਦਾ ਕਮਾਲ ਦੇਖਣ ਲਈ ਤਿਆਰ ਹੋ ਨਾ!

ਬੌਬੀ ਭਾਅ ਜੀ, ਤੁਸੀਂ ਏਦਾਂ ਦੇ ਹੀ ਰਿਹੋ ਤੁਸੀਂ ਮੇਰੇ ਨੇੜੇ ਹੁੰਦੇ ਓ ਤਾਂ ਹਵਾ 'ਚ ਸਾਹ ਸੌਖਾ ਆਉਣ ਲਗਦੈ ਤੁਹਾਡੀ ਹਾਜ਼ਰੀ ਨਸਾਂ ਦਾ ਤਣਾਅ ਢਿੱਲਾ ਕਰਦੀ ਐ..ਤੁਹਾਡੀ ਹਾਜ਼ਰੀ ਮੁਹੱਬਤ ਸਿਰਜਦੀ ਐ। ਉਂਝ ਮੈਂ ਜਾਣਦਾ ਹਾਂ ਕਿ ਤੁਸੀਂ ਬਹੁਤ ਸੰਵੇਦਨਸ਼ੀਲ ਹੋ..ਅਤਿ ਜਜ਼ਬਾਤੀ ਵੀ ਓ...ਲਿਖਦੇ ਵੀ ਹੋਗਾ ਵੀ ਲੈਂਦੇ ਹੋ... ਆਲੇ ਦੁਆਲੇ ਬਾਰੇ ਫਿਕਰਮੰਦੀ ਪਾਲਦੇ ਓ..ਗਹਿਰੀ ਪਿਆਰੀ ਸੋਚ ਦੇ ਮਾਲਕ ਓ...ਤੁਸੀ ਸਾਡੇ ਬੌਬੀ ਓ..ਮੇਰੇ ਪਿਆਰੇ ਬੌਬੀ..ਜੱਫੀ 'ਚੋਂ ਕਦੇ ਬਾਹਰ ਜਾਣ ਦੀ ਸੋਚਿਓ ਵੀ ਨਾ ਮੈਂ ਖਿੱਚ ਕੇ ਹਿੱਕ ਨਾਲ ਲਾ ਲਵਾਂਗਾ ਆਪਣੇ ਬੌਬੀ ਭਾਅ ਜੀ ਨੂੰ ਲਵ ਯੂ ਬੌਬੀ ਭਾਅ! ਤੁਹਾਡਾ ਛੋਟਾ ਭਰਾ (ਇਹ ਮੇਰੀ ਸ਼ਰਾਰਤ ਹੈ)

**ਸਾਹਿਬ ਸਿੰਘ**

# ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦਾ ਸ਼ਹੀਦੀ ਸਮਾਗਮ ਜ਼ਿਲ੍ਹਾ ਲੁਧਿਆਣਾ ਦੇ ਗਦਰੀ ਬਾਬਿਆਂ ਨੂੰ ਕੀਤਾ ਗਿਆ ਸਮਰਪਿਤ

## ਗਦਰੀਆਂ ਦੇ ਪਿੰਡਾਂ ਦੀਆਂ ਯਾਦਗਾਰੀ ਕਮੇਟੀਆਂ ਨੇ ਗਦਰੀ ਬਾਬਾ ਭਾਨ ਸਿੰਘ ਸੁਨੇਤ ਯਾਦਗਾਰ ਵਿਖੇ ਕੀਤੀ ਸ਼ਿਰਕਤ













ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਸੁਨੇਤ ਦੇ ਪ੍ਰਬੰਧਾਂ ਹੇਠ ਸ਼ਹੀਦ ਕਰਤਾਰ ਸਿੰਘ ਸਮੇਤ ਉਸ ਦੇ ਛੇ ਹੋਰ ਸਾਥੀਆਂ ਦਾ ਸ਼ਹੀਦੀ ਦਿਨ ਜ਼ਿਲ੍ਹਾ ਲੁਧਿਆਣਾ ਦੇ ਗਦਰੀ ਬਾਬਿਆਂ ਨੂੰ ਸਮਰਪਿਤ ਕੀਤਾ ਗਿਆ। ਇਸ ਵਿੱਚ ਸ਼ਾਮਲ ਹੋਣ ਲਈ ਲੁਧਿਆਣਾ ਜ਼ਿਲ੍ਹੇ ਦੇ ਸਾਰੇ ਪਿੰਡਾਂ ਦੀਆਂ ਗਦਰੀ ਯਾਦਗਾਰੀ ਕਮੇਟੀਆਂ ਨੂੰ ਸੱਦਾ ਦਿੱਤੇ ਸੱਦੇ ਨੂੰ ਗਦਰੀ ਬਾਬਾ ਉੱਤਮ ਸਿੰਘ ਦਾ ਹਾਂਸ ਪਿੰਡ, ਬਾਬਾ ਲਾਲ ਸਿੰਘ ਦੇ ਪਿੰਡ ਸਾਹਿਬਾਣਾ, ਬਾਬਾ ਹਰਦਿੱਤ ਸਿੰਘ ਦੇ ਪਿੰਡ ਲੰਮੇ ਜੱਟ ਪੁਰਾ, ਬਾਬਾ ਚੂਹੜ ਸਿੰਘ ਦੇ ਪਿੰਡ ਲੀਲ, ਬਾਬਾ ਹਰੀ ਸਿੰਘ ਉਸਮਾਨ ਦੇ ਪਿੰਡ ਬੱਦੋਵਾਲ, ਬਾਬਾ ਹਰਨਾਮ ਸਿੰਘ ਗੁੱਜਰਵਾਲ ਅਤੇ ਹਲਵਾਰਾ ਦੇ ਆਗੂਆਂ ਨੇ ਭਰਪੂਰ ਹੁੰਗਾਰਾ ਦਿੱਤਾ। ਸਥਾਨਕ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰੀ ਟਰੱਸਟ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਵੱਲੋਂ ਸਾਰੀਆਂ ਕਮੇਟੀਆਂ ਅਤੇ ਦਰਸ਼ਕਾਂ ਨੂੰ ਜੀ ਆਇਆਂ ਕਹਿੰਦਿਆਂ ਗਦਰੀ ਬਾਬਿਆਂ ਦੇ ਇਨਕਲਾਬੀ ਕੰਮਾਂ ਦੀ ਵਿਆਖਿਆ ਕੀਤੀ। ਜਨਰਲ ਸਕੱਤਰ ਜਸਵੰਤ ਜੀਰਖ ਦੀ ਸਟੇਜ ਸੰਚਾਲਨਾ ਰਾਹੀਂ ਇਹਨਾਂ ਪਿੰਡ ਕਮੇਟੀਆਂ ਦੇ ਆਗੂਆਂ ਮਾ. ਸਾਧੂ ਸਿੰਘ, ਕੰਵਲਜੀਤ ਸਿੰਘ, ਹਰਦਿਆਲ ਸਿੰਘ, ਪ੍ਰੋ. ਜਗਮੋਹਨ ਸਿੰਘ, ਸੁਖਮਿੰਦਰ ਲੀਲ, ਉਜਾਗਰ ਸਿੰਘ ਬੱਦੋਵਾਲ, ਮਾ. ਬਲਵਿੰਦਰ ਸਿੰਘ ਗੁੱਜਰਵਾਲ ਅਤੇ ਮਾ. ਅਵਤਾਰ ਸਿੰਘ ਧਾਲੀਵਾਲ ਬੁਰਜ ਲਿੱਟ ਤੇ ਬਲਰਾਜ ਸਿੰਘ ਹਲਵਾਰਾ ਦੀ ਪ੍ਰਧਾਨਗੀ ਹੇਠ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਆਪਣੇ ਪਿੰਡਾਂ ਵਿੱਚ ਗਦਰੀ ਬਾਬਿਆਂ ਦੀ ਯਾਦ ਵਿੱਚ ਕੀਤੇ ਜਾਂਦੇ ਸਮਾਗਮਾਂ ਬਾਰੇ ਤਜਰਬੇ ਸਾਂਝੇ ਕਰਦਿਆਂ ਮੌਜੂਦਾ ਰਾਜ ਪ੍ਰਬੰਧ ਵੱਲੋਂ ਗਦਰੀ ਬਾਬਿਆਂ ਅਤੇ ਹੋਰ ਇਨਕਲਾਬੀ ਲਹਿਰਾਂ ਨੂੰ ਅੱਖੋਂ ਪਰੋਖੇ ਕਰਦਿਆਂ ਕੀਤੀ ਜਾ ਰਹੀ ਗੰਧਲੀ ਰਾਜਨੀਤੀ ਵਿਰੁੱਧ ਲੋਕਾਂ ਨੂੰ ਚੇਤਨ ਕਰਨ ਦੀਆਂ ਮੁਹਿੰਮਾਂ ਚਲਾਉਣ 'ਤੇ ਜ਼ੋਰ ਦਿੱਤਾ। ਬੁਲਾਰਿਆਂ ਨੇ ਦੇਸ਼ ਦੀ ਰਾਜ ਸੱਤ੍ਹਾ 'ਤੇ ਵਾਰੋ ਵਾਰੀ ਕਾਬਜ਼ ਹੋ ਰਹੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਨੂੰ ਗਦਰੀ ਬਾਬਿਆਂ ਦੀ ਵਿਚਾਰਧਾਰਾ ਦੇ ਵਿਰੋਧੀ ਕਰਾਰ ਦਿੱਤਾ। ਪ੍ਰੋ. ਜਗਮੋਹਨ ਸਿੰਘ ਨੇ ਅੰਗਰੇਜ਼ ਹਕੂਮਤ ਦੀ ਅਦਾਲਤ ਦੇ ਜੱਜਾਂ ਵੱਲੋਂ 24 ਗਦਰੀ ਬਾਬਿਆਂ ਵਿੱਚੋਂ ਅੱਜ ਦੇ ਦਿਨ ਫਾਂਸੀ ਦੇ ਕੇ ਸ਼ਹੀਦ ਕੀਤੇ 7 ਗਦਰੀਆਂ ਨੂੰ ਇਸ ਕਰਕੇ ਫਾਂਸੀ ਦਿੱਤੀ ਕਿਉਂਕਿ ਉਹਨਾਂ ਅੰਗਰੇਜ਼ ਹਕੂਮਤ ਦੇ ਝੋਲੀ ਚੁੱਕ, ਉਸ ਸਾਹੂਕਾਰ ਦੀਆਂ ਉਹ ਬਹੀਆਂ ਸਾੜ ਦਿੱਤੀਆਂ ਸਨ ਜਿਹਨਾਂ ਉੱਤੇ ਕਿਸਾਨਾਂ ਨੂੰ ਵੱਡੇ ਵਿਆਜ 'ਤੇ ਦਿੱਤੀਆਂ ਰਕਮਾਂ ਦਾ ਹਿਸਾਬ ਲਿਖਿਆ ਹੋਇਆ ਸੀ। ਜੱਜ ਇਸ ਘਟਨਾਂ ਨੂੰ ਇਨਕਲਾਬੀ ਵਿਚਾਰਾਂ ਦੇ ਸਬੂਤ ਵਜੋਂ ਵੇਖਦੀ ਸੀ। ਇਸ ਮੌਕੇ ਇਹ ਫੈਸਲਾ ਵੀ ਸਰਵ ਸੰਮਤੀ ਨਾਲ ਲਿਆ ਗਿਆ ਕਿ ਨਵੀਂ ਪੀੜ੍ਹੀ ਨੌਜਵਾਨਾਂ ਨੂੰ ਗਦਰੀ ਬਾਬਿਆਂ ਵੱਲੋਂ ਚਿਤਵੇ ਮਨੁੱਖੀ ਬਰਾਬਰੀ 'ਤੇ ਅਧਾਰਤ ਸਮਾਜ ਦੀ ਸਿਰਜਣਾ ਕਰਨ ਨੂੰ ਸਕੂਲਾਂ ਵਿੱਚ ਪ੍ਰਚਾਰਨ ਲਈ ਇੱਕ ਜ਼ਿਲ੍ਹਾ ਪੱਧਰੀ ਕਮੇਟ ਗਠਨ ਕੀਤਾ ਜਾਵੇ। ਇਸ ਮੰਤਵ ਨੂੰ ਪੂਰਾ ਕਰਨ ਲਈ ਪਿੰਡ ਕਮੇਟੀਆਂ ਦੀ ਮੀਟਿੰਗ 7 ਦਸੰਬਰ ਨੂੰ ਕਰਨ ਦਾ ਫੈਸਲਾ ਕੀਤਾ ਗਿਆ। ਡਾ. ਮੋਹਨ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ, ਕਾ. ਸੁਰਿੰਦਰ ਸਿੰਘ, ਸ਼ਮਸ਼ੇਰ ਨੂਰਪੁਰੀ ਨੇ ਵੀ ਗਦਰੀ ਬਾਬਿਆਂ ਦੀ ਵਿਚਾਰਧਾਰਾ ਦੀ ਪ੍ਰੋੜ੍ਹਤਾ ਕਰਦਿਆਂ ਇਸ ਦਾ ਪਸਾਰਾ ਕਰਨ 'ਤੇ ਜ਼ੋਰ ਦਿੱਤਾ। ਸਾਰੇ ਬੁਲਾਰਿਆਂ ਨੇ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਸੁਨੇਤ (ਲੁਧਿਆਣਾ) ਵੱਲੋਂ ਇਸ ਸਮਾਗਮ ਲਈ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ।

ਇਸ ਮੌਕੇ ਜੋਗਿੰਦਰ ਸਿੰਘ, ਜਰਨੈਲ ਸਿੰਘ, ਗੁਰਮੇਲ ਸਿੰਘ, ਦਰਸ਼ਨ ਸਿੰਘ, ਸੁਖਜੀਤ ਸਿੰਘ, ਡਾ. ਵੀ ਕੇ ਵਸਿਸਟ, ਇੰਦਰਜੀਤ ਸਿੰਘ, ਮਾ. ਸੁਰਜੀਤ ਸਿੰਘ, ਧਰਮਪਾਲ ਸਿੰਘ, ਬਲਵਿੰਦਰ ਸਿੰਘ, ਮਾ. ਜਰਨੈਲ ਸਿੰਘ, ਮਾ. ਰਾਜਿੰਦਰ ਜੰਡਿਆਲੀ ਅਤੇ ਪਰਿਵਾਰ, ਮਾ. ਟੇਕ ਚੰਦ ਕਾਲੀਆ, ਮਾ. ਰੁਪਿੰਦਰਪਾਲ ਸਿੰਘ ਜੰਡਿਆਲੀ, ਮਾ. ਕਰਨੈਲ ਸਿੰਘ, ਧਰਮ ਸਿੰਘ ਸੂਜਾਪੁਰ, ਮਲਕੀਤ ਸਿੰਘ ਹਾਜ਼ਰ ਸਨ। ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਨੇ ਸਾਰੇ ਪ੍ਰਬੰਧਾਂ ਨੂੰ ਬਾਖੂਬੀ ਨਿਭਾਇਆ। ਅਰੁਣ ਕੁਮਾਰ ਵੱਲੋਂ ਇਨਕਲਾਬੀ ਸਾਹਿਤ ਸਬੰਧੀ ਬੁੱਕ ਸਟਾਲ ਲਾ ਕੇ ਆਪਣੀ ਜ਼ੁੰਮੇਵਾਰੀ ਨਿਭਾਈ।

DM TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

*ਕਾਮਰੇਡ ਸ਼ਮਸ਼ੇਰ ਸਿੰਘ ਸ਼ੇਰੀ ਦੀ ਯਾਦ 'ਚ ਸ਼ਰਧਾਂਜਲੀ ਸਮਾਰੋਹ*

# 'ਮਾਡਵੀ ਹਿੜਮਾ-ਜ਼ਿੰਦਾਬਾਦ' ਦੇ ਨਾਅਰਿਆਂ ਦੀ ਗੂੰਜ









ਅਜਾਇਬ ਸਿੰਘ ਟਿਵਾਣਾ
7888738476


29 ਨਵੰਬਰ ਨੂੰ ਕਾਮਰੇਡ ਸ਼ਮਸ਼ੇਰ ਸਿੰਘ ਸ਼ੇਰੀ ਦੇ ਜੱਦੀ ਪਿੰਡ ਖੋਖਰ ਕਲਾਂ (ਜ਼ਿਲ੍ਹਾ ਸੰਗਰੂਰ) ਵਿੱਚ ਲੋਕ ਸੰਗਰਾਮ ਮੋਰਚਾ ਵੱਲੋਂ ਵਿਸ਼ੇਸ਼ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ। ਇਸ ਸਮਾਰੋਹ ਵਿੱਚ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਤੋਂ ਕਿਸਾਨ ਮਜ਼ਦੂਰ ਮੁਲਾਜ਼ਮ ਅਤੇ ਹੋਰ ਜਨਤਕ ਜਥੇਬੰਦੀਆਂ ਦੇ ਕਾਰਕੁਨਾਂ ਅਤੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।

ਕਾਮਰੇਡ ਸ਼ੇਰੀ ਦਾ ਜਨਮ 1942 ਦੇ ਅੰਤ 'ਚ ਹੋਇਆ ਸੀ। ਉਹ 1967 ਦੀ ਨਕਸਲਵਾੜੀ ਲਹਿਰ ਤੋਂ ਪ੍ਰਭਾਵਿਤ ਹੋ ਕੇ 1967 'ਚ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਸਰਗਰਮ ਹੋਏ ਤੇ ਜਲਦੀ ਹੀ ਇਸ ਦੇ ਸਿਰ ਕੱਢ ਆਗੂਆਂ ਵਿੱਚ ਸ਼ੁਮਾਰ ਹੋ ਗਏ। 19 ਦਸੰਬਰ 1968 ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਜਨਰਲ ਸਕੱਤਰ ਦਰਸ਼ਨ ਸਿੰਘ ਬਾਗੀ ਦੀ ਗਿਰਫਤਾਰੀ ਅਤੇ ਪੀਡੀ ਐਕਟ ਤਹਿਤ ਨਜ਼ਰਬੰਦੀ ਤੋਂ ਬਾਅਦ ਉਹ ਪੰਜਾਬ ਸਟਡੈਂਟਸ ਯੂਨੀਅਨ ਦਾ ਕਾਰਜਕਾਰੀ ਜਨਰਲ ਸਕੱਤਰ ਬਣਿਆ ਸੀ ਅਤੇ ਉਸ ਸਮੇਂ ਪੰਜਾਬ ਸਟੂਡੈਂਟਸ ਯੂਨੀਅਨ ਦੀ ਬਾਗਡੋਰ ਸੰਭਾਲ ਕੇ ਵਿਦਿਆਰਥੀ ਲਹਿਰ ਦੀ ਅਗਵਾਈ ਕੀਤੀ। 1970 ਦੇ ਕਰੀਬ ਨਕਸਲਵਾੜੀ ਪਾਰਟੀ ਦੀ ਦਿਸ਼ਾ ਅਨੁਸਾਰ ਉਹ ਰੂਪੋਸ਼ ਹੋ ਗਿਆ। ਇਸ ਸਮੇਂ ਦੌਰਾਨ ਉਨਾਂ ਦੇ ਸਮੁੱਚੇ ਪਰਿਵਾਰ ਨੂੰ ਸਰਕਾਰੀ ਜਬਰ ਦਾ ਕੁਹਾੜਾ ਝੱਲਣਾ ਪਿਆ ਪਰ ਕਾਮਰੇਡ ਸ਼ੇਰੀ ਆਪਣੀ ਪ੍ਰਤੀਬੱਧਤਾ ਤੋਂ ਕਦੇ ਵੀ ਨਾ ਡੋਲਿਆ, ਨਾ ਥਿੜਕਿਆ ਬਲਕਿ ਸਾਬਤ ਕਦਮੀ ਨਾਲ ਇਨਕਲਾਬ ਦੇ ਪੰਧ ਤੇ ਚਲਦਾ ਰਿਹਾ। ਉਹ ਕੁਲਵਕਤੀ ਕਮਿਊਨਿਸਟ ਦੇ ਰੂਪ 'ਚ ਭਾਰਤੀ ਕਮਿਊਨਿਸਟ ਇਨਕਲਾਬੀ ਲਹਿਰ ਦੀਆਂ ਮੋਹਰੀ ਸਫਾਂ 'ਚ ਰਹਿ ਕੇ ਇਸ ਨੂੰ ਅਗਵਾਈ ਦੇਣ ਵਾਲੀ ਆਗੂ ਟੀਮ ਦਾ ਹਿੱਸਾ ਰਿਹਾ। ਸਤੰਬਰ 2004 ਵਿੱਚ ਵੱਖ-ਵੱਖ ਕਮਿਊਨਿਸਟ ਇਨਕਲਾਬੀ ਗਰੁੱਪਾਂ ਦੀ ਏਕਤਾ ਦੇ ਅਧਾਰ ਤੇ ਹੋਂਦ ਵਿੱਚ ਆਈ ਸੀਪੀਆਈ ਮਾਓਵਾਦੀ ਦਾ ਕੇਂਦਰੀ ਕੇਂਦਰੀ ਕਮੇਟੀ ਮੈਂਬਰ ਅਤੇ ਪੋਲਿਟ ਬਿਓਰੋ ਮੈਂਬਰ ਬਣਿਆ। ਦੰਡਾਕਾਰਨੀਆ ਦੇ ਜੰਗਲਾਂ ਵਿੱਚ ਆਦਿਵਾਸੀਆਂ 'ਚ ਕੰਮ ਕਰਦਿਆਂ ਉਸਨੂੰ ਇੱਕ ਨਾਮ ਮੁਰਾਦ ਬਿਮਾਰੀ ਨੇ ਘੇਰ ਲਿਆ ਤੇ 63ਸਾਲ ਦੀ ਉਮਰ ਵਿੱਚ ਆਪਣਾ ਜੀਵਨ ਸੰਘਰਸ਼ੀ ਲੋਕਾਂ ਦੇ ਲੇਖੇ ਲਾ ਕੇ ਚੱਲ ਵਸਿਆ। ਸੀਪੀਆਈ (ਮਾਓਵਾਦੀ) ਦੀ ਕੇਂਦਰੀ ਕਮੇਟੀ ਵੱਲੋਂ ਉਸ ਨੂੰ ਸ਼ਹੀਦ ਦਾ ਦਰਜਾ ਦੱਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਕਾਮਰੇਡ ਸ਼ੇਰੀ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਅਰਪਿਤ ਕਰਨ ਨਾਲ ਕੀਤੀ ਗਈ। ਇਸ ਸਮੇਂ ਤਾਰਾ ਸਿੰਘ ਛਾਜਲੀ ਨੇ ਸ਼ਰਧਾਂਜਲੀ ਦੇ ਰੂਪ' ਚ ਇਨਕਲਾਬੀ ਗੀਤ ਗਾਇਆ ਅਤੇ ਲੋਕ ਸੰਗਰਾਮ ਮੋਰਚਾ ਦੇ ਪ੍ਰਧਾਨ ਤਾਰਾ ਸਿੰਘ ਮੋਗਾ ਨੇ ਸ਼ਹੀਦ ਦੀ ਯਾਦਗਾਰ ਦੇ ਰੂਪ 'ਚ ਬਣੀ ਲਾਟ 'ਤੇ ਸੂਹਾ ਪਰਚਮ ਝੁਲਾਇਆ।

ਸ਼ਰਧਾਂਜਲੀ ਦੀ ਇਹ ਰਸਮ ਪੂਰੀ ਹੋਣ ਤੋਂ ਬਾਅਦ ਬਕਾਇਦਾ ਸਟੇਜ ਦੀ ਕਾਰਵਾਈ ਸ਼ੁਰੂ ਹੋਈ। ਸਟੇਜ ਸੰਚਾਲਕ ਰਾਜੇਸ਼ ਮਾਲਹੋਤਰਾ ਨੇ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਜੀਵਨ ਸਾਥਣ ਹਰਬੰਸ ਕੌਰ, ਲੋਕ ਸੰਗਰਾਮ ਮੋਰਚਾ ਦੇ ਸੂਬਾ ਆਗੂ ਸਤਵੰਤ ਸਿੰਘ ਲਵਲੀ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਜੀਰਾ, ਸ਼ਮਸ਼ੇਰ ਸ਼ੇਰੀ ਦੇ ਭਤੀਜੇ ਅਮਰੀਕ ਸਿੰਘ ਅਤੇ ਪਰਮਜੀਤ ਸਿੰਘ, ਜਗਜੀਤ ਭੁਟਾਲ, ਕਾਮਰੇਡ ਸ਼ਮਸ਼ੇਰ ਸ਼ੇਰੀ ਦਾ ਨਜ਼ਦੀਕੀ ਦੋਸਤ ਭਗਵਾਨ ਭਾਨਾ ਅਤੇ ਸੰਪੂਰਨ ਸਿੰਘ ਵਕੀਲ , ਮਜ਼ਦੂਰ ਆਗੂ ਕਰਮ ਦਿਓਲ ਨੂੰ ਪ੍ਰਧਾਨਗੀ ਮੰਡਲ ਵਿੱਚ ਸਟੇਜ ਤੇ ਬਿਠਾਇਆ ਗਿਆ। ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਫੋਟੋ ਨੂੰ ਫੁੱਲ ਭੇਂਟ ਕਰਕੇ ਆਗੂਆਂ ਨੇ ਸ਼ਰਧਾਂਜਲੀ ਅਰਪਣ ਕੀਤੀ। ਹਕੂਮਤ ਵੱਲੋਂ ਮਾਓਵਾਦੀਆਂ ਅਤੇ ਆਦਿਵਾਸੀਆਂ ਤੇ ਕੀਤੇ ਜਾ ਰਹੇ ਜਬਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।



ਸੁਖਮੰਦਰ ਸਿੰਘ ਜਨਰਲ ਸਕੱਤਰ ਲੋਕ ਸੰਗਰਾਮ ਮੋਰਚਾ ਪੰਜਾਬ ਅਤੇ ਸੁਰਜੀਤ ਸਿੰਘ ਫੂਲ ਸਮਾਗਮ ਦੇ ਮੁੱਖ ਬੁਲਾਰੇ ਸਨ। ਦੋਹਾਂ ਹੀ ਬੁਲਾਰਿਆਂ ਨੇ ਜਿੱਥੇ ਕਾਮਰੇਡ ਸ਼ੇਰੀ ਦੇ ਵਿਦਿਆਰਥੀ ਜੀਵਨ ਤੋਂ ਲੈ ਕੇ ਸੀਪੀਆਈ ਮਾਓਵਾਦੀ ਤੱਕ ਦੇ ਇਨਕਲਾਬੀ ਸਫਰ ਦੇ ਬਾਰੇ ਵਿਸਥਾਰ 'ਚ ਚਰਚਾ ਕੀਤੀ। ਉੱਥੇ ਨਾਲ ਹੀ ਉਹਨਾਂ ਮੌਜੂਦਾ ਸਮੇਂ ਦੇ ਵਿੱਚ ਭਾਰਤ ਸਰਕਾਰ ਵੱਲੋਂ ਦੰਡਾਕਾਰਨੀਆ ਇਲਾਕੇ ਵਿੱਚ ਚਲਾਏ ਜਾ ਰਹੇ ਕਗਾਰ ਆਪਰੇਸ਼ਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਹਨਾਂ ਸੀਪੀਆਈ ਮਾਓਵਾਦੀ ਦੇ ਜਨਰਲ ਸਕੱਤਰ ਬਸਵਾ ਰਾਜੂ ਅਤੇ ਕੇਂਦਰੀ ਕਮੇਟੀ ਮੈਂਬਰ ਮਾਡਵੀ ਹਿੜਮਾਂ ਦੀ ਸ਼ਹਾਦਤਾਂ ਦੀ ਵਿਸ਼ੇਸ਼ ਤੌਰ ਤੇ ਜੈ ਜੈ ਕਾਰ ਕੀਤੀ। ਉਨ੍ਹਾਂ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਕੇਂਦਰ ਦੀ ਸਰਕਾਰ, ਵਿਸ਼ੇਸ਼ ਤੌਰ 'ਤੇ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ, ਵੱਲੋਂ ਕੀਤਾ ਗਿਆ ਐਲਾਨ ਕਿ ਮਾਓਵਾਦੀਆਂ ਨੂੰ ਦੇਸ਼ ਵਿੱਚੋਂ 31 ਮਾਰਚ 2026 ਤੱਕ ਖਤਮ ਕਰ ਦਿੱਤਾ ਜਾਵੇਗਾ ਖੋਖਲਾ ਅਤੇ ਨਿਰਧਾਰ ਹੈ।ਇਸ ਜਬਰ ਨਾਲ ਹਜ਼ਾਰਾਂ ਹੋਰ ਹਿਡਮੇਂ ਜਨਮ ਲੈਣਗੇ। ਹਥਿਆਰ ਚੁੱਕਣੇ ਲੋਕਾਂ ਦਾ ਕੋਈ ਸ਼ੌਕ ਨਹੀਂ ਉਨਾਂ ਦੀ ਹੋ ਰਹੀ ਲੁੱਟ ਸੁੱਟ ਅਤੇ ਜਬਰ ਦਾ ਪ੍ਰਤੀਕਰਮ ਹੈ। ਉਨਾਂ ਇਤਿਹਾਸ ਦੇ ਵਿੱਚੋਂ ਦੁੱਲਾ ਭੱਟੀ, ਬਾਬਾ ਬੰਦਾ ਸਿੰਘ ਬਹਾਦਰ, ਤੇਲੰਗਾਨਾ ਦਾ ਕਿਸਾਨ ਕੋਲ, ਨਕਸਲਵਾੜੀ ਦਾ ਕਿਸਾਨ ਘੋਲ, ਰੂਸ ਦੀ ਕ੍ਰਾਂਤੀ, ਚੀਨ ਦੀ ਕ੍ਰਾਂਤੀ ਦੇ ਹਵਾਲਿਆਂ ਨਾਲ ਇਹ ਗੱਲ ਕਹੀ ਕਿ ਲੋਕਾਂ ਦੀਆਂ ਹੱਕੀ ਜੱਦੋਜਹਿਦਾਂ ਨੂੰ ਜਬਰ ਦੇ ਸਹਾਰੇ ਕਦੇ ਵੀ ਦਬਾਇਆ ਨਹੀਂ ਜਾ ਸਕਦਾ। 1970-71 ਦੇ ਵਿੱਚ ਵੀ ਨਕਸਲਵਾੜੀ ਲਹਿਰ ਨੂੰ ਸਰਕਾਰੀ ਜਬਰ ਦੇ ਸਨਮੁਖ ਗੰਭੀਰ ਪਛਾੜਾਂ ਦਾ ਸਾਹਮਣਾ ਕਰਨਾ ਪਿਆ ਸੀ ਪਰ ਫਿਰ ਵੀ ਇਹ ਲਹਿਰ ਕਈ ਗੁਣਾ ਤਾਕਤ ਦੇ ਨਾਲ ਦੁਬਾਰਾ ਉੱਠੀ। 2004 ਦੇ ਵਿੱਚ ਵੱਖ ਵੱਖ ਕਮਿਊਨਿਸਟਨ ਇਨਕਲਾਬੀ ਗਰੁੱਪਾਂ ਦੀ ਏਕਤਾ ਜਰੀਏ ਸੀਪੀਆਈ ਮਾਓਵਾਦੀ ਹੋਂਦ ਵਿੱਚ ਆਈ ਜਿਸ ਨੇ ਭਾਰਤ ਦੀ ਹਕੂਮਤ ਦੇ ਸਮਾਨਾਂਤਰ ਡੰਡਾਕਾਰਨੀਆ ਖੇਤਰ ਵਿੱਚ ਜਨਾਤਨਾ ਸਰਕਾਰ ਅਤੇ ਲੋਕ ਮੁਕਤੀ ਗੁਰੀਲਾ ਫੌਜ (ਪੀ. ਐੱਲ. ਜੀ. ਏ.) ਬਣਾ ਕੇ ਆਦਿਵਾਸੀ ਤੇ ਪਛੜੀ ਹੋਈ ਜਨਤਾ ਨੂੰ ਇਨਕਲਾਬ ਦੇ ਰਸਤੇ ਤੇ ਤੋਰਿਆ। ਅੱਜ ਵੀ ਭਾਵੇਂ ਇਸ ਪਾਰਟੀ ਦੇ ਕਾਮਰੇਡਾਂ ਨੇ ਵੱਡੀ ਪੱਧਰ ਦੇ ਉੱਤੇ ਕੁਰਬਾਨੀਆਂ ਦਿੱਤੀਆਂ ਹਨ ਤੇ ਉਸਨੂੰ ਵਕਤੀ ਸੱਟ ਵੱਜੀ ਹੈ ਪਰ ਫਿਰ ਵੀ ਉਸਦੇ ਇਸ ਸ਼ਾਨਾਮੱਤੇ ਇਤਿਹਾਸ ਨੂੰ ਰੋਲਿਆ ਨਹੀਂ ਜਾ ਸਕਦਾ।

ਅੱਜ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਪਾਰਟੀ ਉਤੇ ਬ੍ਰਾਹਮਣੀ ਹਿੰਦੁਤਵ ਫਾਸ਼ੀਵਾਦੀ ਮੋਦੀ ਸਰਕਾਰ ਨੇ ਵੱਡੀ ਪੱਧਰ ਤੇ ਸੈਨਿਕ ਬਲ ਝੋਕ ਕੇ, ਲਹਿਰ ਉਤੇ ਬਹੁਤ ਵੱਡਾ ਹਮਲਾ ਕੀਤਾ ਹੋਇਆ ਹੈ। ਬਸਤਰ ਖੇਤਰ ਦੇ ਵਿੱਚ ਆਦਿਵਾਸੀਆਂ ਦੀ ਅਗਵਾਈ ਕਰ ਰਹੀ ਸੀਪੀਆਈ ਮਾਓਵਾਦੀ ਪਾਰਟੀ ਦੇ ਚੋਟੀ ਦੇ ਆਗੂਆਂ ਨੂੰ ਸੱਚੇ ਅਤੇ ਝੂਠੇ ਪੁਲਿਸ ਮੁਕਾਬਲੇ ਰਾਹੀਂ ਮਾਰ ਕੇ, ਲਹਿਰ ਨੂੰ ਆਗੂ ਰਹਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਿਉਂਕਿ ਉਹਨਾਂ ਖੇਤਰਾਂ ਵਿੱਚ ਧਰਤੀ ਦੇ ਗਰਭ ਵਿੱਚ, ਜੋ ਖਣਿਜ ਪਦਾਰਥ ਹਨ, ਉਹਨਾਂ ਦੀ ਲੁੱਟ ਦੇਸੀ ਵਿਦੇਸ਼ੀ ਕਾਰਪੋਰੇਟਾਂ ਨੂੰ ਮੋਦੀ ਸਰਕਾਰ ਨੇ ਕਰਵਾਉਣੀ ਹੈ। ਉਥੋਂ ਦੇ ਲੋਕ, ਜਲ ਜੰਗਲ ਜ਼ਮੀਨ ਅਤੇ ਸਵੈਮਾਨ ਲਈ ਲੜ ਰਹੇ ਹਨ। ਜੰਗਲਾਂ ਨੂੰ ਤਬਾਹ ਕਰਕੇ ਮੋਦੀ ਸਰਕਾਰ ਵਾਤਾਵਰਨ ਨਾਲ ਵੀ ਖਿਲਵਾੜ ਕਰ ਰਹੀ ਹੈ। ਜਦੋਂ ਉਥੋਂ ਦੇ ਲੋਕ ਸਰਕਾਰੀ ਧੱਕੇ ਦਾ ਵਿਰੋਧ ਕਰਨ ਲਈ ਕੋਈ ਜਥੇਬੰਦੀ ਬਣਾ ਕੇ ਧਰਨੇ/ ਮੁਜਾਹਰੇ ਕਰਦੇ ਹਨ ਤਾਂ ਮੋਦੀ ਸਰਕਾਰ ਉਹਨਾਂ ਦੀਆਂ ਜਥੇਬੰਦੀਆਂ ਤੇ ਮਾਓਵਾਦੀਆਂ ਦਾ ਠੱਪਾ ਲਾ ਕੇ ਗੈਰ ਕਾਨੂੰਨੀ ਘੋਸਿਤ ਕਰ ਦਿੰਦੇ ਹਨ। ਪਿਛਲੇ ਸਮੇਂ ਸੰਘਰਸ਼ ਕਰਦੇ ਮੂਲ ਨਿਵਾਸੀ ਬਚਾਉ ਮੰਚ ਤੇ ਪ੍ਰਤੀਬੰਧ ਲਾ ਕੇ ਉਹਨਾਂ ਨੂੰ ਸੰਘਰਸ਼ ਕਰਨ ਦੇ ਜਮਹੂਰੀ ਹੱਕ ਤੋਂ ਰੋਕਿਆ ਹੈ।

ਇਨਕਲਾਬੀ ਲਹਿਰ ਨੂੰ ਅੰਦਰੋਂ ਤੇ ਬਾਹਰੋਂ ਹੋ ਰਹੇ ਹਮਲਿਆਂ ਦਾ ਟਾਕਰਾ ਕਰਨਾ ਪੈ ਰਿਹਾ ਹੈ। ਸੋਨੂ ਵਰਗੇ ਗਦਾਰ ਲੀਡਰ ਕ੍ਰਾਂਤੀਕਾਰੀ ਲਹਿਰ ਤੋਂ ਕਿਨਾਰਾ ਕਰਕੇ ਹਕੂਮਤ ਅੱਗੇ ਗੋਡੇ ਟੇਕ ਗਏ ਹਨ। ਲੜ ਰਹੇ ਲੋਕਾਂ ਨੂੰ ਗੋਡੇ ਟਿਕਾਉਣ ਦੇ ਲਈ ਅਗਵਾਈ ਕਰਕੇ ਹਕੂਮਤ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਬੇਬਾਕੀ ਨਾਲ ਇਸ ਗੱਲ ਦਾ ਐਲਾਨ ਕੀਤਾ ਕਿ ਅਸੀਂ ਕਦਾ ਚਿੱਤ ਵੀ ਅਜਿਹੇ ਸਰਕਾਰੀ ਜਬਰ ਨੂੰ ਸਹਿਣ ਨਹੀਂ ਕਰਾਂਗੇ ਜਿਹੜੇ ਜਬਰ ਦੀ ਹਨੇਰੀ ਭਾਰਤ ਦੀ ਸਰਕਾਰ ਆਪਣੇ ਹੀ ਲੋਕਾਂ ਦੇ ਖਿਲਾਫ ਝੁਲਾ ਰਹੀ ਹੈ। ਅਸੀਂ ਪੰਜਾਬ ਦੀ ਧਰਤੀ ਤੋਂ ਇਹ ਜੋਰਦਾਰ ਮੰਗ ਕਰਦੇ ਹਾਂ ਕਿ ਸਰਕਾਰ ਇਸ ਜਬਰ ਨੂੰ ਤੁਰੰਤ ਬੰਦ ਕਰੇ ਤੇ ਉਸ ਖਿੱਤੇ ਵਿੱਚੋਂ ਸੁਰੱਖਿਆ ਦਸਤਿਆਂ ਨੂੰ ਵਾਪਸ ਬੁਲਾਵੇ। ਗ੍ਰਿਫਤਾਰ ਕੀਤੇ ਲੋਕਾਂ ਨੂੰ ਅਤੇ ਮਾਓਵਾਦੀ ਕਾਰਕੁਨਾ, ਆਗੂਆਂ ਨੂੰ ਰਿਹਾ ਕਰੇ ਉਹਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣੇ ਬੰਦ ਕਰੇ। ਕਾਰਪੋਰੇਟਾਂ ਨਾਲ ਕੀਤੇ ਗਏ ਅਤੇ ਕੀਤੇ ਜਾ ਰਹੇ ਲੋਕ ਵਿਰੋਧੀ ਸਮਝੌਤੇ ਬੰਦ ਕਰੇ। ਲੋਕਾਂ ਦੇ ਜਲ ਜੰਗਲ ਜਮੀਨ ਦੇ ਉੱਤੇ ਬੁਨਿਆਦੀ ਹੱਕ ਨੂੰ ਬਹਾਲ ਕਰੇ। ਉਨ੍ਹਾਂ ਧੜੱਲੇ ਨਾਲ ਐਲਾਨ ਕੀਤਾ ਕਿ ਉਹ ਸਰਕਾਰ ਵੱਲੋਂ ਕਾਰਪੋਰੇਟ ਤੇ ਵਿਦੇਸ਼ੀ ਕੰਪਨੀਆਂ ਦੇ ਪੱਖੀ ਲਏ ਜਾ ਰਹੇ ਫੈਸਲਿਆਂ ਨੂੰ ਕਦਾ ਚਿਤ ਵੀ ਪ੍ਰਵਾਨ ਨਹੀਂ ਕਰਨਗੇ ਜਿਨਾਂ ਤਹਿਤ ਦੇਸ਼ ਦੇ ਅਨਮੋਲ ਖਜ਼ਾਨੇ ਨੂੰ ਕੌਡੀਆਂ ਦੇ ਭਾਅ ਪੂੰਜੀਪਤੀਆਂ ਨੂੰ ਲੁਟਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦੀ ਵਿਲੱਖਣਤਾ ਇਹ ਸੀ ਕਿ ਬੁਲਾਰਿਆਂ ਦੇ ਭਾਸ਼ਣਾਂ ਦੌਰਾਨ ਵਾਰ ਵਾਰ 'ਸ਼ਹੀਦ ਹਿੜਮਾਂ-ਅਮਰ ਰਹੇ' 'ਸ਼ਹੀਦ ਬਸਵਾ ਰਾਜੂ ਨੂੰ ਲਾਲ ਸਲਾਮ' ਆਦਿ ਅਕਾਸ਼ ਗੁੰਜਾਊ ਨਾਹਰੇ ਲੱਗਦੇ ਰਹੇ ਜਿਨ੍ਹ ਨੇ ਸਮੁੱਚੇ ਮਹੌਲ 'ਚ ਇਨਕਲਾਬੀ ਜੋਸ਼ ਭਰੀਂ ਰੱਖਿਆ।

ਅਜਿਹੇ ਹਾਲਾਤਾਂ ਚ ਉਹਨਾਂ ਇਹ ਗੱਲ ਤਸਲੀਮ ਕੀਤੀ ਕਿ ਕਮਨਿਸਟ ਲਹਿਰ ਅੰਦਰ ਸੱਜਾ ਸੋਧਵਾਦ ਆਰਥਿਕਵਾਦ ਤੇ ਸੁਧਾਰਵਾਦ ਮੁੱਖ ਖਤਰਾ ਬਣੇ ਹੋਏ ਹਨ ਇਨਕਲਾਬੀ ਤਾਕਤਾਂ ਵਕਤੀ ਤੌਰ ਤੇ ਕਮਜ਼ੋਰ ਸਥਿਤੀ ਵਿੱਚ ਹਨ ਅਤੇ ਲਹਿਰ ਲਹਾ ਦੀ ਹਾਲਤ ਵਿੱਚ ਹੈ ਕਾਮਰੇਡ ਸ਼ੇਰੀ ਦੀ ਪਾਰਟੀ ਨੂੰ ਬੇਹੱਦ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਦੇ ਅੰਦਰੋਂ ਤੇ ਬਾਹਰੋਂ ਦੋਵੇਂ ਪਾਸਿਆਂ ਤੋਂ ਹਮਲੇ ਹੋ ਰਹੇ ਹਨ ਜਿਨਾਂ ਨਾਲ ਪਾਰਟੀ ਦੀ ਲੀਡਰਸ਼ਿਪ ਨੂੰ ਨਜਿਠਣਾ ਪੈ ਰਿਹਾ ਹੈ ਹਕੂਮਤੀ ਜਬਰ ਦੇ ਚਲਦਿਆਂ ਅਨੇਕਾਂ ਕਾਮਰੇਡ ਸ਼ਹੀਦ ਹੋ ਚੁੱਕੇ ਹਨ ਤੇ ਹੋ ਰਹੇ ਹਨ ਜੇਲਾਂ ਵਿੱਚ ਬੰਦ ਹਨ, ਗ੍ਰਿਫਤਾਰ ਹੋ ਰਹੇ ਹਨ। ਅਜਿਹੇ ਸਮੇਂ ਪਾਰਟੀ ਦਾ ਇੱਕ ਮਹੱਤਵਪੂਰਨ ਹਿੱਸਾ ਹਥਿਆਰਾਂ ਸਮੇਤ ਆਤਮ ਸਮਰਪਣ ਕਰ ਰਿਹਾ ਹੈ। ਅਜੋਕੇ ਸਮੇਂ ਪਾਰਟੀ ਦਾ ਸਭ ਤੋਂ ਵੱਧ ਨੁਕਸਾਨ ਪਾਰਟੀ ਦੇ ਆਤਮ ਸਮਰਪਣ ਕਰਨ ਵਾਲੇ ਗਦਾਰ ਲੀਡਰ ਸੋਨੂ, ਰਪੇਸ਼ ਆਦਿ ਕਰ ਰਹੇ ਹਨ।



ਪਰੰਤੂ ਆਉਣ ਵਾਲੇ ਸਮੇਂ ਵਿੱਚ ਲੱਖਾਂ ਮੁਸ਼ਕਲਾਂ ਦੇ ਬਾਵਜੂਦ ਵੀ ਉਹ ਉਹ ਆਪਣਾ ਸੰਘਰਸ਼ ਅਤੇ ਇਨਸਾਫ ਲਈ ਲੜਾਈ ਜਾਰੀ ਰੱਖਣਗੇ।

ਮੁੱਖ ਬੁਲਾਰਿਆਂ ਤੋਂ ਇਲਾਵਾ ਕਾਮਰੇਡ ਸ਼ਮਸ਼ੇਰ ਸਿੰਘ ਸ਼ੇਰੀ ਨੂੰ ਸ਼ਰਧਾਂਜਲੀ ਕਰਨ ਵਾਲਿਆਂ ਵਿੱਚ ਜਗਜੀਤ ਸਿੰਘ ਭਟਾਲ ਜ਼ਿਲਾ ਸਕੱਤਰ ਜਮਹੂਰੀ ਅਧਿਕਾਰ ਸਭਾ ਸੰਗਰੂਰ, ਮਾਸਟਰ ਦੇਸਰਾਜ ਛਾਜਲੀ, ਐਡਵੋਕੇਟ ਸੰਪੂਰਨ ਸਿੰਘ ਛਾਜਲੀ, ਚੰਡੀਗੜ੍ਹ ਤੋਂ ਡੀਐਸਓ ਦੇ ਆਗੂ ਸੰਦੀਪ, ਲੋਕ ਚੇਤਨਾ ਮੰਚ ਲਹਿਰਾ ਗਾਗਾ ਦੇ ਆਗੂ ਪੂਰਨ ਸਿੰਘ ਖਾਈ, ਲਖਬੀਰ ਸਿੰਘ ਲੱਖਾ ਸੂਬਾਈ ਆਗੂ ਪੇਂਡੂ ਮਜ਼ਦੂਰ ਯੂਨੀਅਨ, ਬਲਜੀਤ ਨਮੋਲ ਆਗੂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ।

ਪ੍ਰੋਗਰਾਮ ਦੌਰਾਨ ਤਾਰਾ ਸਿੰਘ ਛਾਜਲੀ, ਦੇਸ ਰਾਜ ਛਾਜਲੀ, ਜਗਸੀਰ ਸਿੰਘ ਮਹਿਰਾਜ ਅਤੇ ਸਾਥੀਆਂ ਦੀ ਸੰਗੀਤ ਮੰਡਲੀ ਅਤੇ ਡੀਐਸਓ ਦੇ ਕਾਰਕੁਨਾਂ ਵੱਲੋਂ ਇਨਕਲਾਬੀ ਗੀਤ ਗਾਏ ਗਏ। ਸਮਾਗਮ ਦੇ ਅੰਤ ਵਿੱਚ ਲੋਕ ਸੰਗਰਾਮ ਮੋਰਚਾ ਦੇ ਸੂਬਾਈ ਪ੍ਰਧਾਨ ਤਾਰਾ ਸਿੰਘ ਨੇ ਸਭ ਦਾ ਧੰਨਵਾਦ ਕੀਤਾ।






## ਪੀ. ਯੂ. ਵਿਦਿਆਰਥੀ ਸੰਘਰਸ਼ ਦੇ ਸਬਕ

(ਸਫ਼ਾ 13 ਦੀ ਬਾਕੀ)

ਅਦਾਰਿਆਂ ਦੇ ਕੇਂਦਰੀਕਰਨ ਨਾਲ ਵੀ ਜੁੜਿਆ ਹੁੰਦਾ ਹੈ। ਇੱਥੇ ਅਨਤੋਨੀਓ ਗ੍ਰਾਮਸੀ ਦਾ 'ਪ੍ਰਭੁਸੱਤਾ ਦਾ ਸਿਧਾਂਤ' ਪੂਰੀ ਤਰ੍ਹਾਂ ਢੁਕਵਾਂ ਹੈ ਕਿ ਹਾਕਮ ਜਮਾਤ ਸਿਰਫ ਆਰਥਿਕ ਲੁੱਟ-ਜਬਰ ਰਾਹੀਂ ਹੀ ਰਾਜ ਨਹੀਂ ਕਰਦੀ ਬਲਕਿ ਵਿਚਾਰਧਾਰਾ ਤੇ ਸੱਭਿਆਚਾਰ ਉੱਤੇ ਵੀ ਨਿਯੰਤਰਣ ਕਾਇਮ ਰੱਖਦੀ ਹੈ। ਹਾਕਮ ਜਮਾਤ ਲਈ ਸਿੱਖਿਆ ਉੱਤੇ ਨਿਯੰਤਰਣ ਦਾ ਯਤਨ ਵਿਚਾਰਾਂ ਉੱਤੇ ਨਿਯੰਤਰਣ ਦੀ ਨੀਤੀ ਦਾ ਹਿੱਸਾ ਹੈ। ਦਰਅਸਲ, ਯੂਨੀਵਰਸਿਟੀਆਂ ਆਮ ਤੌਰ ਤੇ ਲੋਕ ਚੇਤਨਾਂ ਨੂੰ ਜਗਾਉਣ ਲਈ ਵਿਚਾਰਧਾਰਕ-ਸਿਆਸੀ ਸਰਗਰਮੀਆਂ ਦਾ ਗੜ੍ਹ ਮੰਨੀਆਂ ਜਾਂਦੀਆਂ ਹਨ। ਉਦਾਹਰਨ ਵਜੋਂ ਚਾਲੂ ਵਰ੍ਹੇ ਦੀ ਸ਼ੁਰੂਆਤ ਵਿੱਚ ਅਰਜਨਟੀਨਾ 'ਚ ਖਾਵੀਅਰ ਮਿਲੇਅ ਦੀ ਘੋਰ-ਸੱਜੇਪੱਖੀ ਸਰਕਾਰ ਵੱਲੋਂ ਇੱਕ ਵਿੱਤੀ ਕਾਨੂੰਨ ਤਹਿਤ ਯੂਨੀਵਰਸਿਟੀ ਫੰਡਾਂ ਵਿੱਚ ਕੀਤੀ ਗਈ 71% ਕਟੌਤੀ ਨੂੰ ਲੈ ਕੇ ਚੱਲੇ ਸੰਘਰਸ਼ ਵਿੱਚ ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀਆਂ ਉੱਤੇ ਕਬਜ਼ੇ ਦਾ ਸੰਘਰਸ਼ ਇੱਕ ਚਰਚਿਤ ਵਿਦਿਆਰਥੀ ਸੰਘਰਸ਼ ਰਿਹਾ। ਦੂਸਰਾ, ਅਮਰੀਕਾ ਵਿੱਚ ਟਰੰਪ ਪ੍ਰਸ਼ਾਸ਼ਨ ਵੱਲੋਂ ਯੂਨੀਵਰਸਿਟੀਆਂ ਨੂੰ ਦਿੱਤੇ ਜਾਣ ਵਾਲੇ ਫੈਡਰਲ ਫੰਡਾਂ ਉੱਤੇ ਰੋਕ ਲਾਉਣ ਤੇ ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਖਿਲਾਫ ਹਾਰਵਰਡ ਯੂਨੀਵਰਸਿਟੀ ਤੋਂ ਸ਼ੁਰੂ ਹੋਇਆ ਵਿਦਿਆਰਥੀ ਸੰਘਰਸ਼ ਪੂਰੇ ਅਮਰੀਕੀ ਸਮਾਜ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਿਆ। ਇਸ ਲਈ ਕਿਸੇ ਵੀ ਮੁਲਕ ਵਿੱਚ ਉੱਠਿਆ ਵਿਦਿਆਰਥੀ ਸੰਘਰਸ਼ ਅਕਸਰ ਸੱਤਾ ਲਈ ਗੰਭੀਰ ਚੁਣੌਤੀ ਬਣਨ ਦੀ ਸੰਭਾਵਨਾ ਰੱਖਦਾ ਹੁੰਦਾ ਹੈ ਅਤੇ ਸੰਭਾਵਿਤ ਤੌਰ 'ਤੇ ਭਾਜਪਾ ਦੀ ਕੇਂਦਰ ਸਰਕਾਰ ਲਈ ਇਹ ਚੁਣੌਤੀ ਜੋਖ਼ਿਮ ਬਣਨ ਦੀ ਸਮਰੱਥਾ ਰੱਖਦੀ ਸੀ ਤੇ ਸੰਸਾਰ ਭਰ ਵਿੱਚ ਉੱਠ ਰਹੇ ਜੈੱਨ ਜੀ ਵਰਤਾਰੇ ਨੇ ਭਾਜਪਾ ਦੀ ਚਿੰਤਾ ਹੋਰ ਵਧਾ ਦਿੱਤੀ। ਇਸਦੇ ਨਾਲ ਹੀ ਪੰਜਾਬ ਦੀ ਵਿਦਿਆਰਥੀ ਰਾਜਨੀਤੀ ਵਿੱਚ ਵਿਰੋਧ ਦੀ ਪੁਰਾਣੀ ਪਰੰਪਰਾ ਰਹੀ ਹੈ ਅਤੇ ਵਿਦਿਆਰਥੀ ਵਰਗ ਦੀ ਸਿਆਸੀ ਚੇਤੰਨਤਾ ਸਮਾਜ ਲਈ ਸੰਘਰਸ਼ਮਈ ਪ੍ਰੇਰਨਾ ਦਾ ਸੋਮਾ ਨਾ ਬਣੇ ਸਕੇ ਤਾਂ ਸਰਕਾਰ ਨੇ ਇਸਨੂੰ ਬੇਅਸਰ ਕਰਨ ਲਈ ਵਿਦਿਆਰਥੀ ਸੰਘਰਸ਼ ਅੱਗੇ ਝੁਕਣ ਦਾ ਰਾਹ ਚੁਣਿਆ।

ਪੀਯੂ ਵਿੱਚ ਪ੍ਰਸ਼ਾਸ਼ਕੀ ਸੁਧਾਰਾਂ ਨਾਲ ਬਚੀ-ਖੁਚੀ ਜਮਹੂਰੀ ਨਿਗਰਾਨੀ ਨੂੰ ਘਟਾਉਣ ਦਾ ਯਤਨ ਅਸਲ ਵਿੱਚ ਨਵਉਦਾਰਵਾਦੀ ਨੀਤੀਆਂ ਦੇ ਰਾਹ ਵਿੱਚ ਬਚੀਆਂ ਰੋਕਾਂ ਨੂੰ ਮੂਲੋਂ ਖਤਮ ਕਰਨ ਦੇ ਯਤਨ ਦਾ ਹਿੱਸਾ ਸੀ। ਬੇਸ਼ੱਕ ਸੈਨੇਟ ਅਤੇ ਸਿੰਡੀਕੇਟ ਵਿੱਚ ਹਿੱਸੇਦਾਰੀ ਕਾਰਨ ਸਿੱਖਿਆ ਦੇ ਮਿਆਰ, ਬੁਨਿਆਦੀ ਸੁਧਾਰ ਅਤੇ ਨਿੱਜੀਕਰਨ-ਵਪਾਰੀਕਰਨ ਨੂੰ ਠੱਲ੍ਹਿਆ ਨਹੀਂ ਜਾ ਸਕਦਾ ਪਰੰਤੂ ਇਹ ਇਕਾਈਆਂ ਮੁਕਾਬਲਤਨ ਜਮਹੂਰੀ ਖਸਲਤ ਦੀ ਤਰਜ਼ਮਾਨੀ ਕਰਦੀਆਂ ਹਨ। ਇਹ ਮਸਲਾ ਯੂਨੀਵਰਸਿਟੀ ਅਤੇ ਪੰਜਾਬ ਦੀ ਪਹਿਚਾਣ, ਅਧਿਕਾਰ ਅਤੇ ਜਮਹੂਰੀਅਤ ਨਾਲ ਜੁੜਿਆ ਹੋਣ ਕਰਕੇ ਇਸ ਨਾਲ ਯੂਨੀਵਰਸਿਟੀ ਦੇ ਜਮਹੂਰੀਕਰਨ ਅਤੇ ਯੂਨੀਵਰਸਿਟੀ ਉੱਤੇ ਪੰਜਾਬ ਦੇ ਹੱਕ ਦੀ ਵਜ਼ਾਹਤ ਦਾ ਸਵਾਲ ਬੇਹੱਦ ਅਹਿਮ ਹੈ। ਹਰਿਆਣਾ ਤੇ ਹਿਮਾਚਲ ਵਾਂਗ ਪੰਜਾਬ ਕੋਲ ਉਸਦੀ ਆਪਣੀ ਯੂਨੀਵਰਸਿਟੀ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਸੂਬਾ ਸਰਕਾਰਾਂ ਪੰਜਾਬ ਦੀ ਖ਼ੁਦਮੁਖਤਿਆਰੀ ਦੇ ਸਵਾਲਾਂ ਉੱਤੇ ਸਿਆਸਤ ਤਾਂ ਕਰਦੀਆਂ ਆ ਰਹੀਆਂ ਹਨ ਪਰ ਉਹ ਇਹਨਾਂ ਪ੍ਰਤੀ ਪੂਰੀ ਤਰ੍ਹਾਂ ਸੰਜੀਦਾ ਨਹੀਂ ਰਹੀਆਂ। ਉਹਨਾਂ ਨੇ ਕਦੇ ਵੀ ਗੰਭੀਰਤਾ ਨਾਲ ਯੂਨੀਵਰਸਿਟੀ ਉੱਤੇ ਪੰਜਾਬ ਦੀ ਸੰਸਥਾਗਤ ਖ਼ੁਦਮੁਖਤਿਆਰੀ, ਪੰਜਾਬ ਦੇ ਦਰਿਆਈ ਪਾਣੀਆਂ ਦੀ ਨਿਆਈਂ ਵੰਡ, ਚੰਡੀਗੜ੍ਹ ਉੱਤੇ ਪੰਜਾਬ ਦੀ ਦਾਅਵੇਦਾਰੀ ਆਦਿ ਸਵਾਲਾਂ ਉੱਤੇ ਕੋਈ ਠੋਸ ਜਵਾਬਦੇਹੀ ਨਹੀਂ ਦਿਖਾਈ।

ਵਿਦਿਆਰਥੀ ਘੋਲ ਦੀ ਸੀਮਾ, ਸਮਰੱਥਾ ਤੇ ਜਾਬਤੇ ਅਨੁਸਾਰ ਯੂਨੀਵਰਸਿਟੀ ਵਿੱਚ ਬਿਨ੍ਹਾਂ ਦੇਰੀ ਲੋਕਤੰਤਰੀ ਢੰਗ ਨਾਲ ਸੈਨੇਟ ਚੋਣਾਂ ਕਰਵਾਉਣ ਦੀ ਮੰਗ ਉੱਤੇ ਜਿੱਤ ਬਿਨ੍ਹਾਂ ਸ਼ੱਕ ਇੱਕ ਮਹੱਤਵਪੂਰਨ ਜਿੱਤ ਹੈ, ਪਰ ਪੰਜਾਬਪ੍ਰਸਤ ਲੋਕਾਂ ਤੇ ਲੋਕਪੱਖੀ ਤਾਕਤਾਂ ਨੂੰ ਪੰਜਾਬ ਨਾਲ ਹੋ ਰਹੀ ਹਰ ਬੇਇਨਸਾਫੀ ਖਿਲਾਫ ਵਿਸ਼ਾਲ ਲੋਕ ਅੰਦੋਲਨ ਖੜਾ ਕਰਨ ਦੀ ਵੀ ਜਰੂਰਤ ਹੈ।

# ਫ਼ਲਸਤੀਨ ਮਸਲੇ ਦੇ ਜਮਹੂਰੀ ਪੱਖ



ਜਸਵੰਤ ਜੀਰਖ
98151-69825

ਜਦੋਂ ਅਸੀਂ ਫ਼ਲਸਤੀਨ ਅਤੇ ਇਜ਼ਰਾਈਲ ਦੇ ਪਿਛਲੇ ਦੋ ਸਾਲਾਂ ਤੋਂ ਚੱਲ ਰਹੇ ਯੁੱਧ ਬਾਰੇ ਗੱਲ ਕਰਦੇ ਹਾਂ ਤਾਂ ਅਸਲ ਵਿੱਚ ਇਹ ਯੁੱਧ ਦੀ ਬਜਾਏ ਫ਼ਲਸਤੀਨ ਦੀ ਨਸਲਕੁਸ਼ੀ ਕਰਨ ਵਿਰੁੱਧ ਬਗ਼ਾਬਤ ਦਾ ਮਾਮਲਾ ਹੈ। ਫ਼ਲਸਤੀਨੀਆਂ ਵੱਲੋਂ ਆਪਣੀ ਹੋਂਦ ਬਰਕਰਾਰ ਰੱਖਣ ਲਈ ਇਸ ਜ਼ੁਲਮ ਖਿਲਾਫ ਬਹਾਦਰੀ ਨਾਲ ਲੜਨ ਦੇ ਜਜਬੇ ਦੀ ਪ੍ਰਸੰਸਾ ਕਰਨੀ ਬਣਦੀ ਹੈ। ਜ਼ੁਲਮ, ਧੱਕੇਸ਼ਾਹੀ, ਬੁਰਿਆਈ ਅਤੇ ਹਰ ਗਲਤ ਵਿਰੁੱਧ ਆਵਾਜ ਉਠਾਉਣਾ ਹੀ ਜਮਹੂਰੀ ਹੱਕ ਅਖਵਾਉਂਦਾ ਹੈ। ਜਮਹੂਰੀ ਹੱਕਾਂ ਦੀ ਕੋਈ ਲਿਖਤੀ ਗਿਣਤੀ ਮਿਣਤੀ ਨਹੀਂ ਹੁੰਦੀ ਸਗੋਂ ਹਰ ਗਲਤ/ਬੁਰਿਆਈ ਵਿਰੁੱਧ ਅਵਾਜ਼ ਉਠਾਉਣਾ/ਬਗ਼ਾਬਤ ਕਰਨਾ ਹਰ ਮਨੁੱਖ ਦਾ ਜਮਹੂਰੀ ਹੱਕ ਹੈ ਜੋ ਫ਼ਲਸਤੀਨੀਆਂ ਵੱਲੋਂ ਬਾਖ਼ੂਬੀ ਨਿਭਾਇਆ ਜਾ ਰਿਹਾ ਹੈ। ਇਤਿਹਾਸ ਦੱਸਦਾ ਹੈ ਕਿ ਜ਼ੁਲਮ ਦੇ ਖਿਲਾਫ ਉੱਠੇ ਵਿਰੋਧ ਨੇ ਅਕਸਰ ਜਿੱਤਣਾ ਹੀ ਹੁੰਦਾ ਹੈ ਕਿਉਂਕਿ ਵਿਰੋਧ ਦੀ ਅਵਾਜ਼ ਮਨੁੱਖਤਾ ਦੀ ਅਵਾਜ਼ ਹੁੰਦੀ ਹੈ। ਮਨੁੱਖੀ ਇਤਿਹਾਸ ਅਜਿਹੀਆਂ ਬਗ਼ਾਬਤਾਂ ਨਾਲ ਭਰਿਆ ਪਿਆ ਹੈ, ਜਿਹਨਾਂ ਸਦਕਾ ਹੀ ਮਨੁੱਖੀ ਵਿਕਾਸ ਅੱਗੇ ਚਲਦਾ ਆ ਰਿਹਾ ਹੈ ।

ਸੰਸਾਰ ਵਿੱਚ ਮੁੱਖ ਤੌਰ 'ਤੇ ਦੋ ਕਿਸਮ ਦੇ ਰਾਜ ਪ੍ਰਬੰਧ ਚਲਦੇ ਆ ਰਹੇ ਹਨ, ਸਾਮਰਾਜਵਾਦੀ ਅਤੇ ਸਮਾਜਵਾਦੀ। ਸਾਮਰਾਜੀ ਪ੍ਰਬੰਧ ਅਧੀਨ ਮਨੁੱਖ ਦੀ ਥਾਂ ਸਰਮਾਏ ਅਤੇ ਸਮਾਜਵਾਦੀ ਪ੍ਰਬੰਧ ਵਿੱਚ ਸਰਮਾਏ ਦੀ ਥਾਂ ਮਨੁੱਖ ਨੂੰ ਪਹਿਲੇ ਸਥਾਨ 'ਤੇ ਰੱਖਿਆ ਜਾਂਦਾ ਹੈ। ਭਾਵ ਕਿ ਸਾਮਰਾਜੀ ਪ੍ਰਬੰਧ ਸਰਮਾਏ ਦੇ ਅਤੇ ਸਮਾਜਵਾਦੀ ਪ੍ਰਬੰਧ ਮਨੁੱਖ ਦੇ ਹੱਕ ਵਿੱਚ ਭੁਗਤਦਾ ਹੈ। ਭਾਵੇਂ ਮਨੁੱਖ ਦੇ ਜਿਉਣ ਲਈ ਲੋੜੀਂਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ, ਜੁੱਲੀ ਦੀ ਪੂਰਤੀ ਕਰਨਾ ਸਭਿਅਕ ਤੌਰ ਤੇ ਹਰ ਰਾਜ ਪ੍ਰਬੰਧ ਦੀ ਅਹਿਮ ਜ਼ੁੰਮੇਵਾਰੀ ਹੈ, ਪਰ ਮੌਜੂਦਾ ਸਾਮਰਾਜੀ ਰਾਜ ਪ੍ਰਬੰਧ ਵੱਲੋਂ ਆਪਣੀ ਜ਼ੁੰਮੇਵਾਰੀ ਨਿਭਾਉਣ ਦੀ ਥਾਂ ਇਸ ਤੋਂ ਉਲਟ ਭੁਗਤਦਾ ਵੇਖ ਰਹੇ ਹਾਂ ਕਿ ਕਿਵੇਂ ਮਨੁੱਖੀ ਕਦਰਾਂ ਕੀਮਤਾਂ ਦਾ ਹੀ ਨਹੀਂ, ਸਗੋਂ ਮਨੁੱਖਤਾ ਦਾ ਹੀ ਮਲੀਆਮੇਟ ਕਰਕੇ ਮੁਨਾਫੇ ਕਮਾਉਣ ਲਈ ਪੂੰਜੀ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਸ ਬੇਇਨਸਾਫੀ ਵਿਰੁੱਧ ਅਵਾਜ਼ ਉਠਾਉਣਾ ਮਨੁੱਖ ਦਾ ਜਮਹੂਰੀ ਹੱਕ ਹੈ ਜਿਸ ਨੂੰ ਸਾਮਰਾਜੀ ਪ੍ਰਬੰਧ ਦੇ ਰਖਵਾਲੇ ਬਗ਼ਾਬਤ ਦਾ ਨਾਂ ਦੇ ਕੇ, ਕੁਚਲਣ ਦੇ ਹੱਥ ਕੰਡੇ ਵਰਤਦੇ ਹਨ। ਇਸ ਤਰ੍ਹਾਂ ਮਨੁੱਖੀ ਜ਼ਿੰਦਗੀਆਂ ਤੋਂ ਵੱਧ, ਪੂੰਜੀ ਨੂੰ ਮਹੱਤਵ ਦੇਣ ਵਾਲੇ ਰਾਜ ਪ੍ਰਬੰਧ ਨੂੰ ਧਿਆਨ 'ਚ ਰੱਖਣਾ ਬੇਹੱਦ ਜ਼ਰੂਰੀ ਹੈ। ਸਮੇਂ ਦੇ ਮੌਜੂਦਾ ਦੌਰ ਵਿੱਚ ਇਹੋ ਸਾਮਰਾਜੀ ਪ੍ਰਬੰਧ ਦੁਨੀਆਂ ਭਰ ਦੇ ਦੇਸ਼ਾਂ ਵਿੱਚ ਭਾਰੂ ਹੈ, ਜੋ ਕਿ ਸੰਸਾਰ ਭਰ ਵਿੱਚ ਆਪਣਾ ਕਰੂਰ ਚਿਹਰਾ ਵਿਖਾ ਰਿਹਾ ਹੈ। ਇਸ ਨੂੰ ਬਰਕਰਾਰ ਰੱਖਣ ਲਈ ਅਮਰੀਕਾ, ਜੋ ਕਿ ਕੁੱਲ ਦੁਨੀਆਂ ਦਾ ਥਾਣੇਦਾਰ ਬਣ ਆਪਣੀ ਧੌਂਸ ਦੇ ਬਲ ਬੂਤੇ, ਮਨੁੱਖਤਾ ਦੇ ਜਮਹੂਰੀ ਹੱਕਾਂ ਨੂੰ ਹੀ ਨਹੀਂ ਕੁਚਲ ਰਿਹਾ ਸਗੋਂ ਵੱਡੀ ਪੱਧਰ 'ਤੇ ਮਨੁੱਖੀ ਜਾਨ-ਮਾਲ ਦੀ ਬਰਬਾਦੀ ਕਰਨ ਲਈ ਵੀ ਜ਼ੁੰਮੇਵਾਰ ਹੈ। ਸਾਮਰਾਜੀ ਰਾਜ ਪ੍ਰਬੰਧ ਹੇਠ ਆਪਣੀਆਂ ਪਸਾਰਵਾਦੀ ਲੁੱਟ ਅਧਾਰਤ ਨੀਤੀਆਂ ਦਾ ਗਲਬਾ ਬਰਕਰਾਰ ਰੱਖਣ ਲਈ, ਇਸ ਵੱਲੋਂ ਪੂਰੀ ਦੁਨੀਆਂ ਨੂੰ ਵੰਡ ਕੇ ਰੱਖਣ ਲਈ ਹਰ ਤਰ੍ਹਾਂ ਦੇ ਛੜਯੰਤਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਵੱਖ ਵੱਖ ਮੁਲਕਾਂ ਵਿੱਚ ਆਪਸੀ ਵਿਰੋਧ ਖੜੇ ਕਰਨਾ ਇਸ ਦੀ ਰਾਜਨੀਤੀ ਦਾ ਅਹਿਮ ਅੰਗ ਹੈ। ਮੁਲਕਾਂ ਵਿੱਚ ਆਪਸੀ ਭੇੜ ਖੜ੍ਹੇ ਕਰਕੇ ਆਪਣੇ ਮਾਰੂ ਹਥਿਆਰ ਵੇਚਣ ਅਤੇ ਹੋਰ ਵਿਉਪਾਰਿਕ ਸੰਧੀਆਂ ਰਾਹੀਂ ਉਹਨਾਂ ਦੀ ਲੁੱਟ ਕਰਨ ਦੇ ਮਨਸੂਬੇ ਬਣਾ ਕੇ, ਆਪਣੀ ਚੌਧਰ ਸਥਾਪਤ ਰੱਖਣ ਲਈ ਗੈਰ ਇਨਸਾਨੀ ਤੇ ਗੈਰ ਜਮਹੂਰੀ ਜੋੜ ਤੋੜ ਕਰਨੇ ਇਸ ਦੀ ਰਾਜਨੀਤੀ ਦੇ ਅਹਿਮ ਹਿੱਸਾ ਹਨ, ਕਿਉਂਕਿ ਮਨੁੱਖਤਾ ਨੂੰ ਲੁੱਟ ਕੇ ਆਪਣੇ ਲਈ ਸਹੂਲਤਾਂ ਪੈਦਾ ਕਰਨਾ ਉਸ ਦਾ ਪੇਸ਼ਾ ਹੈ।

ਇਜ਼ਰਾਈਲ ਅਤੇ ਫ਼ਲਸਤੀਨ ਮਸਲਾ ਵੀ ਉਸ ਦੀ ਅਜਿਹੀ ਕੂਟਨੀਤੀ ਅਨੁਸਾਰ ਹੀ ਇਸੇ ਲੜੀ ਦਾ ਅੰਗ ਹੈ, ਜਿਸ ਬਾਰੇ ਬਹੁਤ ਕੁੱਝ ਵੱਖ ਵੱਖ ਸਰੋਤਾਂ ਰਾਹੀਂ ਸਪਸਟ ਹੋ ਚੁੱਕਾ ਹੈ। ਗਾਜ਼ਾ ਨੂੰ ਆਪਣੇ ਕਬਜ਼ੇ ਅਧੀਨ ਕਰਕੇ ਫਲਸਤੀਨੀ ਲੋਕਾਂ ਨੂੰ ਉਜਾੜਕੇ ਉੱਥੇ ਸੰਸਾਰ ਭਰ ਦੇ ਅਮੀਰਸ਼ਾਹਾਂ ਲਈ, ਨਵੀਂ ਸੈਰਗਾਹ ਬਣਾਕੇ ਤੇ ਬਿਲਡਿੰਗਾਂ ਉਸਾਰਕੇ, ਸਰਮਾਇਆ ਕਮਾਉਣ ਦੇ ਮੰਤਵ ਨੂੰ ਪੂਰਾ ਕਰਨ ਦੀ ਲਾਲਸਾ ਪੂਰੀ ਕਰਨ ਲਈ, ਸਾਰੇ ਮਨੁੱਖੀ ਹੱਕ ਲਤਾੜਕੇ ਫ਼ਲਸਤੀਨ ਨੂੰ ਇੱਕ ਦੇਸ਼ ਵਜੋਂ ਖਤਮ ਕਰਨਾ ਚਾਹੁੰਦਾ ਹੈ। 1948 ਤੋਂ ਪਹਿਲਾਂ ਇਜ਼ਰਾਈਲ ਦੀ ਕੋਈ ਹੋਂਦ ਹੀ ਨਹੀਂ ਸੀ, ਕਿਉਂਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਬ੍ਰਿਟਿਸ ਹਕੂਮਤ ਵੱਲੋਂ ਧਰਮ ਦੇ ਅਧਾਰ ਤੇ ਇਸ ਦੀ ਸਥਾਪਨਾ ਕੀਤੀ ਗਈ ਸੀ, ਜਿਸਨੂੰ ਅਮਰੀਕਾ ਵੱਲੋਂ ਮਨੁੱਖੀ ਹੱਕਾਂ ਦਾ ਘਾਣ ਕਰਦਿਆਂ, ਸੰਸਾਰ ਪੱਧਰ 'ਤੇ ਸਥਾਪਿਤ ਕੀਤਾ ਜਾ ਰਿਹਾ ਹੈ। ਸਿੱਟੇ ਵਜੋਂ ਫ਼ਲਸਤੀਨ ਵੱਲੋਂ ਇਸ ਧੱਕੇਸ਼ਾਹੀ ਦਾ ਵਿਰੋਧ ਹੋ ਰਿਹਾ ਹੈ ਕਿਉਂਕਿ ਅਮਰੀਕਾ ਫ਼ਲਸਤੀਨ ਨੂੰ ਦੁਨੀਆਂ ਦੇ ਨਕਸ਼ੇ ਤੋਂ ਖਤਮ ਕਰਕੇ ਆਪਣੀ ਮਰਜ਼ੀ ਦੀ ਸੱਤਾ ਸਥਾਪਤ ਕਰਨਾ ਚਾਹੁੰਦਾ ਹੈ। ਵਿਰੋਧੀ ਅਵਾਜ਼ ਨੂੰ ਖਤਮ ਕਰਨ ਲਈ ਫ਼ਲਸਤੀਨੀਆਂ ਦੀ ਨਸਲ-ਕੁਸੀ ਕੀਤੀ ਜਾ ਰਹੀ ਹੈ ਜਿਸ ਖਿਲਾਫ ਲੜਨਾ ਉਸ ਦਾ ਜਮਹੂਰੀ ਹੱਕ ਹੈ । ਜਦੋਂ ਦੁਨੀਆਂ ਭਰ ਵਿੱਚੋਂ ਇਸ ਹੱਕ ਨੂੰ ਸਮਝਦਿਆਂ ਫ਼ਲਸਤੀਨ ਦੇ ਪੱਖ ਵਿੱਚ ਆਵਾਜਾਂ ਉੱਠ ਰਹੀਆਂ ਹਨ, ਤਾਂ ਅਜਿਹੇ ਮੌਕੇ ਅਮਰੀਕਾ ਸ਼ਾਂਤੀ ਯੋਜਨਾਂ ਦੇ ਨਾਂ ਹੇਠ, ਆਪਣੇ ਆਰਥਿਕ ਅਤੇ ਸਿਆਸੀ ਹਿਤ ਪੂਰੇ ਕਰਨ ਦਾ ਦਾਅ ਵਰਤਣ ਦੇ ਯਤਨ 'ਚ ਵੀ ਹੈ। ਇਜ਼ਰਾਇਲੀ ਮੁਖੀ ਨੇਤਨਯਾਹੂ ਨੇ ਵੀ ਇਸਦੀ ਪ੍ਰਸੰਸਾ ਕਰਦਿਆਂ ਅਮਰੀਕਾ ਦੇ ਇਰਾਦਿਆਂ ਨੂੰ ਇਤਿਹਾਸ ਬਦਲ ਦੇਣ ਵਾਲੇ ਕਰਾਰ ਦੇ ਕੇ ਅਮਰੀਕੀ ਰਾਸ਼ਟਰਪਤੀ ਡੋਨਲ ਟਰੰਪ ਨੂੰ ਹੋਰ ਬਲ ਦਿੱਤਾ ਹੈ। ਟਰੰਪ ਆਪਣਾ ਨਜ਼ਰੀਆ ਪੇਸ਼ ਕਰਦਿਆਂ ਇਸਨੂੰ ਰੁਜ਼ਗਾਰ ਪੈਦਾ ਕਰਨ ਲਈ, ਨਿਵੇਸ਼ ਕਰਨ ਵਜੋਂ ਪੇਸ਼ ਕਰ ਰਿਹਾ ਹੈ ਜੋ ਉਸ ਵੱਲੋਂ ਫ਼ਲਸਤੀਨ ਨੂੰ ਉਜਾੜਕੇ ਅਮਰੀਕੀ ਸਾਮਰਾਜੀਆਂ ਦੇ ਮੁਨਾਫਾਖੋਰ ਗੈਰ ਮਨੁੱਖੀ ਮਨਸੂਬਿਆਂ ਦਾ ਪ੍ਰਗਟਾਵਾ ਹਨ। ਇਜ਼ਰਾਈਲ ਦੀ ਪਿੱਠ ਪਿੱਛੇ ਖੜਾ ਅਮਰੀਕਾ ਜਮਹੂਰੀਅਤ ਦਾ ਵੱਡਾ ਦਾਹਵੇਦਾਰ ਬਣਨ ਦੇ ਪਾਖੰਡ ਕਰਕੇ, ਲੋਕਾਂ ਦਾ ਉਜਾੜਾ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਬਹਾਨੇ ਘੜ ਕੇ ਆਪਣੇ ਮਨਸੂਬਿਆਂ ਦੀ ਪੂਰਤੀ ਕਰਨਾ ਚਾਹੁੰਦਾ ਹੈ।

ਜਦੋਂ ਅਸੀਂ ਇਸ ਮਸਲੇ ਨੂੰ ਮਨੁੱਖ ਦੇ ਜਮਹੂਰੀ ਹੱਕਾਂ ਦੇ ਚੌਖਟੇ ਵਿੱਚ ਰੱਖਕੇ ਵੇਖਦੇ ਹਾਂ ਤਾਂ ਸਾਫ ਵੇਖਿਆ ਜਾ ਸਕਦਾ ਹੈ ਕਿ ਕਿਵੇਂ ਸਾਮਰਾਜੀ ਮੁਲਕ ਅਤੇ ਉਹਨਾਂ ਦੇ ਜੋਟੀਦਾਰ, ਆਪਣੇ ਨਿੱਜੀ ਮੁਫ਼ਾਦ ਪੂਰੇ ਕਰਨ ਲਈ ਮਨੁੱਖਤਾ ਦਾ ਬੇ ਥਾਹ ਖੂਨ ਵਹਾਉਣ ਤੱਕ ਨਿੱਘਰ ਜਾਂਦੇ ਹਨ। ਫ਼ਲਸਤੀਨ ਵੱਲੋਂ ਇਸ ਦਾ ਵਿਰੋਧ ਕਰਨਾ ਉਸ ਦਾ ਜਮਹੂਰੀ ਹੱਕ ਹੈ ਜਿਸ ਵਿੱਚ ਤਕਰੀਬਨ 68 ਹਜ਼ਾਰ ਤੋਂ ਵੱਧ ਫ਼ਲਸਤੀਨੀਆਂ ਦਾ ਕਤਲੇਆਮ ਹੋ ਚੁੱਕਾ ਹੈ, ਜਿਹਨਾਂ ਵਿੱਚ ਅੱਧਿਓਂ ਵੱਧ ਬੱਚੇ ਅਤੇ ਔਰਤਾਂ ਸ਼ਾਮਲ ਹਨ। 90% ਅਬਾਦੀ ਉਜਾੜ ਦਿੱਤੀ ਗਈ ਹੈ, 94% ਹਸਪਤਾਲ ਅਤੇ 92% ਰਿਹਾਇਸ਼ੀ ਤੇ ਵਪਾਰਕ ਇਮਾਰਤਾਂ ਨੂੰ ਬੰਬਾਂ ਦੁਆਰਾ ਉਡਾ ਕੇ ਖੰਡਰ ਬਣਾ ਦਿੱਤਾ ਗਿਆ ਹੈ। ਵੱਡੀ ਪੱਧਰ ਤੇ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਬੇਹੱਦ ਤਰਸਯੋਗ ਹਾਲਤਾਂ ਵਿੱਚ ਜਿਉਂਣ ਲਈ ਮਜਬੂਰ ਹਨ। ਇਜਰਾਈਲੀ ਸੁਰੱਖਿਆ ਬਲਾਂ ਵੱਲੋਂ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਜੋ ਫਲਸਤੀਨੀਆਂ ਲਈ ਰਾਹਤ ਸਮੱਗਰੀ ਪਹੁੰਚਾਉਣ ਲਈ ਜਾ ਰਹੀਆਂ ਹਨ, ਨੂੰ ਵੀ ਨਹੀਂ ਜਾਣ ਦਿੱਤਾ ਜਾ ਰਿਹਾ। ਦੋ ਹਜਾਰ ਦੇ ਕਰੀਬ ਇਜਰਾਈਲੀ ਵੀ ਇਸ ਜੰਗ ਵਿੱਚ ਮਾਰੇ ਗਏ ਹਨ ਅਤੇ ਹੋਰ ਮਾਲੀ ਨੁਕਸਾਨ ਵੀ ਜਾਰੀ ਹੈ। ਇਸ ਦੌਰਾਨ ਭੁੱਖਮਰੀ ਦਾ ਸ਼ਿਕਾਰ ਹੋਏ ਫਲਸਤੀਨੀਆਂ ਦਾ ਕਤਲੇਆਮ ਇਜ਼ਰਾਈਲੀ ਫੌਜਾਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ ਕੀਤਾ ਜਾ ਰਿਹਾ ਹੈ।ਪਰ ਇਸ ਦੇ ਬਾਵਜੂਦ ਵੀ ਫ਼ਲਸਤੀਨੀ ਲੋਕ ਅਜੇ ਤੱਕ ਵੀ ਆਪਣੇ ਦੇਸ਼ ਅਤੇ ਖ਼ੁਦਮੁਖ਼ਤਿਆਰੀ ਲਈ ਜੂਝ ਰਹੇ ਹਨ। ਦੋ ਸਾਲ ਤੋਂ ਫ਼ਲਸਤੀਨੀਆਂ ਦੀ ਕੀਤੀ ਜਾ ਰਹੀ ਨਸਲਕੁਸ਼ੀ ਦੇ ਬਾਵਜੂਦ ਨੇਤਨਯਾਹੂ ਅੱਗੇ ਗੋਡੇ ਟੇਕਣ ਨਾਲੋਂ ਕੁਰਬਾਨ ਹੋ ਜਾਣ ਦੇ ਜਜ਼ਬੇ ਦਾ ਪੱਖ, ਸਾਮਰਾਜਵਾਦੀ ਢਾਂਚੇ ਵਿਰੁੱਧ ਜੂਝ ਰਹੇ ਲੋਕਾਂ ਨੂੰ ਉਤਸਾਹਿਤ ਵੀ ਕਰਦਾ ਹੈ।

ਹਮਾਸ ਦੇ ਇੱਕ ਸੀਨੀਅਰ ਆਗੂ ਮੌਸਾ ਅਬੂ ਮਰਜਾਊਕ ਨੇ ਇੱਕ ਇੰਟਰਵਿਊ ਵਿੱਚ ਕਿਹਾ "ਇਸ ਤਰ੍ਹਾਂ ਦੀ ਜੰਗ ਇਤਿਹਾਸ ਵਿੱਚ ਵੇਖਣ ਸੁਣਨ ਨੂੰ ਨਹੀਂ ਮਿਲਦੀ ਜਦੋਂ ਨਸਲਕੁਸ਼ੀ ਨੂੰ ਟੀਵੀ 'ਤੇ ਨਾਲੋ ਨਾਲ ਵਿਖਾਇਆ ਗਿਆ ਹੋਵੇ ਅਤੇ ਜਦੋਂ ਭੁੱਖਮਰੀ ਦੌਰਾਨ ਬੱਚਿਆਂ ਦੇ ਕਤਲੇਆਮ ਅਤੇ ਦਵਾਈਆਂ ਪਹੁੰਚਣ ਦੇ ਰਸਤੇ ਵੀ ਬੰਦ ਕਰ ਦਿੱਤੇ ਹੋਣ। ਪੂਰੀ ਦੁਨੀਆਂ ਸਾਹਮਣੇ ਮਨੁੱਖ ਦੇ ਜਿਉਣ ਦੇ ਅਧਿਕਾਰ ਦਾ ਸ਼ਰੇਆਮ ਜਨਾਜਾ ਕੱਢਕੇ ਆਪਣੇ ਬਲ ਦਾ ਦੁਰ-ਉਪਯੋਗ ਕਰਕੇ ਸੌੜੇ ਹਿਤਾਂ ਦੀ ਪੂਰਤੀ ਲਈ ਬੇਸ਼ਰਮੀ ਨਾਲ ਵਰਤੋਂ ਕੀਤੀ ਜਾ ਰਹੀ ਹੈ।

ਅਮਰੀਕਾ ਜਿਸ ਨੇ ਇੱਕ ਪਾਸੇ ਗਾਜ਼ਾ ਨੂੰ ਮਲਬੇ ਦੇ ਢੇਰ ਵਿੱਚ ਬਦਲਣ ਲਈ ਪਹਿਲਾਂ ਤਬਾਹੀ ਕਰਨ ਲਈ ਮਾਰੂ ਹਥਿਆਰ ਵੇਚਕੇ ਵੱਡੇ ਮੁਨਾਫੇ ਕਮਾਏ, ਦੂਜੇ ਪਾਸੇ ਹੁਣ ਉਹਨਾਂ ਮਲਬਿਆਂ ਦੇ ਢੇਰਾਂ ਨੂੰ ਹਟਾਉਣ ਲਈ ਵੀ ਅਮਰੀਕੀ ਕੰਪਨੀਆਂ ਤਤਪਰ ਹਨ ਅਤੇ ਉੱਥੇ ਉਸਾਰੀ ਦੇ ਕੰਮ ਲੈਣ ਦੇ ਠੇਕੇ ਲੈ ਕੇ ਵੱਡੀ ਪੱਧਰ 'ਤੇ ਸਰਮਾਇਆ ਕਮਾਉਣ ਦੀ ਲਾਈਨ ਵਿੱਚ ਹਨ। ਇਸੇ ਤਰ੍ਹਾਂ ਸਾਮਰਾਜੀ ਰਾਜ ਪ੍ਰਬੰਧ ਅਧੀਨ ਦੁਨੀਆਂ ਭਰ ਵਿੱਚ ਕਮਾਊ ਲੋਕਾਂ ਦੇ ਮੁਢਲੇ



ਜਮਹੂਰੀ ਅਧਿਕਾਰਾਂ ਦੀ ਪਰਵਾਹ ਨਾ ਕਰਦਿਆਂ, ਕੁੱਲ ਪੈਦਾਵਾਰ ਦਾ ਵੱਡਾ ਹਿੱਸਾ ਵੱਡੇ ਕਾਰਪੋਰੇਟਾਂ/ਪੂੰਜੀਪਤੀਆਂ ਦੇ ਕਾਰੋਬਾਰਾਂ ਨੂੰ ਹੋਰ ਵਿਕਸਤ ਕਰਨ ਲਈ ਵਰਤਕੇ ਆਮ ਲੋਕਾਂ ਦੀ ਜ਼ਿੰਦਗੀ ਦੁੱਭਰ ਕੀਤੀ ਜਾ ਰਹੀ ਹੈ। ਆਪਣੇ ਆਰਥਿਕ ਸੰਕਟ ਦਾ ਬੋਝ ਲੋਕਾਂ ਸਿਰ ਮੜਿਆ ਜਾ ਰਿਹਾ ਹੈ।

ਭਾਰਤ ਵਿੱਚ ਵੀ ਕੇਂਦਰ ਸਰਕਾਰ ਵੱਲੋਂ ਇਸੇ ਸਾਮਰਾਜੀ ਨੀਤੀ ਤਹਿਤ ਲੋਕਾਂ ਤੋਂ ਜਬਰੀ ਖੋਹ ਕੇ, ਆਰਥਿਕਤਾ ਦੇ ਸਾਰੇ ਵਸੀਲੇ ਕਾਰਪੋਰੇਟਾਂ ਦੀ ਝੋਲੀ ਪਾਏ ਜਾ ਰਹੇ ਹਨ। ਜਦੋਂ ਲੋਕ ਆਪਣਾ ਜਮਹੂਰੀ ਹੱਕ ਸਮਝਦਿਆਂ ਇਸ ਦੇ ਵਿਰੋਧ ਵਿੱਚ ਅਵਾਜ਼ ਬੁਲੰਦ ਕਰਦੇ ਹਨ ਤਾਂ ਉਹਨਾਂ ਵਿਰੁੱਧ ਤਸ਼ੱਦਦ ਕਰਕੇ ਝੂਠੇ ਕੇਸ ਦਰਜ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਜਦੋਂ ਬਸਤਰ ਦੇ ਖੇਤਰ ਵਿੱਚ ਲੋਕ ਆਪਣੇ ਜਲ, ਜੰਗਲ, ਜ਼ਮੀਨ ਦੀ ਰਾਖੀ ਕਰਦਿਆਂ, ਉੱਥੇ ਮੌਜੂਦ ਕੁਦਰਤੀ ਖਣਿਜ ਪਦਾਰਥਾਂ ਦੇ ਭੰਡਾਰਾਂ ਉੱਪਰ, ਕਾਰਪੋਰੇਟਾਂ ਦਾ ਕਬਜ਼ਾ ਕਰਵਾਉਣ ਦਾ ਵਿਰੋਧ ਕਰਦੇ ਹਨ ਤਾਂ ਆਦੀ ਵਾਸੀਆਂ ਦਾ ਸ਼ਰੇਆਮ ਕਤਲੇਆਮ ਕਰਕੇ ਪਿੰਡਾਂ ਦੇ ਪਿੰਡ ਸਾੜੇ ਜਾ ਰਹੇ ਹਨ। ਲੋਕਾਂ ਦੀ ਰੋਟੀ ਰੋਜੀ ਦਾ ਸਾਧਨ ਅਤੇ ਵਾਤਾਵਰਣ ਦੀ ਸ਼ੁਧਤਾ ਬਣਾਈ ਰੱਖਣ ਵਾਲੇ ਜੰਗਲ, ਕਾਰਪੋਰੇਟਾਂ ਦੇ ਮੁਨਾਫਿਆਂ ਲਈ ਉਜਾੜੇ ਜਾ ਰਹੇ ਹਨ। ਇਸੇ ਤਰ੍ਹਾਂ ਖੇਤੀਬਾੜੀ ਦਾ ਧੰਦਾ ਵੀ ਲੋਕਾਂ ਤੋਂ ਜਬਰੀ ਖੋਹ ਕੇ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਕਾਨੂੰਨੀ ਤੌਰ 'ਤੇ ਯਤਨ ਕੀਤੇ ਜਾ ਰਹੇ ਹਨ। ਵਿਦਿਅਕ ਅਤੇ ਸਿਹਤ ਦੇ ਮਹੱਤਵਪੂਰਨ ਅਦਾਰਿਆਂ ਨੂੰ ਵੀ ਵੱਡੇ ਮੁਨਾਫਿਆਂ ਲਈ ਉਹਨਾਂ ਦੀ ਝੋਲੀ ਪਾਇਆ ਜਾ ਰਿਹਾ ਹੈ। ਜਦੋਂ ਲੋਕਾਂ ਦੀ ਕਿਰਤ ਕਮਾਈ ਰਾਹੀਂ ਉਸਾਰੇ ਇਹਨਾਂ ਅਦਾਰਿਆਂ ਦੀ ਮਾਲਕੀ ਕਾਰਪੋਰੇਟਾਂ ਨੂੰ ਦੇਣ ਦੇ ਇਸ ਦੇਸ਼ ਵਿਰੋਧੀ ਵਰਤਾਰੇ ਦਾ ਲੋਕ ਵਿਰੋਧ ਕਰਦੇ ਹਨ, ਜੋ ਉਹਨਾਂ ਦਾ ਜਮਹੂਰੀ ਹੱਕ ਵੀ ਹੈ, ਤਾਂ ਉਹਨਾਂ ਉੱਪਰ ਹਕੂਮਤੀ ਜਬਰ ਢਾਹਿਆ ਜਾਂਦਾ ਹੈ ਤੇ ਝੂਠੇ ਕੇਸ ਬਣਾ ਸਾਲਾਂ ਬੱਧੀ ਜੇਲ੍ਹਾਂ 'ਚ ਡੱਕਿਆ ਜਾਂਦਾ ਹੈ। ਇਸ ਤਰ੍ਹਾਂ ਮਨੁੱਖਤਾ ਦਾ ਉਜਾੜਾ ਕਰਨ ਵਾਲੇ ਇਸ ਮੁਨਾਫਾਖੋਰ ਸਰਮਾਏ ਪੱਖੀ ਪ੍ਰਬੰਧ ਨੂੰ ਬਦਲਕੇ ਮਨੁੱਖ ਪੱਖੀ ਸਮਾਜਵਾਦੀ ਪ੍ਰਬੰਧ ਰਾਹੀਂ ਹੀ ਜਮਹੂਰੀ ਹੱਕਾਂ ਦੀ ਖੁਲਾਸੀ ਹੋ ਸਕਦੀ ਹੈ। ਇਸ ਦੀ ਉਸਾਰੀ ਲਈ ਅੱਗੇ ਆਉਣਾ ਹਰ ਕਮਾਊ ਮਨੁੱਖ ਦਾ ਜਮਹੂਰੀ ਹੱਕ ਹੈ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਪੰਜਾਬ ਦੀਆਂ ਜ਼ਮੀਨਾਂ ’ਤੇ ਸਰਕਾਰ ਦੀ ਟੇਢੀ ਨਜ਼ਰ

## ਪਾਵਰਕੌਮ ਦੇ ਖੇਡ ਮੈਦਾਨਾਂ ਦੀ 90 ਏਕੜ, ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੀ 91 ਏਕੜ ਜ਼ਮੀਨ ਵੇਚਣ ਦੀ ਤਿਆਰੀ



ਨਰਾਇਣ ਦੱਤ
84275-11770

ਪੰਜਾਬ ਸਰਕਾਰ ਵੱਲੋਂ ਪਿਛਲੇ ਕੁੱਝ ਮਹੀਨਿਆਂ ਤੋਂ ਜ਼ਮੀਨਾਂ ਦੇ ਰਿਕਾਰਡ ਇਕੱਠੇ ਕਰਨ ਤੇ ਉਨ੍ਹਾਂ ਦੀ ‘ਹੋਰ ਕੰਮਾਂ ਲਈ ਲਾਭਕਾਰੀ ਵਰਤੋਂ’ ਦੀ ਨੀਤੀ ਨੇ ਨਵੀਂ ਸਿਆਸੀ ਬਹਿਸ ਛੇੜਨ ਤੋਂ ਬਾਅਦ ਪਿੰਡਾਂ ਵਿੱਚੋਂ ਚੱਲਣ ਵਾਲੀ ਅਖੌਤੀ ਸਰਕਾਰ ਨੂੰ ਕਟਿਹਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਇਸੇ ਸਾਲ ਮਈ ਮਹੀਨੇ ਹੋਏ ਲੋਕਾਂ ਦੇ ਵੱਡੇ ਵਿਰੋਧ ਕਾਰਨ ਪੰਜਾਬ ਸਰਕਾਰ ਨੂੰ ਆਪਣੀ ਮੈਗਾ ਲੈਂਡ ਪੂਲਿੰਗ ਪਾਲਸੀ ਵਾਪਸ ਲੈਣ ਲਈ ਮਜ਼ਬੂਰ ਹੋਣਾ ਪਿਆ ਸੀ। ਪਰ ਉਸ ਤੋਂ ਬਾਅਦ ਵੀ ਜ਼ਮੀਨਾਂ ਦੀ ਨਿਸ਼ਾਨਦੇਹੀ ਕੀਤੇ ਜਾਣ ਦੀ ਕਵਾਇਦ ਜਾਰੀ ਹੈ। ਸਰਕਾਰ ਨੇ ਹੁਣ ਸਾਰੇ ਬੋਰਡਾਂ, ਕਾਰਪੋਰੇਸ਼ਨਾਂ ਅਤੇ ਵਿਭਾਗਾਂ ਦੀਆਂ ਜ਼ਮੀਨਾਂ ਦੀ ਵਿਸਥਾਰਤ ਰਿਪੋਰਟ ਮੰਗੀ ਹੈ ਤਾਂ ਜੋ ਉਹਨਾਂ ਸਾਰੀਆਂ ਨੂੰ ਇੱਕਮੁਸ਼ਤ ਜਾਂ ਫਿਰ ਭੋਰ-ਭੋਰ ਕੇ ‘ਵੇਚਿਆ ਜਾ ਸਕੇ’ ਜਾਂ ‘ਵਿਕਾਸ ਲਈ ਵਰਤਿਆ ਜਾ ਸਕੇ।’

ਟੇਢੀ ਅੱਖ ਹੈ-ਸ਼ਹਿਰਾਂ ਦੇ ਧੁਰ ਅੰਦਰ ਬੇਸ਼ਕੀਮਤੀ ਖ਼ਾਲੀ ਪਈਆਂ ‘ਲਾਭਕਾਰੀ ਵਰਤੋਂ’’ ਲਈ ਵਰਤੀਆਂ ਜਾ ਸਕਣ ਵਾਲੀਆਂ ਜਾਂ ’ਵੇਚੀਆਂ ਜਾ ਸਕਣ ਵਾਲੀਆਂ’ ’ਤੇ। ਸਰਕਾਰ ਦਾ ਕਹਿਣਾ ਹੈ ਕਿ ਇਹ ਜ਼ਮੀਨਾਂ ‘ਲੋਕ ਹਿੱਤ’ ਲਈ ਵਰਤੀਆਂ ਜਾਣਗੀਆਂ। ਹਾਲ ਹੀ ’ਚ ਮੰਡੀ ਬੋਰਡ ਦੀ ਮੁਹਾਲੀ ਵਿਖੇ 12 ਏਕੜ ਜ਼ਮੀਨ ਪੁੱਡਾ ਨੂੰ ਸੌਂਪਣ ਦਾ ਫੈਸਲਾ ਕਰਨ ਤੋਂ ਬਾਅਦ ਹੁਣ ਪਾਵਰਕੌਮ ਦੇ ਮੁਲਾਜ਼ਮਾਂ ਅਤੇ ਲੋਕਾਂ ਦੇ ਵਿਰੋਧ ਦੇ ਬਾਵਜੂਦ ਪਟਿਆਲਾ ਦੇ 23 ਨੰਬਰ ਫਾਟਕਾਂ ਦੇ ਨੇੜਲੀ ਖੇਡ ਕੰਪਲੈਕਸ ਵਜੋਂ ਸਥਾਪਿਤ 90 ਏਕੜ ਜ਼ਮੀਨ ਵੇਚਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇੱਕ ਪਾਸੇ ਭਗਵੰਤ ਮਾਨ ਸਰਕਾਰ ਖੇਡਾਂ ਨੂੰ ਉਤਸ਼ਾਹਤ ਕਰਨ ਦੇ ਨਾਂ ਹੇਠ 1200 ਸਟੇਡੀਅਮ ਬਨਾਉਣ ਦੇ ਗੱਜ ਵੱਜਕੇ ਐਲਾਨ ਕਰ ਰਹੀ ਹੈ। ਪਰ ਉਹਨਾਂ ਸਥਾਪਤ ਥਾਵਾਂ ਨੂੰ ਉਜਾੜਨ ਜਾਂ ਰਹੀ ਹੈ ਜਿੱਥੇ ਵੱਖ ਵੱਖ ਖੇਡਾਂ ਲਈ ਬਣੇ ਖੇਡ ਮੈਦਾਨਾਂ ਵਿੱਚ ਹਰ ਰੋਜ਼ ਸਵੇਰੇ ਸ਼ਾਮ ਸੈਂਕੜੇ ਖਿਡਾਰੀ, ਕੌਮੀ ਪੱਧਰ ਦੇ ਦਰਜਨਾਂ ਕੋਚਾਂ ਦੀ ਅਗਵਾਈ ਵਿੱਚ ਤਿਆਰੀ ਕਰਦੇ ਹਨ ਅਤੇ ਪਾਵਰਕੌਮ ਦੇ ਖਿਡਾਰੀਆਂ ਨੇ ਇੱਥੇ ਪ੍ਰੈਕਟਿਸ ਕਰਕੇ ਮੁਲਕ ਪੱਧਰ ’ਤੇ ਬੇਹਤਰੀਨ ਪ੍ਰਦਰਸ਼ਨ ਕਰਕੇ ਆਪਣਾ ਅਤੇ ਪਾਵਰਕੌਮ ਜਿਹੇ ਵੱਕਾਰੀ ਅਦਾਰੇ ਦਾ ਨਾਮ ਰੋਸ਼ਨ ਕੀਤਾ ਹੈ। ਇੱਥੇ ਹੀ ਬੱਸ ਨਹੀਂ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੀ 91 ਏਕੜ ਜ਼ਮੀਨ ਵੇਚਣ ਲਈ ਬਠਿੰਡਾ ਵਿਕਾਸ ਅਥਾਰਟੀ ਨੇ ਟੈਂਡਰ ਜਾਰੀ ਕਰਕੇ ਅਗਲਾ ਹਮਲਾ ਬੋਲ ਦਿੱਤਾ ਹੈ। ਇਹ ਉਹੀ ਥਰਮਲ ਪਲਾਂਟ ਹੈ ਜਿਸ ਨੂੰ ਬੰਦ ਕਰਨ ਵੇਲੇ ਉਸ ਵੇਲੇ ਦੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਇੱਥੇ ਬਾਇਓ ਗੈਸ ਪਲਾਂਟ ਚਾਲੂ ਕਰਨ ਦੀ ਯਕੀਨ ਦਹਾਨੀ ਕੀਤੀ ਸੀ। ਯਾਦ ਰਹੇ ਕਿ ਇਸ ਤੋਂ ਪਹਿਲਾਂ ਲੁਧਿਆਣਾ ਡੀਸੀ ਦੇ ਹੁਕਮ ’ਤੇ ਤਹਿਸੀਲਦਾਰਾਂ ਤੋਂ ‘ਵੇਚੀਆਂ ਜਾ ਸਕਣ ਵਾਲੀਆਂ ਜ਼ਮੀਨਾਂ’ ਦੀ ਲਿਸਟ ਮੰਗੀ ਗਈ ਸੀ। ਫਿਰ ਰਾਜਪੁਰਾ ਸਥਿਤ ਉਦਯੋਗਿਕ ਵਿਕਾਸ ਲਈ ਹਾਸਲ ਕੀਤੀ ਪਈ ਪਰ ਅੱਜ ਖਾਲੀ ਪਈ 469 ਏਕੜ ਜ਼ਮੀਨ ਨੂੰ 117 ਕਰੋੜ ਰੁਪਏ ’ਚ ਵੇਚਿਆ ਜਾ ਚੁੱਕਿਆ ਹੈ।

ਇਸ ਸਰਕਾਰ ਨੇ ਤਾਂ ਪੀਏਯੂ ਦੀ ਅਕਾਦਮਿਕ ਅਤੇ ਖੋਜ ਜ਼ਮੀਨਾਂ ’ਤੇ ਵੀ ਅੱਖ ਰੱਖੀ ਹੋਈ ਹੈ ਅਤੇ ਖੇਤੀ ਵਿਗਿਆਨ ਤੇ ਰਿਸਰਚ ਨਾਲ ਜੁੜੀਆਂ ਜ਼ਮੀਨਾਂ ਵੀ ਹੁਣ ਸਰਕਾਰੀ ਨਿਸ਼ਾਨੇ ’ਤੇ ਹਨ। ਜਿਨ੍ਹਾਂ ਵਿੱਚ ਲਾਢੋਵਾਲ ਫਾਰਮ (ਲੁਧਿਆਣਾ) ਦੀ ਪਹਿਲਾਂ 300 ਏਕੜ ਜ਼ਮੀਨ ਭਾਰਤੀ (ਏਅਰਟੈੱਲ) ਨੂੰ ਲੀਜ਼ ’ਤੇ ਦਿੱਤੀ ਗਈ ਸੀ, ਪਰ ਨੈੱਟ ਹਾਊਸ ਨਾ ਬਣਨ ਕਾਰਨ ਲੀਜ਼ ਰੱਦ ਹੋ ਗਈ। ਹੁਣ ਉਹੀ 300 ਏਕੜ ਜ਼ਮੀਨ ਸਰਕਾਰ ਮੁੜ ਹਾਸਲ ਕਰਨਾ ਚਾਹੁੰਦੀ ਹੈ। ਇਹੋ ਹਾਲ ਬਾਗਬਾਨੀ ਵਿਭਾਗ ਦੀ 76 ਏਕੜ ਜ਼ਮੀਨ ਦਾ ਹੈ। ਅਕਾਲੀ ਸਰਕਾਰ ਦੇ ਦੌਰਾਨ ਮੱਤੇਵਾੜਾ ਨੇੜੇ 300 ਏਕੜ ਦੇ ਬਦਲੇ ਇਹ ਦਿੱਤੀ ਗਈ ਸੀ, ਹੁਣ ਇਸ ਨੂੰ ਵੀ ਹਾਸਲ ਕਰਨ ਦੀ ਤਿਆਰੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਦੀ 1500 ਏਕੜ ਖੇਤੀ ਰਿਸਰਚ ਜ਼ਮੀਨ ਸਬੰਧੀ ਸਰਕਾਰ ਨੇ ਯੂਨੀਵਰਸਿਟੀ ਨੂੰ ਇਹ ਪ੍ਰਪੋਜ਼ਲ ਦਿੱਤੀ- ÷ਤੁਸੀਂ ਇਹ ਜ਼ਮੀਨ ਸਰਕਾਰ ਨੂੰ ਦਿਓ, ਅਸੀਂ ਤੁਹਾਨੂੰ ਕਿਸੇ ਹੋਰ ਥਾਂ ਦੇ ਦਿੰਦੇ ਹਾਂ।÷ ਜਦਕਿ ਵਿਗਿਆਨੀ ਤੇ ਖੇਤੀ ਮਾਹਿਰ ਚੇਤਾਵਨੀ ਦੇ ਰਹੇ ਹਨ ਕਿ ਜੇ ਇਹ ਖ਼ੋਜ ਫਾਰਮ ਹਟਾਏ ਗਏ ਤਾਂ ਬੀਜ ਖ਼ੋਜ ਖ਼ਤਮ ਹੋ ਜਾਵੇਗੀ ਤੇ ਕਿਸਾਨਾਂ ਨੂੰ ਕਾਰਪੋਰੇਟ ਕੰਪਨੀਆਂ ਦੇ ਬੀਜਾਂ ’ਤੇ ਹੋਰ ਵਧੇਰੇ ਨਿਰਭਰ ਰਹਿਣਾ ਪਵੇਗਾ।

ਭਗਵੰਤ ਮਾਨ ਸਰਕਾਰ ਦੇ ਇਹ ਕਦਮ ਸਾਬਤ ਕਰਦੇ ਹਨ ਕਿ ਇਹ ਅਤੇ ਹੋਰ ਸਾਰੀਆਂ ਸਰਕਾਰਾਂ ਸਰਮਾਏਦਾਰਾਂ ਅਤੇ ਕਾਰਪੋਰੇਟਾਂ ਦੀਆਂ ਕਾਰਜਕਾਰਨੀਆਂ ਹਨ। ਇਹ ਲੋਕਾਂ ਦੇ ਹੱਥਾਂ ’ਚੋਂ ਪੈਦਾਵਾਰੀ ਸੋਮਿਆਂ ਨੂੰ ਖੋਹਕੇ ਸਰਮਾਏਦਾਰਾਂ ਦੇ ਹਮਵਾਰੇ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੀਆਂ ਹਨ। ਇਸ ਸਮੇਂ ਖੇਤੀ ਦਾ ਕੰਟਰੋਲ ਕਾਰਪੋਰੇਟ ਹੱਥਾਂ ਵਿੱਚ ਜਾਣ ਦਾ ਖ਼ਤਰਾ ਮੰਡਰਾ ਰਿਹਾ ਹੈ। ਜੇ ਸਰਕਾਰ ਵੱਲੋਂ ਖੋਜ ਤੇ ਖੇਤੀ ਜ਼ਮੀਨਾਂ ਦਾ ਹਾਸਲ ਕਰਨ ਦਾ ਸਿਲਸਿਲਾ ਇੰਝ ਹੀ ਜਾਰੀ ਰਹਿੰਦਾ ਹੈ ਤਾਂ ਆਉਣ ਵਾਲੇ ਸਾਲਾਂ ’ਚ ਪੰਜਾਬੀ ਖੇਤੀ ਕਾਰਪੋਰੇਟਾਂ ਦੀ ਗ਼ੁਲਾਮ ਬਣਕੇ ਰਹਿ ਸਕਦੀ ਹੈ। ਖੇਤੀਬਾੜੀ ਦੀ ਬੁਨਿਆਦ- ਜ਼ਮੀਨ ਤੇ ਬੀਜ-ਜਦੋਂ ਸਰਕਾਰ ਦੇ ਹੱਥਾਂ ’ਚੋਂ ਨਿਕਲਕੇ ਨਿੱਜੀ ਹੱਥਾਂ ਚ ਚਲੀ ਜਾਵੇ ਤਾਂ ਇਕੱਲੇ ਕਿਸਾਨਾਂ ਦਾ ਹੀ ਨਹੀਂ ਪੂਰੇ ਦੇ ਪੂਰੇ ਮੁਆਸ਼ਿਰੇ ਭਾਵ ਇੱਕ ਸੱਭਿਅਤਾ ਦੀ ਹੋਂਦ ਹੀ ਖ਼ਤਰੇ ’ਚ ਪੈ ਜਾਂਦੀ ਹੈ। ਪੰਜਾਬ ਦੀ ਜ਼ਮੀਨ ਸਿਰਫ਼ ਧਰਤੀ ਦਾ ਇੱਕ ਟੁਕੜਾ ਨਹੀਂ- ਬਲਕਿ ਇਹ ਇਤਿਹਾਸ, ਖੇਤੀ ਤੇ ਪੰਜਾਬੀ ਪਹਿਚਾਣ ਦਾ ਪ੍ਰਤੀਕ ਹੈ।



ਕਿਸੇ ਵੀ ਰੰਗ ਦਾ ਚੋਗਾ ਪਹਿਨਕੇ, ਕਿਸੇ ਵੀ ਬਦਲਵੀਂ ਸਿਆਸਤ ਦਾ ਨਾਹਰਾ ਲਾਕੇ, ਕੋਈ ਵੀ ਪਾਰਟੀ ਦੀ ਰਾਜ ਜਾਂ ਕੇਂਦਰ ਸਰਕਾਰ ਹਕੂਮਤੀ ਗੱਦੀ ਉੱਤੇ ਬਿਰਾਜਮਾਨ ਹੋ ਜਾਵੇ, ਸਭ ਨੇ ਹਿੱਤ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹੀ ਪੂਰਨੇ ਹੁੰਦੇ ਹਨ। ਹਰ ਪੰਜਾਂ ਸਾਲਾਂ ਬਾਅਦ ਲੋਕ ਦੀ ਯਾਦ ਤਾਂ ਮਹਿਜ਼ ਤਿੰਨ ਕੁ ਮਹੀਨਿਆਂ ਲਈ ਮਜਬੂਰੀ ਵੱਸ ਆਉਂਦੀ ਹੈ। ਇਸ ਲਈ 1990-91 ਤੋਂ ਰਾਓ-ਮਨਮੋਹਣ ਸਿੰਘ ਜੋੜੀ ਸ਼ੁਰੂ ਕੀਤੀ ਸਾਮਰਾਜੀ ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਨੂੰ ਮੋਦੀ ਹਕੂਮਤ ਦੇ ਪਦਚਿੰਨ੍ਹਾਂ ਤੇ ਚਲਦੀ ਹੋਈ ਭਗਵੰਤ ਮਾਨ ਸਰਕਾਰ ਅਜਿਹੇ ਲੋਕ ਵਿਰੋਧੀ ਫ਼ੈਸਲੇ ਲੈਣ ਲਈ ਤਹੂ ਹੈ।

ਸਾਰੀਆਂ ਇਨਸਾਫਪਸੰਦ ਲੋਕਾਂ ਤੇ ਜੱਥੇਬੰਦੀਆਂ ਸਿਰ ਇਹ ਜ਼ੁੰਮੇਵਾਰੀ ਆਇਦ ਹੁੰਦੀ ਹੈ ਕਿ ਉਹ ਸਰਕਾਰ ਦੇ ਇਨ੍ਹਾਂ ਲੋਕ ਵਿਰੋਧੀ ਕਦਮਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਡਟਵਾਂ ਵਿਰੋਧ ਕਰਨ ਲਈ ਵਿਸ਼ਾਲ ਸੰਘਰਸ਼ਾਂ ਦਾ ਪੜ੍ਹੱਲ ਬੰਨਣ।

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ ( RDSP )

ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ ’ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ ’ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

### ਇਹ ਹੈ ਕੀ ?

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਉਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ ?



ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

### ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ ?

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn’s disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ ’ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।



ਸ਼ੇਰ ਜੰਗ ਰਾਣਾ
416-910-9000



ਬਚਿੱਤਰ ਸਿੰਘ
416-527-3737



ਹਰਬੰਸ ਸਿੰਘ
416-817-7142

# RDSP UP TO $90,000 GOVERNMENT GRANT + BOND.

SUPER VISA INSURANCE



MDRT
The Premier Association of Financial Professionals

Punjab Insurance Inc

LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA

HARPREET RANA 416-871-3571
NIAMAT RANA 416-206-1616

WWW.PUNJABINSURANCE.CA





# Taralake Dental

Taralake Dental offers Full Range of General and Cosmetic Dental Services

TARALAKE DENTAL

**We Offer**

Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

**Ph. : 403-455-1600 | Fax : 403-764-9788**
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

**Buy or Sell** Any Residential or Commercial Real Estate with Insta Realty Team.




403.681.8689
Email: info@instarlt.com
www.instarlt.com

#3256, 4310-104 Ave NE Calgary AB T3N 1W3